Golden State Realty
JASSI GILL
Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763


Personal Injury and Wrongful Death Attorneys
ਹਾਦਸਿਆਂ ਵਿਚ ਜ਼ਖਮੀ ਹੋਣ ਜਾਂ ਮੌਤ ਹੋ ਜਾਣ
ਨਾਲ ਸਬੰਧਤ ਕੇਸਾਂ ਲਈ ਭਰੋਸੇਯੋਗ ਵਕੀਲ।
* ਤੁਸੀਂ ਸਾਡੇ ਨਾਲ ਪੰਜਾਬੀ ਵਿਚ ਵੀ ਗੱਲ ਕਰ ਸਕਦੇ ਹੋ।
*ਸਬੰਧਤ ਡਿਟੇਲ ਜਾਣਕਾਰੀ ਪੇਜ ਨੰਬਰ 2 'ਤੇ ਉਪਲਬਧ ਹੈ।
*ਰਿਕਵਰੀ ਹੋਣ ਤੱਕ ਕੋਈ ਫੀਸ ਨਹੀਂ ਲਈ ਜਾਵੇਗੀ।
Manpreet S. Bains
ਸੰਪਰਕ ਕਰੋ: ਫੋਨ: (510 474-0028)
E-Mail: info@thebainsfirm.com; www.thebainsfirm.com


Certified Insurance Agent
COVERED CALIFORNIA
Global Green
INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ
ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587



Twenty-Sixth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
ਪੰਜਾਬ ਟਾਈਮਜ਼
Punjab Times, Vol 27, Issue 11; March 14, 2026
20451 N. Plum Grove Rd., Palatine, IL 60074
Ph:847-359-0746, Fax:847-705-9388

# ਟਰੰਪ ਵਲੋਂ 'ਫ਼ੈਸਲਾਕੁੰਨ' ਕਾਰਵਾਈ ਦੇ ਸੰਕੇਤ

## ਇਰਾਨ ਝੁਕਣ ਲਈ ਨਹੀਂ ਤਿਆਰ

**ਨਿਊਯਾਰਕ:**ਅਮਰੀਕ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਸੰਯੁਕਤ ਰਾਜ ਅਮਰੀਕਾ ਅਤੇ ਇਜ਼ਰਾਈਲ-ਈਰਾਨ ਵਿੱਚ ਆਪਣੇ ਫੌਜੀ ਉਦੇਸ਼ਾਂ ਨੂੰ ਪ੍ਰਾਪਤ ਕਰਨ ਦੇ ਨੇੜੇ ਪਹੁੰਚ ਗਏ ਹਨ। ਉਹਨਾਂ ਸੁਝਾਅ ਦਿੱਤਾ ਕਿ ਈਰਾਨ ਚਾਹੇ ਤਾਂ ਇਹ ਟਕਰਾਅ ਜਲਦੀ ਹੀ ਖਤਮ ਹੋ ਸਕਦਾ ਹੈ। ਟਰੰਪ ਨੇ ਇਹ ਟਿੱਪਣੀਆਂ ਅਮਰੀਕੀ ਮੀਡੀਆ ਆਉਟਲੈੱਟਾਂ ਨਾਲ ਇੰਟਰਵਿਊ ਦੌਰਾਨ, ਰਿਪਬਲਿਕਨ ਕਾਨੂੰਨਸਾਜ਼ਾਂ ਨਾਲ ਗੱਲ ਕਰਦੇ ਹੋਏ ਅਤੇ ਬਾਅਦ ਵਿੱਚ ਇੱਕ ਪ੍ਰੈਸ ਬ੍ਰੀਫਿੰਗ ਵਿੱਚ ਕੀਤੀਆਂ। ਉਨ੍ਹਾਂ ਕਿਹਾ ਕਿ ਸਾਡੀ ਮੁਹਿੰਮ ਕਾਫ਼ੀ ਅੱਗੇ ਵਧੀ ਹੈ ਅਤੇ ਉਮੀਦ ਨਾਲੋਂ ਤੇਜ਼ੀ ਨਾਲ ਅੱਗੇ ਵਧ ਰਹੀ ਹੈ, ਪਰ ਇਹ ਵੀ ਕਿਹਾ ਕਿ ਸੰਯੁਕਤ ਰਾਜ ਅਮਰੀਕਾ ਨੇ ਅਜੇ ਤੱਕ ਆਪਣਾ ਅੰਤਮ ਉਦੇਸ਼ ਪ੍ਰਾਪਤ ਨਹੀਂ ਕੀਤਾ ਹੈ। ਪੂਰੇ ਖੇਤਰ ਵਿੱਚ ਲੜਾਈ ਜਾਰੀ ਹੈ, ਈਰਾਨ ਮੱਧ ਪੂਰਬ ਵਿੱਚ ਇਜ਼ਰਾਈਲੀ ਅਤੇ ਅਮਰੀਕਾ ਨਾਲ ਜੁੜੇ ਟੀਚਿਆਂ 'ਤੇ ਹਮਲੇ ਕਰ ਰਿਹਾ ਹੈ।

**ਦੁਬਈ, ਅਬੂ ਧਾਬੀ, ਯੂ.ਏ.ਈ. ਵਿੱਚ ਵੀ ਹਮਲੇ ਹੋ ਰਹੇ ਹਨ**

ਟਰੰਪ ਨੇ ਧਰਮਕੀ ਭਰਿਆ ਸੰਕੇਤ ਦਿੱਤਾ ਕਿ ਅਮਰੀਕਾ ਬਹੁਤ ਜਲਦੀ ਬਹੁਤ ਜਲਦੀ ਬੇਹੱਦ ਸਖ਼ਤ ਕਾਰਵਾਈ ਕਰੇਗਾ। ਪਰ ਇਹ ਕਦੋਂ ਕਰੇਗਾ? ਇਸ ਦੇ ਜਵਾਬ ਵਿੱਚ ਟਰੰਪ ਨੇ ਕਿਹਾ ਕਿ ਉਹ ਇਸਦੇ ਸਮੇਂ ਦਾ ਖੁਲਾਸਾ ਨਹੀਂ ਕਰਨਗੇ। ਦੂਸਰੇ ਪਾਸੇ ਈਰਾਨ ਦੀ ਨਵੀਂ ਲੀਡਰਸ਼ਿਪ ਨੇ ਕਿਹਾ ਹੈ ਕਿ ਯੁੱਧ ਅਮਰੀਕਾ-ਇਜ਼ਰਾਈਲ ਨੇ ਸ਼ੁਰੂ ਕੀਤਾ ਹੈ ਪਰ ਇਸਦੀ ਸਮਾਪਤੀ ਈਰਾਨ ਕਰੇਗਾ। ਟਰੰਪ ਨੇ ਈਰਾਨ ਬਾਰੇ ਕਿਹਾ ਕਿ ਈਰਾਨ ਵਿਰੁੱਧ ਫੌਜੀ ਮੁਹਿੰਮ ਤੇਜ਼ੀ ਨਾਲ ਅੱਗੇ ਵਧ ਰਹੀ ਹੈ। "ਮੈਨੂੰ ਲੱਗਦਾ ਹੈ ਕਿ ਯੁੱਧ ਲਗਭਗ ਸੰਪੂਰਨ ਹੈ," ਉਸਨੇ ਸੀ.ਬੀ.ਐਸ. ਨਿਊਜ਼ ਨਾਲ ਇੱਕ ਇੰਟਰਵਿਊ ਵਿੱਚ ਕਿਹਾ, ਕਿ ਇਹ ਕਾਰਵਾਈ "ਸਮਾਂ-ਸਾਰਣੀ ਤੋਂ ਬਹੁਤ ਅੱਗੇ" ਸੀ। ਇੱਕ ਪ੍ਰੈਸ ਬ੍ਰੀਫਿੰਗ ਵਿੱਚ, ਉਸਨੇ ਕਿਹਾ ਕਿ ਸੰਯੁਕਤ ਰਾਜ ਅਮਰੀਕਾ ਨੇ ਆਪਣੇ ਟੀਚਿਆਂ ਵੱਲ ਤਰੱਕੀ ਕੀਤੀ ਹੈ। "ਅਸੀਂ ਆਪਣੇ ਫੌਜੀ ਉਦੇਸ਼ ਨੂੰ ਪੂਰਾ ਕਰਨ ਵੱਲ ਵੱਡੀਆਂ ਤਰੱਕੀਆਂ ਪ੍ਰਾਪਤ ਕਰ ਰਹੇ ਹਾਂ,।



ਉਸਨੇ ਇਹ ਵੀ ਕਿਹਾ ਕਿ ਅਮਰੀਕਾ ਨੇ ਈਰਾਨ ਦੇ ਅੰਦਰ ਹਜ਼ਾਰਾਂ ਟਿਕਾਣਿਆਂ 'ਤੇ ਹਮਲਾ ਕੀਤਾ ਹੈ ਅਤੇ ਬਾਕੀ ਬਚੇ ਟਿਕਾਣਿਆਂ ਨੂੰ ਜਲਦੀ ਤਬਾਹ ਕੀਤਾ ਜਾ ਸਕਦਾ ਹੈ। ''ਅਸੀਂ ਇੱਕ ਦਿਨ ਵਿੱਚ ਹੀ ਉਨ੍ਹਾਂ ਨੂੰ ਤਬਾਹ ਕਰ ਸਕਦੇ ਹਾਂ,'' ਉਸਨੇ ਪੱਤਰਕਾਰਾਂ ਨੂੰ ਦੱਸਿਆ।

ਹਾਲਾਂਕਿ, ਟਰੰਪ ਨੇ ਕਿਹਾ ਕਿ ਯੂਨਾਈਟਿਡ ਸਟੇਟ ਇਸ ਕਾਰਵਾਈ ਨੂੰ ਖਤਮ ਕਰਨ ਲਈ

*(ਬਾਕੀ ਸਫ਼ਾ 6 'ਤੇ)*

# ਇਰਾਨ ਵਲੋਂ ਟਰੰਪ ਨੂੰ ਧਮਕੀ

**ਤਹਿਰਾਨ:**ਚੋਟੀ ਦੇ ਇਰਾਨੀ ਸੁਰੱਖਿਆ ਅਧਿਕਾਰੀ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਇੱਕ ਆਨਲਾਈਨ ਸੰਦੇਸ਼ ਰਾਹੀਂ ਸਿੱਧੀ ਧਮਕੀ ਦਿੱਤੀ ਹੈ । ਅਲੀ ਲਾਰੀਜਾਨੀ ਨੇ ਮੰਗਲਵਾਰ ਨੂੰ 'ਯ' 'ਤੇ ਇਹ ਸੰਦੇਸ਼ ਉਸ ਵੇਲੇ ਲਿਖਿਆ, ਜਦੋਂ ਟਰੰਪ ਨੇ ਚੇਤਾਵਨੀ ਦਿੱਤੀ ਸੀ ਕਿ ਜੇਕਰ ਤਹਿਰਾਨ ਨੇ ਹੋਰਮੁਜ਼ ਦੇ ਜਲਡਮਰੂ ਰਾਹੀਂ ਤੇਲ ਦੀ ਸਪਲਾਈ ਪ੍ਰਭਾਵਿਤ ਕੀਤੀ, ਤਾਂ ਉਹ ਇਰਾਨ 'ਤੇ "20 ਗੁਣਾ ਜ਼ਿਆਦਾ ਜ਼ੋਰਦਾਰ'' ਹਮਲਾ ਕਰਨਗੇ । ਲਾਰੀਜਾਨੀ ਨੇ ਆਪਣੇ ਜਵਾਬ ਵਿੱਚ ਲਿਖਿਆ ਕਿ ਇਰਾਨ ਦੀ ਕੁਰਬਾਨੀ ਦੇਣ ਵਾਲੀ ਕੌਮ ਅਜਿਹੀਆਂ ਖੋਖਲੀਆਂ ਧਮਕੀਆਂ ਤੋਂ ਨਹੀਂ ਡਰਦੀ ਅਤੇ ਇਤਿਹਾਸ ਵਿੱਚ ਤੁਹਾਡੇ ਤੋਂ ਵੱਡੇ ਵੀ ਇਰਾਨ ਨੂੰ ਮਿਟਾ ਨਹੀਂ ਸਕੇ, ਇਸ ਲਈ ਸਾਵਧਾਨ ਰਹੋ ਕਿ ਕਿਤੇ ਤੁਸੀਂ ਖੁਦ ਹੀ ਖਤਮ ਨਾ ਹੋ ਜਾਓ। ਜ਼ਿਕਰਯੋਗ ਹੈ ਕਿ ਇਰਾਨ 'ਤੇ ਪਹਿਲਾਂ ਵੀ ਟਰੰਪ ਦੀ ਹੱਤਿਆ ਦੀਆਂ ਸਾਜ਼ਿਸ਼ਾਂ ਰਚਣ ਦੇ ਇਲਜ਼ਾਮ ਲੱਗ ਚੁੱਕੇ ਹਨ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਰਾਨ ਨਾਲ ਜਾਰੀ ਜੰਗ ਦੇ ਜਲਦੀ ਖ਼ਤਮ ਹੋਣ ਦੀ ਉਮੀਦ ਜਤਾਈ ਹੈ, ਪਰ ਨਾਲ ਹੀ ਇੱਕ ਸਖ਼ਤ ਚਿਤਾਵਨੀ ਵੀ ਦਿੱਤੀ ਹੈ। ਟਰੰਪ ਨੇ ਸੋਸ਼ਲ ਮੀਡੀਆ ਰਾਹੀਂ ਸਾਫ਼ ਕੀਤਾ ਕਿ ਜੇਕਰ ਇਰਾਨ ਨੇ

*(ਬਾਕੀ ਸਫ਼ਾ 6 'ਤੇ)*

# ਪੰਜਾਬ ਸਰਕਾਰ ਦਾ 'ਗਾਰੰਟੀਆਂ ਪੂਰੀਆਂ ਕਰਨ ਵਾਲਾ' ਆਖ਼ਰੀ ਬੱਜਟ

## ਮਾਵਾਂ-ਧੀਆਂ ਦੇ ਸਤਿਕਾਰ ਵਾਲੀ ਯੋਜਨਾ ਵਿਸਾਖੀ ਤੋਂ

**ਚੰਡੀਗੜ੍ਹ:**ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਪੰਜਾਬ ਵਿਧਾਨ ਸਭਾ ਵਿੱਚ ਵਿੱਤੀ ਵਰ੍ਹੇ 2026-27 ਦਾ ਕੌਮਾਂਤਰੀ ਮਹਿਲਾ ਦਿਵਸ ਨੂੰ ਸਮਰਪਿਤ ਪੰਜਵਾਂ ਬਜਟ ਪੇਸ਼ ਕਰ ਕੇ ਮਹਿਲਾਵਾਂ ਨੂੰ ਤੋਹਫ਼ਾ ਦਿੱਤਾ ਹੈ। 'ਆਪ' ਸਰਕਾਰ ਨੇ ਆਪਣੇ ਅਖ਼ੀਰਲੇ ਤੇ ਪੰਜਵੇਂ ਬਜਟ ਵਿੱਚ ਪੰਜਵੀਂ ਗਾਰੰਟੀ ਨੂੰ ਪੂਰਾ ਕਰ ਕੇ ਪੇਸ਼ ਕੀਤੇ ਬਜਟ ਨੂੰ 'ਗਾਰੰਟੀਆਂ ਪੂਰੀਆਂ ਕਰਨ ਦਾ ਵਾਲਾ ਬਜਟ' ਕਰਾਰ ਦਿੱਤਾ। ਅੱਜ ਦਾ ਬਜਟ ਚੋਣਾਂ ਦੇ ਰੰਗ ਵਿੱਚ ਰੰਗਿਆ ਨਜ਼ਰ ਆਇਆ। 'ਔਰਤਾਂ ਤੇ ਦਲਿਤਾਂ' ਨੂੰ ਖ਼ੁਸ਼ ਕਰਨ ਦਾ ਯਤਨ ਕੀਤਾ ਗਿਆ। ਪੰਜਾਬ ਬਜਟ ਵਿੱਚ ਅੱਜ ਕੋਈ ਨਵਾਂ ਟੈਕਸ ਨਹੀਂ ਲਾਇਆ ਗਿਆ ਅਤੇ ਕੋਈ ਨਵੇਂ ਵੱਡੇ ਪ੍ਰਾਜੈਕਟ ਵੀ ਨਹੀਂ ਐਲਾਨੇ ਗਏ। ਵਿੱਤ ਮੰਤਰੀ ਚੀਮਾ ਨੇ ਅੱਜ ਬਜਟ ਇਜਲਾਸ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੀ ਮੌਜੂਦਗੀ 'ਚ ਵਿੱਤੀ ਵਰ੍ਹੇ 2026-27 ਲਈ 2,60,437 ਕਰੋੜ ਰੁਪਏ ਦੀ ਬਜਟ ਤਜਵੀਜ਼ ਪੇਸ਼ ਕੀਤੀ, ਜਿਸ 'ਚ ਜ਼ਿਆਦਾ ਧਿਆਨ ਰਿਆਇਤਾਂ 'ਤੇ ਰਿਹਾ। ਹੁਕਮਰਾਨ ਧਿਰ ਦੇ ਨਾਅਰਿਆਂ ਦਰਮਿਆਨ ਵਿੱਤ ਮੰਤਰੀ ਨੇ 'ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ' ਦਾ ਐਲਾਨ ਕੀਤਾ, ਜਿਸ ਤਹਿਤ ਜਨਰਲ ਵਰਗ ਦੀਆਂ ਔਰਤਾਂ ਨੂੰ ਇੱਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਅਤੇ ਦਲਿਤ ਵਰਗ ਦੀਆਂ ਔਰਤਾਂ ਨੂੰ 1500 ਰੁਪਏ ਪ੍ਰਤੀ ਮਹੀਨਾ ਦਿੱਤਾ ਜਾਵੇਗਾ।



ਇਸ ਸਕੀਮ ਲਈ ਵਿਸਾਖੀ ਦੇ ਸ਼ੁਭ ਦਿਹਾੜੇ ਤੋਂ ਔਰਤਾਂ ਦੀ ਰਜਿਸਟਰੇਸ਼ਨ ਸ਼ੁਰੂ ਹੋਵੇਗੀ। ਇਹ ਰਾਸ਼ੀ ਸਿੱਧੀ ਔਰਤਾਂ ਦੇ ਬੈਂਕ ਖ਼ਾਤਿਆਂ 'ਚ ਟਰਾਂਸਫ਼ਰ ਕੀਤੀ ਜਾਣੀ ਹੈ।ਇਸ ਸਕੀਮ ਦੇ ਦਾਇਰੇ 'ਚੋਂ ਮੌਜੂਦਾ ਤੇ ਸਾਬਕਾ ਰੈਗੂਲਰ ਕਰਮਚਾਰੀਆਂ, ਮੌਜੂਦਾ ਤੇ ਸਾਬਕਾ ਸੰਸਦ ਮੈਂਬਰਾਂ/ਵਿਧਾਇਕਾਂ ਤੋਂ ਇਲਾਵਾ ਆਮਦਨ ਕਰ ਭਰਨ ਵਾਲਿਆਂ ਨੂੰ ਬਾਹਰ ਰੱਖਿਆ ਗਿਆ ਹੈ। ਵਿੱਤ ਮੰਤਰੀ ਚੀਮਾ ਨੇ ਇਸ ਸਕੀਮ ਤਹਿਤ ਸੂਬੇ ਦੀਆਂ 97 ਫ਼ੀਸਦੀ ਔਰਤਾਂ ਨੂੰ ਕਵਰ ਕਰਨ ਦਾ ਦਾਅਵਾ ਕੀਤਾ। ਬੁਢਾਪਾ ਪੈਨਸ਼ਨ/ਵਿਧਵਾ/ਬੇਸਹਾਰਾ ਮਹਿਲਾ ਪੈਨਸ਼ਨ ਜਾਂ ਅੰਗਹੀਣ ਪੈਨਸ਼ਨ ਸਕੀਮ ਦਾ ਲਾਭ ਲੈਣ ਵਾਲੀਆਂ ਔਰਤਾਂ ਇਸ ਨਵੀਂ ਸਕੀਮ ਦਾ ਵੀ ਲਾਭ ਲੈਣ ਦੇ ਯੋਗ ਹੋਣਗੀਆਂ। ਬੇਸ਼ੱਕ ਵਿਰੋਧੀ ਧਿਰਾਂ ਵੱਲੋਂ ਔਰਤਾਂ ਨੂੰ ਪਿਛਲੇ ਚਾਰ ਸਾਲ ਦੇ ਬਕਾਏ ਦੇਣ ਦਾ ਮੁੱਦਾ ਚੁੱਕਿਆ ਗਿਆ ਹੈ ਪ੍ਰੰਤੂ ਪੰਜਾਬ ਸਰਕਾਰ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਇਹ ਸਕੀਮ ਆਗਾਮੀ

*(ਬਾਕੀ ਸਫ਼ਾ 6 'ਤੇ)*

GOLDEN STATE REALITY
"Realtor You Can Trust"
CRE Group Inc.
* ਘਰ ਜਾਂ ਕੋਈ ਵੀ ਹੋਰ ਕਾਮਰਸ਼ੀਅਲ ਪ੍ਰਾਪਰਟੀ ਖਰੀਦਣ ਲਈ ਸਾਡੇ ਨਾਲ ਸੰਪਰਕ ਕਰੋ:
ਫੋਨ:
916-612-5773
Sam Chahal MBA
Sohanpreet Singh
Realtor - Lic# 01504071
Contact for Real Estate and Mortgage Needs
P: 916-612-5773
E: Samchahal@hotmail.com




Raja SWEETS & CATERING
AUTHORIZED CATERER FOR MAJOR 5-STAR HOTELS
Toll Free 1-866-FOR-RAJA
www.rajasweets.com
msbains@rajasweets.com
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ
ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chafing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

GLOBAL TRUCK PERMITS
18 years of experience


Services
-We do Same day IRP Plates
-Truck Permits
-New company
-Truck ELD
-Trucking compliance
Rajinder Singh
159 D'Arcy Pkwy, Lathrop, CA 95330
Phone: 209 636 0880


# ਸ਼੍ਰੋਮਣੀ ਕਮੇਟੀ ਯੂ.ਪੀ.ਐਸ.ਸੀ.ਪਾਸ ਕਰਨ ਵਾਲੇ ਸਿੱਖ ਵਿਦਿਆਰਥੀਆਂ ਦਾ ਕਰੇਗੀ ਸਨਮਾਨ: ਧਾਮੀ



**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਯੂਪੀਐਸੀ ਦੀ ਪ੍ਰੀਖਿਆ ਪਾਸ ਕਰਕੇ ਉੱਚ ਪ੍ਰਸ਼ਾਸਕੀ ਸੇਵਾਵਾਂ ਲਈ ਚੁਣੇ ਗਏ ਸਿੱਖ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ 1 ਲੱਖ ਰੁਪਏ ਦੀ ਰਾਸ਼ੀ ਨਾਲ ਸਨਮਾਨਿਤ ਕਰਨ ਦਾ ਐਲਾਨ ਕੀਤਾ ਹੈ।

ਦਫ਼ਤਰ ਤੋਂ ਜਾਰੀ ਪ੍ਰੈੱਸ ਬਿਆਨ ਵਿਚ ਐਡਵੋਕੇਟ ਧਾਮੀ ਨੇ ਕਿਹਾ ਕਿ ਯੂਪੀਐਸਸੀ ਵਰਗੀ ਸਖ਼ਤ ਪ੍ਰੀਖਿਆ ਵਿਚ ਕਾਮਯਾਬੀ ਹਾਸਲ ਕਰਨਾ ਨੌਜੁਆਨਾਂ ਦੀ ਮਿਹਨਤ ਲਗਨ ਅਤੇ ਦ੍ਰਿੜ੍ਹ ਨਿਸ਼ਚੇ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਪ੍ਰੀਖਿਆ ਪਾਸ ਕਰਨ ਵਾਲੇ ਵਿਦਿਆਰਥੀ ਸਿਮਰਨਦੀਪ ਕੌਰ ਤੇ ਸੁਨਵਰਦੀਪ ਸਿੰਘ ਸਮੇਤ ਹੋਰ ਸਿੱਖ ਵਿਦਿਆਰਥੀਆਂ ਨੇ ਯੂਪੀਐਸਸੀ ਦੀ ਮੁਕਾਬਲਾ ਪ੍ਰੀਖਿਆ ਨੂੰ ਪਾਸ ਕਰਕੇ ਜਿਥੇ ਮਾਪਿਆਂ ਦਾ ਨਾਂ ਰੌਸ਼ਨ ਕੀਤਾ ਹੈ, ਉਥੇ ਹੀ ਇਹ ਸਿੱਖ ਕੌਮ ਲਈ ਵੀ ਮਾਣ ਵਾਲੀ ਗੱਲ ਹੈ।

ਉਨ੍ਹਾਂ ਖ਼ੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਦੇਸ਼ ਭਰ ਵਿੱਚੋਂ 15ਵਾਂ ਸਥਾਨ ਪ੍ਰਾਪਤ ਕਰਨ ਵਾਲੀ ਬੱਚੀ ਸਿਮਰਨਦੀਪ ਕੌਰ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਚੱਲ ਰਹੇ ਖਾਲਸਾ ਕਾਲਜ ਪਟਿਆਲਾ ਦੀ ਵਿਦਿਆਰਥਣ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖ ਵਿਦਿਆਰਥੀਆਂ ਨੂੰ ਮੁਕਾਬਲਾ ਪ੍ਰੀਖਿਆਵਾਂ ਲਈ ਉਤਸ਼ਾਹਤ ਕਰਨ ਲਈ ਲਗਾਤਾਰ ਯਤਨਸ਼ੀਲ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਯੂਪੀਐਸਸੀ ਦੀ ਪ੍ਰੀਖਿਆ ਪਾਸ ਕਰਨ ਵਾਲੇ ਸਿੱਖ ਵਿਦਿਆਰਥੀਆਂ ਨੂੰ ਸ਼੍ਰੋਮਣੀ ਕਮੇਟੀ ਹੌਸਲਾ ਅਫ਼ਜਾਈ ਦੇ ਤੌਰ ‘ਤੇ ਇੱਕ-ਇੱਕ ਲੱਖ ਰੁਪਏ ਦੀ ਰਾਸ਼ੀ ਨਾਲ ਸਨਮਾਨਿਤ ਕਰੇਗੀ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਨੌਜੁਆਨਾਂ ਨੂੰ ਸਿੱਖਿਆ ਦੇ ਖੇਤਰ ਵਿਚ ਅੱਗੇ ਵਧਣ ਲਈ ਸ਼੍ਰੋਮਣੀ ਕਮੇਟੀ ਹਮੇਸ਼ਾ ਯਤਨਸ਼ੀਲ ਰਹੀ ਹੈ ਅਤੇ ਅੱਗੇ ਵੀ ਇਸੇ ਤਰ੍ਹਾਂ ਕਾਰਜਸ਼ੀਲ ਰਹੇਗੀ। ਉਨ੍ਹਾਂ ਵਿਸ਼ੇਸ਼ ਤੌਰ ‘ਤੇ ਜ਼ਿਕਰ ਕੀਤਾ ਕਿ ਸ਼੍ਰੋਮਣੀ ਕਮੇਟੀ ਦੇ ਆ ਰਹੇ ਬਜਟ ਵਿਚ ਪ੍ਰਸ਼ਾਸਕੀ ਪ੍ਰੀਖਿਆਵਾਂ ਦੀ ਤਿਆਰੀ ਵਾਸਤੇ ਵਿਸ਼ੇਸ਼ ਰਾਸ਼ੀ ਰੱਖੀ ਜਾਵੇਗੀ, ਜਿਸ ਨਾਲ ਲੋੜਵੰਦ ਗੁਰਸਿੱਖ ਬੱਚਿਆਂ ਨੂੰ ਇਸ ਖੇਤਰ ਲਈ ਸਹਿਯੋਗ ਕੀਤਾ ਜਾਵੇਗਾ। ਉਨ੍ਹਾਂ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੇ ਉਚੇਰੇ ਭਵਿੱਖ ਦੀ ਕਾਮਨਾ ਵੀ ਕੀਤੀ।



Corporate NMLS# 68434
AZ License# BK-0945946
Sistar Mortgage
A Nationwide Lender
Balbir (Bill) Grewal
MORTGAGE LOAN OFFICER
NMLS# 353442
Over 2 Decades of experience providing high level servicing for new and experienced borrowers!
Residential and Commercial Loans
Available In Most States!
Special loan programs for:
- Jumbo Loans
- Self Employed and with a work permit
- Business loans with or without property
(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org

T B F
THE BAINS FIRM

Manpreet S. Bains
Personal Injury and Wrongful Death Attorneys
Case Results*
$10 MILLION
Motorcycle vs. Truck Collision
$8 MILLION
Wrongful Death
$5.25 MILLION
Traumatic Brain Injury
$1.1 MILLION
Burn Injury
$1.1 MILLION
Pedestrian vs. Motor Vehicle Collision
*Past Performance Not a Guarantee of Future Results
Offices in San Francisco and Union City

WILLIAM E. WEISS
Of Counsel
No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com

Homeopathicvibes
Harminder Singh Gill
Homeopathic Consultant and Practitioner

D.H.M.S; B.C.I.H
(Ex Homeopathic Medical officer Punjab Govt.)
Now we have two locations:
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
We also do Virtual appointments for long distance patients.
Ph: (408) 737-7100
www.homeopathicvibes.com
We sell and ship homeopathic remedies through out North America.

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
- 3 Axle Alignment $199
- Trailer Alignment $150
Grand Opening
Special Price for Truck Wash
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.982.9996
FAX: 209.982.9997
www.globalmultiservices.com info@globalmultiservices.com
REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211
REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਟੁੱਟ ਪਰਿਵਾਰ ਨੂੰ ਸਨਮਾਨ ਮਿਲਣਾ ਸਿੱਖ ਕੌਮ ਲਈ ਮਾਣ ਵਾਲੀ ਗੱਲ: ਅਮੋਲਕ ਸਿੰਘ ਗਾਖਲ





**ਸਾਨ ਫਰਾਂਸਿਸਕੋ (ਐੱਸ.ਅਸ਼ੋਕ ਭੌਰਾ):** ਗਾਖਲ ਗਰੁੱਪ ਯੂ.ਐੱਸ.ਏ. ਦੇ ਚੇਅਰਮੈਨ ਸ. ਅਮੋਲਕ ਸਿੰਘ ਗਾਖਲ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੈਨੂੰ ਮਾਣ ਹੈ ਕਿ ਮੇਰੇ ਨਜ਼ਦੀਕੀ ਰਿਸ਼ਤੇਦਾਰ ਟੁੱਟ ਪਰਿਵਾਰ ਦੇ ਸ. ਅਮਰਜੀਤ ਸਿੰਘ ਟੁੱਟ, ਸ. ਸੁਰਜੀਤ ਸਿੰਘ ਟੁੱਟ, ਸ. ਪ੍ਰੀਤਮ ਸਿੰਘ ਟੁੱਟ ਅਤੇ ਸ. ਰਣਜੀਤ ਸਿੰਘ ਟੁੱਟ ਨੂੰ ਸੇਵਾ ਦੇ ਖੇਤਰ ਵਿਚ ਪਾਏ ਯੋਗਦਾਨ ਦੇ ਬਦਲੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ ਵਿਸ਼ਵ ਪੰਜਾਬੀ ਕਾਨਫਰੰਸ ਦੌਰਾਨ ਸਨਮਾਨਿਤ ਕੀਤਾ ਗਿਆ ਹੈ, ਟੁੱਟ ਭਰਾਵਾਂ ਦਾ ਇਹ ਸਨਮਾਨ ਸਿੱਖ ਕੌਮ ਲਈ ਮਾਣ ਵਾਲੀ ਗੱਲ ਹੈ।

ਇੱਥੇ ਦੱਸਣਯੋਗ ਹੈ ਕਿ ਟੁੱਟ ਪਰਿਵਾਰ ਹਮੇਸ਼ਾ ਹੀ ਸਮਾਜ ਸੇਵਾ ਦੇ ਖੇਤਰ ’ਚ ਵਡਮੁੱਲਾ ਯੋਗਦਾਨ ਪਾਉਂਦਾ ਆ ਰਿਹਾ ਹੈ। ਇਸ ਪਰਿਵਾਰ ਵਲੋਂ ਕਬੱਡੀ ਸਮੇਤ ਹਰ ਖੇਡ ਨੂੰ ਉਤਸ਼ਾਹਿਤ ਕਰਨ ਲਈ ਸਹਿਯੋਗ ਦਿੱਤਾ ਜਾਂਦਾ ਹੈ। ਟੁੱਟ ਭਰਾਵਾਂ ਵਲੋਂ ਸੁਰਜੀਤ ਯਾਦਗਾਰੀ ਹਾਕੀ ਟੂਰਨਾਮੈਂਟ ਜਲੰਧਰ ’ਚ ਕਈ ਦਹਾਕਿਆਂ ਤੋਂ ਯੋਗਦਾਨ ਪਾਇਆ ਜਾ ਰਿਹਾ ਹੈ। ਸਭ ਤੋਂ ਵੱਡੀ ਮਾਣ ਵਾਲੀ ਗੱਲ ਇਹ ਹੈ ਕਿ ਇਸ ਪਰਿਵਾਰ ਨੇ 2004 ’ਚ 5.5 ਕਰੋੜ ਰੁਪਏ ਖਰਚ ਕੇ ਸ੍ਰੀ ਅਕਾਲ ਪੁਰਖ਼ ਦੀ ਕਿਰਪਾ ਨਾਲ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਸਰੋਵਰ ਦੇ ਜਲ ਨੂੰ ਸਾਫ਼ ਕਰਨ ਲਈ ਪ੍ਰੋਜੈਕਟ ਲਗਵਾਉਣ ਦੀ ਸੇਵਾ ਕੀਤੀ ਸੀ। ਇਸ ਪਵਿੱਤਰ ਸਰੋਵਰ ’ਚੋਂ ਰੋਜ਼ਾਨਾ ਲੱਖਾਂ ਦੀ ਗਿਣਤੀ ’ਚ ਸੰਗਤ ਇਸ਼ਨਾਨ ਹੀ ਨਹੀਂ ਕਰਦੀ ਸਗੋਂ ਜਲ ਵੀ ਛਕਦੀ ਹੈ, ਸੋ ਇਸ ਸਰੋਵਰ ਦੇ ਜਲ ਨੂੰ ਸਾਫ ਕਰਨ ਦਾ ਪ੍ਰੋਜੈਕਟ ਲਗਾਉਣਾ ਅੱਤ ਜ਼ਰੂਰੀ ਸੀ। ਉਹਨਾਂ ਕਿਹਾ ਕਿ ਇਸ ਸੇਵਾ ਲਈ ਸਿੱਖ ਕੌਮ ਉਹਨਾਂ ਦਾ ਹਮੇਸ਼ਾ ਸਤਿਕਾਰ ਕਰਦੀ ਰਹੇਗੀ। ਮੈਂ ਟੁੱਟ ਭਰਾਵਾਂ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ ਮਿਲੇ ਸਨਮਾਨ ਲਈ ਇਕ ਵਾਰ ਫਿਰ ਵਧਾਈ ਪੇਸ਼ ਕਰਦਾ ਹਾਂ।


## ਸ਼ੈਫ ਅਤੇ ਤੰਦੂਰੀਏ ਦੀ ਫੌਰੀ ਲੋੜ ਹੈ

**ਮਰਫਰੀਸਬੋਰੋ (ਟੈਨੇਸੀ) ਵਿਚ ਭਾਰਤੀ ਰੈਸਟੋਰੈਂਟ ਲਈ ਸ਼ੈਫ ਅਤੇ ਤੰਦੂਰੀਏ ਦੀ ਫੌਰੀ ਲੋੜ ਹੈ।**

* ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼ ਅਤੇ ਖਾਣਾ

* ਜੋੜੇ ਨੂੰ ਪਹਿਲ

## Restaurant Help Wanted

**Immediately hiring Chef and Tandoori Chef for Indian restaurant in Murfreesboro, TN.**

***Good salary, free accommodation & Food. * Priority to Couples**

**ਸੰਪਰਕ ਕਰੋ: ਗੁਰਇਕਬਾਲ ਸਿੰਘ**

**Direct call or What's up call 615-482-5158**



## ਇੰਡੀਅਨ ਰੈਸਟੋਰੈਂਟ ਲਈ ਫੌਰੀ ਵਰਕਰਾਂ ਦੀ ਲੋੜ ਹੈ

**ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਵਿਚ ਕੰਮ ਕਰਨ ਵਾਲੇ ਤਜਰਬੇਕਾਰ ਵਰਕਰਾਂ ਦੀ ਲੋੜ ਹੈ।**

***ਚੰਗੀ ਤਨਖਾਹ, ਖਾਣਾ ਤੇ ਰਿਹਾਇਸ਼ ਫਰੀ**

**ਚਾਹਵਾਨ ਕਾਲ ਕਰੋ:**

**ਕਾਲ ਮਿ. ਸਿੰਘ**

**ਫੋਨ: 515-291-1961**


# Matrimonials

## ਲੜਕੇ ਦੀ ਲੋੜ ਹੈ

Amritdhari SF Bay Area family is seeking a suitable match for their Amrtidhari, vegetarian USA born 32 years, height 5' 4" daughter. She has earned a Bachelor of Science and Masters in Public Health and currently working. Please contact parents at (818) 390-2315

10-13

Panjabi Brahmin family invites matrimonial alliance for their welleducated and accomplished daughter who is a Canadian citizen living in Vancouver, born in 1995, height of 5'6". She has completed her bachelor's degree in Software Engineering and Master's in Management Analytics, is presently wellsettled professionally, and working with a reputed leading North American organization.We seek a suitable, welleducated Hindu Brahmin boy who is a vegetarian with good family values, preferably settled in Canada or the US. Email: sharmavancouver33@gmail.com

10-13

Jat Sikh family looking for a compatible US citizen match for their daughter, age 27, height 5' 5". She has done Masters in computer and information system and working as a business system analyst at manufacturing company. Please contact us at 262-716-2016 or 262-716-5859 or Email- karan2@sbcglobal.net

Jat Sikh Grewal family looking for a compatible match for their US born and raised sweet, homely MD working daughter, age 31, height 5' 9", preferably US born and raised doctor or other compatible profession , height 6 plus. Please contact us at 414-737-8624 or E-Mail: ranigrewal72@gmail.com.

## ਲੜਕੀ ਦੀ ਲੋੜ ਹੈ

Gursikh Family from USA is looking for educated, vegetarian, amritdhari, family oriented GURSIKH singhnee who wears Keski (or willing to do so) & is open to relocating to San Francisco Bay Area, for their son. SINGH is 5'11' tall, Amritdhari, 38 years, Master Degree from USA, WELL SETTLED, having own home, Green Card filed & is living in USA since 2009. Currently working as SENIOR software product leader in CALIFORNIA. Singh is an innocent issueless divorcee(short marriage) and is looking for a fresh start. PREFERENCE will be given to girls living in USA/CANADA but also open to sponsorship for right match from other countries. For more details, DIAL us at +1 (510) 558-5650 or what's app at +91 98993 79442 or email at: singhmat001@gmail.com

11-14

ਜੱਟ ਸਿੱਖ ਪਰਿਵਾਰ ਨੂੰ ਆਪਣੇ 25 ਸਾਲਾ ਯੂ ਐਸ ਸਿਟੀਜ਼ਨ ਲੜਕੇ ਲਈ ਪੜ੍ਹੀ-ਲਿਖੀ ਸੋਹਣੀ, ਸਿਆਣੀ ਅਤੇ ਪਰਿਵਾਰਕ ਲੜਕੀ ਦੀ ਲੋੜ ਹੈ। ਬੈਚੂਲਰ ਆਫ ਸਾਇੰਸ ਬਿਜ਼ਨਸ ਦੀ ਡਿਗਰੀ ਕਰਕੇ ਇਕ ਵਧੀਆ ਨਾਮੀ ਫਰਮ ਵਿਚ ਕੰਮ ਕਰ ਰਿਹਾ ਹੈ। ਕੱਦ 5'-8" ਇੰਚ ਹੈ, ਲੜਕੇ ਦਾ ਪੂਰਾ ਪਰਿਵਾਰ ਯੂ ਐਸ ਵਿਚ ਵੈੱਲ ਸੈਟਲਡ ਹੈ। ਪਰਿਵਾਰਕ ਅਤੇ ਯੂ.ਐਸ.ਏ. ਦੀ ਲੜਕੀ ਨੂੰ ਪਹਿਲ ਦਿਤੀ ਜਾਵੇਗੀ। ਚਾਹਵਾਨ ਸੰਪਰਕ ਕਰਨ: 847-845-4866

Ramgarhia Family seeks a suitable match for their USA Born and Raised Non-vegetarian 31 year 5'6.5" Gursikh son. PhD. & working as Chemical Analyst at Pfizer. Girl should be Gursikh and educated. Caste no bar. If you are interested please call us at 224-422-4773.


## SUPER TRAVEL

**847-676-9090, 773-465-5566**

*E-mail: supertravel2003@live.com*

**Lowest Fares With Excellent Service**

*United Airlines*
*British Airways*

**For Emergency Call anytime at 847-436-9010**



*EARLY BIRD SALE!!!!*

*Etihad, Air India, KLM, Lufthansa, Delta, Qatar Airlines.*

**Domestic fares available**

# ਬੰਗਾਲ ਦੌਰੇ ਮੌਕੇ ਰਾਸ਼ਟਰਪਤੀ ਦੇ ਪ੍ਰੋਟੋਕਾਲ ਦੀ ਉਲੰਘਣਾ 'ਤੇ ਕੇਂਦਰ ਸਰਕਾਰ ਸਖ਼ਤ

**ਨਵੀਂ ਦਿੱਲੀ:** ਰਾਸ਼ਟਰਪਤੀ ਦ੍ਰੋਪਦੀ ਮੁਰਮੂ ਦੇ ਬੰਗਾਲ ਦੌਰੇ ਦੌਰਾਨ ਪ੍ਰੋਟੋਕਾਲ ਦੀ ਉਲੰਘਣਾ ਦੇ ਮਾਮਲੇ 'ਚ ਕੇਂਦਰ ਦਾ ਰੁਖ਼ ਸਖ਼ਤ ਹੈ। ਗ੍ਰਿਹ ਕੇਂਦਰੀ ਮੰਤਰਾਲੇ ਨੇ ਬੰਗਾਲ ਸਰਕਾਰ ਤੋਂ ਇਸ 'ਤੇ ਰਿਪੋਰਟ ਤਲਬ ਕੀਤੀ ਹੈ। ਕੇਂਦਰੀ ਗ੍ਰਿਹ ਸਕੱਤਰ ਗੋਵਿੰਦ ਮੋਹਨ ਨੇ ਬੰਗਾਲ ਦੇ ਮੁੱਖ ਸਕੱਤਰ ਨੂੰ ਪੱਤਰ ਲਿਖ ਕੇ ਰਾਸ਼ਟਰਪਤੀ ਲਈ ਤਿਆਰ ਕੀਤੇ ਗਏ ਬਾਥਰੂਮ 'ਚ ਪਾਣੀ ਨਾ ਹੋਣ ਤੇ ਏਅਰਪੋਰਟ ਤੋਂ ਪ੍ਰੋਗਰਾਮ ਵਾਲੀ ਥਾਂ ਤੱਕ ਜਾਣ ਦੇ ਰਾਹ 'ਚ ਕੂੜਾ ਪਿਆ ਹੋਣ 'ਤੇ ਜਵਾਬ ਤਲਬ ਕੀਤਾ ਹੈ। ਗੋਵਿੰਦ ਮੋਹਨ ਮੁਤਾਬਕ, ਯਾਤਰਾ ਦੌਰਾਨ ਰਾਸ਼ਟਰਪਤੀ, ਉਪ-ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਦੇ ਪ੍ਰੋਟੋਕਾਲ ਲਈ ਤਿਆਰ 'ਬਲੂ ਬੁਕ' ਦੇ ਨਿਯਮਾਂ ਦੀ ਕਈ ਪੱਧਰਾਂ 'ਤੇ ਉਲੰਘਣਾ ਕੀਤੀ ਗਈ। ਸੂਤਰਾਂ ਮੁਤਾਬਕ, ਕੇਂਦਰੀ ਗ੍ਰਿਹ ਸਕੱਤਰ ਨੇ ਸੂਬੇ ਦੇ ਮੁੱਖ ਸਕੱਤਰ ਨੂੰ ਇਹ ਦੱਸਣ ਲਈ ਕਿਹਾ ਹੈ ਕਿ ਪ੍ਰੋਟੋਕਾਲ ਮੁਤਾਬਕ ਰਾਸ਼ਟਰਪਤੀ ਦੇ ਦੌਰੇ ਦੌਰਾਨ ਮੁੱਖ ਮੰਤਰੀ, ਮੁੱਖ ਸਕੱਤਰ ਤੇ ਡੀਜੀਪੀ ਮੌਜੂਦ ਕਿਉਂ ਨਹੀਂ ਸਨ। ਉਨ੍ਹਾਂ ਨੇ ਰਾਸ਼ਟਰਪਤੀ ਦੇ ਸਵਾਗਤ ਲਈ ਸਿਰਫ਼ ਸਿਲੀਗੁੜੀ ਦੇ ਮੇਅਰ ਗੌਤਮ ਦੇਬ ਦੀ ਏਅਰਪੋਰਟ 'ਤੇ ਮੌਜੂਦਗੀ 'ਤੇ ਵੀ ਸਵਾਲ ਚੁੱਕਿਆ ਹੈ। ਕੇਂਦਰੀ ਗ੍ਰਿਹ ਸਕੱਤਰ ਮੁਤਾਬਕ ਰਾਸ਼ਟਰਪਤੀ ਦੀ ਯਾਤਰਾ ਦੇ ਪ੍ਰਬੰਧ ਦੀ ਪੂਰੀ ਜ਼ਿੰਮੇਵਾਰੀ ਦਾਰਜੀਲਿੰਗ ਦੇ ਜ਼ਿਲ੍ਹਾ ਮੈਜਿਸਟ੍ਰੇਟ, ਸਿਲੀਗੁੜੀ, ਦੇ ਪੁਲਿਸ ਕਮਿਸ਼ਨਰ ਤੇ ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਦੀ ਸੀ। ਜਿਸ ਨੂੰ ਪੂਰਾ ਕਰਨ 'ਚ ਉਹ ਪੂਰੀ ਤਰ੍ਹਾਂ ਨਾਕਾਮ ਰਹੇ। ਕੇਂਦਰੀ ਗ੍ਰਿਹ ਸਕੱਤਰ ਨੇ ਇਨ੍ਹਾਂ ਅਧਿਕਾਰੀਆਂ ਖ਼ਿਲਾਫ਼ ਕੀਤੀ ਗਈ ਕਾਰਵਾਈ ਦੀ ਜਾਣਕਾਰੀ ਦੇਣ ਲਈ ਵੀ ਕਿਹਾ ਹੈ। ਦਰਅਸਲ, ਰਾਸ਼ਟਰਪਤੀ ਮੁਰਮੂ ਨੂੰ ਸਿਲੀਗੁੜੀ ਦੇ ਬਿਧਾਨਨਗਰ 'ਚ ਕਰਵਾਏ ਆਦਿਵਾਸੀ ਸਮਾਜ




ਦੇ ਇਕ ਪ੍ਰੋਗਰਾਮ ਲਈ ਸੱਦਾ ਦਿੱਤਾ ਗਿਆ ਸੀ। ਪਰ ਸਥਾਨਕ ਪ੍ਰਸ਼ਾਸਨ ਨੇ ਸੁਰੱਖਿਆ ਤੇ ਥਾਂ ਦੀ ਕਮੀ ਵਰਗੇ ਕਾਰਨ ਗਿਣਾਉਂਦੇ ਹੋਏ ਇਸ ਦੀ ਇਜਾਜ਼ਤ ਨਹੀਂ ਦਿੱਤੀ। ਇਸ ਦੀ ਥਾਂ 'ਤੇ ਬਾਗਡੋਗਰਾ ਏਅਰਪੋਰਟ ਦੇ ਨਜ਼ਦੀਕ ਗੋਸਾਈਪੁਰ ਨੂੰ ਚੁਣਿਆ ਗਿਆ। ਪਰ ਸਭਾ ਵਾਲੀ ਥਾਂ ਦੇ ਕੋਲ ਰਾਸ਼ਟਰਪਤੀ ਲਈ ਬਣਾਏ ਗਏ ਬਾਥਰੂਮ 'ਚ ਪਾਣੀ ਦੀ ਵਿਵਸਥਾ ਨਹੀਂ ਕੀਤੀ ਗਈ। ਇਹੀ ਨਹੀਂ, ਸਥਾਨਕ ਪ੍ਰਸ਼ਾਸਨ -ਨੇ ਰਾਸ਼ਟਰਪਤੀ ਨੂੰ ਲਿਜਾਣ ਲਈ ਜਿਸ ਰਾਹ ਨੂੰ ਚੁਣਿਆ, ਉਸ 'ਤੇ ਥਾਂ-ਥਾਂ ਕੂੜਾ ਪਿਆ ਹੋਇਆ ਸੀ।

# ਪੰਜਾਬੀ ਜ਼ੁਬਾਨ ਦੇ ਸਰੋਕਾਰਾਂ ਲਈ ਬਜਟ ਵਿਚ ਰੱਖਿਆ ਜਾਵੇ ਫੰਡ

## ਪੰਜਾਬ ਚੇਤਨਾ ਮੰਚ ਵਲੋਂ ਵਿੱਤ ਮੰਤਰੀ ਨੂੰ ਪੱਤਰ

ਜਲੰਧਰ: ਪੰਜਾਬ ਚੇਤਨਾ ਮੰਚ ਵਲੋਂ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੂੰ ਇਕ ਪੱਤਰ ਲਿਖ ਕੇ ਮੰਗ ਕੀਤੀ ਗਈ ਹੈ ਕਿ ਪੰਜਾਬ ਦੇ ਬਜਟ ਵਿੱਚ ਪੰਜਾਬੀ ਜ਼ੁਬਾਨ ਅਤੇ ਸੱਭਿਆਚਾਰ ਦੇ ਪ੍ਰਚਾਰ-ਪ੍ਰਸਾਰ ਅਤੇ ਵਿਕਾਸ ਕਾਰਜ ਲਈ ਲੋੜੀਂਦੇ ਫੰਡ ਰੱਖੇ ਜਾਣ।

ਪੰਜਾਬ ਚੇਤਨਾ ਮੰਚ ਦੇ ਪ੍ਰਧਾਨ ਡਾਕਟਰ ਲਖਵਿੰਦਰ ਸਿੰਘ ਜੌਹਲ,ਜਰਨਲ ਸਕੱਤਰ ਸਤਨਾਮ ਸਿੰਘ ਮਾਣਕ ਅਤੇ ਜਥੇਬੰਦਕ ਸਕੱਤਰ ਗੁਰਮੀਤ ਪਲਾਹੀ ਦੇ ਦੇ ਦਸਤਖ਼ਤਾਂ ਨਾਲ ਜਾਰੀ ਕੀਤੇ ਗਏ ਪੱਤਰ ਵਿੱਚ ਲਿਖਿਆ ਗਿਆ ਹੈ ਕਿ ਆਪ ਜੀ ਵਲੋਂ 8 ਮਾਰਚ ਨੂੰ ਪੰਜਾਬ ਸਰਕਾਰ ਦਾ ਪੰਜਵਾਂ ਬਜਟ ਪੇਸ਼ ਕੀਤਾ ਗਿਆ ਹੈ, ਜਿਸ ਵਿਚ ਤੁਸੀਂ ਲਗਭਗ ਸਾਰੇ ਸਮਾਜਿਕ ਵਰਗਾਂ ਦੇ ਹਿਤਾਂ ਦਾ ਧਿਆਨ ਰੱਖਣ ਦੀ ਕੋਸ਼ਿਸ਼ ਕੀਤੀ ਹੈ। ਆਪ ਦੀ ਇਸ ਪਹੁੰਚ ਦੀ ਅਸੀਂ ਪ੍ਰਸੰਸਾ ਕਰਦੇ ਹਾਂ। ਪਰ ਅਸੀਂ ਆਪ ਜੀ ਦੇ ਧਿਆਨ ਵਿਚ ਇਹ ਗੱਲ ਲਿਆਉਣੀ ਚਾਹੁੰਦੇ ਹਾਂ ਕਿ ਪੰਜਾਬੀ ਸੂਬਾ ਪੰਜਾਬੀਆਂ ਦੀ ਮਾਂ-ਬੋਲੀ ਪੰਜਾਬੀ ਦੇ ਅਧਾਰ 'ਤੇ 1 ਨਵੰਬਰ, 1966 ਨੂੰ ਪੰਜਾਬੀਆਂ ਦੇ ਲੰਮੇ ਇਤਿਹਾਸਕ ਸੰਘਰਸ਼ ਉਪਰੰਤ ਹੋਂਦ ਵਿਚ ਆਇਆ ਸੀ। ਇਸ ਦੇ ਪੁਨਰਗਠਨ ਸਮੇਂ ਪੰਜਾਬੀ ਸੂਬੇ ਨਾਲ ਬਹੁਤ ਸਾਰੀਆਂ ਬੇਇਨਸਾਫ਼ੀਆਂ ਹੋਈਆਂ, ਜਿਨ੍ਹਾਂ ਨੂੰ ਦੂਰ ਕਰਵਾਉਣ ਲਈ ਅੱਜ ਤੱਕ ਪੰਜਾਬ ਦੇ ਲੋਕਾਂ, ਅਤੇ ਪੰਜਾਬ ਦੀਆਂ ਸਰਕਾਰਾਂ ਵਲੋਂ ਸੰਘਰਸ਼ ਕੀਤਾ ਜਾ ਰਿਹਾ ਹੈ।



*ਡਾਕਟਰ ਲਖਵਿੰਦਰ ਸਿੰਘ ਜੌਹਲ, ਸਤਨਾਮ ਸਿੰਘ ਮਾਣਕ ਅਤੇ ਗੁਰਮੀਤ ਪਲਾਹੀ*

ਪਰ ਇਹ ਬਹੁਤ ਦੁੱਖ ਦੀ ਗੱਲ ਹੈ ਕਿ ਪੰਜਾਬ ਦੀਆਂ ਬਹੁਤੀਆਂ ਰਾਜ ਸਰਕਾਰਾਂ ਨੇ ਮਾਂ-ਬੋਲੀ ਪੰਜਾਬੀ, ਪੰਜਾਬੀ ਸਾਹਿਤ ਤੇ ਪੰਜਾਬੀ ਸੱਭਿਆਚਾਰ ਦੇ ਪ੍ਰਚਾਰ-ਪ੍ਰਸਾਰ ਅਤੇ ਵਿਕਾਸ ਲਈ ਨਾ ਕੋਈ ਪ੍ਰਭਾਵਸ਼ਾਲੀ ਨੀਤੀ ਬਣਾਈ ਤੇ ਨਾ ਹੀ ਇਨ੍ਹਾਂ ਸਰੋਕਾਰਾਂ ਲਈ ਢੁਕਵੇਂ ਵਿੱਤੀ ਸਾਧਨ ਮੁਹੱਈਆ ਕੀਤੇ ਹਨ। ਪੰਜਾਬ ਦੀਆਂ ਸਰਕਾਰਾਂ ਹੀ ਪੰਜਾਬੀਆਂ ਦੀ ਮਾਂ-ਬੋਲੀ ਨੂੰ ਨਜ਼ਰ-ਅੰਦਾਜ਼ ਕਰਦੀਆਂ ਆ ਰਹੀਆਂ ਹਨ। ਕੁਝ ਯਤਨ ਹੋਏ ਹਨ, ਪਰ ਓਨੇ ਨਹੀਂ ਜਿੰਨਿਆਂ ਦੀ ਲੋੜ ਸੀ।

ਆਮ ਆਦਮੀ ਪਾਰਟੀ ਦੀ ਸਰਕਾਰ ਜਿਹੜੀ ਕਿ 2022 ਵਿਚ ਪੰਜਾਬੀਆਂ ਦਾ ਵੱਡਾ ਫ਼ਤਵਾ ਲੈ ਕੇ ਸੱਤਾ ਵਿਚ ਆਈ ਸੀ, ਤੋਂ ਇਸ ਸੰਬੰਧੀ ਪੰਜਾਬੀ ਲੇਖਕਾਂ ਤੇ ਬੁੱਧੀਜੀਵੀਆਂ ਨੂੰ ਵੱਡੀਆਂ ਆਸਾਂ ਸਨ। ਪਰ ਪਿਛਲੇ ਚਾਰ ਬਜਟਾਂ ਅਤੇ ਇਸ ਪੰਜਵੇਂ ਬਜਟ ਵਿਚ ਵੀ ਤੁਹਾਡੀ ਸਰਕਾਰ ਵਲੋਂ ਪੰਜਾਬੀ ਬੋਲੀ, ਪੰਜਾਬੀ ਸਾਹਿਤ ਤੇ ਪੰਜਾਬੀ ਸੱਭਿਆਚਾਰ ਦੇ ਸਰੋਕਾਰਾਂ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਹੀ ਕੀਤਾ ਗਿਆ ਹੈ। ਇਸ ਨਾਲ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਪਿਆਰ ਕਰਨ ਵਾਲੇ ਲੇਖਕਾਂ, ਬੁੱਧੀਜੀਵੀਆਂ, ਪੰਜਾਬੀ ਕਲਾਕਾਰਾਂ ਅਤੇ ਪੱਤਰਕਾਰਾਂ ਵਿਚ ਗਹਿਰੀ ਨਿਰਾਸ਼ਾ ਪੈਦਾ ਹੋਈ ਹੈ। ਅਸੀਂ ਮੰਗ ਕਰਦੇ ਹਾਂ ਕਿ ਬਜਟ ਵਿਚ ਰਹਿ ਗਈ ਇਸ ਤਰੁੱਟੀ ਨੂੰ ਤੁਰੰਤ ਦੂਰ ਕੀਤਾ ਜਾਵੇ ਅਤੇ ਪੰਜਾਬੀ ਜ਼ਬਾਨ, ਪੰਜਾਬੀ ਸਾਹਿਤ ਅਤੇ ਸੱਭਿਆਚਾਰ ਦੇ ਪ੍ਰਚਾਰ-ਪ੍ਰਸਾਰ ਅਤੇ ਵਿਕਾਸ ਲਈ ਤੁਰੰਤ ਲੋੜੀਂਦੇ ਫੰਡਾਂ ਦਾ ਪ੍ਰਬੰਧ ਇਸੇ ਬਜਟ ਵਿੱਚ ਕੀਤਾ ਜਾਵੇ।

# ਟਰੰਪ ਦੀ ਤਾਰੀਫ਼ ਹੁਣ ਪਾਕਿਸਤਾਨ 'ਤੇ ਪੈਣ ਲੱਗੀ ਭਾਰੀ

## ਇਰਾਨ ਦੀ ਜੰਗ ਨਾਲ ਵਧਿਆ ਘਰੇਲੂ ਤੇ ਕੂਟਨੀਤਕ ਦਬਾਅ

**ਇਸਲਾਮਾਬਾਦ:** ਈਰਾਨ 'ਤੇ ਅਮਰੀਕੀ ਅਤੇ ਇਜ਼ਰਾਇਲੀ ਹਮਲਿਆਂ ਤੋਂ ਬਾਅਦ ਪਾਕਿਸਤਾਨ ਦੀ ਸਰਕਾਰ 'ਤੇ ਘਰੇਲੂ ਅਤੇ ਕੂਟਨੀਤਕ ਦਬਾਅ ਵੱਧ ਗਿਆ ਹੈ। ਪਿਛਲੇ ਸਾਲ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ਼ ਵੱਲੋਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਖੁੱਲ੍ਹ ਕੇ ਕੀਤੀ ਗਈ ਤਾਰੀਫ਼ ਹੁਣ ਸਿਆਸੀ ਵਿਵਾਦ ਦਾ ਕਾਰਨ ਬਣਦੀ ਦਿਖਾਈ ਦੇ ਰਹੀ ਹੈ। ਉਸ ਸਮੇਂ ਸ਼ਰੀਫ਼ ਨੇ ਟਰੰਪ ਨੂੰ ਪੱਛਮੀ ਏਸ਼ੀਆ ਵਿਚ ਲੱਖਾਂ ਲੋਕਾਂ ਦੀਆਂ ਜਾਨਾਂ ਬਚਾਉਣ ਅਤੇ ਕਈ ਜੰਗਾਂ ਰੋਕਣ ਦਾ ਸਿਹਰਾ ਦਿੱਤਾ ਸੀ ਅਤੇ ਉਨ੍ਹਾਂ ਨੂੰ ਨੋਬਲ ਸ਼ਾਂਤੀ ਐਵਾਰਡ ਲਈ ਨਾਮਜ਼ਦ ਕਰਨ ਦੀ ਗੱਲ ਕਹੀ ਸੀ।

ਹੁਣ ਜਦੋਂ ਅਮਰੀਕਾ ਤੇ ਇਜ਼ਰਾਈਲ ਈਰਾਨ 'ਤੇ ਲਗਾਤਾਰ ਹਮਲੇ ਕਰ ਰਹੇ ਹਨ ਤਾਂ ਸ਼ਰੀਫ਼ ਦੇ ਪੁਰਾਣੇ ਬਿਆਨ ਇੰਟਰਨੈੱਟ ਮੀਡੀਆ 'ਤੇ ਮੁੜ ਵਾਇਰਲ ਹੋ ਗਏ ਹਨ। ਪਾਕਿਸਤਾਨ ਵਿਚ ਕਈ ਸਿਆਸੀ ਤੇ ਧਾਰਮਿਕ ਸਮੂਹ ਸਰਕਾਰ ਦੀ ਅਮਰੀਕਾ ਨਾਲ ਨੇੜਤਾ 'ਤੇ ਸਵਾਲ ਚੁੱਕ ਰਹੇ ਹਨ। ਰਾਜਧਾਨੀ ਇਸਲਾਮਾਬਾਦ ਅਤੇ ਹੋਰਨਾਂ ਸ਼ਹਿਰਾਂ ਵਿਚ ਹੋਏ ਵਿਰੋਧ ਮੁਜ਼ਾਹਰਿਆਂ ਵਿਚ ਸੈਂਕੜੇ ਲੋਕਾਂ ਨੇ ਟਰੰਪ ਤੇ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੇ ਪੋਸਟਰ ਸਾੜੇ। ਮੁਜ਼ਾਹਰਾਕਾਰੀਆਂ ਨੇ ਈਰਾਨ ਦੇ ਸਰਬਉੱਚ ਆਗੂ ਅਯਾਤੁੱਲਾ ਅਲੀ ਖਾਮਨੇਈ ਦੇ ਸਮਰਥਨ ਵਿਚ ਵੀ ਨਾਅਰੇ ਲਗਾਏ ਜਿਨ੍ਹਾਂ ਦੀ ਫਰਵਰੀ ਦੇ ਅੰਤ 'ਚ ਅਮਰੀਕੀ-ਇਜ਼ਰਾਇਲੀ ਹਮਲਿਆਂ ਵਿਚ ਮੌਤ ਹੋ ਗਈ ਸੀ। ਪਿਛਲੇ ਹਫ਼ਤੇ ਪਾਕਿਸਤਾਨ 'ਚ ਹੋਏ ਵਿਰੋਧ ਮੁਜ਼ਾਹਰਿਆਂ ਵਿਚ 26 ਲੋਕਾਂ ਦੀ ਮੌਤ ਦੀ ਖ਼ਬਰ ਹੈ। ਕਰਾਚੀ ਸਥਿਤ ਅਮਰੀਕੀ ਵਣਜ ਦੂਤਘਰ ਵੱਲ ਵਧ ਰਹੀ ਭੀੜ 'ਤੇ ਗੋਲੀਬਾਰੀ



ਵਿਚ 11 ਮੁਜ਼ਾਹਰਾਕਾਰੀਆਂ ਦੀ ਮੌਤ ਹੋ ਗਈ। ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਪਾਕਿਸਤਾਨ ਇਕ ਔਖਾ ਸੰਤੁਲਨ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਕ ਪਾਸੇ ਇਸ ਦੀ ਈਰਾਨ ਨਾਲ ਲੰਬੀ ਸਰਹੱਦ ਤੇ ਧਾਰਮਿਕ ਸੰਬੰਧ ਹਨ, ਦੂਜੇ ਪਾਸੇ ਖਾੜੀ ਦੇਸ਼ਾਂ ਅਤੇ ਅਮਰੀਕਾ ਨਾਲ ਆਰਥਿਕ ਤੇ ਰਣਨੀਤਕ ਰਿਸ਼ਤੇ ਵੀ ਮਹੱਤਵਪੂਰਨ ਹਨ। ਪਾਕਿਸਤਾਨ ਨੂੰ ਹਰ ਸਾਲ ਮਿਲਣ ਵਾਲੀ ਲਗਪਗ 40 ਅਰਬ ਡਾਲਰ ਦੀ ਵਿਦੇਸ਼ੀ ਮੁਦਰਾ ਵਿਚੋਂ ਅੱਧੇ ਤੋਂ ਵੱਧ ਰਕਮ ਖਾੜੀ ਦੇ ਦੇਸ਼ਾਂ ਤੋਂ ਆਉਂਦੀ ਹੈ। ਸਾਬਕਾ ਰਾਜਦੂਤ ਮਲੀਹਾ ਲੋਦੀ ਮੁਤਾਬਕ, ਅਮਰੀਕਾ ਖ਼ਿਲਾਫ਼ ਗੁੱਸਾ ਸਿਰਫ਼ ਸ਼ੀਆ ਫਿਰਕੇ ਤੱਕ ਸੀਮਤ ਨਹੀਂ ਸਗੋਂ ਇਹ ਇਕ ਵਿਆਪਕ ਰਾਸ਼ਟਰੀ ਅਹਿਸਾਸ ਬਣ ਚੁੱਕਾ ਹੈ। ਪਾਕਿ ਦੀ 15-20 ਫ਼ੀਸਦੀ ਆਬਾਦੀ ਸ਼ੀਆ ਮੁਸਲਮਾਨ ਹੈ ਜਿਹੜਾ ਈਰਾਨ ਪ੍ਰਤੀ ਹਮਦਰਦੀ ਰੱਖਦੀ ਹੈ।

ਇਸੇ ਦਰਮਿਆਨ ਪਾਕਿਸਤਾਨ ਦੇ ਫ਼ੌਜ ਮੁਖੀ ਜਨਰਲ ਸਈਅਦ ਆਸਿਮ ਮੁਨੀਰ ਨੇ ਸਾਊਦੀ ਰੱਖਿਆ ਮੰਤਰੀ ਪ੍ਰਿੰਸ ਖ਼ਾਲਿਦ ਬਿਨ ਸਲਮਾਨ ਨਾਲ ਮਿਲ ਕੇ ਖੇਤਰ ਦੀ ਸੁਰੱਖਿਆ 'ਤੇ ਗੱਲਬਾਤ ਕੀਤੀ। ਪਾਕਿ ਤੇ ਸਾਊਦੀ ਅਰਬ ਵਿਚਾਲੇ ਪਿਛਲੇ ਸਾਲ ਹੋਏ ਦੁਵੱਲੇ ਰੱਖਿਆ ਸਮਝੌਤੇ ਤਹਿਤ ਕਿਸੇ ਇਕ 'ਤੇ ਹਮਲਾ ਦੋਵਾਂ 'ਤੇ ਹਮਲਾ ਮੰਨਿਆ ਜਾਵੇਗਾ। ਪਾਕਿਸਤਾਨ ਨੇ ਈਰਾਨ ਨੂੰ ਸੰਕੇਤ ਦਿੱਤਾ ਹੈ ਕਿ ਇਸ ਸਮਝੌਤੇ 8 ਤਹਿਤ ਉਸ ਨੂੰ ਆਪਣੀਆਂ ਵਚਨਬੱਧਤਾਵਾਂ ਦਾ ਧਿਆਨ ਰੱਖਣਾ ਪਵੇਗਾ। ਮਾਹਰਾਂ ਦਾ ਮੰਨਣਾ ਹੈ ਕਿ ਈਰਾਨ ਜੰਗ ਦੌਰਾਨ। ਪਾਕਿਸਤਾਨ ਲਈ ਅਮਰੀਕਾ, ਖਾੜੀ ਦੇਸ਼ਾਂ ਚ ਅਤੇ ਈਰਾਨ ਵਿਚਾਲੇ ਸੰਤੁਲਨ ਬਣਾਉਣਾ। ਕ ਹੁਣ ਪਹਿਲਾਂ ਨਾਲੋਂ ਜ਼ਿਆਦਾ ਔਖਾ ਹੋ ਰਿਹਾ ਹੈ।

# ਅੰਤਰ-ਰਾਸ਼ਟਰੀ ਮਹਿਲਾ ਦਿਵਸ ਨੂੰ ਸਮਰਪਿਤ ਰਹੀ ਕੈਲਗਰੀ ਲੇਖਕ ਸਭਾ ਦੀ ਮੀਟਿੰਗ

ਕੈਲਗਰੀ ਲੇਖਕ ਸਭਾ ਦੀ ਮਾਰਚ ਮਹੀਨੇ ਦੀ ਮੀਟਿੰਗ ਇਸ ਮਹੀਨੇ ਦੇ ਪ੍ਰਮੁੱਖ ਦਿਹਾੜਿਆਂ, ਹੋਲਾ-ਮਹੱਲਾ, ਅੰਤਰ-ਰਾਸ਼ਟਰੀ ਮਹਿਲਾ ਦਿਵਸ ਅਤੇ ਸ਼ਹੀਦ ਭਗਤ ਸਿੰਘ ਦੀ ਸ਼ਹਾਦਤ ਦੇ ਏਜੰਡੇ ਨਾਲ ਸ਼ੁਰੂ ਹੋਈ। ਸਭ ਤੋਂ ਪਹਿਲਾਂ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਸਭਾ ਦੇ ਮੈਂਬਰ ਫਿਜ਼ਿਕਸ ਦੇ ਵਿਗਿਆਨੀ ਡਾ. ਸੁਰਜੀਤ ਸਿੰਘ ਭੱਟੀ ਨੂੰ ਇੱਕ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ। ਪ੍ਰਧਾਨਗੀ ਮੰਡਲ ਵਿਚ ਪ੍ਰਧਾਨ ਜਸਵੀਰ ਸਿੰਘ ਸਿਹੋਤਾ ਅਤੇ ਰਮਨ ਗਿੱਲ ਸ਼ਾਮਲ ਸਨ। ਸਕੱਤਰ ਗੁਰਚਰਨ ਥਿੰਦ ਨੇ ਹੋਲਾ-ਮਹੱਲਾ ਦੀ ਸ਼ੁਰੂਆਤ, ਇਸਦੇ ਧਾਰਮਿਕ ਤੇ ਰਾਜਨੀਤਕ ਮਹੱਤਵ ਬਾਰੇ ਅਤੇ ਸੰਸਾਰ ਭਰ ਵਿਚ ਔਰਤਾਂ ਦੁਆਰਾ ਆਪਣੇ ਹੱਕਾਂ, ਸਮਾਜ ਵਿਚ ਹਰ ਪੱਧਰ 'ਤੇ ਬਰਾਬਰੀ, ਨਿਆਂ ਤੇ ਆਰਥਿਕ ਆਤਮ-ਨਿਰਭਰਤਾ ਲਈ ਕੀਤੀ ਗਈ ਲੰਮੀ ਜਦੋ-ਜਹਿਦ ਦਾ ਵਰਣਨ ਕਰਦਿਆਂ 1977 ਵਿਚ ਯੂਨਾਈਟਿਡ ਨੇਸ਼ਨਜ਼ ਵਲੋਂ 8 ਮਾਰਚ ਨੂੰ 'ਇੰਟਰਨੈਸ਼ਨਲ ਵੂਮੇਨ ਡੇ' ਐਲਾਨੇ ਜਾਣ ਬਾਰੇ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਸ਼ਹੀਦੀ ਬਾਰੇ ਵੀ ਜ਼ਿਕਰ ਕੀਤਾ।

ਉਪਰੰਤ ਸਭਾ ਦੇ ਉਪ-ਪ੍ਰਧਾਨ ਸੁਰਿੰਦਰ ਸਿੰਘ ਢਿਲੋਂ ਨੇ ਭਗਤ ਸਿੰਘ ਦੇ 'ਮੈਂ ਨਾਸਤਿਕ ਕਿਉਂ ਹਾਂ?' ਬਾਰੇ ਜ਼ਿਕਰ ਕਰਦਿਆਂ ਕਿਹਾ ਕਿ ਹਰ ਚੀਜ਼ ਨੂੰ ਪੜਚੋਲਣਾ ਤੇ ਦਲੀਲ ਨਾਲ ਪੇਸ਼ ਕਰਨਾ ਨਾਸਤਿਕ ਹੋਣਾ ਨਹੀਂ ਹੁੰਦਾ। ਉਨ੍ਹਾਂ ਕਿਹਾ ਕਿ ਕਬੀਲਾ ਯੁੱਗ ਸਮੇਂ ਔਰਤ ਮਰਦ ਹਰ ਤਰ੍ਹਾਂ ਬਰਾਬਰੀ ਦੇ ਹੱਕ ਰਖਦੇ ਸਨ, ਮੁੱਢਲੀਆਂ ਸਭਿਆਤਾਵਾਂ ਵੇਲੇ ਵੀ ਔਰਤ ਨੂੰ ਬਹੁਤ ਹੱਦ



ਤੱਕ ਅਜ਼ਾਦੀ ਸੀ ਪਰ ਬਦਲਦੇ ਸਮੇਂ ਨੇ ਸਮਾਜਿਕ ਦਾਇਰਿਆਂ ਦੇ ਤੰਗ ਹੋਣ ਨਾਲ ਔਰਤਾਂ 'ਤੇ ਬੰਦਿਸ਼ਾਂ ਤੇ ਰੁਕਾਵਟਾਂ ਲੱਦ ਦਿੱਤੀਆਂ, ਜਿਸ ਲਈ ਔਰਤਾਂ ਨੂੰ ਲੰਮਾ ਸੰਘਰਸ਼ ਕਰਨਾ ਪਿਆ। ਅਮਨਦੀਪ ਸਿੰਘ ਦੁੱਲਤ ਨੇ ਕਿਹਾ ਕਿ 'ਔਰਤ' ਤੇ 'ਬਿਊਟੀ' ਦੀ ਪਰਿਭਾਸ਼ਾ ਸਮੇਂ-ਸਮੇਂ ਬਦਲ ਕੇ ਔਰਤਾਂ ਦਾ ਸ਼ੋਸ਼ਣ ਕੀਤਾ ਜਾਂਦਾ ਹੈ। ਸੋਹਣ ਸਿੰਘ ਭੁੱਚੋ ਨੇ 'ਮਿਹਨਤ ਦੇ ਬੂਟਿਆਂ ਨੂੰ ਮਾਹੀ ਵੇ ਫ਼ਲ ਮਿੱਠੇ ਲਗਦੇ, ਤੇਰੀ ਘਰੇ ਨੌਕਰੀ ਡੂੰਘਾ ਵਾਹ ਲੈ ਹੱ਼ਲ ਵੇ' ਪਰਿਵਾਰ ਵਿਚ ਡੂੰਘੀ ਸਾਂਝ ਨੂੰ ਪ੍ਰਗਟਾਉਂਦਾ ਗੀਤ ਸੁਰੀਲੀ ਅਵਾਜ਼ ਵਿਚ ਗਾਇਆ। ਚਰਨਦੀਪ ਕੌਰ ਨੇ ਸਾਲ 2026 ਵਰ੍ਹੇ ਦੇ ਮਹਿਲਾ ਦਿਵਸ ਦੇ ਥੀਮ 'ਗਿਵ ਐਂਡ ਗੇਨ' ਬਾਰੇ ਗੱਲ ਕੀਤੀ। ਉਨ੍ਹਾਂ ਆਪਣੀ ਰਚਨਾ 'ਐ ਔਰਤ ਤੈਨੂੰ ਔਰਤ ਦਿਵਸ ਦੀ ਵਧਾਈ' ਸੁਣਾਈ।

ਸਭਾ ਵਿਚ ਪਹਿਲੀ ਵਾਰ ਸ਼ਾਮਲ ਹੋਏ ਸੰਤੋਸ਼ ਚੀਮਾ ਨੇ ਘਰ ਵਿਚ ਤੀਜੀ ਕੁੜੀ ਵਜੋਂ ਪੈਦਾ ਹੋਣ ਦੀ ਆਪਣੇ ਜਨਮ ਦੀ ਤ੍ਰਾਸਦੀ ਬਿਆਨੀ, ਅਮਰੀਕ ਸਿੰਘ ਨੇ ਔਰਤ ਦੀ ਘਰ-ਪਰਿਵਾਰ ਵਿਚ ਹੋਂਦ 'ਜੰਮਣ ਲਈ ਮਾਂ, ਜ਼ਿੱਦ ਪੁਗਾਉਣ ਲਈ ਮਾਸੀ, ਕਹਾਣੀ ਸੁਣਾਉਣ ਲਈ ਨਾਨੀ ਤੇ ਲਾਡ ਲਡਾਉਣ ਲਈ ਦਾਦੀ ਦਾ ਹੋਣਾ' ਪ੍ਰਤੀਕਾਂ ਰਾਹੀਂ ਦਰਸਾਈ। ਸਵਰਨ ਸਿੰਘ ਨੇ ਪੰਜਾਬ ਵਿਚ ਉਨ੍ਹਾਂ ਦੁਆਰਾ 'ਨਰੇਗਾ' ਸਕੀਮ ਅਧੀਨ ਔਰਤਾਂ ਨੂੰ ਐਮਪਾਵਰ ਕਰਨ ਦੇ ਕੀਤੇ ਗਏ ਉਪਰਾਲਿਆਂ ਦਾ ਵਰਣਨ ਕੀਤਾ। ਰਮਨ ਗਿੱਲ ਨੇ ਜ਼ੋਰ ਦੇ ਕੇ ਕਿਹਾ ਕਿ ਸਾਨੂੰ ਆਪਣੀਆਂ ਵੈਲੂਯਜ਼ ਤੇ ਕਲਚਰ ਨੂੰ ਨਹੀਂ ਭੁੱਲਣਾ ਚਾਹੀਦਾ। ਉਨ੍ਹਾਂ ਹੋਲਾ ਮਹੱਲਾ ਦੀ ਵਧਾਈ ਸਾਂਝੀ ਕੀਤੀ। ਭੁਪਿੰਦਰ ਸਿੰਘ ਹੁਰਾਂ ਵੀ ਆਪਣੇ ਵਿਚਾਰ ਸਾਂਝੇ ਕੀਤੇ।

ਪੈਰੀ ਮਾਹਲ ਨੇ ਆਪਣੇ ਪਿੰਡ ਤੋਂ ਪੰਜ-ਛੇ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਅਤੇ ਦੂਜੇ ਪਾਸੇ ਇੰਨੀ ਕੁ ਵਿੱਥ 'ਤੇ ਨਾਨਕੇ ਪਿੰਡ ਨਾਲ ਨੇੜਤਾ ਦਰਸਾਈ। ਹਰਮਿੰਦਰ ਪਾਲ ਸਿੰਘ ਨੇ ਕਬੀਰ ਜੀ ਅਤੇ ਬੁੱਲ੍ਹੇ ਸ਼ਾਹ ਦੇ ਹਵਾਲਿਆਂ ਨਾਲ ਔਰਤ ਦੀ ਸਥਿਤੀ। ਬਲਦੇਵ ਸਿੰਘ ਦੁੱਲਤ ਨੇ ਕੈਨੇਡਾ ਵਿਚ ਪੰਜ ਔਰਤਾਂ ਦੁਆਰਾ ਔਰਤਾਂ ਲਈ ਬਰਾਬਰ ਅਧਿਕਾਰ ਅਤੇ ਵੋਟ ਦਾ ਅਧਿਕਾਰ ਲੈਣ ਲਈ ਕੀਤੀ ਗਈ ਲੰਮੀ ਜਦੋ-ਜਹਿਦ ਬਾਰੇ ਦੱਸਿਆ। ਪ੍ਰਧਾਨ ਜਸਵੀਰ ਸਿੰਘ ਸਿਹੋਤਾ ਨੇ ਸਭ ਦਾ ਧੰਨਵਾਦ ਕੀਤਾ ਤੇ ਵੱਡਮੁਲੇ ਵਿਚਾਰ ਪੇਸ਼ ਕਰਨ ਦੀ ਸ਼ਲਾਘਾ ਕੀਤੀ। ਉਨ੍ਹਾਂ ਉਭਰਦੇ ਕਵੀ 'ਕੁਲਵਿੰਦਰ ਕਾਮੇ' ਦੀਆਂ ਰਚਨਾਵਾਂ ਸੁਣਨ ਦੀ ਸਲਾਹ ਦਿੱਤੀ। ਉਨ੍ਹਾਂ ਭਗਤ ਸਿੰਘ ਦੇ ਆਖਰੀ ਵੇਲੇ ਨੂੰ ਕਲਮਬੱਧ ਕਰਦੀ ਆਪਣੀ ਰਚਨਾ, 'ਭਗਤ ਸਿੰਘਾ ਰਖਦੇ ਕਿਤਾਬ ਮੋੜਦੇ ਵਰਕਾ, ਤੂੰ ਤੇ ਮਹਿਮਾਨ ਐਂ ਅੱਜ ਪੱਲ ਦੋ ਪਲ ਦਾ' ਸੁਣਾ ਕੇ ਵਾਹ ਵਾਹ ਖੱਟੀ। ਪਰਮਜੀਤ ਭੰਗੂ ਨੇ ਹੋਲਾ-ਮਹੱਲਾ ਬਾਰੇ ਦੱਸਿਆ ਅਤੇ 'ਪੁਰਾਣੇ ਇਤਿਹਾਸ 'ਤੇ ਝੂਰਨ ਦੀ ਥਾਂ, ਚੰਗੀ ਗੱਲ ਏ ਕਿ ਹੁਣ ਦੀ ਗੱਲ ਕਰੀਏ' ਕਵਿਤਾ ਸਾਂਝੀ ਕੀਤੀ।

ਜਗਦੇਵ ਸਿੰਘ ਸਿੱਧੂ ਨੇ ਕਿਹਾ ਕਿ ਔਰਤ ਨੂੰ ਪਹਿਲਾਂ ਤੋਂ ਹੀ ਚੀਜ਼ ਸਮਝਿਆ ਗਿਆ ਹੈ, ਜਿਸ ਦਾ ਪ੍ਰਮਾਣ ਸੀਤਾ, ਦ੍ਰੋਪਦੀ ਤੇ ਕੁੰਤੀ ਹੈ। ਉਨ੍ਹਾਂ ਕਿਹਾ ਕਿ ਭਗਤ ਸਿੰਘ ਦੀ ਸ਼ਹੀਦੀ ਅੱਜ ਹੀ ਨਹੀਂ ਆਉਣ ਵਾਲੇ ਸਮੇਂ ਵਿਚ ਵੀ ਉਤਨੀ ਹੀ ਮਹੱਤਵਪੂਰਨ ਰਹੇਗੀ। ਪਰੀਤ ਸਾਗਰ ਸਿੰਘ ਨੇ ਸੰਸਾਰ ਦੀ ਉਤਪਤੀ ਫੀਮੇਲ ਐਨਰਜੀ ਤੋਂ ਹੋਈ ਤੇ ਹੋ ਰਹੀ ਹੈ' ਤੱਥ ਨੂੰ ਗੁਰਬਾਣੀ ਦੇ ਹਵਾਲੇ ਨਾਲ ਬਿਆਨਿਆ। ਸੁਖਵਿੰਦਰ ਸਿੰਘ ਥਿੰਦ ਨੇ ਅਲਬਰਟਾ ਦੇ ਇਸ ਵਰ੍ਹੇ ਦੇ ਬਜਟ ਬਾਰੇ ਜਾਣਕਾਰੀ ਸਾਂਝੀ ਕੀਤੀ।

ਅੰਤ ਵਿਚ ਸਕੱਤਰ ਗੁਰਚਰਨ ਥਿੰਦ ਨੇ ਆਪਣੀ ਰਚਨਾ, 'ਤੈਨੂੰ ਮਾਣ ਮਰਦਾਨਗੀ ਦਾ ਮੈਨੂੰ ਫ਼ਖਰ ਨਾਰੀਤਵ ਦਾ, ਮੇਰੀ ਕੁੱਖ ਜ਼ਰਖ਼ੇਜ਼ ਜ਼ਿਮੀ ਪਰ ਕੀ ਇਹ ਬੀਜ ਬਿਨਾ ਉਗਮੇ? ਨਹੀਂ ਕਦੇ ਨਹੀਂ' ਸੁਣਾ ਕੇ ਸੰਸਾਰ ਦੀ ਰਚਨਾ ਲਈ ਔਰਤ ਤੇ ਮਰਦ ਦੀ ਬਰਾਬਰ ਦੀ ਹੋਂਦ ਤੇ ਲੋੜ ਦੇ ਸੱਚ ਨੂੰ ਬਿਆਨਿਆ।

***-ਗੁਰਚਰਨ ਕੌਰ ਥਿੰਦ***
***ਫੋਨ: 403-402-9635***

# ਪੰਜਾਬੀ ਕਲਚਰਲ ਐਸੋਸੀਏਸ਼ਨ ਬ੍ਰੈਂਟਵੁੱਡ ਵੱਲੋਂ 'ਧੀਆਂ ਦੀ ਲੋਹੜੀ' ਪ੍ਰੋਗਰਾਮ

**ਬ੍ਰੈਂਟਵੁੱਡ:** ਪੀ.ਸੀ.ਏ. ਬ੍ਰੈਂਟਵੁੱਡ ਵੱਲੋਂ ਦੂਜੀ 'ਧੀਆਂ ਦੀ ਲੋਹੜੀ' ਉਤਸ਼ਾਹ ਅਤੇ ਰੌਣਕ ਨਾਲ ਮਨਾਈ ਗਈ। ਇਸ ਸਮਾਗਮ ਵਿਚ ਭਾਈਚਾਰੇ ਦੇ ਸੈਂਕੜੇ ਮੈਂਬਰਾਂ ਨੇ ਭਾਗ ਲਿਆ ਅਤੇ ਧੀਆਂ ਦੇ ਸਨਮਾਨ ਵਿਚ ਖੁਸ਼ੀ ਅਤੇ ਮਾਣ ਨਾਲ ਲੋਹੜੀ ਦਾ ਤਿਉਹਾਰ ਮਨਾਇਆ ਗਿਆ। ਮੇਜ਼ਬਾਨੀ ਸਟੇਜ ਦੀ ਮਲਿਕਾ ਆਸ਼ਾ ਸ਼ਰਮਾ ਨੇ ਕੀਤੀ। ਪ੍ਰਸਿੱਧ ਸੂਫੀ ਗਾਇਕ ਸੁਖਦੇਵ ਸਾਹਿਲ ਨੇ ਆਪਣੇ ਰੂਹਾਨੀ ਗੀਤਾਂ ਨਾਲ ਦਰਸ਼ਕਾਂ ਨੂੰ ਮੋਹ ਲਿਆ।







ਰੰਗ-ਰੰਗੀਲੇ ਭੰਗੜੇ ਦੀ ਪੇਸ਼ਕਸ਼ ਪੰਜ ਤਾਰਾ ਭੰਗੜਾ ਐਕਡਮੀ ਵੱਲੋਂ ਕੀਤੀ ਗਈ, ਜਿਸ ਨੇ ਮੰਚ 'ਤੇ ਜੋਸ਼ ਭਰ ਦਿੱਤਾ। ਇਸ ਦੇ ਨਾਲ ਹੀ 'ਰੌਣਕ ਪੰਜਾਬ ਦੀ' ਗਿੱਧਾ ਟੀਮ ਨੇ ਆਪਣੇ ਰਵਾਇਤੀ ਨਾਚ ਗਿੱਧਾ ਨਾਲ ਸਮਾਗਮ ਨੂੰ ਹੋਰ ਵੀ ਰੌਣਕਮਈ ਬਣਾ ਦਿੱਤਾ।

ਸਮਾਗਮ ਦੌਰਾਨ ਆਸ਼ਾ ਸ਼ਰਮਾ ਨੂੰ 'ਧੀ ਪੰਜਾਬ ਦੀ' ਐਵਾਰਡ ਨਾਲ ਸਨਮਾਨਿਤ ਕੀਤਾ ਗਿਆ, ਜਦਕਿ ਸੁਖਦੇਵ ਸਾਹਿਲ ਨੂੰ 'ਸੁਰਾਂ ਦਾ ਬਾਦਸ਼ਾਹ' ਐਵਾਰਡ ਪ੍ਰਦਾਨ ਕੀਤਾ ਗਿਆ।

ਪ੍ਰੈਸ ਨਾਲ ਗੱਲਬਾਤ ਕਰਦਿਆਂ ਭੁਪਿੰਦਰ ਸਿੰਘ ਬਾਜਵਾ, ਚੇਅਰਮੈਨ ਪੀਸੀਏ ਬ੍ਰੈਂਟਵੁੱਡ ਨੇ ਕਿਹਾ ਕਿ ਇਸ ਸਾਲ ਦੀ 'ਧੀਆਂ ਦੀ ਲੋਹੜੀ' ਬੇਹੱਦ ਕਾਮਯਾਬ ਰਹੀ ਅਤੇ ਕਮਿਊਨਿਟੀ ਵੱਲੋਂ ਬੇਮਿਸਾਲ ਸਹਿਯੋਗ ਮਿਲਿਆ।

ਉਨ੍ਹਾਂ ਦੱਸਿਆ ਕਿ ਪੀਸੀਏ ਪਹਿਲਾਂ ਵੀ ਕਮਿਊਨਿਟੀ ਸੇਵਾ ਤਹਿਤ ਬਲੱਡ ਡਰਾਈਵ ਆਯੋਜਿਤ ਕਰ ਚੁੱਕੀ ਹੈ ਅਤੇ ਇਸ ਸਾਲ ਦੁਬਾਰਾ ਬਲੱਡ ਡੋਨੇਸ਼ਨ ਕੈਂਪ ਲਗਾਉਣ ਦੀ ਯੋਜਨਾ ਹੈ। ਇਸ ਤੋਂ ਇਲਾਵਾ, 4 ਜੁਲਾਈ ਨੂੰ ਅਮਰੀਕਨ ਆਜ਼ਾਦੀ ਪਰੇਡ ਦੌਰਾਨ ਮੁਫ਼ਤ ਪਾਣੀ ਵੰਡਣ ਦਾ ਪ੍ਰੋਗਰਾਮ ਵੀ ਆਯੋਜਿਤ ਕੀਤਾ ਜਾਵੇਗਾ।

ਇਹ ਸਮਾਗਮ ਧੀਆਂ ਦੀ ਅਹਿਮੀਅਤ ਨੂੰ ਉਭਾਰਨ ਅਤੇ ਕਮਿਊਨਿਟੀ ਸੇਵਾ ਦੀ ਭਾਵਨਾ ਨੂੰ ਮਜ਼ਬੂਤ ਕਰਨ ਵੱਲ ਮਹੱਤਵਪੂਰਨ ਕਦਮ ਸਾਬਤ ਹੋਇਆ।

***– ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ***

# ਜੀ.ਐਚ.ਜੀ. ਅਕੈਡਮੀ ਦੇ ਪਲੇਠੇ ਅੰਤਰ-ਅਕੈਡਮੀ ਪ੍ਰੋਗਰਾਮ ਨੇ ਛੱਡੀਆਂ ਅਮਿੱਟ ਪੈੜਾਂ

**ਫਰਿਜ਼ਨੋ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਜੀ.ਐਚ.ਜੀ. ਅਕੈਡਮੀ ਵੱਲੋਂ ਸਿਖਲਾਈ ਪ੍ਰਾਪਤ ਬੱਚਿਆਂ ਦਾ ਪਲੇਠਾ ਅੰਤਰ-ਅਕੈਡਮੀ ਗਿੱਧਾ-ਭੰਗੜਾ ਪ੍ਰੋਗਰਾਮ ਫਰਿਜ਼ਨੋ ਦੇ ਗਲੇਸ਼ੀਅਰ ਪੁਆਇੰਟ ਮਿਡਲ ਸਕੂਲ ਵਿਖੇ ਕਰਵਾਇਆ ਗਿਆ। ਇਹ ਪ੍ਰੋਗਰਾਮ ਅਕੈਡਮੀ ਦੇ ਫਾਊਂਡਰ ਡਾ. ਦਲਜਿੰਦਰ ਸਿੰਘ ਜੌਹਲ ਦੀ ਨਿੱਘੀ ਯਾਦ ਨੂੰ ਸਮਰਪਿਤ ਸੀ।





ਪ੍ਰੋਗਰਾਮ ਦੀ ਸ਼ੁਰੂਆਤ ਡਾ. ਜੌਹਲ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਇੱਕ ਮਿੰਟ ਦਾ ਮੌਨ ਧਾਰਨ ਕਰਕੇ ਕੀਤੀ ਗਈ। ਇਸ ਮੌਕੇ ਅਕੈਡਮੀ ਦੇ ਬੱਚਿਆਂ, ਮਾਪਿਆਂ, ਕੋਚਾਂ ਅਤੇ ਪ੍ਰਬੰਧਕੀ ਬੋਰਡ ਦੇ ਮੈਂਬਰ ਹਾਜ਼ਰ ਸਨ। ਸਟੇਜ ਸੰਚਾਲਨ ਜਸਪ੍ਰੀਤ ਸਿੰਘ ਸਿੱਧੂ ਅਤੇ ਗੁਰਦੀਪ ਸਿੰਘ ਸ਼ੇਰਗਿੱਲ ਨੇ ਸ਼ਾਇਰਾਨਾ ਅੰਦਾਜ਼ ਵਿਚ ਕੀਤਾ। ਬੱਚਿਆਂ ਦੀਆਂ ਸਾਰੀਆਂ ਟੀਮਾਂ ਨੇ ਆਪਣੀ ਕਲਾ ਦੀ ਪ੍ਰਦਰਸ਼ਨੀ ਨਾਲ ਵੱਡੀ ਗਿਣਤੀ ਵਿਚ ਜੁੜ ਬੈਠੇ ਸਰੋਤਿਆਂ ਨੂੰ ਮੰਤਰ-ਮੁਗਧ ਕਰ ਦਿੱਤਾ। ਸਾਰਾ ਸਮਾਂ ਹਾਲ ਤਾੜੀਆਂ ਨਾਲ ਗੂੰਜਦਾ ਰਿਹਾ। ਜਸਪ੍ਰੀਤ ਸਿੱਧੂ ਜੋ ਸੀਨੀਅਰ ਕੋਚ ਅਤੇ ਅਕੈਡਮੀ ਦਾ ਮੁਢਲਾ ਵਿਦਿਆਰਥੀ ਵੀ ਹੈ, ਨੇ ਆਪਣੇ ਤਜਰਬੇ ਸਾਂਝੇ ਕਰਕੇ ਬੱਚਿਆਂ ਵਿਚ ਪ੍ਰੇਰਨਾ ਭਰੀ ਅਤੇ ਦੱਸਿਆ ਕਿ ਉਹ ਆਉਣ ਵਾਲੇ ਸਮੇਂ ਦੇ ਚਮਕਦੇ ਸਿਤਾਰੇ ਹਨ। ਅਕੈਡਮੀ ਦੇ ਮੁੱਖ ਬੁਲਾਰੇ ਗੁਰਦੀਪ ਸਿੰਘ ਸ਼ੇਰਗਿੱਲ ਨੇ ਦੱਸਿਆ ਕਿ ਜਿਸ



ਟੀਚੇ ਨੂੰ ਲੈ ਕੇ ਅਕੈਡਮੀ ਦਾ ਪੁਨਰ-ਗਠਨ ਕੀਤਾ ਗਿਆ ਸੀ, ਉਹ ਪੂਰਾ ਹੋ ਗਿਆ ਹੈ। ਇਹ ਬੱਚਿਆਂ ਨੂੰ ਸਮਰਪਿਤ ਸੰਸਥਾ ਹੈ, ਜਿਸ ਨੂੰ ਹਰ ਖੇਤਰ ਵਿਚ ਅਕੈਡਮੀ ਦਾ ਯੂਥ ਵਿੰਗ ਹੀ ਚਲਾਉਂਦਾ ਹੈ। ਸਾਰੀਆਂ ਸੇਵਾਵਾਂ ਪੂਰੀ ਤਰ੍ਹਾਂ ਬੱਚਿਆਂ ਨੂੰ ਸਮਰਪਿਤ ਹਨ।

ਨੈਣਦੀਪ ਸਿੰਘ ਚੰਨ ਅਤੇ ਹਰਿੰਦਰ ਕੌਰ ਰਾਏ ਜੋ ਸੈਂਟਰਲ ਵੈਲੀ ਵਿਚ ਵੱਖ ਵੱਖ-ਵਿਦਿਅਕ ਅਦਾਰਿਆਂ ਵਿਚ ਬੱਚਿਆਂ ਨੂੰ ਪੰਜਾਬੀ ਭਾਸ਼ਾ ਪੜ੍ਹਾਉਂਦੇ ਹਨ, ਨੇ ਅਕੈਡਮੀ ਬਾਰੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਅਸੀਂ ਬਹੁਤ ਖੁਸ਼ਕਿਸਮਤ ਹਾਂ ਕਿ ਇਹ ਸੰਸਥਾ ਸਾਡੇ ਸ਼ਹਿਰ ਫਰਿਜ਼ਨੋ ਵਿਚ ਸਾਡੀ ਨਵੀਂ ਪੀੜ੍ਹੀ ਨੂੰ ਪੰਜਾਬ, ਪੰਜਾਬੀ, ਪੰਜਾਬੀਅਤ ਅਤੇ ਸਾਡੇ ਅਮੀਰ ਸੱਭਿਆਚਾਰ ਨਾਲ ਜੋੜਨ ਲਈ ਬਹੁਤ ਹੀ ਮਿਹਨਤ ਅਤੇ ਸ਼ਿੱਦਤ ਨਾਲ ਯਤਨਸ਼ੀਲ ਹੈ। ਪ੍ਰੋਗਰਾਮ ਲਈ ਵਿੱਤੀ ਸਹਾਇਤਾ ਕਰਨ ਵਾਲੇ ਦਾਨੀਆਂ ਦਾ ਪ੍ਰਬੰਧਕਾਂ ਵੱਲੋਂ ਵਿਸ਼ੇਸ਼ ਧੰਨਵਾਦ ਅਤੇ ਸਨਮਾਨ ਕੀਤਾ ਗਿਆ।

ਦੱਸਣਯੋਗ ਹੈ ਕਿ ਅਕੈਡਮੀ ਦੇ ਸਟੂਡੀਓ ਵਿਚ ਸਾਰਾ ਸਾਲ ਸਿਖਲਾਈ ਕਲਾਸਾਂ ਚਲਾਈਆਂ ਜਾਂਦੀਆਂ ਹਨ। ਜਿਸ ਦਾ ਪਤਾ: 4434 W ASHLAN Ave Fresno, CA ਹੈ। ਵਧੇਰੇ ਜਾਣਕਾਰੀ ਲਈ ਵੈੱਬ ਸਾਈਟ www.ghgbhangra.com ਜਾਂ (559)-321-4591, (559) 369-9381 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਇਕ ਰੁਪਏ 'ਚ ਜੁੱਤੀ ਖਰੀਦਣ ਲਈ ਅੱਧੀ ਰਾਤ ਨੂੰ ਲੱਗੀ ਕਤਾਰ

**ਕੋਝੀਕੋਡ:** ਕੇਰਲ ਦੇ ਕੋਝੀਕੋਡ 'ਚ ਸਿਰਫ਼ ਇਕ ਰੁਪਏ 'ਚ ਪ੍ਰੀਮੀਅਰ ਜੁੱਤੇ ਦੇਣ ਦੇ ਆਫਰ ਤੋਂ ਬਾਅਦ ਇਕ ਦੁਕਾਨ ਦੇ ਬਾਹਰ ਅੱਧੀ ਰਾਤ ਨੂੰ ਲੰਬੀ ਕਤਾਰ ਲੱਗ ਗਈ। ਭੀੜ ਨੂੰ ਕਾਬੂ ਕਰਨ ਲਈ ਪੁਲਿਸ ਨੂੰ ਲਾਠੀਚਾਰਜ ਕਰਨਾ ਪਿਆ। ਇਲਾਕੇ 'ਚ ਤਣਾਅ ਪੈਦਾ ਕਰਨ ਦੇ ਦੋਸ਼ 'ਚ ਦੁਕਾਨ ਮਾਲਿਕ ਨੂੰ ਹਿਰਾਸਤ 'ਚ ਲੈ ਲਿਆ ਗਿਆ। ਦੁਕਾਨਦਾਰ ਵੱਲੋਂ ਪਹਿਲੇ 100 ਗਾਹਕਾਂ ਨੂੰ ਸਿਰਫ਼ ਇਕ ਰੁਪਏ 'ਚ ਜੁੱਤੇ ਦੇਣ ਦਾ ਆਫਰ ਦਿੱਤਾ ਗਿਆ ਸੀ। ਇਸ ਕਾਰਨ ਅੱਧੀ ਰਾਤ ਤੋਂ ਹੀ ਭੀੜ ਜਮ੍ਹਾਂ ਹੋਣ ਲੱਗੀ ਸੀ।




## 'ਹਿਸਟੋਰੀਕਲ ਸਿੱਖ ਸ਼ਰਾਈਨਜ਼' ਕਿਤਾਬ ਖਰੀਦੋ

## HISTORICAL SIKH SHRINES

ਗੁਰੂ ਨਾਨਕ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਜੀ ਤੀਕ ਦੇ ਸਾਰੇ ਇਤਿਹਾਸਕ ਗੁਰਦੁਆਰਿਆਂ ਦਾ ਇਤਿਹਾਸ, ਪਿੰਡ/ਨਗਰ ਦਾ ਨਕਸ਼ਾ ਅਤੇ ਰੰਗੀਨ ਤਸਵੀਰਾਂ ਦੀ ਇੱਕੋ-ਇਕ ਕਿਤਾਬ।

ਦਰਅਸਲ ਇਹ ਸਾਰੇ ਇਤਿਹਾਸਕ ਗੁਰਦੁਆਰਿਆਂ ਦਾ ਐਨਸਾਈਕਲੋਪੀਡੀਆ ਹੈ।

ਇਹੋ ਜਿਹੀ ਕਿਤਾਬ ਨਾ ਪਹਿਲਾਂ ਛਪੀ ਹੈ ਤੇ ਇਹ ਐਡੀਸ਼ਨ ਖ਼ਤਮ ਹੋਣ ਮਗਰੋਂ ਦੋਬਾਰਾ ਛਪਣ ਦਾ ਕੋਈ ਪਤਾ ਨਹੀਂ।

ਇਸ ਕਰ ਕੇ ਅੱਜ ਹੀ ਇਸ ਦਾ ਆਰਡਰ ਦਿਓ ਤੇ ਆਪਣੇ ਘਰ ਬੈਠੇ ਹਾਸਿਲ ਕਰੋ।

ਇਹ ਕਿਤਾਬ ਆਰਟ ਪੇਪਰ 'ਤੇ ਚਾਰ ਰੰਗੀ ਛਪਾਈ ਵਿਚ ਛਪੀ ਹੈ। ਇਸ ਦੀ ਬਹੁਤ ਵਧੀਆ ਜਿਲਦ ਹੈ ਅਤੇ ਇਹ ਇਕ ਖ਼ੂਬਸੂਰਤ ਮਜ਼ਬੂਤ ਡੱਬੇ ਵਿਚ ਭੇਜੀ ਜਾਂਦੀ ਹੈ। ਇਹ ਏਡੀ ਵੱਡੀ ਕਿਤਾਬ ਹੈ ਕਿ ਇਸ ਦੀ ਇਕ ਕਾਪੀ ਦਾ ਭਾਰ 4 ਕਿਲੋ ਹੈ। ਇਸ ਨੂੰ ਕੋਰੀਅਰ ਰਾਹੀਂ ਭੇਜਣ ਦਾ ਖ਼ਰਚ 3500 ਰੁਪੈ ਹੈ। ਅਮਰੀਕਾ ਵਿਚ ਇਹ ਤੁਹਾਨੂੰ ਸਿਰਫ਼ 125 ਡਾਲਰ ਵਿਚ ਮਿਲੇਗੀ

### *ਨਵਾਂ ਤੇ ਵੱਡਾ ਮਹਾਨ ਕੋਸ਼*

ਚਾਰ ਜਿਲਦਾਂ ਵਿਚ, 2748 ਸਫ਼ੇ ਦੀ ਇਹ ਮਹਾਨ ਰਚਨਾ ਇਸ ਸਦੀ ਦੀ ਸਭ ਤੋਂ ਵੱਡੀ ਤੇ ਮਹੱਤਵਪੂਰਨ ਕਿਤਾਬ ਹੈ। ਇਸ ਵਿਚ ਗੁਰੂ ਗ੍ਰੰਥ ਸਾਹਿਬ ਦੇ ਇਕ-ਇਕ ਲਫ਼ਜ਼ ਤੇ ਸ਼ਬਦ ਦੇ ਅਰਥ ਅਤੇ ਉਸ ਲਫ਼ਜ਼ ਦਾ ਪ੍ਰਾਕ੍ਰਿਤ, ਅਪਭ੍ਰੰਸ਼, ਪਾਲੀ, ਸੰਸਕ੍ਰਿਤ, ਫ਼ਾਰਸੀ ਤੇ ਅਰਬੀ ਬੋਲੀਆਂ ਦਾ ਪਿਛੋਕੜ ਵੀ ਦੱਸਿਆ ਗਿਆ ਹੈ।

ਇਸ ਵਿਚ 2500 ਦੇ ਕਰੀਬ ਜੀਵਨੀਆਂ ਹਨ। ਇਸ ਵਿਚ 1000 ਤੋਂ ਵਧ ਗੁਰਦੁਆਰਿਆਂ, ਮੰਦਰਾਂ, ਸ਼ਹਿਰਾਂ ਅਤੇ ਦੇਸ਼ਾਂ ਬਾਰੇ ਜਾਣਕਾਰੀ ਮਿਲਦੀ ਹੈ। ਇਸ ਵਿਚ ਹਰ ਇਕ ਸਿੱਖ ਸਿਧਾਂਤ (ਫ਼ਿਲਾਸਫ਼ੀ) ਬਾਰੇ ਤਫ਼ਸੀਲ ਨਾਲ ਬਿਆਨ ਕੀਤਾ ਹੋਇਆ ਮਿਲਦਾ ਹੈ। ਇਸ ਸੈਟ ਦਾ ਭਾਰ ਸਾਢੇ 8 ਕਿਲੋ ਹੈ। ਇਸ ਨੂੰ ਕੋਰੀਅਰ ਰਾਹੀਂ ਭੇਜਣ ਦਾ ਖ਼ਰਚ 7000 ਰੁਪੈ ਹੈ। ਅਮਰੀਕਾ ਵਿਚ ਇਹ ਤੁਹਾਨੂੰ ਸਿਰਫ਼ 135 ਡਾਲਰ ਵਿਚ ਮਿਲੇਗੀ (ਸਣੇ ਕੋਰੀਅਰ ਖ਼ਰਚ)।

### ਗੁਰੂ ਗ੍ਰੰਥ ਸਾਹਿਬ (English translation)

ਗੁਰੂ ਗ੍ਰੰਥ ਸਾਹਿਬ (ਅੰਗ੍ਰੇਜ਼ੀ ਟਰਾਂਸਲੇਸ਼ਨ): ਗੁਰੂ ਗ੍ਰੰਥ ਸਾਹਿਬ ਦਾ ਇੱਕੋ ਇਕ ਅੰਗ੍ਰੇਜ਼ੀ ਟਰਾਂਸਲੇਸ਼ਨ ਜਿਸ ਨੂੰ ਅਜਿਹੀ ਬੋਲੀ ਵਿਚ ਲਿਖਿਆ ਹੈ ਕਿ ਹਰ ਇਕ ਨੂੰ ਸੌਖਿਆਂ ਸਮਝ ਆ ਜਾਵੇ। ਇਸ ਵਿਚ ਗੁਰਮੁਖੀ ਵਿਚ ਗੁਰਬਾਣੀ ਦੇ ਸ਼ਬਦ, ਅੰਗ੍ਰੇਜ਼ੀ (ਰੋਮਨ) ਵਿਚ ਗੁਰਬਾਣੀ (ਟਰਾਂਸਲਿਟਰੇਸ਼ਨ), ਅਤੇ ਅੰਗ੍ਰੇਜ਼ੀ ਵਿਚ ਟੀਕਾ (ਟਰਾਂਸਲੇਸ਼ਨ) ਸ਼ਾਮਿਲ ਹੈ। ਸੱਤ ਜਿਲਦਾਂ ਵਿਚ ਸੰਪੂਰਨ। ਇਸ ਨੂੰ ਕੋਰੀਅਰ ਰਾਹੀਂ ਭੇਜਣ ਦਾ ਖ਼ਰਚ 8000 ਰੁਪੈ ਹੈ। ਸਿਰਫ਼ 150 ਡਾਲਰ ਵਿਚ (ਸਣੇ ਕੋਰੀਅਰ ਖ਼ਰਚ)।




ਕਿਸੇ ਵੀ ਕਿਤਾਬ/ਕਿਤਾਬਾਂ ਨੂੰ ਖ਼ਰੀਦਣਾ ਚਾਹੁਣ ਵਾਲੇ ਹੇਠ ਲਿਖੇ ਪਤੇ 'ਤੇ ਰਕਮ ਜਮ੍ਹਾਂ ਕਰਵਾ ਕੇ ਕਿਤਾਬਾਂ ਹਾਸਲ ਕਰ ਸਕਦੇ ਹਨ:

**ਜਸਪ੍ਰੀਤ ਕੌਰ, ਫੋਨ: 224-422-4773**

**Punjab Times**
Established in 2000
26th Year in Publication

Published every Saturday
by A B Publication Inc.
20451 N Plum Grove Rd.
Palatine, IL 60074-2018
Ph:847-359-0746
Fax:847-705-9388
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 135 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।
ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**
The views expressed in the articles published in the columns of Punjab Times are that of their writers, and it is not implied that Punjab Times endorses them.
Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

## ਇਰਾਨ ਦੀ ਧਮਕੀ
(ਪਹਿਲੇ ਸਫ਼ੇ ਦਾ ਬਾਕੀ)

'ਹੋਰਮੁਜ਼ ਜਲਡਮਰੂ ਰਾਹੀਂ ਹੋਣ ਵਾਲੀ ਤੇਲ ਦੀ ਸਪਲਾਈ ਵਿਚ ਕੋਈ ਵੀ ਰੁਕਾਵਟ ਪਾਈ, ਤਾਂ ਅਮਰੀਕਾ ਪਹਿਲਾਂ ਨਾਲੋਂ 20 ਗੁਣਾ ਜ਼ਿਆਦਾ ਤਾਕਤ ਨਾਲ ਜਵਾਬੀ ਹਮਲਾ ਕਰੇਗਾ। ਇਸ ਦੌਰਾਨ ਇਰਾਨ ਨੇ ਆਇਤੁੱਲਾ ਮੁਜਤ ਖਮੇਨੇਈ ਨੂੰ ਆਪਣਾ ਨਵਾਂ ਸੁਪਰੀਮ ਲੀਡਰ ਚੁਣ ਲਿਆ ਹੈ। ਜਿਸ ਨੂੰ ਆਪਣੇ ਪਿਤਾ ਨਾਲੋਂ ਵੀ ਵਧੇਰੇ ਕੱਟੜਪੰਥੀ ਮੰਨਿਆ ਜਾ ਰਿਹਾ ਹੈ। ਟਰੰਪ ਨੇ ਇਸ ਜੰਗ ਨੂੰ 'ਬੁਰਾਈ ਨੂੰ ਖ਼ਤਮ ਕਰਨ ਲਈ ਇੱਕ ਛੋਟੀ ਯਾਤਰਾ' ਦੱਸਿਆ ਹੈ, ਜਦੋਂਕਿ ਇਰਾਨੀ ਫੌਜ ਨੇ ਪਲਟਵਾਰ ਕਰਦਿਆਂ ਕਿਹਾ ਹੈ ਕਿ ਜੰਗ ਕਦੋਂ ਖ਼ਤਮ ਹੋਣੀ ਹੈ, ਇਸ ਦਾ ਫੈਸਲਾ ਇਰਾਨ ਖੁਦ ਕਰੇਗਾ।

ਜੰਗ ਦੇ 10ਵੇਂ ਦਿਨ ਤੇਲ ਦੀਆਂ ਕੀਮਤਾਂ 2022 ਤੋਂ ਬਾਅਦ ਆਪਣੇ ਉੱਚ ਪੱਧਰ (120 ਡਾਲਰ ਪ੍ਰਤੀ ਬੈਰਲ) 'ਤੇ ਪਹੁੰਚ ਗਈਆਂ ਸਨ, ਹਾਲਾਂਕਿ ਬਾਅਦ ਵਿਚ ਜੰਗ ਜਲਦੀ ਖ਼ਤਮ ਹੋਣ ਦੀਆਂ ਉਮੀਦਾਂ ਕਾਰਨ ਕੀਮਤਾਂ ਵਿਚ ਗਿਰਾਵਟ ਦੇਖੀ ਗਈ। ਸੋਮਵਾਰ ਨੂੰ ਤੇਹਰਾਨ ਵਿਚ ਜੰਗ ਦੀ ਹੁਣ ਤੱਕ ਦੀ ਸਭ ਤੋਂ ਭਿਆਨਕ ਬੰਬਾਰੀ ਹੋਈ, ਜਿਸ ਵਿਚ ਇਜ਼ਰਾਈਲ ਨੇ ਕਈ ਅਹਿਮ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ।

ਦੂਜੇ ਪਾਸੇ, ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਵੀ ਟਰੰਪ ਨਾਲ ਫੋਨ 'ਤੇ ਗੱਲਬਾਤ ਕਰਕੇ ਇਸ ਸੰਕਟ ਦੇ ਕੂਟਨੀਤਕ ਹੱਲ ਲਈ ਕੁਝ ਸੁਝਾਅ ਪੇਸ਼ ਕੀਤੇ ਹਨ। ਇਰਾਨ ਵਿਚ ਨਵੇਂ ਸੁਪਰੀਮ ਲੀਡਰ ਦੇ ਸਮਰਥਨ ਵਿਚ ਹਜ਼ਾਰਾਂ ਲੋਕ ਸੜਕਾਂ 'ਤੇ ਉਤਰ ਆਏ ਹਨ, ਜਿਸ ਨਾਲ ਖੇਤਰ ਵਿਚ ਤਣਾਅ ਹੋਰ ਵਧਣ ਦਾ ਖਦਸ਼ਾ ਪੈਦਾ ਹੋ ਗਿਆ ਹੈ।

## ਟਰੰਪ ਵਲੋਂ 'ਫ਼ੈਸਲਾਕੁੰਨ'...
(ਪਹਿਲੇ ਸਫ਼ੇ ਦਾ ਬਾਕੀ)

ਤਿਆਰ ਨਹੀਂ ਸੀ। "ਅਸੀਂ ਪਹਿਲਾਂ ਹੀ ਕਈ ਤਰੀਕਿਆਂ ਨਾਲ ਜਿੱਤ ਚੁੱਕੇ ਹਾਂ, ਪਰ ਅਸੀਂ ਕਾਫ਼ੀ ਨਹੀਂ ਜਿੱਤੇ ਹਾਂ" ਉਸਨੇ ਕਿਹਾ।

ਟਰੰਪ ਨੇ ਇਹ ਵੀ ਕਿਹਾ ਕਿ ਉਨ੍ਹਾਂ ਦਾ ਪ੍ਰਸ਼ਾਸਨ ਈਰਾਨ ਵਿਚ ਅਮਰੀਕੀ ਫੌਜ ਭੇਜਣ ਦਾ ਫੈਸਲਾ ਕਰਨ ਬਾਰੇ "ਕਦੇ ਵੀ ਨਹੀਂ ਸੋਚਦਾ ਸੀ"। ਉਨ੍ਹਾਂ ਅੱਗੇ ਕਿਹਾ ਕਿ ਯੁੱਧ ਜਲਦੀ ਹੀ ਖਤਮ ਹੋ ਸਕਦਾ ਹੈ।

### ਯੁੱਧ ਦੀਆਂ ਮੁੱਖ ਗੱਲਾਂ

-ਇਜ਼ਰਾਈਲ ਨੇ ਕਿਹਾ ਕਿ ਉਸ ਦੀਆਂ ਫੌਜਾਂ ਨੇ ਤਹਿਰਾਨ ਵਿਚ ਟੀਚਿਆਂ 'ਤੇ ਹਮਲੇ ਦੀ ਇੱਕ ਹੋਰ ਲਹਿਰ ਚਲਾਈ।
-ਈਰਾਨ ਨੇ ਖੇਤਰ ਵਿਚ ਇਜ਼ਰਾਈਲ ਅਤੇ ਅਮਰੀਕਾ ਨਾਲ ਜੁੜੇ ਸਥਾਨਾਂ 'ਤੇ ਮਿਜ਼ਾਈਲ ਅਤੇ ਡਰੋਨ ਹਮਲੇ ਜਾਰੀ ਰੱਖੇ।
-ਈਰਾਨ ਨੇ ਚੇਤਾਵਨੀ ਦਿੱਤੀ ਹੈ ਕਿ ਉਹ ਹੋਰਮੁਜ਼ ਜਲਡਮਰੂ ਰਾਹੀਂ ਤੇਲ ਦੀ ਸਪਲਾਈ ਨੂੰ ਰੋਕ ਸਕਦਾ ਹੈ।
-ਇਜ਼ਰਾਈਲ ਅਤੇ ਹਿਜ਼ਬੁੱਲਾ ਨੇ ਲੇਬਨਾਨ ਦੀ ਸਰਹੱਦ 'ਤੇ ਗੋਲੀਬਾਰੀ ਕੀਤੀ।
-ਆਸਟ੍ਰੇਲੀਆ ਨੇ ਕਿਹਾ ਕਿ ਤਣਾਅ ਵਧਣ ਦੇ ਨਾਲ ਹੀ ਉਹ ਖਾੜੀ ਖੇਤਰ ਵਿਚ ਜਹਾਜ਼ ਅਤੇ ਮਿਜ਼ਾਈਲ ਪ੍ਰਣਾਲੀਆਂ ਤਾਇਨਾਤ ਕਰੇਗਾ।
-ਈਰਾਨ ਟਕਰਾਅ ਦੇ ਡਰ ਨੂੰ ਘਟਾਉਣ 'ਤੇ ਤੇਲ ਦੀਆਂ ਕੀਮਤਾਂ ਘਟਣ ਨਾਲ ਭਾਰਤ ਦੇ ਸਟਾਕਾਂ ਵਿਚ ਤੇਜ਼ੀ ਆਈ। ਉਮੀਦ ਕੀਤੀ ਗਈ ਕਿ ਖੁੱਲ੍ਹ ਦਾ ਮੁੱਖ ਕਾਰਨ ਡੋਨਾਲਡ ਟਰੰਪ ਦੀਆਂ ਟਿੱਪਣੀਆਂ ਸਨ ਜੋ ਈਰਾਨ ਟਕਰਾਅ ਵਿਚ ਤਣਾਅ ਘਟਾਉਣ ਦਾ ਸੰਕੇਤ ਦਿੰਦੀਆਂ ਸਨ।

## ਪੰਜਾਬ ਸਰਕਾਰ ਦਾ 'ਗਾਰੰਟੀਆਂ ਪੂਰੀਆਂ...'
(ਪਹਿਲੇ ਸਫ਼ੇ ਦਾ ਬਾਕੀ)

### ਪੈਸਾ ਕਿੱਥੇ ਜਾਏਗਾ
-ਤਨਖਾਹ ਤੇ ਉਜਰਤਾਂ : 39115.04 ਕਰੋੜ
-ਪੈਨਸ਼ਨਾਂ ਤੇ ਹੋਰ ਸੇਵਾਮੁਕਤੀ ਲਾਭ : 22465.29 ਕਰੋੜ
-ਵਿਆਜ ਅਦਾਇਗੀਆਂ : 28755.07 ਕਰੋੜ
-ਹੋਰ ਮਾਲੀਆ ਖਰਚੇ : 57810.21 ਕਰੋੜ
-ਬਿਜਲੀ ਸਬਸਿਡੀ : 15500 ਕਰੋੜ

ਪਹਿਲੀ ਅਪਰੈਲ ਤੋਂ ਹੀ ਲਾਗੂ ਹੋਵੇਗੀ। ਔਰਤਾਂ ਲਈ ਮੁਫ਼ਤ ਬੱਸ ਸਫ਼ਰ ਲਈ ਵੀ 600 ਕਰੋੜ ਰੁਪਏ ਰੱਖੇ ਗਏ ਹਨ, ਜਦੋਂ ਕਿ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਲਈ 312 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਗਿਆ ਹੈ। ਪੰਜਾਬ ਸਰਕਾਰ ਵੱਲੋਂ ਐਲਾਨੀ 'ਮੇਰੀ ਰਸੋਈ' ਯੋਜਨਾ, ਜਿਸ ਤਹਿਤ 40 ਲੱਖ ਪਰਿਵਾਰਾਂ ਨੂੰ ਮੁਫ਼ਤ ਰਾਸ਼ਨ ਦਿੱਤਾ ਜਾਣਾ ਹੈ, ਲਈ ਵੀ 900 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਹੈ।

ਵਿੱਤ ਮੰਤਰੀ ਵੱਲੋਂ ਆਗਾਮੀ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਬਜਟ ਵਿਚ 'ਰੰਗਲਾ ਪੰਜਾਬ ਵਿਕਾਸ ਯੋਜਨਾ' ਦੀ ਰਾਸ਼ੀ 585 ਕਰੋੜ ਰੁਪਏ ਤੋਂ ਵਧਾ ਕੇ 1170 ਕਰੋੜ ਰੁਪਏ ਕਰਨ ਦਾ ਐਲਾਨ ਵੀ ਕੀਤਾ ਗਿਆ, ਜਿਸ ਤਹਿਤ ਹਰੇਕ ਵਿਧਾਇਕ ਨੂੰ 10 ਕਰੋੜ ਰੁਪਏ ਦਾ ਵਿਕਾਸ ਫ਼ੰਡ ਮਿਲੇਗਾ। ਬੇਸ਼ੱਕ ਪੰਜਾਬ ਬਜਟ 'ਚ ਸਰਕਾਰ ਨੇ ਬਿਜਲੀ ਸਬਸਿਡੀ ਦਾ ਬੋਝ ਘਟਾਉਣ ਦਾ ਦਾਅਵਾ ਕੀਤਾ ਹੈ ਪਰ ਰਿਆਇਤਾਂ ਦੇ ਬਜਟ ਅੱਗੇ ਇਹ ਰਾਸ਼ੀ ਕਾਫ਼ੀ ਛੋਟੀ ਜਾਪਦੀ ਹੈ। ਪ੍ਰਮੁੱਖ ਸੱਤ ਰਿਆਇਤੀ/ਮੁਫ਼ਤ ਸਕੀਮਾਂ 'ਤੇ ਸਰਕਾਰ ਸਾਲਾਨਾ

### ਰਿਆਇਤਾਂ ਦੇ ਗੱਫੇ : ਇੱਕ ਨਜ਼ਰ
-ਮਾਵਾਂ-ਧੀਆਂ ਸਤਿਕਾਰ ਯੋਜਨਾ : 9300 ਕਰੋੜ
-ਮੁਫ਼ਤ ਬੱਸ ਸਫ਼ਰ ਯੋਜਨਾ: 600 ਕਰੋੜ
-ਮੁੱਖ ਮੰਤਰੀ ਤੀਰਥ ਯਾਤਰਾ : 312 ਕਰੋੜ
-ਬਿਜਲੀ ਸਬਸਿਡੀ (ਸਣੇ ਜ਼ੀਰੋ ਬਿੱਲ): 15,550 ਕਰੋੜ
-ਮੁੱਖ ਮੰਤਰੀ ਸਿਹਤ ਯੋਜਨਾ: 2000 ਕਰੋੜ
-ਬੁਢਾਪਾ, ਵਿਧਵਾ, ਅੰਗਹੀਣ ਆਦਿ ਪੈਨਸ਼ਨਾਂ : 6150 ਕਰੋੜ
-ਆਸ਼ੀਰਵਾਦ ਸਕੀਮ: 360 ਕਰੋੜ
-ਪੋਸਟ ਮੈਟ੍ਰਿਕ ਵਜ਼ੀਫ਼ਾ ਸਕੀਮ : 261 ਕਰੋੜ
-ਨਵੀਂ ਦਿਸ਼ਾ ਯੋਜਨਾ (ਮੁਫ਼ਤ ਸੈਨੇਟਰੀ ਪੈਡ): 65 ਕਰੋੜ

28,677 ਕਰੋੜ ਰੁਪਏ ਖ਼ਰਚੇਗੀ। 'ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ', ਮੁੱਖ ਮੰਤਰੀ ਸਿਹਤ ਯੋਜਨਾ, ਮੇਰੀ ਰਸੋਈ, ਮੁਫ਼ਤ ਬੱਸ ਸਫ਼ਰ, ਮੁੱਖ ਮੰਤਰੀ ਤੀਰਥ ਯਾਤਰਾ, ਖੇਡਾਂ ਅਤੇ ਯੁੱਧ ਨਸ਼ਿਆਂ ਵਿਰੁੱਧ ਸਕੀਮਾਂ ਪੰਜਾਬ ਦੇ ਬਜਟ 'ਚ ਤਰਜੀਹੀ ਹਨ। ਪੰਜਾਬ ਬਜਟ ਸੂਬਾ ਸਰਕਾਰ ਦੇ ਕਰਮਚਾਰੀਆਂ ਅਤੇ ਪੈਨਸ਼ਨਰਾਂ ਨੂੰ ਨਿਰਾਸ਼ ਕਰਨ ਵਾਲਾ ਰਿਹਾ, ਕਿਉਂਕਿ ਬਜਟ 'ਚ ਉਨ੍ਹਾਂ ਲਈ ਕੋਈ ਐਲਾਨ ਨਹੀਂ ਕੀਤਾ ਗਿਆ। ਸਿੱਖਿਆ ਕ੍ਰਾਂਤੀ 2.0 ਪਹਿਲਕਦਮੀ ਲਾਂਚ ਕਰਦਿਆਂ ਅਗਲੇ ਛੇ ਸਾਲਾਂ ਲਈ 3500 ਕਰੋੜ ਦੇ ਬਜਟ ਦਾ ਉਪਬੰਧ ਕੀਤਾ ਗਿਆ ਹੈ ਪ੍ਰੰਤੂ ਇਸ ਵਾਰ 'ਸਕੂਲ ਆਫ਼ ਐਮੀਨੈਂਸ' ਲਈ ਵੱਖਰਾ ਬਜਟ ਨਜ਼ਰ ਨਹੀਂ ਆਇਆ।

ਸੂਬੇ 'ਚ ਆਉਂਦੇ ਵਿੱਤੀ ਵਰ੍ਹੇ ਦੌਰਾਨ 143 ਹੋਰ ਆਮ ਆਦਮੀ ਕਲੀਨਿਕ ਖੋਲ੍ਹੇ ਜਾਣਗੇ ਅਤੇ 308 ਸਬਸਿਡਰੀ ਹੈਲਥ ਸੈਂਟਰਾਂ ਨੂੰ ਆਮ ਆਦਮੀ ਕਲੀਨਿਕਾਂ 'ਚ ਤਬਦੀਲ ਕੀਤਾ ਜਾਵੇਗਾ। ਬਜਟ 'ਚ ਸਿੱਖਿਆ ਲਈ 19,279 ਕਰੋੜ ਅਤੇ ਸਿਹਤ ਖੇਤਰ ਲਈ 6879 ਕਰੋੜ ਰੁਪਏ ਰੱਖੇ ਗਏ ਹਨ, ਜਦੋਂ ਕਿ ਖੇਤੀ ਤੇ ਸਹਾਇਕ ਖੇਤਰਾਂ ਲਈ 15,377 ਕਰੋੜ ਅਤੇ ਪੇਂਡੂ ਲਿੰਕ ਸੜਕਾਂ ਲਈ 7606 ਕਰੋੜ ਰੁਪਏ ਰੱਖੇ ਹਨ। ਗ੍ਰਹਿ, ਨਿਆਂ ਅਤੇ ਜੇਲ੍ਹਾਂ ਲਈ 11,577 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਹੈ। ਵਿੱਤ ਮੰਤਰੀ ਨੇ ਆਉਂਦੇ ਵਰ੍ਹੇ 'ਚ ਛੇ ਹਜ਼ਾਰ ਖੇਡ ਮੈਦਾਨ ਅਤੇ ਪੰਜ ਹਜ਼ਾਰ ਇਨਡੋਰ ਜਿਮ ਸਥਾਪਤ ਕਰਨ ਦਾ ਐਲਾਨ ਵੀ ਕੀਤਾ। ਪੰਜਾਬ ਸਰਕਾਰ ਸ੍ਰੀ ਗੁਰੂ ਰਵਿਦਾਸ ਦੇ 650ਵੇਂ ਪ੍ਰਕਾਸ਼ ਦਿਹਾੜੇ ਨੂੰ ਸੂਬਾ ਪੱਧਰ 'ਤੇ ਮਨਾਏਗੀ, ਜਿਸ ਲਈ 100 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਹੈ।ਸ੍ਰੀ ਆਨੰਦਪੁਰ ਸਾਹਿਬ ਵਿਖੇ ਵਿਸ਼ਵ ਪੱਧਰੀ ਯੂਨੀਵਰਸਿਟੀ ਬਣਾਉਣ ਦੀ ਤਜਵੀਜ਼ ਰੱਖੀ ਗਈ ਹੈ ਅਤੇ ਸ੍ਰੀ ਆਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਸਮਰਪਿਤ ਇੱਕ ਪ੍ਰਬੰਧਕੀ ਕੰਪਲੈਕਸ ਬਣਾਉਣ ਦਾ ਐਲਾਨ ਵੀ ਕੀਤਾ ਗਿਆ ਹੈ।

ਵਿੱਤ ਮੰਤਰੀ ਨੇ ਬਜਟ 'ਚ ਨਵੀਆਂ 1279 ਬੱਸਾਂ ਪਾਉਣ ਦਾ ਐਲਾਨ ਵੀ ਕੀਤਾ ਹੈ। ਬਜਟ ਪ੍ਰਸਤਾਵ 'ਚ ਸਿੰਜਾਈ ਸਹੂਲਤਾਂ ਲਈ 2971 ਕਰੋੜ ਰੁਪਏ ਰੱਖੇ ਗਏ ਹਨ। ਬਜਟ 'ਚ ਸਰਕਾਰ ਨੇ ਖਣਨ ਤੋਂ ਆਮਦਨ 260 ਕਰੋੜ ਰੁਪਏ ਤੋਂ ਵਧ ਕੇ 500 ਕਰੋੜ ਰੁਪਏ ਹੋਣ ਦਾ ਜ਼ਿਕਰ ਵੀ ਕੀਤਾ ਹੈ। ਅੱਜ ਸਦਨ ਵਿਚ ਬਜਟ ਭਾਸ਼ਣ ਦੌਰਾਨ ਸਮੁੱਚੀ ਵਿਰੋਧੀ ਧਿਰ ਨੇ ਕਿਸੇ ਵੀ ਤਰ੍ਹਾਂ ਦਾ ਵਿਘਨ ਪਾਉਣ ਤੋਂ ਸੰਕੋਚ ਕੀਤਾ ਅਤੇ ਸਦਨ ਦੇ ਬਾਹਰ ਵਿਰੋਧੀ ਆਗੂਆਂ ਨੇ ਔਰਤਾਂ ਦੇ ਮਾਣਭੱਤੇ ਦੇ ਬਕਾਏ ਨਾ ਦੇਣ 'ਤੇ ਸਰਕਾਰ ਨੂੰ ਭੰਡਿਆ। ਬਜਟ ਵਿਚ 2026-27 ਦੌਰਾਨ ਸੂਬੇ ਦੀਆਂ ਮਾਲੀਆ ਪ੍ਰਾਪਤੀਆਂ 1,26,190.43 ਕਰੋੜ ਰੁਪਏ ਹੋਣ ਦਾ ਅਨੁਮਾਨ ਹੈ ਜੋ ਕਿ ਮੁੱਖ ਤੌਰ 'ਤੇ ਸੂਬੇ ਦੇ ਆਪਣੇ ਟੈਕਸ ਮਾਲੀਏ, ਗੈਰ-ਟੈਕਸ ਮਾਲੀਏ ਅਤੇ ਕੇਂਦਰੀ ਟੈਕਸਾਂ ਤੋਂ ਹਿੱਸੇ 'ਚ ਆਉਣਗੀਆਂ। ਮਾਲੀਆ ਖ਼ਰਚਾ 1,48,145.61 ਕਰੋੜ ਰੁਪਏ ਹੋਵੇਗਾ। ਬਜਟ 'ਚ ਕੁੱਲ ਮਾਲੀਆ ਘਾਟਾ 21955.18 ਕਰੋੜ ਰੁਪਏ ਹੈ ਜੋ ਕਿ ਮੌਜੂਦਾ ਵਿੱਤੀ ਵਰ੍ਹੇ ਦੇ ਘਾਟੇ ਨਾਲੋਂ ਘੱਟ ਹੈ। ਪੰਜਾਬ ਸਰਕਾਰ ਹਰੇਕ ਤਰ੍ਹਾਂ ਦੇ ਵਸੀਲਿਆਂ ਤੋਂ

### ਪੈਸਾ ਕਿੱਥੋਂ ਆਏਗਾ
-ਟੈਕਸਾਂ ਤੋਂ ਆਮਦਨ : 70,850.79 ਕਰੋੜ
-ਸਰਕਾਰੀ ਰਿਣ ਤੋਂ ਪ੍ਰਾਪਤੀਆਂ: 52197.03 ਕਰੋੜ
-ਕੇਂਦਰੀ ਟੈਕਸਾਂ 'ਚੋਂ ਹਿੱਸੇਦਾਰੀ : 30464.05 ਕਰੋੜ
-ਕੇਂਦਰ ਤੋਂ ਗ੍ਰਾਂਟਾਂ : 9188.94 ਕਰੋੜ
-'ਆਪਣੇ ਗ਼ੈਰ-ਟੈਕਸਾਂ ਤੋਂ ਆਮਦਨ : 15686.65 ਕਰੋੜ

52,197.03 ਕਰੋੜ ਰੁਪਏ ਦਾ ਕਰਜ਼ਾ ਲਵੇਗੀ। ਮਾਰਚ 2027 ਤੱਕ ਪੰਜਾਬ ਸਿਰ 4,47,754.78 ਕਰੋੜ ਰੁਪਏ ਦਾ ਕਰਜ਼ਾ ਚੜ੍ਹਨ ਦਾ ਅਨੁਮਾਨ ਹੈ।

ਪੰਜਾਬ ਸਰਕਾਰ ਬਜਟ ਅਨੁਮਾਨਾਂ ਅਨੁਸਾਰ ਤਨਖਾਹਾਂ ਦੀ ਅਦਾਇਗੀ 'ਤੇ 39115.04 ਕਰੋੜ, ਪੈਨਸ਼ਨਾਂ ਅਤੇ ਹੋਰ ਸੇਵਾਮੁਕਤੀ ਲਾਭਾਂ ਦੀ ਅਦਾਇਗੀ 'ਤੇ 22465.29 ਕਰੋੜ ਰੁਪਏ ਖ਼ਰਚ ਕਰੇਗੀ। ਬਜਟ ਵਿਚ ਸ਼ਹਿਰੀ ਖੇਤਰਾਂ ਲਈ ਨਗਰ ਵਿਕਾਸ ਫ਼ੰਡ ਚਾਰ ਗੁਣਾ ਵਧਾ ਕੇ ਇੱਕ ਹਜ਼ਾਰ ਕਰੋੜ ਰੁਪਏ ਕਰਨ ਦੀ ਯੋਜਨਾ ਹੈ। ਅੰਮ੍ਰਿਤਸਰ ਅਤੇ ਲੁਧਿਆਣਾ ਲਈ ਸ਼ਹਿਰੀ ਜਲ ਸੁਰੱਖਿਆ ਦੀ ਮਜ਼ਬੂਤੀ ਵਾਸਤੇ ਪੰਜਾਬ ਨਗਰ ਸੇਵਾਵਾਂ ਸੁਧਾਰ ਪ੍ਰਾਜੈਕਟ ਤਹਿਤ 500 ਕਰੋੜ ਰੁਪਏ ਰੱਖੇ ਗਏ ਹਨ। 149 ਸ਼ਹਿਰੀ ਸਥਾਨਕ ਸੰਸਥਾਵਾਂ ਲਈ 665 ਕਰੋੜ ਰੁਪਏ ਤਜਵੀਜ਼ਤ ਕੀਤੇ ਗਏ ਹਨ।

### ਕੁੱਲ ਮਾਲੀਏ ਦਾ 8.72 ਫ਼ੀਸਦੀ ਹੀ ਵਿਕਾਸ 'ਤੇ ਖ਼ਰਚਣ ਲਈ ਬਚੇਗਾ

ਪੰਜਾਬ ਸਰਕਾਰ ਕੋਲ ਵਿੱਤੀ ਵਰ੍ਹੇ 2026-27 'ਚ ਕੁੱਲ ਮਾਲੀਆ ਪ੍ਰਾਪਤੀਆਂ ਦਾ ਸਿਰਫ਼ 8.72 ਫ਼ੀਸਦ ਪੈਸਾ ਹੀ ਵਿਕਾਸ 'ਤੇ ਖ਼ਰਚਣ ਲਈ ਬਚੇਗਾ, ਜਦੋਂ ਕਿ 91.28 ਫ਼ੀਸਦੀ ਖ਼ਰਚਾ ਪ੍ਰਤੀਬੱਧ ਦੇਣਦਾਰੀ ਹੋਵੇਗਾ। ਪੰਜਾਬ ਸਰਕਾਰ ਦੀਆਂ ਇਨ੍ਹਾਂ ਪ੍ਰਤੀਬੱਧ ਦੇਣਦਾਰੀਆਂ ਬਦਲੇ ਵਿੱਤੀ ਵਰ੍ਹੇ 2026-27 ਲਈ 1,26,190.43 ਕਰੋੜ ਰੁਪਏ ਦੀਆਂ ਕੁੱਲ ਮਾਲੀਆ ਪ੍ਰਾਪਤੀਆਂ ਵਿੱਚੋਂ, 1,15,185.40 ਕਰੋੜ ਰੁਪਏ ਦੀ ਰਕਮ ਚਲੀ ਜਾਵੇਗੀ। ਸੂਬਾ ਸਰਕਾਰ ਕੋਲ ਸਿਰਫ਼ 11,005.03 ਕਰੋੜ ਰੁਪਏ ਹੀ ਬਚਣਗੇ। ਪੰਜਾਬ ਸਰਕਾਰ ਨੂੰ ਮਾਲੀਆ ਪ੍ਰਾਪਤੀਆਂ ਦੀ 8.72 ਫ਼ੀਸਦ ਰਾਸ਼ੀ ਨਾਲ ਹੀ ਸਿੱਖਿਆ, ਸਿਹਤ, ਸਿੰਜਾਈ, ਸੜਕਾਂ ਦੀ ਉਸਾਰੀ, ਖੇਡਾਂ, ਸ਼ਹਿਰੀ ਅਤੇ ਪੇਂਡੂ ਬੁਨਿਆਦੀ ਢਾਂਚੇ 'ਤੇ ਖ਼ਰਚਾ ਕਰਨਾ ਪਵੇਗਾ। ਦੋ ਪ੍ਰਮੁੱਖ ਯੋਜਨਾਵਾਂ 'ਮੁੱਖ ਮੰਤਰੀ ਸਿਹਤ ਬੀਮਾ ਯੋਜਨਾ' ਅਤੇ 'ਯੁੱਧ ਨਸ਼ਿਆਂ ਵਿਰੁੱਧ' ਲਈ ਬੁਨਿਆਦੀ ਢਾਂਚੇ ਦੇ ਨਿਰਮਾਣ 'ਤੇ ਵੀ ਇਸੇ ਰਾਸ਼ੀ 'ਚੋਂ ਖ਼ਰਚ ਕਰਨਾ ਹੋਵੇਗਾ।

### ਪੰਜਾਬ ਸਿਰ ਕਰਜ਼ਾ 4.47 ਲੱਖ ਕਰੋੜ ਹੋਣ ਦਾ ਅਨੁਮਾਨ

ਪੰਜਾਬ ਸਰਕਾਰ ਦੇ ਚਾਰ ਵਰ੍ਹਿਆਂ ਦੇ ਦਾਅਵਿਆਂ ਦੇ ਬਾਵਜੂਦ 31 ਮਾਰਚ 2027 ਤੱਕ ਪੰਜਾਬ ਸਿਰ ਕੁੱਲ ਕਰਜ਼ਾ 4.47 ਲੱਖ ਕਰੋੜ ਰੁਪਏ ਤੱਕ ਵਧਣ ਦਾ ਅਨੁਮਾਨ ਹੈ। ਵਿੱਤੀ ਵਰ੍ਹੇ 2026-27 ਦੌਰਾਨ ਸਰਕਾਰ ਵੱਲੋਂ ਹਰ ਤਰ੍ਹਾਂ ਦਾ 52197.03 ਕਰੋੜ ਰੁਪਏ ਦਾ ਕਰਜ਼ਾ ਚੁੱਕਣ ਦਾ ਅਨੁਮਾਨ ਹੈ। ਆਉਂਦੇ ਵਿੱਤੀ ਵਰ੍ਹੇ ਵਿਚ ਕਰਜ਼ਾ ਜੀ ਐੱਸ ਡੀ ਪੀ ਅਨੁਪਾਤ 45.13 ਫ਼ੀਸਦ ਹੋਣ ਦਾ ਅਨੁਮਾਨ ਹੈ ਅਤੇ ਚਾਲੂ ਵਿੱਤੀ ਵਰ੍ਹੇ ਦੌਰਾਨ ਵੀ ਲਗਪਗ ਇਹੋ ਰਿਹਾ ਸੀ।

2021-2022 ਵਿਚ ਕਰਜ਼ਾ ਜੀ ਐੱਸ ਡੀ ਪੀ ਅਨੁਪਾਤ 41.62 ਫ਼ੀਸਦ ਸੀ ਅਤੇ ਹੁਣ ਇਹ 45.16 ਫ਼ੀਸਦ ਹੈ। ਦੇਖਿਆ ਜਾਵੇ ਤਾਂ ਸੂਬੇ ਦਾ ਕੁੱਲ ਕਰਜ਼ਾ ਇਸ ਦੇ ਆਰਥਿਕ ਉਤਪਾਦਨ ਨਾਲੋਂ ਤੇਜ਼ੀ ਨਾਲ ਵਧ ਰਿਹਾ ਹੈ। ਅੱਜ ਪੇਸ਼ ਕੀਤੇ ਬਜਟ ਵਿਚ ਬੇਸ਼ੱਕ ਸੂਬੇ ਦੀ ਜੀ ਐੱਸ ਡੀ ਪੀ ਵਿਕਾਸ ਦਰ ਲਗਪਗ ਕੌਮੀ ਵਿਕਾਸ ਦਰ ਦੇ ਬਰਾਬਰ ਹੈ ਪ੍ਰੰਤੂ ਪਿਛਲੇ ਪੰਜ ਸਾਲਾਂ ਵਿਚ ਇਹ ਸਭ ਤੋਂ ਘੱਟ ਰਹੀ ਹੈ। ਵਿਕਾਸ ਦਰ 2021-22 ਵਿਚ 16.0 ਫ਼ੀਸਦ ਤੇ 2022-23 ਵਿਚ 8.38 ਫ਼ੀਸਦ ਸੀ। 2023-24 ਵਿਚ ਇਹ ਵਧ ਕੇ 11.36 ਫ਼ੀਸਦ ਹੋ ਗਈ। 2024-25 ਵਿਚ ਇਹ 9.02 ਫ਼ੀਸਦ ਅਤੇ ਮੌਜੂਦਾ ਵਿੱਤੀ ਵਰ੍ਹੇ ਵਿਚ 7.94 ਫ਼ੀਸਦ ਹੋ ਗਈ

### ਜਿਨ੍ਹਾਂ ਦੀ ਅਣਦੇਖੀ ਹੋਈ
-ਮਾਲਵਾ ਨਹਿਰ ਲਈ ਕੋਈ ਬਜਟ ਨਹੀਂ
-ਬੁਢਾਪਾ ਪੈਨਸ਼ਨ 'ਚ ਕੋਈ ਵਾਧਾ ਨਹੀਂ
-ਖ਼ੁਦਕੁਸ਼ੀ ਪੀੜਤ ਪਰਿਵਾਰਾਂ ਦੇ ਹੱਥ ਖ਼ਾਲੀ
-ਪੰਜਾਬੀ ਭਾਸ਼ਾ ਦੇ ਵਿਕਾਸ ਦਾ ਜ਼ਿਕਰ ਨਹੀਂ
-ਫ਼ਸਲੀ ਬੀਮਾ ਯੋਜਨਾ ਬਾਰੇ ਚੁੱਪ
-ਖੇਤੀ ਨੀਤੀ ਨਜ਼ਰਅੰਦਾਜ਼
-ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਕੋਈ ਰਾਹਤ ਨਹੀਂ
-ਆਸ਼ੀਰਵਾਦ ਸਕੀਮ 'ਚ ਵਾਧਾ ਨਹੀਂ
-ਫ਼ਸਲੀ ਵੰਨ-ਸੁਵੰਨਤਾ ਲਈ ਵਿਸ਼ੇਸ਼ ਪ੍ਰੋਗਰਾਮ ਤੋਂ ਕਿਨਾਰਾ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਰਿੰਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਬਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਢਿੱਲੋਂ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੁਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਚੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਮਨਮਿੰਦਰ ਸਿੰਘ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਮੁੱਖ ਮੰਤਰੀ ਵਲੋਂ 'ਸਾਰੀਆਂ ਗਾਰੰਟੀਆਂ ਪੂਰੀਆਂ' ਕਰਨ ਦਾ ਦਾਅਵਾ

**ਚੰਡੀਗੜ੍ਹ:**ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਰਕਾਰ ਨੇ ਆਪਣਾ ਸਭ ਤੋਂ ਵੱਡਾ ਚੋਣ ਵਾਅਦਾ ਪੂਰਾ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ 'ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ' ਤਹਿਤ ਮਹਿਲਾਵਾਂ ਨੂੰ ਪ੍ਰਤੀ ਮਹੀਨਾ 1000 ਰੁਪਏ, ਜਦਕਿ ਅਨੁਸੂਚਿਤ ਜਾਤੀ ਭਾਈਚਾਰਿਆਂ ਨਾਲ ਸਬੰਧਤ ਔਰਤਾਂ ਨੂੰ 1,500 ਪ੍ਰਾਪਤ ਮਿਲਣਗੇ, ਜਿਸ ਲਈ ਬਜਟ ਵਿਚ 9,300 ਕਰੋੜ ਰੁਪਏ ਦੀ ਵਿਵਸਥਾ ਕੀਤੀ ਗਈ ਹੈ।

ਮੁੱਖ ਮੰਤਰੀ ਨੇ ਕਿਹਾ ਕਿ 'ਆਪ' ਸਰਕਾਰ ਦਾ ''ਸਾਰੀਆਂ ਗਰੰਟੀਆਂ ਪੂਰੀਆਂ'' ਬਜਟ ਚੋਣ ਵਾਅਦਿਆਂ ਨੂੰ ਪੂਰਾ ਕਰਨ ਸਬੰਧੀ ਆਮ ਆਦਮੀ ਪਾਰਟੀ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਇਸਦੇ ਨਾਲ ਹੀ ਬਜਟ ਵਿਚ ਸੂਬੇ ਭਰ ਦੀਆਂ ਔਰਤਾਂ ਨੂੰ ਸਸ਼ਕਤ ਬਣਾਉਣ ਤੇ ਹਰ ਇੱਕ ਪੰਜਾਬੀ ਪਰਿਵਾਰ ਨੂੰ ਸਮਰਥਨ ਦੇਣ ਲਈ ਮੁਫ਼ਤ ਬੱਸ ਯਾਤਰਾ, ਮੁਫ਼ਤ ਬਿਜਲੀ ਤੇ ਨਕਦੀ ਰਹਿਤ ਸਿਹਤ ਸੰਭਾਲ ਵਰਗੀਆਂ ਸਹੂਲਤਾਂ ਨੂੰ ਵਿਸ਼ੇਸ਼ ਤਵੱਜੋ ਦਿੱਤੀ ਗਈ ਹੈ। ਬਜਟ ਪੇਸ਼ ਹੋਣ ਤੋਂ ਬਾਅਦ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਸਮਾਜ ਦੇ ਹਰ ਵਰਗ ਦਾ ਧਿਆਨ ਰੱਖਣ ਵਾਲਾ ਬਜਟ ਪੇਸ਼ ਕਰਨ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਸਿਰਫ਼ ਇੱਕ ਬਜਟ ਨਹੀਂ ਹੈ ਸਗੋਂ ਰਾਜ ਦੀ ਤਰੱਕੀ ਅਤੇ ਇਸਦੇ ਲੋਕਾਂ ਦੀ ਖੁਸ਼ਹਾਲੀ ਦਾ ਹਲਫ਼ਨਾਮਾ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਦੇ ਬਜਟ ਅਕਸਰ ਕਾਗਜ਼ੀ ਐਲਾਨਾਂ ਤੱਕ ਸੀਮਤ ਰਹਿੰਦੇ ਸਨ, ਜਦਕਿ ਲੋਕਾਂ ਨੂੰ ਅਸਲ ਮਾਅਨੇ ਵਿਚ ਇਨ੍ਹਾਂ ਦੀ ਕੋਈ ਬਹੁਤਾ ਲਾਭ ਨਹੀਂ ਸੀ ਹੁੰਦਾ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਕਾਰਜਕਾਲ ਦੌਰਾਨ ਪੇਸ਼ ਹੋਏ ਬਜਟ ਨਾਗਰਿਕਾਂ ਦੇ ਜੀਵਨ ਨੂੰ ਬਿਹਤਰ ਬਣਾਉਣ ਲਈ ਠੋਸ ਨੀਤੀਆਂ ਲਿਆਉਣ ਦੀ ਬਜਾਏ ਸਦਾ ਬਿਆਨਬਾਜ਼ੀ ਅਤੇ ਕਾਵਿਕ ਹਵਾਲਿਆਂ ਤੱਕ ਸੀਮਤ ਰਹੇ।

ਮੁੱਖ ਮੰਤਰੀ ਨੇ ਕਿਹਾ ਕਿ ਔਰਤਾਂ ਨੂੰ ਸਸ਼ਕਤ ਕਰਨ ਲਈ ਵੱਖ-ਵੱਖ ਯੋਜਨਾਵਾਂ ਲਾਗੂ ਕੀਤੀਆਂ ਜਾ ਰਹੀਆਂ ਹਨ, ਜਿਨ੍ਹਾਂ ਵਿੱਚ ਮੁਫ਼ਤ ਬੱਸ ਯਾਤਰਾ, ਮੁਫ਼ਤ ਬਿਜਲੀ ਅਤੇ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਨਕਦੀ ਰਹਿਤ ਇਲਾਜ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਨਕਦੀ ਰਹਿਤ



ਇਲਾਜ, ਮੁਫ਼ਤ ਬੱਸ ਯਾਤਰਾ, ਮੁਫ਼ਤ ਬਿਜਲੀ, 1000 ਰੁਪਏ ਪ੍ਰਤੀ ਮਹੀਨਾ ਅਤੇ ਅਜਿਹੀਆਂ ਕਈ ਹੋਰ ਪਹਿਲਕਦਮੀਆਂ ਔਰਤਾਂ ਨੂੰ ਸਸ਼ਕਤ ਬਣਾਉਂਦਿਆਂ ਸਮਾਜ ਵਿਚ ਉਨ੍ਹਾਂ ਦੀ ਭੂਮਿਕਾ ਨੂੰ ਹੋਰ ਮਜ਼ਬੂਤ ਕਰਨਗੀਆਂ। ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਕੋਲ ਆਪਣੇ ਪ੍ਰੋਗਰਾਮਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਢੁਕਵੇਂ ਵਿੱਤੀ ਸਰੋਤ ਹਨ। ਉਨ੍ਹਾਂ ਕਿਹਾ ਕਿ ਸਾਡੇ ਕੋਲ ਪੈਸੇ ਦੀ ਕੋਈ ਕਮੀ ਨਹੀਂ ਹੈ ਕਿਉਂਕਿ ਸਾਡੇ ਇਰਾਦੇ ਸਪੱਸ਼ਟ ਅਤੇ ਇਮਾਨਦਾਰ ਹਨ।

ਉਨ੍ਹਾਂ ਕਿਹਾ ਕਿ ਰਾਜ ਸਰਕਾਰ ਨੇ ਵਿੱਤੀ ਪ੍ਰਬੰਧਨ ਵਿਚ ਸੁਧਾਰ ਕਰਦਿਆਂ ਇਹ ਯਕੀਨੀ ਬਣਾਇਆ ਹੈ ਕਿ ਜਨਤਕ ਫੰਡਾਂ ਦੀ ਵਰਤੋਂ ਲੋਕ ਭਲਾਈ ਅਤੇ ਵਿਕਾਸ ਲਈ ਹੋਵੇ। ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਇਮਾਨਦਾਰੀ ਨਾਲ ਕੰਮ ਕਰ ਰਹੀ ਹੈ, ਜਿਸ ਸਦਕਾ ਸਿੱਖਿਆ, ਸਿਹਤ ਸੰਭਾਲ ਅਤੇ ਬੁਨਿਆਦੀ ਢਾਂਚੇ ਵਰਗੇ ਖੇਤਰਾਂ 'ਚ ਵੱਡੇ ਸੁਧਾਰ ਦੇਖਣ ਨੂੰ ਮਿਲ ਰਹੇ ਹਨ। ਉਨ੍ਹਾਂ ਕਿਹਾ ਕਿ ਅਸੀਂ ਇਮਾਨਦਾਰੀ ਨਾਲ ਕੰਮ ਕਰ ਰਹੇ ਹਾਂ ਜਿਸ ਦੇ ਚਲਦਿਆਂ ਸੂਬੇ ਭਰ 'ਚ ਸਕੂਲ, ਹਸਪਤਾਲ, ਸੜਕਾਂ ਅਤੇ ਆਮ ਆਦਮੀ ਕਲੀਨਿਕ ਬਣ ਰਹੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਨੇ ਬਿਜਲੀ ਸਪਲਾਈ ਵਿਚ ਸੁਧਾਰ, ਸਿੰਚਾਈ ਪ੍ਰਣਾਲੀਆਂ ਨੂੰ ਮਜ਼ਬੂਤ ਕਰਨ ਤੇ ਕਿਸਾਨਾਂ ਨੂੰ ਨਿਰਵਿਘਨ ਤੇ ਲੋੜੀਂਦੀ ਬਿਜਲੀ ਬਿਜਲੀ ਦੇਣ ਲਈ ਮਹੱਤਵਪੂਰਨ ਕਦਮ ਚੁੱਕੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਉਦੇਸ਼ਾਂ ਲਈ ਥਰਮਲ ਪਾਵਰ ਪਲਾਂਟ ਖਰੀਦੇ ਜਾ ਰਹੇ ਹਨ, ਨਹਿਰੀ ਪਾਣੀ ਟੇਲਾਂ 'ਤੇ ਵਸਦੇ ਕਿਸਾਨਾਂ ਤੱਕ ਪਹੁੰਚ ਰਿਹਾ ਹੈ ਤੇ ਖਪਤਕਾਰਾਂ ਨੂੰ ਲਾਭ ਪਹੁੰਚਾਉਣ ਲਈ ਬਿਜਲੀ ਦਰਾਂ ਨੂੰ ਤਰਕਸੰਗਤ ਬਣਾਇਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਪਿਛਲੇ ਚਾਰ ਸਾਲਾਂ 'ਚ ਸੂਬਾ ਸਰਕਾਰ ਨੇ ਲੋਕਾਂ ਨਾਲ ਕੀਤੇ ਵਾਅਦੇ ਅਨੁਸਾਰ ਸਾਰੀਆਂ ਗਾਰੰਟੀਆਂ ਪੂਰੀਆਂ ਕਰਨ ਦੇ ਨਾਲ-ਨਾਲ ਇਸ ਤੋਂ ਵਧ ਕੇ ਹੋਰ ਵੀ ਕਈ ਕੰਮ ਕੀਤੇ ਹਨ ਜਿਨ੍ਹਾਂ ਵਿਚ ਆਮ ਲੋਕਾਂ 'ਤੇ ਬੋਝ ਪਾ ਰਹੇ ਟੋਲ ਪਲਾਜ਼ਿਆਂ ਨੂੰ ਬੰਦ ਕਰਨਾ ਆਦਿ ਸ਼ਾਮਲ ਹੈ।

## ਪੈਨਸ਼ਨ ਵਧਾਉਂਦੇ ਤਾਂ ਚੰਗਾ ਹੁੰਦਾ: ਪਰਗਟ ਸਿੰਘ

**ਚੰਡੀਗੜ੍ਹ:**ਕਾਂਗਰਸ ਦੇ ਵਿਧਾਇਕ ਪਰਗਟ ਸਿੰਘ ਨੇ ਵਿੱਤ ਮੰਤਰੀ ਵਲੋਂ ਪੇਸ਼ ਬਜਟ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਸਰਕਾਰ ਵੱਡੇ-



ਵੱਡੇ ਅੰਕੜੇ ਦਿਖਾ ਕੇ ਲੋਕਾਂ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਇਹ ਬਜਟ ਪੂਰੀ ਤਰ੍ਹਾਂ ਨਿਰਾਸ਼ਾਜਨਕ ਹੈ। ਉਨ੍ਹਾਂ ਕਿਹਾ ਕਿ ਔਰਤਾਂ ਨੂੰ 1000 ਰੁਪਏ ਦੇਣ ਦਾ ਐਲਾਨ ਕੀਤਾ ਗਿਆ ਹੈ। ਉਸਦੀ ਜਗ੍ਹਾ ਸਰਕਾਰ ਨੂੰ ਪੈਨਸ਼ਨ ਵਿਚ ਇਕ ਹਜ਼ਾਰ ਰੁਪਏ ਦਾ ਵਾਧਾ ਕਰਨਾ ਚਾਹੀਦਾ ਸੀ। ਉਹਨਾਂ ਕਿਹਾ ਕਿ ਸੁਪਰੀਮ ਕੋਰਟ ਨੇ ਵੀ ਮੁਫ਼ਤ ਦੀਆਂ ਸਕੀਮਾਂ ਦੇਣ 'ਤੇ ਵੱਡੀ ਟਿੱਪਣੀ ਕਰਦਿਆਂ ਮੁਫ਼ਤ ਲਾਭ ਦੀ ਬਜਾਏ ਲੋਕਾਂ ਨੂੰ ਵੈਲਫੇਅਰ ਸਕੀਮਾਂ ਵਿਚ ਪੈਸੇ ਦੇਣ ਦੀ ਗੱਲ ਕਹੀ ਹੈ।

ਪਰਗਟ ਸਿੰਘ ਨੇ ਕਿਹਾ ਕਿ ਜੇਕਰ ਸਰਕਾਰ ਦੇ ਪੈਨਸ਼ਨ 'ਚ ਇਕ ਹਜ਼ਾਰ ਰੁਪਏ ਦਾ ਵਾਧਾ ਕਰਦੀ ਤਾਂ ਉਹ ਵਿਧਵਾ, ਬਜ਼ੁਰਗ ਅਤੇ ਪੀੜਤਾਂ ਨੂੰ ਲਾਭ, ਜ਼ਿਆਦਾ ਦੀ ਲੋੜ ਹੈ। ਸਰਕਾਰ ਪਿਛਲੇ ਦਿਨੀਂ ਚਾਰ ਸਾਲ ਤੋਂ ਔਰਤਾਂ ਨੂੰ ਇੱਕ ਹਜ਼ਾਰ ਰੁਪਏ ਦੇਣ ਦੀ ਗੱਲ ਕਰਦੀ ਆ ਰਹੀ ਹੈ। ਹੁਣ ਆਖਰੀ ਸਾਲ ਵਿਚ ਔਰਤਾਂ ਨੂੰ 1000 ਅਤੇ 1500 ਰੁਪਏ ਦੇਣ ਦੀ ਘੋਸ਼ਣਾ ਕੀਤੀ ਗਈ ਹੈ। ਬਜਟ 'ਚ ਸਰਕਾਰ ਨੇ 16 ਨਵੀਂ ਮੈਡੀਕਲ ਕਾਲਜ ਬਣਾਉਣ ਦੀ ਗੱਲ ਕਹੀ। ਪਰ ਚਾਰ ਸਾਲ ਵਿਚ ਇਕ ਵੀ ਮੈਡੀਕਲ ਕਾਲਜ ਨਹੀਂ ਬਣਵਾ ਸਕੀ। ਉਨ੍ਹਾਂ ਕਿਹਾ ਸਰਕਾਰ ਹਰ ਮੋਰਚੇ 'ਤੇ ਫ਼ੇਲ ਹੈ ਅਤੇ ਬਜਟ ਵੀ ਦਿਸ਼ਾਹੀਨ ਅਤੇ ਚੋਣ ਜੁਮਲਾ ਹੈ।

## ਸਰਕਾਰ ਨੇ ਔਰਤਾਂ ਨੂੰ ਸਿਰਫ਼ ਗੁਮਰਾਹ ਕੀਤਾ: ਗਨੀਵ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੀ ਵਿਧਾਇਕਾ ਗਨੀਵ ਕੌਰ ਮਜੀਠੀਆ ਨੇ ਕਿਹਾ ਕਿ ਆਪ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਸੱਤਾ ਚ ਆਉਣ ਤੋਂ ਪਹਿਲਾਂ ਪੰਜਾਬ ਦੀ ਮਾਵਾਂ ਭੈਣਾਂ ਨਾਲ ਵਾਅਦਾ ਕੀਤਾ ਸੀ ਕਿ 18 ਸਾਲ ਤੋਂ ਉੱਪਰ ਦੀਆਂ ਸਾਰੀਆਂ ਮਹਿਲਾਵਾਂ ਨੂੰ ਸਰਕਾਰ ਬਣਨ ਤੋਂ ਤੁਰੰਤ ਬਾਅਦ ਇਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣੇ ਸ਼ੁਰੂ ਕੀਤੇ ਜਾਣਗੇ ਪਰ ਅੱਜ ਚਾਰ ਸਾਲ ਬੀਤ ਜਾਣ ਤੋਂ ਬਾਅਦ ਵੀ ਬਜਟ 'ਚ ਅਜਿਹੀ



ਕੋਈ ਤਜਵੀਜ਼ ਨਹੀਂ ਰੱਖੀ ਗਈ ਕਿ ਪਿਛਲੇ ਚਾਰ ਸਾਲ ਦੀ ਬਕਾਇਆ ਰਾਸ਼ੀ ਵੀ ਪੰਜਾਬ ਦੀਆਂ ਮਹਿਲਾਵਾਂ ਨੂੰ ਦਿੱਤੀ ਜਾਵੇਗੀ ਜਾਂ ਨਹੀਂ। ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਮਹਿਲਾਵਾਂ ਨੇ ਆਮ ਆਦਮੀ ਪਾਰਟੀ ਨੂੰ ਚਾਰ ਸਾਲ ਪਹਿਲਾਂ ਵੋਟਾਂ ਪਾ ਕੇ ਸੱਤਾ 'ਚ ਲਿਆਂਦਾ ਸੀ ਪਰ ਹੁਣ ਇਸ ਪਾਰਟੀ ਦੀ ਸਰਕਾਰ ਨੇ ਆਪਣੇ ਅਖ਼ੀਰੀ ਸਾਲ ਦੇ ਅਖ਼ੀਰੀ ਬਜਟ ਵਿਚ ਮਹਿਜ਼ ਖਾਨਾ ਪੂਰਤੀ ਕੀਤੀ ਹੈ।

## ਬਜਟ 'ਚ ਔਰਤਾਂ ਲਈ ਵਿਸ਼ੇਸ਼ ਪ੍ਰਬੰਧ: ਡਾ. ਗੁਰਪ੍ਰੀਤ ਕੌਰ




**ਚੰਡੀਗੜ੍ਹ:**ਅੰਤਰਰਾਸ਼ਟਰੀ ਮਹਿਲਾ ਦਿਵਸ ਮੌਕੇ ਪੰਜਾਬ ਸਰਕਾਰ ਨੇ ਬਜਟ ਪੇਸ਼ ਕੀਤਾ ਤੇ ਔਰਤਾਂ ਲਈ ਵੱਡਾ ਐਲਾਨ ਕੀਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਦੀ ਪਤਨੀ ਡਾ. ਗੁਰਪ੍ਰੀਤ ਕੌਰ ਨੇ ਔਰਤਾਂ ਨੂੰ ਮਹਿਲਾ ਦਿਵਸਦੀ ਵਧਾਈ ਦਿੰਦੇ ਹੋਏ ਕਿਹਾ ਕਿ ਇਹ ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਹੈ ਜਦੋਂ ਮਹਿਲਾ ਦਿਵਸ 'ਤੇ ਬਜਟ ਪੇਸ਼ ਕੀਤਾ ਗਿਆ ਹੈ ਅਤੇ ਇਸ ਵਿੱਚ ਔਰਤਾਂ ਲਈ ਵਿਸ਼ੇਸ਼ ਪ੍ਰਬੰਧ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਹਰ ਮਹੀਨੇ ਔਰਤਾਂ ਦੇ ਖਾਤਿਆਂ ਵਿੱਚ 1,000 ਰੁਪਏ ਟ੍ਰਾਂਸਫਰ ਕਰਨ ਦਾ ਵਾਅਦਾ ਸਰਕਾਰ ਨੇ ਪੂਰਾ ਕੀਤਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਸਾਰੇ ਵਾਅਦੇ ਇੱਕ-ਇੱਕ ਕਰ ਕੇ ਪੂਰੇ ਕਰ ਦਿੱਤੇ ਹਨ।

# 'ਆਪ' ਸਰਕਾਰ ਸਾਰੀਆਂ ਗਾਰੰਟੀਆ ਪੂਰੀਆਂ ਕਰਨ ਤੋਂ ਭੱਜੀ: ਅਕਾਲੀ ਦਲ

**ਚੰਡੀਗੜ੍ਹ:**ਸ਼੍ਰੋਮਣੀ ਅਕਾਲੀ ਦਲ ਨੇ ਆਪ ਸਰਕਾਰ 'ਤੇ ਆਪਣੇ ਆਖ਼ਰੀ ਬਜਟ ਵਿਚ ਲੋਕਾਂ ਨੂੰ ਦਿੱਤੀਆਂ ਸਾਰੀਆਂ ਗਾਰੰਟੀਆਂ ਤੋਂ ਭੱਜਣ ਦਾ ਦੋਸ਼ ਲਾਇਆ ਹੈ। ਕਿਸਾਨਾਂ, ਔਰਤਾਂ, ਨੌਜਵਾਨਾਂ, ਗਰੀਬਾਂ, ਸਰਕਾਰੀ ਮੁਲਾਜ਼ਮਾਂ, ਵਪਾਰ ਤੇ ਉਦਯੋਗ ਵਾਸਤੇ ਕੱਖ ਵੀ ਨਹੀਂ ਐਲਾਨਿਆ। ਸੀਨੀਅਰ ਅਕਾਲੀ ਆਗੂ ਤੇ ਵਪਾਰ ਤੇ ਉਦਯੋਗ ਵਿੰਗ ਦੇ ਚੇਅਰਮੈਨ ਐਨਕੇ ਸ਼ਰਮਾ ਨੇ ਕਿਹਾ ਕਿ ਇਹ ਲੋਕਤੰਤਰ ਲਈ ਕਾਲਾ ਦਿਨ ਹੈ ਜਦੋਂ ਵਿਧਾਨ ਸਭਾ ਨੂੰ ਆਪ ਰੈਲੀ ਵਿਚ ਬਦਲ ਦਿੱਤਾ ਗਿਆ ਤੇ ਸਾਰੀ ਕਾਰਵਾਈ ਦੌਰਾਨ ਝੂਠ ਬੋਲੇ ਗਏ ਤੇ ਧੋਖਾ ਦਿੱਤਾ ਗਿਆ। ਸ਼ਰਮਾ ਨੇ ਕਿਹਾ ਕਿ ਆਪ ਸਰਕਾਰ ਨੇ ਹਰ ਕਿਸੇ ਨੂੰ ਧੋਖਾ ਦਿੱਤਾ ਹੈ। ਉਹਨਾਂ ਕਿਹਾ ਕਿ ਹਰ ਔਰਤ ਨਾਲ ਵੀ ਧੋਖਾ ਦਿੱਤਾ ਗਿਆ ਕਿਉਂਕਿ ਜੇਕਰ ਅਸੀਂ ਚਾਰ ਸਾਲ ਪਹਿਲਾਂ ਤੋਂ ਗਿਣਤੀ ਗਿਣੀਏ ਤਾਂ ਹਰ ਔਰਤ ਨੂੰ ਸਿਰਫ 150 ਰੁਪਏ ਪ੍ਰਤੀ ਮਹੀਨਾ ਮਿਲਿਆ ਹੀ ਗਿਣਿਆ ਜਾਵੇਗਾ। ਉਹਨਾਂ ਕਿਹਾ ਕਿ ਸਕੀਮ ਵਿਚ ਲਾਈਆਂ ਸ਼ਰਤਾਂ ਤੇ ਇਸ ਵਾਸਤੇ ਰੱਖਿਆ ਘੱਟ ਬਜਟ ਇਹ ਦੱਸਦਾ ਹੈ ਕਿ ਇਸ ਸਕੀਮ ਦਾ ਬਹੁਗਿਣਤੀ ਔਰਤਾਂ ਨੂੰ ਲਾਭ ਨਹੀਂ ਮਿਲੇਗਾ। ਉਹਨਾਂ ਕਿਹਾ ਕਿ ਜੇਕਰ ਸਰਕਾਰ ਔਰਤਾਂ ਦੀ ਮਦਦ ਵਾਸਤੇ ਸੰਜੀਦਾ ਹੁੰਦੀ ਤਾਂ ਇਹ ਸਕੀਮ ਵਾਸਤੇ 9300 ਕਰੋੜ ਰੁਪਏ ਦੀ ਥਾਂ 'ਤੇ 60 ਹਜ਼ਾਰ ਕਰੋੜ ਰੁਪਏ




ਰੱਖਦੀ।ਸ਼ਰਮਾ ਨੇ ਕਿਹਾ ਕਿ ਨੌਜਵਾਨਾਂ ਦੀ ਪਿੱਠ ਵਿਚ ਵੀ ਛੁਰਾ ਮਾਰਿਆ ਗਿਆ ਹੈ ਤੇ ਉਹਨਾਂ ਨੂੰ ਕੀਤੇ ਵਾਅਦੇ ਮੁਤਾਬਕ 3 ਹਜ਼ਾਰ ਰੁਪਏ ਪ੍ਰਤੀ ਮਹੀਨਾ ਬੇਰੋਜ਼ਗਾਰੀ ਭੱਤਾ ਨਹੀਂ ਦਿੱਤਾ ਗਿਆ। ਉਹਨਾਂ ਕਿਹਾ ਕਿ ਆਪ ਸਰਕਾਰ ਆਪਣਾ ਵਾਅਦਾ ਭੁੱਲ ਗਈ ਤੇ ਇਸ ਵਾਸਤੇ ਬਜਟ ਵਿਚ ਇਕ ਰੁਪਈਆ ਵੀ ਨਹੀਂ ਰੱਖਿਆ।

ਚੀਮਾ ਵੱਲੋਂ ਬੋਲੇ ਝੂਠ ਦੀ ਗੱਲ ਕਰਦਿਆਂ ਅਕਾਲੀ ਆਗੂ ਨੇ ਕਿਹਾ ਕਿ ਵਿੱਤ ਮੰਤਰੀ ਨੇ ਵਿਧਾਨ ਸਭਾ ਵਿਚ ਝੂਠ ਬੋਲਿਆ ਕਿ ਪਿਛਲੇ ਸਾਲ ਆਏ ਹੜ੍ਹਾਂ ਵਿਚ ਕਿਸਾਨਾਂ ਦੇ ਹੋਏ ਨੁਕਸਾਨ ਵਾਸਤੇ ਉਹਨਾਂ ਨੂੰ ਤੇਜ਼ ਰਫਤਾਰ ਮੁਆਵਜ਼ਾ ਦਿੱਤਾ ਗਿਆ। ਉਹਨਾਂ ਕਿਹਾ ਕਿ ਮੁਆਵਜ਼ਾ ਦੇਣ ਦੀ ਤਾਂ ਗੱਲ ਹੀ ਛੱਡੋ ਬਲਕਿ ਕੁਦਰਤੀ ਆਫਤ ਫੰਡ ਤਹਿਤ ਮਿਲੇ 12500 ਕਰੋੜ ਰੁਪਏ ਵੀ ਖੁਰਦ-ਬੁਰਦ ਕਰ ਦਿੱਤੇ ਗਏ। ਉਹਨਾਂ ਕਿਹਾ ਕਿ ਕਿਸਾਨਾਂ ਨੂੰ ਫਸਲੀ ਵਿਭਿੰਨਤਾ ਦੇ ਨਾਂ 'ਤੇ 15 ਕਰੋੜ ਰੁਪਏ ਦੇ ਕੇ ਉਹਨਾਂ ਨਾਲ ਭੱਦਾ ਮਖੌਲ ਕੀਤਾ ਗਿਆ ਜਦੋਂ ਕਿ ਵਾਅਦਾ 22 ਫਸਲਾਂ 'ਤੇ ਐੱਮਐੱਸਪੀ ਦਾ ਕੀਤਾ ਗਿਆ ਸੀ। ਉਹਨਾਂ ਦੱਸਿਆ ਕਿ ਇਸ ਸਕੀਮ ਵਾਸਤੇ ਸਿਰਫ 2000 ਕਰੋੜ ਰੁਪਿਆ ਹੀ ਰੱਖਿਆ ਗਿਆ ਹੈ ਜਦੋਂ ਕਿ 10 ਲੱਖ ਰੁਪਏ ਦੇ ਮੈਡੀਕਲ ਬੀਮੇ ਵਾਸਤੇ 10 ਹਜ਼ਾਰ ਕਰੋੜ ਰੁਪਏ ਦੀ ਜ਼ਰੂਰਤ ਹੈ। ਸਰਕਾਰ ਗੁਮਰਾਹ ਕਰ ਰਹੀ ਹੈ

# ਗੁਰਦੁਆਰਾ ਸਿੰਘ ਸਭਾ ਰੈਂਟਨ ਵਿਖੇ ਹੋਲਾ ਮਹੱਲਾ ਨੂੰ ਸਮਰਪਿਤ ਕਵੀ ਦਰਬਾਰ ਸਜਾਇਆ

**ਸਿਆਟਲ:** ਗੁਰਦੁਆਰਾ ਸਿੰਘ ਸਭਾ ਰੈਂਟਨ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉੱਦਮ ਸਦਕਾ ਹੋਲਾ-ਮਹੱਲਾ ਨੂੰ ਸਮਰਪਿਤ ਪ੍ਰਭਾਵਸ਼ਾਲੀ ਕਵੀ ਦਰਬਾਰ ਸਜਾਇਆ ਗਿਆ। ਇਸ ਸਮਾਗਮ ਨੂੰ ਸਾਧ ਸੰਗਤ ਵੱਲੋਂ ਉਤਸ਼ਾਹ ਅਤੇ ਰੁਚੀ ਨਾਲ ਸੁਣਿਆ ਗਿਆ। ਸੰਗਤ ਨੇ ਅਜਿਹੇ ਸਾਹਿਤਕ ਅਤੇ ਧਾਰਮਿਕ ਸਮਾਗਮਾਂ ਨੂੰ ਅੱਗੇ ਵੀ ਲਗਾਤਾਰ ਕਰਵਾਉਣ ਲਈ ਪ੍ਰਬੰਧਕਾਂ ਨੂੰ ਉਤਸ਼ਾਹਿਤ ਕੀਤਾ।

ਇਸ ਮੌਕੇ ਕਈ ਪ੍ਰਸਿੱਧ ਲੇਖਕਾਂ, ਕਵੀਆਂ ਅਤੇ ਬੁਲਾਰਿਆਂ ਨੇ ਆਪਣੇ ਗੀਤਾਂ, ਕਵਿਤਾਵਾਂ ਅਤੇ ਵਿਚਾਰਾਂ ਰਾਹੀਂ ਗੁਰੂ ਚਰਨਾਂ ਵਿਚ ਹਾਜ਼ਰੀ ਲਗਵਾਈ। ਇਨ੍ਹਾਂ ਵਿਚ ਗਿਆਨੀ ਦਰਸ਼ਨ ਸਿੰਘ (ਹੈੱਡ ਗ੍ਰੰਥੀ), ਸਾਧੂ ਸਿੰਘ ਝੱਜ, ਹਰਦਿਆਲ ਸਿੰਘ ਚੀਮਾ,



ਅਮਰਜੀਤ ਸਿੰਘ ਤਰਸਿੱਕਾ, ਬਿਕਰਮਜੀਤ ਸਿੰਘ, ਸਿਮਰਨ ਸਿੰਘ (ਸਾਡਾ ਟੀਵੀ), ਗੁਰਪ੍ਰੀਤ ਸਿੰਘ ਸੋਹਲ, ਦਵਿੰਦਰ ਸਿੰਘ ਹੀਰਾ, ਭਾਈ ਵਰਿਆਮ ਸਿੰਘ, ਹਰਨਾਮ ਸਿੰਘ, ਜਸਵਿੰਦਰ ਸਿੰਘ ਅਤੇ ਅਵਤਾਰ ਸਿੰਘ ਆਦਮਪੁਰੀ ਸ਼ਾਮਲ ਸਨ।

ਇਸ ਦੌਰਾਨ ਗੁਰਪ੍ਰੀਤ ਸਿੰਘ ਸੋਹਲ ਵੱਲੋਂ ਪੰਜਾਬੀ ਲਿਖਾਰੀ ਸਭਾ ਸਿਆਟਲ ਦੇ ਨਾਮ 'ਤੇ ਗੁਰਮਤਿ ਖਾਲਸਾ ਸਕੂਲ ਦੇ ਬੱਚਿਆਂ ਲਈ ਛੋਟਾ ਫ੍ਰੀਜ਼ਰ ਭੇਟ ਕੀਤਾ ਗਿਆ, ਤਾਂ ਜੋ ਬੱਚਿਆਂ ਦੇ ਸਨੈਕਸ ਆਦਿ ਉਸ ਵਿਚ ਸੰਭਾਲ ਕੇ ਰੱਖੇ ਜਾ ਸਕਣ। ਸਮਾਗਮ ਦੌਰਾਨ ਗੁਰੂ ਕਾ ਲੰਗਰ ਅਤੁੱਟ ਵਰਤਦਾ ਰਿਹਾ ਅਤੇ ਸੰਗਤ ਨੇ ਵੱਡੀ ਗਿਣਤੀ ਵਿਚ ਸ਼ਮੂਲੀਅਤ ਕਰਕੇ ਸਮਾਗਮ ਦੀ ਸ਼ੋਭਾ ਵਧਾਈ।

# ਭਾਰਤ ਨੇ ਲਗਾਤਾਰ ਦੂਜੀ ਵਾਰ ਜਿੱਤਿਆ ਟੀ-20 ਵਿਸ਼ਵ ਕੱਪ

**ਅਹਿਮਦਾਬਾਦ:**2024 ਵਿਚ ਟੀ-20 ਵਿਸ਼ਵ ਕੈਂਪ, 2025 ਵਿਚ ਚੈਂਪੀਅਨਜ਼ ਟਰਾਫੀ, ਏਸ਼ੀਆ ਕੱਪ ਅਤੇ ਹੁਣ ਫਿਰ ਟੀ-20 ਵਿਸ਼ਵ ਕੱਪ। ਪਿਛਲੇ ਤਿੰਨ ਸਾਲਾਂ ਵਿਚ ਕੋਈ ਵੀ ਟੀਮ ਅਜਿਹਾ ਪ੍ਰਦਰਸ਼ਨ ਨਹੀਂ ਕਰ ਸਕੀ। ਕਦੇ ਕ੍ਰਿਕਟ ਵਿਚ ਆਸਟ੍ਰੇਲੀਆ ਸਿਰਮੌਰ ਹੁੰਦੀ ਸੀ ਪਰ ਹੁਣ ਭਾਰਤੀ ਟੀਮ ਦੇ ਕਦਮਾਂ ਵਿਚ ਦੁਨੀਆ ਹੈ। 2023 ਵਿਚ ਅਹਿਮਦਾਬਾਦ ਦੇ ਇਸ ਨਰਿੰਦਰ ਮੋਦੀ ਸਟੇਡੀਅਮ ਵਿਚ ਆਸਟ੍ਰੇਲੀਆ ਤੋਂ ਮਿਲੀ ਦਿਲ ਤੋੜਨ ਵਾਲੀ ਹਾਰ ਤੋਂ ਬਾਅਦ ਭਾਰਤ ਨੇ ਮੁੜ ਕੇ ਨਹੀਂ ਦੇਖਿਆ ਅਤੇ ਲਗਾਤਾਰ ਤਿੰਨ ਸਾਲਾਂ ਵਿਚ ਤਿੰਨ ਆਈਸੀਸੀ ਟਰਾਫੀਆਂ ਜਿੱਤ ਕੇ ਸੰਸਾਰ ਨੂੰ ਦੱਸ ਦਿੱਤਾ ਕਿ ਕ੍ਰਿਕਟ ਦੇ ਮਾਲਕ ਅਸੀਂ ਹੀ ਹਾਂ। ਇਸ ਖੇਡ ਵਿਚ ਭਾਰਤ ਦੀ ਤਾਕਤ ਦਾ ਅੰਦਾਜ਼ ਇਸ ਗੱਲ ਨਾਲ ਲਗਾਇਆ ਜਾ ਸਕਦਾ ਹੈ ਕਿ ਉਸਨੇ ਐਤਵਾਰ ਨੂੰ ਨਿਊਜ਼ੀਲੈਂਡ ਦੇ ਖਿਲਾਫ ਟੀ-20 ਵਿਸ਼ਵ ਕੱਪ ਫਾਈਨਲ ਦਾ ਸਭ ਤੋਂ ਵੱਡਾ ਸਕੋਰ ਬਣਾਇਆ, ਦੌੜਾਂ ਦੇ ਹਿਸਾਬ ਨਾਲ ਸਭ ਤੋਂ ਵੱਡੀ ਜਿੱਤ ਹਾਸਲ ਕੀਤੀ। ਭਾਰਤੀ ਟੀਮ ਨੇ ਇਸ ਖਿਤਾਬੀ ਮੁਕਾਬਲੇ ਨੂੰ ਇਕਪਾਸੜ ਅੰਦਾਜ਼ ਵਿਚ 96 ਦੌੜਾਂ ਨਾਲ ਜਿੱਤਿਆ। ਕਪਤਾਨ ਸੂਰਿਆਕੁਮਾਰ ਯਾਦਵ ਨੇ 19ਵਾਂ ਓਵਰ ਪਾਰਟ ਟਾਈਮ ਗੇਂਦਬਾਜ਼ ਅਭਿਸ਼ੇਕ ਸ਼ਰਮਾ ਨੂੰ ਦਿੱਤਾ ਅਤੇ ਉਸ ਦੀ ਗੇਂਦ 'ਤੇ ਤਿਲਕ ਵਰਮਾ ਨੇ ਜਿਵੇਂ ਹੀ ਡਫੀ ਦਾ ਕੈਚ ਲਪਕਿਆ, ਉਸੇ ਵੇਲੇ ਹੀ 2023 ਦੇ ਜ਼ਖਮਾਂ 'ਤੇ ਮਰਹਮ ਲੱਗਣ ਦਾ ਅਹਿਸਾਸ ਹੋਇਆ। ਸਟੇਡੀਅਮ ਵਿਚ ਮੌਜੂਦ 86,000 ਦਰਸ਼ਕ ਵੰਦੇ ਮਾਤਰਮ ਗਾਉਣ ਲੱਗੇ, ਸੈਂਕੜੇ ਬੱਚੇ ਤਿਰੰਗੇ ਨਾਲ ਮੈਦਾਨ ਦੇ ਅੰਦਰ ਨੱਚਣ ਲੱਗੇ। ਇਸ ਜਿੱਤ ਨੇ ਭਾਰਤ ਨੂੰ ਕ੍ਰਿਕਟ ਨੂੰ ਪਿਆਰ ਕਰਨ ਦੀ ਇਕ ਹੋਰ ਵਜ੍ਹਾ ਦੇ ਦਿੱਤੀ।




## ਭਾਰਤੀ ਬੱਲੇਬਾਜ਼ਾਂ ਦਾ ਖਤਰਨਾਕ ਪ੍ਰਦਰਸ਼ਨ

ਭਾਰਤੀ ਬੱਲੇਬਾਜ਼ਾਂ ਨੇ ਐਤਵਾਰ ਨੂੰ ਨਰਿੰਦਰ ਮੋਦੀ ਸਟੇਡੀਅਮ ਵਿਚ ਅਜਿਹਾ ਖਤਰਨਾਕ ਪ੍ਰਦਰਸ਼ਨ ਕੀਤਾ ਕਿ ਨਿਊਜ਼ੀਲੈਂਡ ਦੇ ਗੇਂਦਬਾਜ਼ ਸਹਿਮ ਗਏ। ਭਾਰਤ ਨੇ ਟੀ-20 ਵਿਸ਼ਵ ਕੱਪ ਦਾ ਸਭ ਤੋਂ ਵੱਡਾ ਅਤੇ ਓਵਰਆਲ ਟੀ-20 ਵਿਸ਼ਵ ਕੱਪ ਦਾ ਤੀਜਾ ਸਭ ਤੋਂ ਵੱਡਾ ਸਕੋਰ ਬਣਾਉਂਦਿਆਂ ਦਰਸ਼ਕਾਂ ਨੂੰ ਮੰਤਰ ਮੁਗਧ ਕਰ ਦਿੱਤਾ। ਭਾਰਤੀ ਟੀਮਕਿਸੇ ਵੀ ਟੂਰਨਾਮੈਂਟ ਵਿਚ ਤਿੰਨ 250 ਤੋਂ ਵੱਧ ਸਕੋਰ ਬਣਾਉਣ ਵਾਲੀ ਟੀਮ ਬਣ ਗਈ ਹੈ।

ਭਾਰਤ ਨੇ ਇਸ ਕੈਲੰਡਰ ਸਾਲ ਵਿਚ ਚਾਰ ਵਾਰੀ 250 ਜਾਂ ਉਸ ਤੋਂ ਵੱਧ ਦਾ ਸਕੋਰ ਬਣਾਇਆ ਹੈ। ਭਾਰਤ ਦੇ ਇਲਾਵਾ ਕੋਈ ਹੋਰ ਟੀਮ ਇਹ ਕਾਰਨਾਮਾ ਨਹੀਂ ਕਰ ਸਕੀ ਹੈ। ਭਾਰਤੀ ਟੀਮ ਦੇ ਬੱਲੇਬਾਜ਼ਾਂ ਦਾ ਹਾਲ ਇਹ ਸੀ ਕਿ ਉਨ੍ਹਾਂ ਨੇ ਪਾਵਰਪਲੇ ਵਿਚ 92 ਦੌੜਾਂ, 12ਵੇਂ ਓਵਰ ਵਿਚ 150 ਅਤੇ 15ਵੇਂ ਓਵਰ ਵਿਚ 200 ਦੌੜਾਂ ਪੂਰੀਆਂ ਕੀਤੀਆਂ। ਜੇਕਰ ਜੇਮਸ ਨੀਸ਼ਮ ਨੇ 16ਵੇਂ ਓਵਰ ਵਿਚ ਸੰਜੂ ਸੈਮਸਨ (89), ਈਸ਼ਾਨ ਕਿਸ਼ਨ (52) ਅਤੇ ਕਪਤਾਨਸੂਰਿਆ ਕੁਮਾਰ ਯਾਦਵ (00) ਦਾ ਵਿਕਟ ਨਾ ਲਿਆ ਹੁੰਦਾ, ਤਾਂ ਟੀਮ ਆਸਾਨੀ ਨਾਲ 280 ਦਾ ਅੰਕੜਾ ਪਾਰ ਕਰ ਲੈਂਦੀ। ਹਾਲਾਂਕਿ ਸ਼ਿਵਮ ਦੂਬੇ ਨੇ ਆਖਰੀ ਓਵਰ ਵਿਚ 24 ਦੌੜਾਂ ਬਣਾਈਆਂ।

**ਗੇਂਦਬਾਜ਼ ਬਣੇ ਜੰਗਬਾਜ਼ :** ਇੰਨਾ ਵੱਡੇ ਟੀਚਾ ਦਾ ਪਿੱਛਾ ਕਰਦੇ ਹੋਏ ਨਿਊਜ਼ੀਲੈਂਡ ਦੀ ਟੀਮ ਦੀ ਹਾਲਤ ਖਰਾਬ ਹੋ ਗਈ। ਤੀਜੇ ਓਵਰ ਵਿਚ 31 ਦੌੜਾਂ ਦੇ ਕੁੱਲ ਯੋਗ 'ਤੇ ਹੀ ਅਕਸ਼ਰ ਪਟੇਲ ਨੇ ਪਿਛਲੇ ਮੈਚ ਦੇ ਸੈਂਕੜਾ ਲਗਾਉਣ ਵਾਲੇ। ਓਪਨਰ ਫਿਨ ਐਲਨ ਨੂੰ ਆਊਟ ਕਰ ਦਿੱਤਾ। ਇਸ ਤੋਂ ਬਾਅਦ ਉਨ੍ਹਾਂ ਦੇ ਬੱਲੇਬਾਜ਼ ਆਉਂਦੇ ਗਏ ਅਤੇ ਜਾਂਦੇ ਗਏ। ਸਿਰਫ ਦੂਜੇ ਓਪਨਰ ਟਿਮ ਸੇਫਰਟ 52 ਅਤੇ ਕਪਤਾਨ ਸੈਂਟਨਰ 43 ਦੌੜਾਂ ਦੀ ਪਾਰੀ ਖੇਡ ਸਕੇ ਪਰ ਇਹ ਨਾਕਾਫੀ ਸੀ। ਅਕਸ਼ਰ ਪਟੇਲ ਨੇ ਤਿੰਨ ਅਤੇ ਬੁਮਰਾਹ ਨੇ ਚਾਰ ਵਿਕਟ ਲੈ ਕੇ ਕੀਵੀਆਂ ਦੀ ਕਮਰ ਤੋੜ ਦਿੱਤੀ।

## ਟਰਾਫੀ ਦਾ ਜੈਪੁਰ ਨਾਲ ਹੈ ਖਾਸ ਕੁਨੈਕਸ਼ਨ

**ਜੈਪੁਰ:**ਆਈ.ਸੀ.ਸੀ. ਟੀ-20 ਵਿਸ਼ਵ ਕੱਪ ਦਾ ਜੈਪੁਰ ਨਾਲ ਇਕ ਅਜਿਹਾ ਸੰਬੰਧ ਵੀ ਹੈ ਜਿਸ ਬਾਰੇ ਬਹੁਤ ਹੀ ਘੱਟ ਲੋਕ ਜਾਣਦੇ ਹਨ। ਇਸ ਟੂਰਨਾਮੈਂਟ ਦੀ ਮਸ਼ਹੂਰ ਟਰਾਫੀ ਇਸ ਸ਼ਹਿਰ ਵਿਚ ਹੀ ਬਣਾਈ ਗਈ ਸੀ। ਜੈਪੁਰ ਦੇ ਟਰਾਫੀ ਡਿਜ਼ਾਈਨਰ ਅਮਿਤ ਪਾਬੂਵਾਲ ਨੇ ਦੱਸਿਆ ਕਿ ਆਸਟ੍ਰੇਲੀਆ ਦੀ ਮਿਠਾਲੇ ਬ੍ਰਾਈਸ ਦੇ ਸ਼ੁਰੂਆਤੀ ਡਿਜ਼ਾਈਨ ਤਿਆਰ ਕਰਨ ਦੇ ਬਾਅਦ, ਟੂਰਨਾਮੈਂਟ ਲਈ ਟਰਾਫੀ ਉਨ੍ਹਾਂ ਨੇ ਹੀ ਬਣਾਈ ਸੀ।ਪਾਬੂਵਾਲ ਨੇ ਦੱਸਿਆ ਕਿ ਵਰਾਫੀ ਦਾ ਡਿਜ਼ਾਇਨ ਆਉਟਲਾਈਨ 2007 ਵਿਚ ਤਿਆਰ ਕੀਤਾ ਗਿਆ ਸੀ। ਉਸ ਸਾਲ ਆਈਸੀਸੀ ਪੁਰਸ਼ ਵੀ 20 ਵਿਸ਼ਵ ਕੱਪ ਦਾ ਪਹਿਲਾ ਐਡੀਸ਼ਨਾਂ ਹੋਇਆ ਸੀ। ਇਸ ਤੋਂ ਬਾਅਦ ਆਈਸੀਸੀ ਨੇ ਉਨ੍ਹਾਂ ਨੂੰ ਟਰਾਫੀ ਬਣਾਉਣ ਦਾ ਕੰਮ ਸੌਂਪਿਆ। ਇਸ ਤਰ੍ਹਾਂ ਇਹ ਟਰਾਫੀ ਬਣਾਈ ਗਈ। ਪਾਬੂਵਾਲ ਨੇ ਕਿਹਾ ਕਿ ਉਨ੍ਹਾਂ ਨੇ ਪਹਿਲਾਂ ਕ੍ਰਿਕਟ ਲਈ ਦੁਨੀਆ ਦੀ ਸਭ ਤੋਂ ਵੱਡੀ ਸਿਲਵਰ ਫ੍ਰੈਂਡਸ਼ਿਪ ਕੱਪ ਟਰਾਫੀ




ਡਿਜ਼ਾਈਨ ਕੀਤੀ ਸੀ, ਜਿਸ ਨੇ ਸਭ ਦਾ ਧਿਆਨ ਖਿੱਚਿਆ ਅਤੇ ਆਖਿਰਕਾਰ ਆਈਸੀਸੀ ਨੇ ਟੀ-20 ਵਿਸ਼ਵ ਕੱਪ ਟਰਾਫੀ ਲਈ ਉਨ੍ਹਾਂ ਨਾਲ ਸੰਪਰਕ ਕੀਤਾ। ਉਨ੍ਹਾਂ ਨੇ ਕਿਹਾ ਕਿ ਆਈ.ਸੀ.ਸੀ. ਨੇ ਸ਼ੁਰੂ ਵਿਚ ਟਾਈਟੇਨਿਯਮ ਅਤੇ ਗਲਾਸ ਦੇ ਮਿਸ਼ਰਣ ਨਾਲ ਟਰਾਫੀ ਬਣਾਉਣ ਦੀ ਯੋਜਨਾ ਬਣਾਈ ਸੀ, ਤਾਂ ਜੋ ਡਿਜ਼ਾਇਨ ਟੀ-20 ਕ੍ਰਿਕਟ ਦੀ ਤੇਜ਼ ਅਤੇ ਆਧੁਨਿਕ ਸ਼ੈਲੀ ਨੂੰ ਦਰਸਾ ਸਕੇ। ਪਰ ਧਾਤੂ ਢਾਂਚੇ ਨਾਲ ਇੰਟੀਗਰੇਟ ਕਰਦੇ ਸਮੇਂ ਗਲਾਸ ਦੇ ਹਿੱਸੇ ਬਾਰ-ਬਾਰ ਟੁੱਟ ਜਾਂਦੇ ਸਨ, ਜਿਸ ਕਾਰਣ ਇਸ ਕੰਸੈਪਟ ਨੂੰ ਤਕਨੀਕੀ ਤੌਰ 'ਤੇ ਪੂਰ ਕਰਨਾ ਮੁਸ਼ਕਲ ਹੋ ਗਿਆ। ਫਿਰ ਟਰਾਫੀ ਦ ਫਾਈਨਲ ਵਰਜਨ ਪਲੈਟਿਨਮ ਪਲੇਟਿੰਗ ਨਾਲ ਚਾਂਦੀ ਤੋਂ ਤਿਆਰ ਕੀਤਾ ਗਿਆ।

## ਰੰਗਦਾਰੀ ਮਾਮਲੇ 'ਚ ਲਾਰੈਂਸ ਬਿਸ਼ਨੋਈ ਸਮੇਤ ਤਿੰਨ ਬਰੀ

**ਦੱਖਣੀ ਦਿੱਲੀ:**ਵਕੀਲ ਤੋਂ ਇਕ ਕਰੋੜ ਰੁਪਏ ਦੀ ਰੰਗਦਾਰੀ ਵਸੂਲੀ ਦੀ ਕੋਸ਼ਿਸ਼ ਨਾਲ ਜੁੜੇ ਮਾਮਲੇ 'ਚ ਅਦਾਲਤ ਨੇ ਸ਼ੁੱਕਰਵਾਰ ਨੂੰ ਗੈਂਗਸਟਰ ਲਾਰੈਂਸ ਬਿਸ਼ਨੋਈ ਸਮੇਤ ਹਰੇਨ ਸਰਪਦਾਦੀਆ ਤੇ ਆਸ਼ੀਸ਼ ਸ਼ਰਮਾ ਨੂੰ ਬਰੀ ਕਰ ਦਿੱਤਾ ਹੈ। ਫੈਸਲਾ ਸਾਕੇਤ ਕੋਰਟ ਦੀ ਮੁੱਖ ਨਿਆਇਕ ਮੈਜਿਸਟ੍ਰੇਟ ਨੂਪੁਰ ਗੁਪਤਾ ਦੀ ਅਦਾਲਤ ਨੇ ਸੁਣਾਇਆ। ਕੋਰਟ ਨੇ ਕਿਹਾ ਕਿ ਸ਼ਿਕਾਇਤਕਰਤਾ ਨੇ ਇਹ ਦੋਸ਼ ਨਹੀਂ ਲਗਾਇਆ ਕਿ ਧਮਕੀ ਕਾਰਨ ਉਸਨੇ ਕਿਸੇ ਨੂੰ ਪੈਸਾ ਜਾਂ ਜਾਇਦਾਦ ਦਿੱਤੀ ਸੀ, ਜਦਕਿ ਜਬਰਨ ਵਸੂਲੀ ਦਾ ਅਪਰਾਧ ਲਈ ਡਰ ਦਿਖਾ ਕੇ ਪੈਸਾ ਜਾਂ ਜਾਇਦਾਦ ਨੂੰ ਇਕੱਠਾ ਕਰਨਾ ਜ਼ਰੂਰੀ ਹੈ। ਸਿਰਫ ਧਮਕੀ ਦੇਣਾ ਜਾਂ ਪੈਸੇ ਦੀ ਮੰਗ ਕਰਨਾ, — ਬਿਨਾਂ ਕਿਸੇ ਭੁਗਤਾਨ ਦੇ, ਜਬਰਨ ਵਸੂਲੀ ਦਾ ਅਪਰਾਧ ਨਹੀਂ ਬਣਦਾ। ਰਿਕਾਰਡ 'ਚ ਮੁਲਜ਼ਮਾਂ ਦੇ ਖਿਲਾਫ ਅਜਿਹਾ ਕੋਈ ਪ੍ਰਤੱਖ ਸਬੂਤ ਵੀ ਨਹੀਂ ਮਿਲਿਆ, ਜਿਸ ਨਾਲ ਦੋਸ਼ ਸਾਬਿਤ ਹੋ ਸਕਣ।

ਸਨਲਾਈਟ ਕਾਲੋਨੀ ਥਾਣਾ ਖੇਤਰ 'ਚ ਰਹਿਣ ਵਾਲੇ ਰਮਨਦੀਪ ਸਿੰਘ ਨੇ ਅਪ੍ਰੈਲ ਸਾਲ 2023 'ਚ ਸ਼ਿਕਾਇਤ ਦਰਜ ਕਰਵਾਈ ਸੀ। ਉਨ੍ਹਾਂ ਦੋਸ਼ ਲਗਾਇਆ ਸੀ ਕਿ 23-24 ਅਪ੍ਰੈਲ ਦੀ ਰਾਤ ਉਨ੍ਹਾਂ ਨੂੰ ਇਕ ਅਣਪਛਾਤੇ ਨੰਬਰ ਤੋਂ ਕਈ ਵਾਰ ਫੋਨ ਆਏ, ਜਿਨ੍ਹਾਂ 'ਚ ਇਕ ਕਰੋੜ ਰੁਪਏ ਦੀ ਮੰਗ ਕੀਤੀ ਗਈ ਤੇ ਜਾਨੋਂ ਮਾਰਨ ਦੀ ਧਮਕੀ ਦਿੱਤੀ ਗਈ। ਸ਼ਿਕਾਇਤ ਦੇ ਆਧਾਰ 'ਤੇ ਪੁਲਿਸ ਨੇ ਐੱਫਆਈਆਰ ਦਰਜ ਕੀਤੀ ਸੀ। ਜਾਂਚ ਤੋਂ ਬਾਅਦ ਦਿੱਲੀ ਪੁਲਿਸ ਦੀ ਅਪਰਾਧ ਸ਼ਾਖਾ ਨੇ ਲਾਰੈਂਸ ਬਿਸ਼ਨੋਈ, ਹਰੇਨ ਸਰਪਦਾਦੀਆ, ਆਸ਼ੀਸ਼ ਸ਼ਰਮਾ ਤੇ ਸੰਪਤ ਨਹਿਰਾ ਦੇ ਖ਼ਿਲਾਫ਼ ਚਾਰਜਸ਼ੀਟ ਦਾਖ਼ਲ ਕੀਤੀ ਸੀ।

ਸੁਣਵਾਈ ਦੌਰਾਨ ਸਰਕਾਰੀ ਪੱਖ ਨੇ ਤਰਕ ਦਿੱਤਾ ਕਿ ਇਸਤਗਾਸਾ ਪੱਖ ਨੇ ਮੁਲਜ਼ਮਾਂ ਦੀ ਭੂਮਿਕਾ ਨਾਲ ਜੁੜੇ ਲੜੀਂਦੇ ਤੱਥਾਂ ਨੂੰ ਰਿਕਾਰਡ 'ਤੇ ਰੱਖਿਆ ਹੈ। ਬਚਾਅ ਪੱਖ ਦੇ ਵਕੀਲ ਨੇ ਕਿਹਾ ਕਿ ਮੁਲਜ਼ਮਾਂ ਦਾ ਨਾਂ ਐੱਫਆਈਆਰ 'ਚ ਨਹੀਂ ਸੀ ਤੇ ਉਨ੍ਹਾਂ ਕੋਲੋਂ ਕੋਈ ਬਰਾਮਦਗੀ ਵੀ ਨਹੀਂ ਹੋਈ ਹੈ। ਉਨ੍ਹਾਂ ਦੱਸਿਆ ਕਿ ਗ੍ਰਿਫ਼ਤਾਰੀ ਸਿਰਫ ਸਹਿ-ਮੁਲਜ਼ਮਾਂ ਦੇ ਬਿਆਨ ਦੇ ਆਧਾਰ 'ਤੇ ਕੀਤੀ ਗਈ ਸੀ।



## ਜੰਗ ਜਿੱਤਣ ਲਈ ਬ੍ਰਿਟੇਨ ਦੀ ਮਦਦ ਦੀ ਲੋੜ ਨਹੀਂ: ਟਰੰਪ

**ਲੰਡਨ:**ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਬ੍ਰਿਟੇਨ ਪੱਛਮੀ ਏਸ਼ੀਆ 'ਚ ਦੋ ਜਹਾਜ਼ ਢੋਣ ਵਾਲੇ ਬੇੜੇ ਭੇਜਣ'ਤੇ ਗੰਭੀਰਤਾ ਨਾਲ ਵਿਚਾਰ ਕਰ ਰਿਹਾ ਹੈ ਪਰ ਈਰਾਨ ਜੰਗ ਜਿੱਤਣ ਲਈ ਅਮਰੀਕਾ ਨੂੰ ਇਨ੍ਹਾਂ ਦੀ ਲੋੜ ਨਹੀਂ ਹੈ। ਟਰੁੱਥ ਸੋਸ਼ਲ 'ਤੇ ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਏਰ ਸਟਾਰਮਰ ਦੀ ਨਿਖੇਧੀ ਕਰਦੇ ਹੋਏ ਕਿਹਾ ਕਿ ਸ਼ੁਰੂਆਤ 'ਚ ਬ੍ਰਿਟਿਨ ਟਿਕਾਣਿਆਂ ਦੀ ਵਰਤੋਂ ਤੋਂ ਰੋਕ ਕੇ ਉਨ੍ਹਾਂ ਦੋਵਾਂ ਦੇਸ਼ਾਂ ਦੇ ਇਤਿਹਾਸਕ ਰੂਪ ਨਾਲ ਡੂੰਘੇ ਸਬੰਧਾਂ ਨੂੰ ਬਰਬਾਦ ਕਰਨ 'ਚ ਮਦਦ ਕੀਤੀ। ਈਰਾਨ ਨਾਲ ਸੰਘਰਸ਼ ਦੌਰਾਨ ਬ੍ਰਿਟਿਸ਼ ਸਮਰਥਨ ਦੀ ਘਾਟ ਨੂੰ ਉਹ ਯਾਦ ਰੱਖਣਗੇ। ਟਰੰਪ ਨੇ ਕਿਹਾ, 'ਸਾਡਾ ਕਿਸੇ ਵੇਲੇ ਦਾ ਮਹਾਨ ਸਹਿਯੋਗੀ, ਸ਼ਾਇਤ ਸਭ ਤੋਂ ਮਹਾਨ ਸਹਿਯੋਗੀ ਬ੍ਰਿਟੇਨ ਆਖਿਰਕਾਰ ਪੱਛਮੀ ਏਸ਼ੀਆ 'ਚ ਦੋ ਜਹਾਜ਼ਾਂ ਵਾਲੇ ਬੇੜੇ ਭੇਜਣ 'ਤੇ ਗੰਭੀਰਤਾ ਨਾਲ ਵਿਚਾਰ ਬ੍ਰਿਟੇਨ ਦੀ ਮਦਦ ਕਰ ਰਿਹਾ ਹੈ। ਠੀਕ ਹੈ, ਪ੍ਰਧਾਨ ਮੰਤਰੀ ਸਟਾਰਮਰ, ਸਾਨੂੰ ਹੁਣ ਉਨ੍ਹਾਂ ਦੀ ਲੋੜ ਨਹੀਂ ਹੈ, ਜੋ ਜੰਗ ਜਿੱਤਣ ਤੋਂ ਬਾਅਦ ਉਸ ਵਿਚ ਸ਼ਾਮਲ ਹੋਣ। ਇਹ ਪੋਸਟ ਬ੍ਰਿਟੇਨ ਦੇ ਰੱਖਿਆ ਮੰਤਰਾਲੇ ਵੱਲੋਂ ਪ੍ਰਿੰਸ ਆਫ ਵੇਲਸ ਜਹਾਜ਼ ਢੋਣ ਵਾਲੇ ਬੇੜੇ ਨੂੰ ਸੰਭਾਵੀ ਤਾਇਨਾਤੀ ਲਈ ਤਿਆਰ ਕਰਨ ਦਾ ਐਲਾਨ ਤੋਂ ਬਾਅਦ ਆਇਆ ਹੈ। ਪਰ ਇਕ ਬ੍ਰਿਟਿਸ਼ ਅਧਿਕਾਰੀ ਨੇ ਕਿਹਾ ਕਿ ਇਸ ਨੂੰ ਪੱਛਮੀ ਏਸ਼ੀਆ ਭੇਜਣ ਦੇ ਸਬੰਧ 'ਚ ਹਾਲੇ ਕੋਈ ਆਖਰੀ ਫ਼ੈਸਲਾ ਨਹੀਂ ਲਿਆ ਗਿਆ ਹੈ।

### ਸਟਾਰਮਰ ਨੇ ਆਪਣੇ ਫ਼ੈਸਲੇ ਦਾ ਕੀਤਾ ਬਚਾਅ

ਸਟਾਰਮਰ ਨੇ ਈਰਾਨ 'ਤੇ ਸ਼ੁਰੂਆਤੀ ਹਮਲਿਆਂ 'ਚ ਅਮਰੀਕੀ ਫ਼ੌਜ ਨੂੰ ਬ੍ਰਿਟਿਸ਼ ਟਿਕਾਣਿਆਂ ਦੀ ਵਰਤੋਂ ਕਰਨ ਦੀ ਇਜਾਜ਼ਤ ਨਾ ਦੇਣ ਦੇ ਆਪਣੇ ਫ਼ੈਸਲੇ ਦਾ ਬਚਾਅ ਕੀਤਾ। ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਤੋਂ ਸੰਤੁਸ਼ਟ ਹੋਣਾ ਜ਼ਰੂਰੀ



ਸੀ ਕਿ ਕੋਈ ਵੀ ਫ਼ੌਜੀ ਕਾਰਵਾਈ ਕਾਨੂੰਨੀ ਤੇ ਸੋਚੀ-ਸਮਝੀ ਹੋਵੇ। ਬਾਅਦ 'ਚ ਉਨ੍ਹਾਂ ਅਮਰੀਕੀ ਫ਼ੌਜ ਨੂੰ ਬ੍ਰਿਟਿਸ਼ ਟਿਕਾਣਿਆਂ ਦੀ ਵਰਤੋਂ ਕਰਨ ਦੀ ਇਜਾਜ਼ਤ ਦੇ ਦਿੱਤੀ, ਜਿਸ ਨੂੰ ਉਨ੍ਹਾਂ ਸਟੋਰੇਜ ਡਿਪੂ ਜਾਂ ਲਾਂਚਰਾਂ 'ਚ ਰੱਖੀਆਂ ਮਿਜ਼ਾਈਲਾਂ ਖ਼ਿਲਾਫ਼ ਰੱਖਿਆਤਮਕ ਹਮਲੇ ਦੱਸਿਆ। ਬ੍ਰਿਟਿਸ਼ 5 ਵਿਦੇਸ਼ ਮੰਤਰੀ ਯਵੇਟ ਕੂਪਰ ਨੇ ਕਿਹਾ ਕਿ ਅਹੁਦੇ 'ਤੇ ਰਹਿੰਦੇ ਹੋਏ ਮੈਂ ਜੋ ਸਿੱਖਿਆ ਹੈ, ਉਹ ਇਹ ਹੈ ਕਿ ਤੁਹਾਨੂੰ ਅਸਲ ਮੁੱਦਿਆਂ ਜਾ 'ਤੇ ਧਿਆਨ ਦੇਣਾ ਚਾਹੀਦਾ ਹੈ।

## ਅਨਿਲ ਅੰਬਾਨੀ ਖ਼ਿਲਾਫ਼ ਐੱਫ. ਆਈ. ਆਰ. ਦਰਜ

**ਨਵੀਂ ਦਿੱਲੀ:**ਸੀਬੀਆਈ ਨੇ 1,085 ਕਰੋੜ ਰੁਪਏ ਤੋਂ ਵੱਧ ਦੇ ਕਥਿਤ ਬੈਂਕ ਧੋਖਾਧੜੀ ਮਾਮਲੇ 'ਚ ਸਨਅਤਕਾਰ ਅਨਿਲ ਅੰਬਾਨੀ, ਉਨ੍ਹਾਂ ਦੀ ਕੰਪਨੀ ਰਿਲਾਇੰਸ ਕਮਿਊਨੀਕੇਸ਼ਨਸ ' ਲਿਮਟਡ ਤੇ ਇਸ ਦੇ ਸਾਬਕਾ ਡਾਇਰੈਕਟਰ




ਅਸ਼ੋਕ ਕੱਕੜ ਖ਼ਿਲਾਫ਼ ਐੱਫਆਈਆਰ ਦਰਜ ਕੀਤੀ ਹੈ। ਇਹ ਕਾਰਵਾਈ ਪੰਜਾਬ ਨੈਸ਼ਨਲ ਬੈਂਕ (ਪੀਐੱਨਬੀ) ਦੀ ਸ਼ਿਕਾਇਤ 'ਤੇ ਕੀਤੀ ਗਈ ਹੈ। ਐੱਫਆਈਆਰ 'ਚ ਕੁਝ ਬੇਪਛਾਣ ਲੋਕ ਸੇਵਕਾਂ ਤੇ ਹੋਰ ਵਿਅਕਤੀਆਂ ਨੂੰ ਵੀ ਨਾਮਜ਼ਦ ਕੀਤਾ ਗਿਆ ਹੈ, ਜਿਨ੍ਹਾਂ ਦੀ ਮਿਲੀਭੁਗਤ ਦੀ ਜਾਂਚ ਕੀਤੀ ਜਾ ਰਹੀ ਹੈ। ਸੀਬੀਆਈ ਵੱਲੋਂ ਦਰਜ ਐੱਫਆਈਆਰ ਮੁਤਾਬਕ, ਇਹ ਧੋਖਾਧੜੀ ਸਾਲ 2013 ਤੋਂ 2017 ਵਿਚਕਾਰ ਕੀਤੀ ਗਈ। ਦੋਸ਼ ਹੈ ਕਿ ਮੁਲਜ਼ਮਾਂ ਨੇ ਅਪਰਾਧਕ ਸਾਜ਼ਿਸ਼ ਰਚ ਕੇ ਪੰਜਾਬ ਨੈਸ਼ਨਲ ਬੈਂਕ ਤੇ ਯੂਨਾਈਟਡ ਬੈਂਕ ਆਫ ਇੰਡੀਆ (ਹੁਣ ਪੀਐੱਨਬੀ 'ਚ ਚਲੇਵਾਂ) ਨੂੰ ਕਰਜ਼ ਸਹੂਲਤ ਦੇਣ ਲੀ ਪ੍ਰੇਰਤ ਕੀਤਾ।

## ਗੋਲਡੀ ਬਰਾੜ ਦੀ ਮਾਂ ਨੂੰ ਸ਼ਰਤਾਂ ਸਮੇਤ ਜ਼ਮਾਨਤ

**ਸ੍ਰੀ ਮੁਕਤਸਰ ਸਾਹਿਬ:**ਜ਼ਿਲ੍ਹਾ ਅਤੇ ਸੈਸ਼ਨ ਜੱਜ ਰਾਜ ਕੁਮਾਰ ਦੀ ਅਦਾਲਤ ਨੇ ਅੱਤਵਾਦੀ ਗੋਲਡੀ ਬਰਾੜ ਦੀ ਮਾਂ ਪ੍ਰੀਤਪਾਲ ਕੌਰ ਨੂੰ 50 ਲੱਖ ਰੁਪਏ ਫਿਰੌਤੀ ਮੰਗਣ ਦੇ ਇਕ ਮਾਮਲੇ 'ਚ ਜ਼ਮਾਨਤ 'ਤੇ ਰਿਹਾਅ ਕਰਨ ਦੇ ਹੁਕਮ ਦਿੱਤੇ ਹਨ। ਪ੍ਰੀਤਪਾਲ ਕੌਰ ਅਤੇ ਉਨ੍ਹਾਂ ਦੇ ਪਤੀ ਸ਼ਮਸ਼ੇਰ ਸਿੰਘ 26 ਜਨਵਰੀ ਤੋਂ ਜੇਲ੍ਹ 'ਚ ਬੰਦ ਸਨ। ਪ੍ਰੀਤਪਾਲ ਕੌਰ ਦੇ ਵਕੀਲ ਬਾਬੂ ਸਿੰਘ ਸਿੱਧੂ ਨੇ ਦੱਸਿਆ ਕਿ ਉਨ੍ਹਾਂ ਨੇ ਸਿਰਫ ਪ੍ਰੀਤਪਾਲ ਕੌਰ ਦੀ ਪੱਕੀ ਜ਼ਮਾਨਤ ਦੀ ਅਰਜ਼ੀ ਲਾਈ ਸੀ। ਅਦਾਲਤ ਨੇ ਪ੍ਰੀਤਪਾਲ ਕੌਰ ਨੂੰ ਬਿਨਾਂ ਇਜਾਜ਼ਤ ਦੇ ਦੇਸ਼ ਨਾ ਛੱਡਣ ਦਾ ਹੁਕਮ ਦਿੱਤਾ ਹੈ।

ਸਫਾਈ ਧਿਰ ਦੇ ਵਕੀਲ ਬਾਬੂ ਸਿੰਘ ਸਿੱਧੂ ਨੇ ਦੱਸਿਆ ਕਿ ਉਨ੍ਹਾਂ ਨੂੰ ਅਦਾਲਤ ਪਾਸੋਂ ਨਿਆਂ ਦੀ ਪੂਰਨ ਆਸ ਸੀ, ਇਸ ਲਈ ਉਨ੍ਹਾਂ ਜ਼ਮਾਨਤ ਦੀ ਅਰਜ਼ੀ ਪੇਸ਼ ਕਰਦਿਆਂ ਅਦਾਲਤ ਨੂੰ ਦੱਸਿਆ ਕਿ ਸ਼ਿਕਾਇਤ ਕਰਤਾ ਵੱਲੋਂ ਸਾਲ ਪਹਿਲਾਂ ਦਰਜ ਕਰਵਾਇਆ ਮੁਕੱਦਮਾ ਅਣਪਛਾਤੇ ਵਿਅਕਤੀਆਂ ਖਿਲਾਫ ਸੀ ਪਰ ਹੁਣ ਸਾਲ ਬਾਅਦ ਸ਼ਿਕਾਇਤ ਕਰਤਾ ਨੇ ਪਹਿਲੇ ਬਿਆਨ 'ਚ ਵੀ ਪ੍ਰੀਤਪਾਲ ਕੌਰ ਦਾ ਨਾਮ ਨਹੀਂ ਸੀ ਲਿਆ ਪਰ ਦੂਜੇ ਦਿਨ ਪੁਲਿਸ ਨੇ ਫਰਜ਼ੀ ਮੁਕਦਮਾ ਦਰਜ ਕਰਕੇ ਪ੍ਰੀਤਪਾਲ ਕੌਰ ਦਾ ਨਾਮ ਸ਼ਾਮਲ ਕੀਤਾ ਤੇ ਗ੍ਰਿਫਤਾਰ ਕਰਕੇ ਜੇਲ੍ਹ ਭੇਜ



ਦਿੱਤਾ। ਗ੍ਰਿਫਤਾਰੀ ਤੋਂ ਬਾਅਦ ਹੁਣ ਪੜਤਾਲ ਦਾ ਸਮਾਂ ਵੀ ਪੂਰਾ ਹੋ ਗਿਆ ਹੈ ਜਿਸ ਦੌਰਾਨ ਪ੍ਰੀਤਪਾਲ ਕੌਰ ਦੇ ਖਿਲਾਫ ਕੋਈ ਸਬੂਤ ਨਹੀਂ ਮਿਲਿਆ। ਇਸ ਲਈ ਪ੍ਰੀਤਪਾਲ ਕੌਰ ਦੀ ਜ਼ਮਾਨਤ ਮਨਜ਼ੂਰ ਕੀਤੀ ਜਾਵੇ। ਅਦਾਲਤ ਨੇ ਸਫਾਈ ਧਿਰ ਦੇ ਵਕੀਲ ਬਾਬੂ ਸਿੰਘ ਸਿੱਧੂ ਦੀਆਂ ਦਲੀਲਾਂ ਨਾਲ ਸਹਿਮਤ ਹੁੰਦਿਆਂ ਪ੍ਰੀਤਪਾਲ ਕੌਰ ਦੀ ਪੱਕੀ ਜ਼ਮਾਨਤ ਦੀ ਅਰਜ਼ੀ ਮਨਜ਼ੂਰ ਕਰਦਿਆਂ ਹੋਰ ਸ਼ਰਤਾਂ ਦੇ ਨਾਲ ਬਿਨ੍ਹਾਂ ਅਦਾਲਤ ਦੀ ਇਜਾਜ਼ਤ ਦੇ ਦੇਸ਼ ਨਾ ਛੱਡਣ ਦੀ ਸ਼ਰਤ ਵੀ ਲਾਈ ਹੈ।

# ਪੰਜਾਬ ਯੂਨੀਵਰਸਿਟੀ ’ਚ ਦਸਤਾਰਾਂ ਤੇ ਕਕਾਰਾਂ ਦੇ ਨਿਰਾਦਰ ਦੀ ਜਥੇਦਾਰ ਗੜਗੱਜ ਵੱਲੋਂ ਨਿੰਦਾ

**ਅੰਮ੍ਰਿਤਸਰ :**ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਪ੍ਰਸ਼ਾਸਨ ਵੱਲੋਂ ਸਿੱਖ ਸੋਚ ਵਾਲੀਆਂ ਵੱਖ-ਵੱਖ ਵਿਦਿਆਰਥੀ ਜਥੇਬੰਦੀਆਂ ਨਾਲ ਜੁੜੇ ਵਿਦਿਆਰਥੀਆਂ ਉੱਤੇ ਕੀਤੀ ਧੱਕੇਸ਼ਾਹੀ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਯੂਨੀਵਰਸਿਟੀ ਅੰਦਰ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕਰਵਾਏ ਗਏ ਸਮਾਗਮ ਬਾਰੇ ਜੇਕਰ



ਵਿਦਿਆਰਥੀਆਂ ਨੂੰ ਕੋਈ ਇਤਰਾਜ਼ ਸੀ ਤਾਂ ਯੂਨੀਵਰਸਿਟੀ ਪ੍ਰਸ਼ਾਸਨ ਦਾ ਇਹ ਮੁੱਢਲਾ ਫਰਜ਼ ਸੀ ਕਿ ਉਨ੍ਹਾਂ ਦੀ ਗੱਲ ਸੁਣੀ ਜਾਂਦੀ ਨਾ ਕਿ ਉਨ੍ਹਾਂ ਨਾਲ ਧੱਕੇਸ਼ਾਹੀ ਕੀਤੀ ਜਾਂਦੀ।

ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਚੰਡੀਗੜ੍ਹ ਪੁਲਿਸ ਵੱਲੋਂ ਰੋਸ ਪ੍ਰਦਰਸ਼ਨ ਲਈ ਇਕੱਠੇ ਹੋਏ ਵਿਦਿਆਰਥੀਆਂ ਨਾਲ ਧੱਕਾ ਕਰਨਾ ਅਤੇ ਸਿੱਖ ਵਿਦਿਆਰਥੀਆਂ ਦੀਆਂ ਦਸਤਾਰਾਂ ਉਤਾਰਨੀਆਂ ਕਦੇ ਵੀ ਬਰਦਾਸ਼ਤ ਨਹੀਂ ਕੀਤੀ ਜਾ ਸਕਦਾ ਇਸ ਲਈ ਦੋਸ਼ੀ ਅਧਿਕਾਰੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਗੁਰਬਾਣੀ ਸਿੱਖਿਆ ਦਿੰਦੀ ਹੈ ਕਿ ਕਿਸੇ ਨੂੰ ਭੈ ਨਹੀਂ ਦਿਖਾਉਣਾ ਅਤੇ ਨਾ ਹੀ ਕਿਸੇ ਦਾ ਭੈ ਮੰਨਣਾ ਹੈ, ਲੇਕਿਨ ਚੰਡੀਗੜ੍ਹ ਪ੍ਰਸ਼ਾਸਨ ਤੇ ਪੰਜਾਬ ਯੂਨੀਵਰਸਿਟੀ ਪ੍ਰਸ਼ਾਸਨ ਨੇ ਜੋ ਸਿੱਖ ਵਿਦਿਆਰਥੀਆਂ ਵਿਰੁੱਧ ਧੱਕੇਸ਼ਾਹੀ ਕੀਤੀ ਹੈ ਉਹ ਗੁਰੂ ਸਾਹਿਬ ਦੀ ਸਿੱਖਿਆਵਾਂ ਦੇ ਬਿਲਕੁਲ ਉਲਟ ਹੈ।

## ਸ਼੍ਰੋਮਣੀ ਕਮੇਟੀ ਵੱਲੋਂ ਵੀ ਨਿਖੇਧੀ



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਚੰਡੀਗੜ੍ਹ ਪੁਲਿਸ ਵੱਲੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਵਿਦਿਆਰਥੀਆਂ ‘ਤੇ ਲਾਠੀਚਾਰਜ ਕਰਨ ਅਤੇ ਦਸਤਾਰਾਂ ਉਤਾਰੇ ਜਾਣ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ।ਐਡਵੋਕੇਟ ਧਾਮੀ ਨੇ ਕਿਹਾ ਕਿ ਦਸਤਾਰ ਸਿੱਖ ਦੇ ਜੀਵਨ ਦਾ ਅਹਿਮ ਅੰਗ ਹੈ ਅਤੇ ਪੁਲਿਸ ਪ੍ਰਸ਼ਾਸਨ ਵੱਲੋਂ ਜ਼ੋਰ ਦਾ ਪ੍ਰਯੋਗ ਕਰਦਿਆਂ ਵਿਦਿਆਰਥੀਆਂ ਦੀਆਂ ਦਸਤਾਰਾਂ ਉਤਾਰੇ ਜਾਣਾ ਸਿੱਖ ਭਾਵਨਾਵਾਂ ਅਤੇ ਸਿੱਖੀ ਦੇ ਗੌਰਵ ਦਾ ਨਿਰਾਦਰ ਹੈ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦਾ ਸ਼ਾਂਤਮਈ ਤਰੀਕੇ ਨਾਲ ਆਪਣੀ ਗੱਲ ਰੱਖਣਾ ਹੱਕ ਹੈ, ਜਿਸ ‘ਤੇ ਕਿਸੇ ਤਰ੍ਹਾਂ ਦੀ ਰੋਕ ਲਗਾਉਣੀ ਪ੍ਰਸ਼ਾਸਨ ਦੀ ਧੱਕੇਸ਼ਾਹੀ ਹੈ।

# ਸਕਿਉਰਿਟੀ ਗਾਰਡ ਬਣਿਆ ਕਰੋੜਪਤੀ

**ਚੰਡੀਗੜ੍ਹ:**ਕਈਵਾਰ ਕਿਸਮਤ ਅਜਿਹਾ ਮੋੜ ਲੈਂਦੀ ਹੈ ਕਿ ਇੱਕ ਵਿਅਕਤੀ ਦੀ ਜ਼ਿੰਦਗੀ ਇੱਕ ਪਲ ਵਿੱਚ ਬਦਲ ਜਾਂਦੀ ਹੈ। ਅਜਿਹਾ ਹੀ

ਕਪਿਲ ਦੇਵ ਨੇ ਇਹ ਲਾਟਰੀ ਟਿਕਟ ਮੋਹਾਲੀ ਦੇ ਜ਼ੀਰਕਪੁਰ ਵਿੱਚ ਲੋਕੇਸ਼ ਲਾਟਰੀ ਏਜੰਸੀ ਤੋਂ ਖਰੀਦੀ ਸੀ।



ਮਾਮਲਾ ਹਰਿਆਣਾ ਦੇ ਪੰਚਕੂਲਾ ਦੇ ਰਾਏਪੁਰ ਰਾਣੀ ਦੇ ਮੌਲੀ ਪਿੰਡ ਦੇ ਨਿਵਾਸੀ ਕਪਿਲ ਦੇਵ ਨਾਲ ਹੈ। ਪੇਸ਼ੇ ਤੋਂ ਇੱਕ ਸੁਰੱਖਿਆ ਗਾਰਡ, ਕਪਿਲ ਦੇਵ ਨੇ ਸਿਰਫ 200 ਰੁਪਏ ਪ੍ਰਤੀ ਮਹੀਨਾ ਦੀ ਪੰਜਾਬ ਸਟੇਟ ਡੀਅਰ ਲਾਟਰੀ ਟਿਕਟ ਖਰੀਦੀ। ਉਸਨੇ 1.5 ਕਰੋੜ ਰੁਪਏ ਦਾ ਪਹਿਲਾ ਇਨਾਮ ਜਿੱਤ ਲਿਆ ਹੈ।

1.5 ਕਰੋੜ ਰੁਪਏ ਜਿੱਤਣ ਤੋਂ ਬਾਅਦ ਉਸਦਾ ਪਰਿਵਾਰ ਅਤੇ ਪਿੰਡ ਬਹੁਤ ਖੁਸ਼ ਹਨ। ਉਸਦੇ ਪਿਤਾ ਪੰਜਾਬ ਖੇਤੀਬਾੜੀ ਵਿਭਾਗ ਤੋਂ ਸੇਵਾਮੁਕਤ ਹੋਏ ਸਨ। ਆਪਣੇ ਪਰਿਵਾਰ ਦੀ ਮਾਮੂਲੀ ਵਿੱਤੀ ਸਥਿਤੀ ਦੇ ਬਾਵਜੂਦ, ਕਪਿਲ ਦੇਵ ਸਖ਼ਤ ਮਿਹਨਤ ਕਰਦੇ ਰਹੇ। ਕਪਿਲ ਦੇਵ ਤਿੰਨ ਬੱਚਿਆਂ ਦਾ ਪਿਤਾ ਹੈ ।

# ਐਲ.ਪੀ.ਜੀ. ਦੀ ਘਾਟ ਕਾਰਨ ਮੁੰਬਈ ਦੇ 20% ਹੋਟਲ ਅਤੇ ਰੈਸਟੋਰੈਂਟ ਬੰਦ

**ਮੁੰਬਈ:** ਹੋਟਲ ਐਸੋਸੀਏਸ਼ਨ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਗੈਸ ਸਪਲਾਈ ਦੀ ਸਥਿਤੀ ਵਿੱਚ ਸੁਧਾਰ ਨਹੀਂ ਹੋਇਆ ਤਾਂ ਅਗਲੇ ਦਿਨਾਂ ਅੰਦਰ ਸ਼ਹਿਰ ਦੇ 50% ਤੱਕ ਹੋਟਲ ਬੰਦ ਹੋ ਸਕਦੇ ਹਨ। ਵਿਸ਼ਵ ਤੇਲ ਬਾਜ਼ਾਰ ਵਿੱਚ ਆਈਆਂ ਰੁਕਾਵਟਾਂ ਭਾਰਤ ਦੇ ਐਲਪੀਜੀ ਸਪਲਾਈ ਸੰਕਟ ਨੂੰ ਪ੍ਰਭਾਵਿਤ ਕਰ ਰਹੀਆਂ ਹਨ। ਭਾਰਤ ਸਰਕਾਰ ਨੇ ਐਲਪੀਜੀ ਦੀ ਘਾਟ ਨੂੰ ਪੂਰਾ ਕਰਨ ਲਈ ਕੁਝ ਉਪਾਅ ਕੀਤੇ




ਹਨ। ਸ਼ਹਿਰ ਦੇ ਹੋਟਲ ਅਤੇ ਰੈਸਟੋਰੈਂਟ ਐਸੋਸੀਏਸ਼ਨ ਨੇ ਮੰਗਲਵਾਰ ਨੂੰ ਕਿਹਾ ਕਿ ਵਪਾਰਕ ਗੈਸ ਦੀ ਸਪਲਾਈ ਵਿੱਚ ਵਿਘਨ ਕਾਰਨ ਮੁੰਬਈ ਦੇ ਲਗਭਗ 20% ਹੋਟਲ ਅਤੇ ਰੈਸਟੋਰੈਂਟ ਹੁਣ ਤੱਕ ਬੰਦ ਹੋ ਗਏ ਹਨ।ਚਾਲੂ ਰਹਿਣ ਵਾਲੇ ਰੈਸਟੋਰੈਂਟਾਂ ਦੀ ਗਿਣਤੀ ਇਸ ਗੱਲ ‘ਤੇ ਨਿਰਭਰ ਕਰਦੀ ਹੈ ਕਿ ਵਿਅਕਤੀਗਤ ਅਦਾਰਿਆਂ ਕੋਲ ਇਸ ਸਮੇਂ ਕਿੰਨਾ ਸਟਾਕ ਉਪਲਬਧ ਹੈ।

# ਪੰਜਾਬ ਯੂਨੀਵਰਸਿਟੀ ’ਚ ਆਰ.ਐੱਸ.ਐੱਸ. ਦੇ ਆਗੂ ਸੱਦਣ ਉਤੇ ਹੰਗਾਮਾ

**ਚੰਡੀਗੜ੍ਹ:**ਪੰਜਾਬ ਯੂਨੀਵਰਸਿਟੀ ਦੇ ਲਾਅ ਆਡੀਟੋਰੀਅਮ ਵਿੱਚ ਗੁਰੂ ਤੇਗ ਬਹਾਦਰ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਇੱਕ ਪ੍ਰੋਗਰਾਮ ਦੌਰਾਨ ਹੰਗਾਮਾ ਹੋ ਗਿਆ। ਵਿਦਿਆਰਥੀਆਂ ਨੇ ਰ.ਸ.ਸ. ਦੇ ਆਗੂਆਂ ਬਨਵੀਰ ਸਿੰਘ ਅਤੇ ਇਕਬਾਲ ਸਿੰਘ ਲਾਲਪੁਰਾ ਦੇ ਮੁੱਖ ਬੁਲਾਰਿਆਂ ਵਜੋਂ ਆਉਣ ਦਾ ਵਿਰੋਧ ਕੀਤਾ। ਪ੍ਰਦਰਸ਼ਨਕਾਰੀ ਵਿਦਿਆਰਥੀਆਂ ਨੇ ਪ੍ਰੋਗਰਾਮ ਤੋਂ ਪਹਿਲਾਂ ਕੈਂਪਸ ਵਿੱਚ ਪ੍ਰਦਰਸ਼ਨ ਕੀਤਾ, ਯੂਨੀਵਰਸਿਟੀ ਪ੍ਰਸ਼ਾਸਨ ਵਿਰੁੱਧ ਨਾਅਰੇਬਾਜ਼ੀ ਕੀਤੀ। ਸਥਿਤੀ ਨੂੰ ਦੇਖਦੇ ਹੋਏ, ਯੂਨੀਵਰਸਿਟੀ ਕੈਂਪਸ ਵਿੱਚ ਪੁਲਿਸ ਤਾਇਨਾਤ ਕਰ ਦਿੱਤੀ ਗਈ ਸੀ। ਪ੍ਰੋਗਰਾਮ ਵਾਲੀ ਥਾਂ ਵੱਲ ਜਾ ਰਹੇ ਵਿਦਿਆਰਥੀਆਂ ਨੂੰ ਪੁਲਿਸ ਨੇ ਸਟੂਡੈਂਟ ਸੈਂਟਰ ਦੇ ਨੇੜੇ ਰੋਕ ਲਿਆ ਅਤੇ ਕਈਆਂ ਨੂੰ ਉੱਥੇ ਹਿਰਾਸਤ ਵਿੱਚ ਲੈ ਲਿਆ। ਇਸ ਦੌਰਾਨ, ਪੁਲਿਸ ਅਤੇ ਵਿਦਿਆਰਥੀਆਂ ਵਿਚਕਾਰ ਝੜਪ ਹੋਈ, ਜਿਸ ਨਾਲ ਕੁਝ ਸਮੇਂ ਲਈ ਤਣਾਅਪੂਰਨ ਮਾਹੌਲ ਬਣ ਗਿਆ।



ਕੁਝ ਸਟੂਡੈਂਟਸ ਸੰਗਠਨਾਂ ਨੇ ਬਹੁਤ ਹੰਗਾਮਾ ਕੀਤਾ ਅਤੇ ਦੋਸ਼ ਲਗਾਇਆ ਕਿ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ ਨੌਵੇਂ ਗੁਰੂ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ ਅਤੇ ਦਰਸ਼ਨ ‘ਤੇ ਆਯੋਜਿਤ ਇੱਕ ਸੈਮੀਨਾਰ ਵਿੱਚ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਨੇਤਾ, ਇਕਬਾਲ ਸਿੰਘ ਲਾਲਪੁਰਾ ਨੂੰ ਮੁੱਖ ਬੁਲਾਰੇ ਵਜੋਂ ਅਤੇ ਰਾਸ਼ਟਰੀ ਸਵੈਮ ਸੇਵਕ ਸੰਘ ਦੇ ਇੱਕ ਸੀਨੀਅਰ ਕਾਰਜਕਾਰੀ, ਬਨਵੀਰ ਸਿੰਘ ਨੂੰ ਮੁੱਖ ਮਹਿਮਾਨ ਵਜੋਂ ਸੱਦਾ ਦਿੱਤਾ ਗਿਆ ਹੈ, ਜਿਸਦਾ ਯੂਨੀਵਰਸਿਟੀ ਦੇ ਵੱਖ-ਵੱਖ ਵਿਦਿਆਰਥੀ ਸੰਗਠਨਾਂ ਵੱਲੋਂ ਸਖ਼ਤ ਵਿਰੋਧ ਕੀਤਾ ਜਾ ਰਿਹਾ ਹੈ।ਦੂਜੇ ਪਾਸੇ, ਜਦੋਂ ਪ੍ਰੋਗਰਾਮ ਤੋਂ ਬਾਹਰ ਆਏ ਇਕਬਾਲ ਸਿੰਘ ਲਾਲ ਪੂਰਾ ਨਾਲ ਇਸ ਬਾਰੇ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਪ੍ਰੋਗਰਾਮ ਬਹੁਤ ਵਧੀਆ ਸੀ ਪਰ ਉਨ੍ਹਾਂ ਨੂੰ ਨਹੀਂ ਪਤਾ ਕਿ ਕੋਈ ਵਿਰੋਧ ਹੋਇਆ ਸੀ ਜਾਂ ਕਿਸੇ ਨੇ ਇਸ ‘ਤੇ ਇਤਰਾਜ਼ ਕੀਤਾ ਸੀ, ਹਾਲਾਂਕਿ ਉਹ ਇਸ ਸਵਾਲ ਨੂੰ ਟਾਲਦੇ ਹੋਏ ਦਿਖਾਈ ਦਿੱਤੇ। ਹਾਲ ਦੇ ਅੰਦਰ ਵੀ ਕੁਝ ਵਿਦਿਆਰਥਣਾਂ ਨੇ ਮੋਦੀ ਵਿਰੁੱਧ ਨਾਅਰੇਬਾਜ਼ੀ ਕੀਤੀ, ਜਿਨ੍ਹਾਂ ਨੂੰ ਪੁਲਿਸ ਨੇ ਭਜਾ ਕੇ ਬਾਹਰ ਕੱਢ ਦਿੱਤਾ ਅਤੇ ਹਿਰਾਸਤ ਵਿੱਚ ਲੈ ਲਿਆ।

ਹਾਲਾਂਕਿ, ਪੁਲਿਸ ਨੇ ਪੂਰੇ ਲਾਅ ਆਡੀਟੋਰੀਅਮ ਅਤੇ ਆਲੇ ਦੁਆਲੇ ਦੇ ਖੇਤਰ ਨੂੰ ਸਮਾਗਮ ਖਤਮ ਹੋਣ ਤੱਕ ਸੀਲ ਕਰ ਦਿੱਤਾ। ਹਾਲਾਂਕਿ, ਜਿਵੇਂ ਹੀ ਲਾਲਪੁਰ ਆਏ ਤਾਂ ਕੁਝ ਵਿਦਿਆਰਥੀਆਂ ਨੇ ਉਸ ਵਿਰੁੱਧ ਨਾਅਰੇਬਾਜ਼ੀ ਕਰਨੀ ਸ਼ੁਰੂ ਕਰ ਦਿੱਤੀ। ਚੰਡੀਗੜ੍ਹ ਪੁਲਿਸ ਜਲਦੀ ਪਹੁੰਚੀ, ਉਸਨੂੰ ਮੌਕੇ ਤੋਂ ਹਟਾ ਦਿੱਤਾ ਅਤੇ ਉਸਨੂੰ ਹਿਰਾਸਤ ਵਿੱਚ ਲੈ ਲਿਆ।

# ਸ਼੍ਰੋਮਣੀ ਕਮੇਟੀ ਦਾ ਸਕੱਤਰ ਪ੍ਰਤਾਪ ਸਿੰਘ ਮੁਅੱਤਲ

**ਅੰਮ੍ਰਿਤਸਰ:**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ‘ਤੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਵੱਡੀ ਕਾਰਵਾਈ ਕੀਤੀ ਹੈ । ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੂੰ ਸਸਪੈਂਡ ਕਰ ਦਿੱਤਾ ਗਿਆ ਹੈ । ਗੁਰੂਦੁਆਰਾ ਅੰਬ ਸਾਹਿਬ ਜ਼ਮੀਨ ਮਾਮਲੇ ਦੇ ਸਬੰਧ ‘ਚ ਗਠਿਤ ਕੀਤੀ ਸਬ ਕਮੇਟੀ ਦੀ ਰਿਪੋਰਟ ਦੇ ਅਧਾਰ ‘ਤੇ ਐਡਵੋਕੇਟ ਧਾਮੀ ਨੇ ਕਾਰਵਾਈ ਕਰਦਿਆਂ ਪ੍ਰਤਾਪ ਸਿੰਘ ਨੂੰ ਸਸਪੈਂਡ ਕਰ ਦਿੱਤਾ ਹੈ। ਦੱਸ ਦਈਏ ਕਿ ਗੁਰਦੁਆਰਾ ਸ੍ਰੀ ਅੰਬ ਸਾਹਿਬ ਪਾਤਸ਼ਾਹੀ ਸੱਤਵੀਂ, ਮੁਹਾਲੀ ਦੀ ਪਿੰਡ ਸੈਣੀਮਾਜਰਾ (ਪ੍ਰੇਮਗੜ੍ਹ) ਵਿਖੇ ਪੈਂਦੀ 1 ਵਿਘਾ, 6 ਵਿਸਬੇ, 10 ਵਿਸਬਾਸੀਆਂ ਜ਼ਮੀਨ ਅਮਾਨਤ ਵਿੱਚ ਖਿਆਨਤ ਤੇ ਧੋਖਾਧੜੀ ਕਰਕੇ ਫ਼ਰਜ਼ੀ ਢੰਗ ਨਾਲ ਵੇਚਣ ਦਾ ਮਾਮਲਾ ਸਾਹਮਣੇ ਆਇਆ ਸੀ।



ਮਾਮਲੇ ‘ਚ ਐਸਜੀਪੀਸੀ ਵੱਲੋਂ ਸ਼ੁਰੂ ਤੋਂ ਹੀ ਸਖਤੀ ਵਿਖਾਈ ਗਈ ਅਤੇ ਐਡਵੋਕੇਟ ਧਾਮੀ ਨੇ ਗੁਰਦੁਆਰਾ ਸਾਹਿਬ ਦੇ ਮੈਨੇਜਰ ਰਜਿੰਦਰ ਸਿੰਘ ਨੂੰ ਮੁਅੱਤਲ ਕਰਨ ਦੇ ਨਾਲ-ਨਾਲ ਮੈਨੇਜਰ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਦਾ ਆਦੇਸ਼ ਕੀਤਾ ਸੀ।

ਮਾਮਲੇ ਦੀ ਜਾਂਚ ਲਈ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ‘ਤੇ ਅਧਾਰਤ ਇੱਕ ਪੰਜ-ਮੈਂਬਰੀ ਕਮੇਟੀ ਬਣਾਈ ਗਈ ਸੀ, ਜਿਸ ਵਿੱਚ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਬੀਬੀ ਹਰਜਿੰਦਰ ਕੌਰ, ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਮੈਂਬਰ ਚਰਨਜੀਤ ਸਿੰਘ ਕਾਲੇਵਾਲ, ਸੁਰਜੀਤ ਸਿੰਘ ਭਿੱਟੇਵੱਡ ਅਤੇ ਪਰਮਜੀਤ ਸਿੰਘ ਲੱਖੇਵਾਲ ਨੂੰ ਸ਼ਾਮਲ ਕੀਤਾ ਗਿਆ ਸੀ। ਇਸ ਕਮੇਟੀ ਵੱਲੋਂ ਹੁਣ ਰਿਪੋਰਟ ਦਿੱਤੀ ਗਈ ਸੀ, ਜਿਸ ਦੇ ਆਧਾਰ ‘ਤੇ ਹਰਜਿੰਦਰ ਸਿੰਘ ਧਾਮੀ ਨੇ ਵੱਡੀ ਕਾਰਵਾਈ ਕੀਤੀ ਹੈ। ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੂੰ ਸਸਪੈਂਡ ਕਰ ਦਿੱਤਾ ਗਿਆ ਹੈ।

# ਔਰਤਾਂ ਬਾਰੇ ਟਿੱਪਣੀ ’ਤੇ ਸੁਖਪਾਲ ਖਹਿਰਾ ਵਿਰੁੱਧ ‘ਨਿੰਦਾ ਮਤਾ’ ਪਾਸ

**ਚੰਡੀਗੜ੍ਹ:**ਪੰਜਾਬ ਵਿਧਾਨ ਸਭਾ ਵਿੱਚ ਮੰਗਲਵਾਰ ਨੂੰ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਵਿਰੁੱਧ ਪੇਸ਼ ਕੀਤਾ ਗਿਆ ‘ਨਿੰਦਾ ਮਤਾ’ ਭਾਰੀ ਹੰਗਾਮੇ ਅਤੇ ਬਹਿਸ ਤੋਂ ਬਾਅਦ ਪਾਸ ਕਰ ਦਿੱਤਾ ਗਿਆ ਹੈ। ਔਰਤਾਂ ਵਿਰੁੱਧ ਵਰਤੀ ਗਈ ਕਥਿਤ ਅਪਮਾਨਜਨਕ ਸ਼ਬਦਾਵਲੀ ਦੇ ਮੁੱਦੇ ‘ਤੇ ਸੱਤਾ ਪੱਖ ਵੱਲੋਂ ਲਿਆਂਦੇ ਗਏ ਇਸ ਮਤੇ ‘ਤੇ ਸਦਨ ਵਿੱਚ ਤਿੱਖੀ ਨੋਕ-ਝੋਕ ਹੋਈ। ਸਦਨ ਵਿੱਚ ਨਿੰਦਾ ਪ੍ਰਸਤਾਅ ਤੇ ਬਹਿਸ ਮਗਰੋਂ ਜ਼ੁਬਾਨੀ ਵੋਟਿੰਗ ਹੋਈ । ਸਪੀਕਰ ਨੇ ਜ਼ੁਬਾਨੀ ਵੋਟਿੰਗ ਲਈ ਕਾਂਗਰਸੀ ਵਿਧਾਇਕਾਂ ਨੂੰ ਲਗਾਤਾਰ ਤਿੰਨ ਮੌਕੇ ਦਿੱਤੇ, ਪਰ ਕਾਂਗਰਸੀ ਵਿਧਾਇਕਾ ਨੇ ਪੂਰੀ ਤਰ੍ਹਾਂ ਚੁੱਪ ਵੱਟੀ ਰੱਖੀ। ਇਸ ‘ਤੇ ਸਪੀਕਰ ਨੇ ਸਪੱਸ਼ਟ ਕੀਤਾ ਕਿ ਕਾਂਗਰਸੀ ਵਿਧਾਇਕਾਂ ਦੀ ਇਸ ਚੁੱਪ ਨੂੰ ਮਤੇ ਦੇ ਵਿਰੋਧ (ਨਾਂਹ) ਵਿੱਚ ਮੰਨਿਆ ਜਾਵੇਗਾ।



ਦੱਸ ਦਈਏ ਕਿ ਇਸ ਤੋਂ ਪਹਿਲਾਂ ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ ਵਿੱਚ ਅੱਜ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਵੱਲੋਂ ਔਰਤਾਂ ਨੂੰ 1000 ਰੁਪਏ ਦੇਣ ਸੰਬੰਧੀ ਪਾਈ ਗਈ ਇੱਕ ਸੋਸ਼ਲ ਮੀਡੀਆ ਪੋਸਟ ਨੇ ਸਿਆਸੀ ਭੂਚਾਲ ਲਿਆ ਦਿੱਤਾ ਸੀ। ‘ਆਪ’ ਵਿਧਾਇਕਾ ਸਰਬਜੀਤ ਕੌਰ ਮਾਣੂਕੇ ਨੇ ਸਦਨ ਵਿੱਚ ਮਤਾ ਕੀਤਾ, ਜਿਸ ਦੀ ਪ੍ਰੋੜਤਾ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕੀਤੀ ਸੀ। ਮਾਣੂਕੇ ਨੇ ਸਖ਼ਤ ਸ਼ਬਦਾਂ ਵਿੱਚ ਕਿਹਾ ਕਿ ਖਹਿਰਾ ਦੀ ਟਿੱਪਣੀ ਔਰਤਾਂ ਦੇ ਸਨਮਾਨ ਦੇ ਖ਼ਿਲਾਫ਼ ਹੈ ਅਤੇ ਇਸ ਲਈ ਉਨ੍ਹਾਂ ਨੂੰ ਜਨਤਕ ਤੌਰ ‘ਤੇ ਮੁਆਫ਼ੀ ਮੰਗਣੀ ਚਾਹੀਦੀ ਹੈ। ਇਸ ਤੋਂ ਪਹਿਲਾਂ ‘ਆਪ’ ਵਿਧਾਇਕਾ ਇੰਦਰਜੀਤ ਕੌਰ, ਜੀਵਨਜੋਤ ਕੌਰ ਅਤੇ ਡਾ. ਅਮਨਦੀਪ ਅਰੋੜਾ ਸਰਬਜੀਤ ਕੌਰ ਮਾਣੂਕੇ ਸਪੀਕਰ ਦੀ ਕੁਰਸੀ ਕੋਲ ਜਾ ਕੇ ਖਹਿਰਾ ਖਿਲਾਫ਼ ਨਾਅਰੇਬਾਜ਼ੀ ਕੀਤੀ ਸੀ ।

## ਭਾਰਤ ਸਰਕਾਰ ਨੇ ਦੇਸ਼ ਭਰ ’ਚ ਲਾਗੂ ਕੀਤਾ ‘ਜ਼ਰੂਰੀ ਸੇਵਾਵਾਂ ਕਾਨੂੰਨ’

**ਨਵੀਂ ਦਿੱਲੀ:**ਈਰਾਨ ਨਾਲ ਚੱਲ ਰਹੇ ਅਮਰੀਕਾ-ਇਜ਼ਰਾਈਲ ਯੁੱਧ ਕਾਰਨ ਕੇਂਦਰ ਸਰਕਾਰ ਨੇ ਦੇਸ਼ ਵਿੱਚ ਕੁਦਰਤੀ ਗੈਸ ਦੀ ਸਪਲਾਈ ਨੂੰ ਯਕੀਨੀ ਬਣਾਉਣ ਲਈ ਇੱਕ ਵੱਡਾ ਫੈਸਲਾ ਲਿਆ ਹੈ। ਜਿਸ ਨਾਲ ਗੈਸ ਕੰਪਨੀਆਂ ਨੂੰ ਤਰਜੀਹੀ ਖੇਤਰਾਂ ਵਿੱਚ ਗੈਸ ਸਪਲਾਈ ਕਰਨ ਦਾ ਆਦੇਸ਼ ਦਿੱਤਾ ਗਿਆ ਹੈ। ਸਰਕਾਰ ਦੇ ਨਿਰਦੇਸ਼ਾਂ ਅਨੁਸਾਰ, ਘਰੇਲੂ ਖਪਤਕਾਰਾਂ ਨੂੰ ਜ਼ਰੂਰੀ ਸੇਵਾਵਾਂ ਨੂੰ ਤਰਜੀਹ ਮਿਲੇਗੀ, ਜਦੋਂ ਕਿ ਕੁਝ ਉਦਯੋਗਾਂ ਨੂੰ



ਸੀਮਤ ਗੈਸ ਸਪਲਾਈ ਮਿਲੇਗੀ। ਇਹ ਆਦੇਸ਼ ਜ਼ਰੂਰੀ ਵਸਤੂਆਂ ਐਕਟ, 1955 ਦੀ ਧਾਰਾ 3 ਦੇ ਤਹਿਤ ਜਾਰੀ ਕੀਤਾ ਗਿਆ ਸੀ, ਜੋ ਕਿ ਉਹ ਕਾਨੂੰਨ ਹੈ ਜਿਸ ਦੇ ਤਹਿਤ ਸਰਕਾਰ ਸਪਲਾਈ ਅਤੇ ਵੰਡ ਨੂੰ ਕੰਟਰੋਲ ਕਰਨ ਲਈ ਐਮਰਜੈਂਸੀ ਪ੍ਰਬੰਧਾਂ ਦੀ ਵਰਤੋਂ ਕਰਦੀ ਹੈ।ਪੱਛਮੀ ਏਸ਼ੀਆਈ ਸੰਕਟ ਨੇ ਦੁਨੀਆ ਭਰ ਵਿੱਚ ਪੈਟਰੋਲੀਅਮ ਉਤਪਾਦਾਂ ਦੀ ਸਪਲਾਈ ਵਿੱਚ ਵਿਘਨ ਪਾਇਆ ਹੈ, ਜਿਸ ਕਾਰਨ ਕੱਚੇ ਤੇਲ ਦੀਆਂ ਕੀਮਤਾਂ ਪ੍ਰਤੀ ਬੈਰਲ 110 ਡਾਲਰ ਤੋਂ ਵੱਧ ਹੋ ਗਈਆਂ ਹਨ। ਦੇਸ਼ ਵਿੱਚ ਵਪਾਰਕ ਰਸੋਈ ਗੈਸ ਸਿਲੰਡਰਾਂ ਦੀ ਭਾਰੀ ਘਾਟ ਹੋ ਗਈ ਹੈ, ਜਿਸ ਨਾਲ ਹੋਟਲ ਉਦਯੋਗ ਵਿੱਚ ਗੰਭੀਰ ਚਿੰਤਾਵਾਂ ਪੈਦਾ ਹੋ ਗਈਆਂ ਹਨ।

# ਪੰਜਾਬ ਟਾਈਮਜ਼

*7 ਮਾਰਚ, ਸ਼ਨਿਚਰਵਾਰ*

## ਮੀਡੀਆ ਦੀ ਯੁੱਧ-ਨੀਤੀ

*ਇਰਾਨ ਵਿਰੁੱਧ ਅਮਰੀਕਾ ਅਤੇ ਇਜ਼ਰਾਈਲ ਵਲੋਂ ਸ਼ੁਰੂ ਕੀਤੇ ਗਏ ਯੁੱਧ ਦੀਆਂ ਖ਼ਬਰਾਂ ਨੂੰ ਗਹੁ ਨਾਲ ਵੇਖੀਏ ਤਾਂ ਸਾਫ਼ ਪਤਾ ਲਗਦਾ ਹੈ ਕਿ ਵਿਸ਼ਵ ਪੱਧਰ 'ਤੇ ਸਾਰਾ ਮੀਡੀਆ ਪੂਰੀ ਤਰ੍ਹਾਂ ਨਾਲ ਅਮਰੀਕਾ ਪੱਖੀ ਹੋਇਆ ਪਿਆ ਹੈ। ਭਾਰਤੀ ਮੀਡੀਆ ਦੀ ਸਥਿਤੀ ਵੀ ਅਜੇਹੀ ਹੀ ਹੈ। ਜ਼ਿਆਦਾਤਰ ਟੀਵੀ 'ਤੇ ਰੱਖਿਆ ਮਾਹਿਰਾਂ ਵਜੋਂ ਬੋਲਣ ਵਾਲੇ ਸੇਵਾਮੁਕਤ ਫ਼ੌਜੀ ਅਧਿਕਾਰੀ ਵੀ ਇਕੋ ਬੋਲੀ ਬੋਲਦੇ ਦਿਸਦੇ ਹਨ। ਮੀਡੀਆ ਤੋਂ ਸਿਰਫ਼ ਇਹੀ ਆਵਾਜ਼ ਸੁਣਾਈ ਦਿੰਦੀ ਹੈ ਕਿ ਅਮਰੀਕਾ ਜਿੱਤ ਰਿਹਾ ਹੈ। ਬਿਨਾਂ ਸ਼ੱਕ ਅਮਰੀਕਾ ਬਹੁਤ ਸ਼ਕਤੀਸ਼ਾਲੀ ਦੇਸ਼ ਹੈ,ਪਰ ਇਹ ਵੀ ਸੱਚ ਹੈ ਕਿ ਵੀਅਤਨਾਮ, ਅਫਗਾਨਿਸਤਾਨ ਅਤੇ ਇਰਾਕ ਦਾ ਇਤਿਹਾਸ ਕੁਝ ਹੋਰ ਕਹਿੰਦਾ ਹੈ।*

*ਲੱਗਦਾ ਹੈ ਕਿ ਇਤਿਹਾਸ ਆਪਣੇ ਆਪ ਨੂੰ ਮੁੜ ਦੁਹਰਾਉਣ ਵਾਲਾ ਹੈ ਤੇ ਅਮਰੀਕਾ ਹੁਣ ਇਰਾਨ ਯੁੱਧ ਵਿਚ ਡੂੰਘਾ ਫਸਣ ਵਾਲਾ ਹੈ। ਅਮਰੀਕਾ ਨੂੰ ਇਜ਼ਰਾਇਲੀ ਪ੍ਰਧਾਨ ਮੰਤਰੀ ਨੇਤਨਯਾਹੂ ਨੇ ਇਸ ਯੁੱਧ 'ਚ ਫਸਾਇਆ ਹੈ ਅਤੇ ਟਰੰਪ ਆਪਣੀਆਂ ਸਮੱਸਿਆਵਾਂ ਦੇ ਚੱਲਦਿਆਂ ਯੁੱਧ ਤੋਂ ਬਚਣ ਦੀ ਬਜਾਏ ਜਾਣਬੁੱਝ ਕੇ ਨੇਤਨਯਾਹੂ ਦੇ ਜਾਲ ਵਿਚ ਫਸਣ ਤੋਂ ਨਹੀਂ ਝਿਜਕਿਆ। ਲੱਗਦਾ ਹੈ ਕਿ ਕੁਝ ਅਜਿਹੀਆਂ ਆਵਾਜ਼ਾਂ ਵੀ ਹਨ ਜੋ ਮੀਡੀਆ ਦੁਆਰਾ ਪ੍ਰਚਾਰੇ ਜਾ ਰਹੇ ਯੁੱਧ ਦੇ ਇਕਪਾਸੜ ਪੱਖ ਦੇ ਬਾਵਜੂਦ ਤੱਥਾਂ ਦੇ ਆਧਾਰ 'ਤੇ ਇਸ ਯੁੱਧ ਦੇ ਦੂਸਰੇ ਪੱਖ ਨੂੰ ਵੀ ਪੇਸ਼ ਕਰ ਰਹੀਆਂ ਹਨ। ਉਨ੍ਹਾਂ 'ਚੋਂ ਇਕ ਕਰਨਲ ਡੱਗ ਮੈਕਗ੍ਰੇਗਰ ਹਨ ਜੋ ਅਮਰੀਕੀ ਰੱਖਿਆ ਸਕੱਤਰ ਦੇ ਸਾਬਕਾ ਸਲਾਹਕਾਰ ਹਨ। ਉਸ ਨੇ ਇਕ ਇੰਟਰਵਿਊ 'ਚ ਦੱਸਿਆ ਹੈ ਕਿ ਇਰਾਨ ਨੇ ਰਣਨੀਤਕ ਰਣਨੀਤੀ ਨੂੰ ਯੋਜਨਾਬੱਧ ਢੰਗ ਨਾਲ ਸਮਝਿਆ ਹੈ, ਇਸੇ ਕਰਕੇ ਅਮਰੀਕਾ ਅਥਾਹ ਤਾਕਤ ਹੋਣ ਦੇ ਬਾਵਜੂਦ ਇਸ ਯੁੱਧ ਵਿਚ ਇਰਾਨ 'ਤੇ ਭਾਰੀ ਨਹੀਂ ਪੈ ਸਕਿਆ। ਉੱਘੇ ਭਾਰਤੀ ਪੱਤਰਕਾਰ ਅਭੈ ਦੂਬੇ ਨੇ ਆਪਣੇ ਇਕ ਲੇਖ ਵਿਚ ਲਿਖਿਆ ਹੈ ਕਿ ਆਪਣੀ ਗੱਲ ਬੇਬਾਕੀ ਨਾਲ ਕਹਿਣ ਵਾਲੇ ਮਸ਼ਹੂਰ ਰੱਖਿਆ ਮਾਹਿਰ ਮੇਜਰ ਜਨਰਲ ਜੀ.ਡੀ. ਬਖਸ਼ੀ ਇਸ ਜੰਗ ਬਾਰੇ ਯੋਜਨਾਬੱਧ ਢੰਗ ਨਾਲ ਇਰਾਨ ਦੀ ਰਣਨੀਤੀ ਬਾਰੇ ਦੱਸਦੇ ਹਨ ਕਿ ਜੇਕਰ ਇਸ ਜੰਗ ਦੇ ਅੰਤ ਵਿਚ ਕਿਸੇ ਨੂੰ ਪਛਤਾਉਣਾ ਪਵੇਗਾ, ਤਾਂ ਉਹ ਟਰੰਪ ਹੋਵੇਗਾ।*

*ਕਰਨਲ ਮੈਕਗਰ ਅਨੁਸਾਰ 'ਇਸ ਯੁੱਧ ਵਿਚ ਅਮਰੀਕਾ ਦੀ ਸਥਿਤੀ ਬਹੁਤ ਮਾੜੀ ਹੈ ਕਿਉਂਕਿ ਇਰਾਨ ਨੇ ਆਪਣੇ ਮਿਜ਼ਾਈਲ ਹਮਲਿਆਂ ਦੌਰਾਨ ਖਾੜੀ ਖੇਤਰ 'ਚ 27 ਅਮਰੀਕੀ ਫ਼ੌਜੀ ਠਿਕਾਣਿਆਂ ਨੂੰ ਬੁਰੀ ਤਰ੍ਹਾਂ ਨੁਕਸਾਨ ਪਹੁੰਚਾਇਆ ਹੈ। ਇਰਾਨ ਨੇ ਅਮਰੀਕੀ ਡੌਕ ਤੇ ਬੰਦਰਗਾਹਾਂ ਦੇ ਬੁਨਿਆਦੀ ਢਾਂਚੇ ਜਾਂ ਤਾਂ ਤਬਾਹ ਕਰ ਦਿੱਤੇ ਹਨ ਜਾਂ ਵਰਤੋਂ ਯੋਗ ਨਹੀਂ ਰਹਿਣ ਦਿੱਤੇ। ਅਮਰੀਕੀ ਜਲ ਸੈਨਾ ਹੁਣ ਭਾਰਤੀ ਬੰਦਰਗਾਹਾਂ 'ਤੇ ਨਿਰਭਰ ਹੈ, ਜਿਸ ਨੂੰ ਅਮਰੀਕਾ ਲਈ ਆਦਰਸ਼ ਜਾਂ ਸੁਵਿਧਾਜਨਕ ਸਥਿਤੀ ਨਹੀਂ ਮੰਨਿਆ ਜਾ ਸਕਦਾ। ਉਨ੍ਹਾਂ ਅਨੁਸਾਰ ਇਰਾਨ ਦੀਆਂ ਜਵਾਬੀ-ਕਾਰਵਾਈਆਂ ਪ੍ਰਭਾਵਸ਼ਾਲੀ ਸਾਬਤ ਹੋਈਆਂ ਹਨ, ਕਿਉਂਕਿ ਚੀਨ ਤੇ ਰੂਸ ਦੋਵੇਂ ਇਰਾਨ ਨੂੰ ਸੈਟੇਲਾਈਟ- ਖੁਫੀਆ ਜਾਣਕਾਰੀ ਪ੍ਰਦਾਨ ਕਰ ਰਹੇ ਹਨ। ਜਿਸ ਕਰਕੇ ਇਰਾਨ ਦੇ ਮਿਜ਼ਾਈਲ ਤੇ ਡਰੋਨ ਹਮਲੇ ਵਧੇਰੇ ਪ੍ਰਭਾਵੀ ਹੋ ਰਹੇ ਹਨ। ਇਰਾਨ ਨੇ ਇਜ਼ਰਾਇਲੀ ਤੇ ਅਮਰੀਕੀ ਠਿਕਾਣਿਆਂ ਨੂੰ ਸਟੀਕਤਾ ਨਾਲ ਨਿਸ਼ਾਨਾ ਬਣਾਇਆ ਹੈ।'*

*ਦੁਨੀਆ ਵਿਚ ਅਮਰੀਕਾ ਦੀ ਸਥਿਤੀ ਕਮਜ਼ੋਰ ਹੋ ਰਹੀ ਹੈ; ਇਹ ਯੁੱਧ ਅਮਰੀਕਾ ਦੀ ਸਥਿਤੀ ਨੂੰ ਹੋਰ ਖ਼ਤਰੇ ਵਿਚ ਪਾ ਸਕਦਾ ਹੈ। ਮੈਕਗ੍ਰੇਗਰ ਇਸ ਯੁੱਧ ਨੂੰ ਇਜ਼ਰਾਈਲ ਦੇ ਏਜੰਡੇ ਤੋਂ ਪ੍ਰਭਾਵਿਤ ਹੋ ਕੇ ਟਰੰਪ ਦੁਆਰਾ ਕੀਤੀ ਵੱਡੀ ਗਲਤੀ ਮੰਨਦਾ ਹੈ ਅਤੇ ਇਰਾਨ ਦੇ ਦ੍ਰਿੜ੍ਹ ਇਰਾਦੇ ਤੇ ਜਵਾਬੀ ਕਾਰਵਾਈ ਦੀ ਪ੍ਰਸ਼ੰਸਾ ਕਰਦਾ ਹੈ। ਅਮਰੀਕਾ-ਇਜ਼ਰਾਇਲੀ ਹਮਲਿਆਂ ਦੌਰਾਨ ਅਯਾਤੁੱਲਾ ਖਾਮੇਨੇਈ ਤੇ ਇਰਾਨ ਦੀ ਸਿਖ਼ਰਲੀ ਲੀਡਰਸ਼ਿਪ ਨੂੰ ਨਿਸ਼ਾਨਾ ਬਣਾਉਣ ਬਾਰੇ ਮੇਜਰ ਜਨਰਲ ਬਖਸ਼ੀ ਦਾ ਕਹਿਣਾ ਹੈ ਕਿ ਇਰਾਨੀ ਸ਼ਾਸਨ ਕੇਂਦਰੀਕ੍ਰਿਤ ਨਹੀਂ ਹੈ ਸਗੋਂ ਵਿਕੇਂਦਰੀਕ੍ਰਿਤ ਹੈ। ਇਸ ਲਈ ਲੀਡਰਸ਼ਿਪ ਦੀ ਮੌਤ ਹੋਣ ਨਾਲ ਇਸ ਦਾ ਖਾਤਮਾ ਨਹੀਂ ਹੁੰਦਾ। ਹੁਣ ਇਸਲਾਮਿਕ ਰੈਵੋਲਿਊਸ਼ਨਰੀ ਗਾਰਡ ਕੋਰ ਸੁਤੰਤਰ ਤੌਰ 'ਤੇ ਕੰਮ ਕਰ ਰਿਹਾ ਹੈ, ਜੋ ਹੋਰ ਵੀ ਖ਼ਤਰਨਾਕ ਹੈ। ਜਨਰਲ ਬਖਸ਼ੀ ਅਨੁਸਾਰ 'ਆਈ.ਆਰ.ਜੀ.ਸੀ. ਕੋਲ ਇਜ਼ਰਾਈਲ ਨੂੰ ਤਬਾਹ ਕਰਨ ਦੀ ਸਮਰੱਥਾ ਹੈ, ਜੋ ਪੂਰੀ ਤਾਕਤ ਨਾਲ ਵਰਤੀ ਜਾ ਰਹੀ ਹੈ।' ਮੇਜਰ ਜਨਰਲ ਵਿਸ਼ੰਬਰ ਦਿਆਲ ਅਨੁਸਾਰ 'ਇਜ਼ਰਾਈਲ ਨੇ ਇਰਾਨ ਨਾਲ ਯੁੱਧ ਸ਼ੁਰੂ ਕੀਤਾ ਹੈ ਅਤੇ ਇਰਾਨ 'ਚ ਅਮਰੀਕਾ ਤੇ ਇਜ਼ਰਾਈਲ ਦੀਆਂ ਕਾਰਵਾਈਆਂ ਅੰਤਰਰਾਸ਼ਟਰੀ ਕਾਨੂੰਨ ਦੀ ਉਲੰਘਣਾ ਹਨ। ਭਾਰਤ ਵੀ ਇਸ ਯੁੱਧ ਵਿਚ 'ਫਸ ਗਿਆ' ਹੈ ਅਤੇ ਸਭ ਤੋਂ ਵੱਧ ਨੁਕਸਾਨ ਝੱਲਣ ਵਾਲਾ ਹੈ। ਖਾਸ ਕਰਕੇ ਚਾਬਹਾਰ ਬੰਦਰਗਾਹ ਭਾਰਤ ਲਈ ਮਹੱਤਵਪੂਰਨ ਹੈ। ਇਸ ਖੇਤਰ ਵਿਚ ਜੰਗ ਸ਼ੁਰੂ ਹੋਣ ਕਰਕੇ ਭਾਰਤ ਦੀਆਂ ਰਣਨੀਤਕ ਤਰਜੀਹਾਂ ਪ੍ਰਭਾਵਿਤ ਹੋਣਗੀਆਂ।'*

*ਭਾਰਤ ਨੂੰ ਨਿਰਪੱਖ ਤੇ ਸੰਤੁਲਿਤ ਰੁਖ਼ ਅਪਣਾਉਣ ਦੀ ਜ਼ਰੂਰਤ ਹੈ। ਰਾਜਨੀਤਕਾਂ ਨੂੰ ਇਹ ਗੱਲ ਪੱਕੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਪ੍ਰਗਤੀ ਲਈ ਸ਼ਾਂਤੀ ਜ਼ਰੂਰੀ ਹੈ। ਪਰ ਮੀਡੀਆ ਨੂੰ ਵੀ ਆਪਣੀ ਸਾਰੀ ਸ਼ਕਤੀ ਰਾਜਨੀਤਕਾਂ ਨੂੰ ਸ਼ੀਸ਼ਾ ਦਿਖਾਉਣ ਉੱਤੇ ਕੇਂਦਰਿਤ ਕਰਨੀ ਚਾਹੀਦੀ ਹੈ ਨਾ ਕਿ ਪੱਖਪਾਤੀ ਹੋ ਕੇ ਵਿਨਾਸ਼ਕਾਰੀ ਸ਼ਕਤੀਆਂ ਨੂੰ ਚਮਕਾਉਣ ਲਈ ਵਰਤਣੀ ਚਾਹੀਦੀ ਹੈ। ਆਪਣੀ ਮਾਨਵੀ ਜ਼ਿੰਮੇਵਾਰੀ ਅਤੇ ਜਵਾਬਦੇਹੀ ਨੂੰ ਸਮਝਣ ਵਾਲਾ ਮੀਡੀਆ ਹੀ ਪ੍ਰਮਾਣਿਕ ਮੀਡੀਆ ਕਿਹਾ ਜਾ ਸਕੇਗਾ।*

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਦੈਂਤਾਂ ਵਿਰੁੱਧ ਅਵਾਜ਼

*ਹਉਮੈਂ ਵਾਲ਼ਾ ਭੂਤ ਜਿਹਦੇ ਸਿਰ 'ਤੇ ਸਵਾਰ ਹੋਵੇ, ਪਾ ਲੈਂਦਾ ਹੰਕਾਰਿਆਂ ਦੇ ਨਾਲ ਉਹੋ ਆੜੀ ਜੀ।*
*ਇੱਕ ਧਿਰ ਕਹਿੰਦੇ ਨੇ 'ਕਸੂਰਵਾਰ' ਵੱਧ ਹੁੰਦੀ, ਵੱਜਦੀ ਹੁੰਦੀ ਏ ਭਾਵੇਂ 'ਦੋਹੀਂ ਹੱਥੀ' ਤਾੜੀ ਜੀ।*
*ਅੱਗ ਨੂੰ ਮਚਾ ਕੇ ਅੱਗ ਨਾਲ ਹੀ ਬੁਝਾਉਂਦੇ ਰਹੇ, ਪਹਿਲੇ ਅਤੇ ਅੱਜ ਦੇ ਵੀ ਹਾਕਮ ਅਨਾੜੀ ਜੀ।*
*ਅਣਖਾਂ ਦੀ ਆਣ ਵਿਚ ਅਗਲਾ ਵੀ ਅੱਗੇ ਅੜੇ, ਧੱਕੇਸ਼ਾਹੀ ਨਾ਼ਲ 'ਭਾਜੀ' ਜਿਹਦੇ ਸਿਰ ਚਾੜ੍ਹੀ ਜੀ।*
*ਹੋਸ਼ ਨਾ ਜੇ ਆਈ ਜੰਗਬਾਜਾਂ ਤਾਈਂ ਛੇਤੀ ਯਾਰੋ, 'ਤੀਸਰੀ ਸੰਸਾਰ ਜੰਗ' ਜਾਪਦੀ ਅਗਾੜੀ ਜੀ।*
*ਦੈਂਤਾਂ ਜਿੰਨੀ ਤਾਕਤ ਦਾ ਹੋਣਾ ਕੋਈ ਬੁਰਾ ਨਹੀਓਂ, 'ਦੈਂਤਾਂ ਵਾਂਗ' ਵਰਤਣੀ ਏ ਹੁੰਦੀ ਬਹੁਤ ਮਾੜੀ ਜੀ।*

# ਅਬਾਦੀ ਦਾ ਅੱਧ ਪਰ ਅਧੂਰੇ ਹੱਕ

ਦੇਸ਼ ਭਾਰਤ ਦੀ ਲਗਭਗ ਅੱਧੀ ਅਬਾਦੀ ਦੇਸ਼ ਦੀ ਅਜ਼ਾਦੀ ਦੇ 78 ਵਰ੍ਹਿਆਂ ਬਾਅਦ ਵੀ ਰੂੜੀਵਾਦੀ ਪਰੰਪਰਾਵਾਂ ਤੋਂ ਮੁਕਤੀ ਨਹੀਂ ਪਾ ਸਕੀ। ਅਜ਼ਾਦੀ ਦੀ ਪੌਣੀ ਸਦੀ ਬੀਤ ਜਾਣ ਬਾਅਦ ਵੀ ਭਾਰਤੀ ਸਮਾਜ ਵਿਚ ਔਰਤ ਨੂੰ ਬਰਾਬਰੀ, ਸੁਰੱਖਿਆ ਅਤੇ ਮੌਕਿਆਂ ਲਈ ਸੰਘਰਸ਼ ਕਰਨਾ ਪੈ ਰਿਹਾ ਹੈ। ਜਦੋਂ ਸਮਾਜ ਦੀ ਅੱਧੀ ਅਬਾਦੀ ਨੂੰ ਪੂਰੇ ਹੱਕ ਹੀ ਨਾ ਮਿਲ ਰਹੇ ਹੋਣ, ਤਾਂ ਉਨ੍ਹਾਂ ਦੇ ਹੱਕ ਹੀ ਨਹੀਂ ਬਲਕਿ ਅਜ਼ਾਦੀ ਵੀ ਅਧੂਰੀ ਹੀ ਰਹਿੰਦੀ ਹੈ।

ਭਾਰਤੀ ਸਮਾਜ ਵਿਚ ਵਿਚਰਨ ਲਈ ਔਰਤ ਅੱਗੇ ਵੱਡੀਆਂ ਚੁਣੌਤੀਆਂ ਹਨ, ਜਿਨ੍ਹਾਂ ਨੂੰ ਸਵੀਕਾਰ ਕਰਨ ਦੇ ਬਾਵਜੂਦ ਵੀ ਉਹ ਮਰਦ ਪ੍ਰਧਾਨ ਸਮਾਜ ਵਿਚ ਆਪਣਾ ਬਣਦਾ ਰੁਤਬਾ ਅਤੇ ਸਥਾਨ ਪ੍ਰਾਪਤ ਕਰਨ ਦੇ ਯੋਗ ਨਹੀਂ ਹੋ ਰਹੀ।



**ਗੁਰਮੀਤ ਸਿੰਘ ਪਲਾਹੀ**
**ਫੋਨ: 9815802070**

ਹਾਲਾਂਕਿ ਉਹ ਹਰ ਖੇਤਰ ਵਿਚ ਆਤਮ-ਵਿਸ਼ਵਾਸ ਅਤੇ ਹੌਸਲੇ ਨਾਲ ਪੁਲਾਂਘਾਂ ਪੁੱਟ ਰਹੀ ਹੈ ਤੇ ਅੱਗੇ ਵਧਣ ਲਈ ਯਤਨਸ਼ੀਲ ਹੈ।

ਸਿਆਸਤ ਦੇ ਖੇਤਰ ਵਿਚ ਉਸਦੀ ਭਾਗੀਦਾਰੀ ਮਸਾਂ 14 ਫ਼ੀਸਦੀ ਹੈ। 543 ਲੋਕ ਸਭਾ ਲਈ ਚੁਣੇ ਮੈਂਬਰਾਂ ਵਿਚ ਉਨ੍ਹਾਂ ਦੀ ਗਿਣਤੀ 78 ਹੈ, (ਸਿਰਫ਼ 13 ਫ਼ੀਸਦੀ) ਜਦਕਿ ਦੇਸ਼ ਦੇ ਸਾਰੇ ਸੂਬਿਆਂ ਦੀਆਂ ਵਿਧਾਨ ਸਭਾਵਾਂ ਦੇ 4600 ਤੋਂ ਵੱਧ ਮੈਂਬਰਾਂ ਵਿਚੋਂ ਮਸਾਂ 400 ਮੈਂਬਰ ਇਸਤਰੀਆਂ ਹਨ। ਇਹ ਪ੍ਰਤੀਸ਼ਤ ਨੌਂ ਫ਼ੀਸਦ ਤੋਂ ਵੱਧ ਨਹੀਂ।

ਹਰ ਖੇਤਰ ਵਿਚ ਔਰਤਾਂ ਦੀ ਹਿੱਸੇਦਾਰੀ ਅਤੇ ਉਸ ਦਾ ਹੱਕ ਵੱਡਾ ਹੈ, ਪਰ ਹਾਲੇ ਤੱਕ ਉਸ ਦੀ ਪ੍ਰਾਪਤੀ ਸਿਹਤ ਦੇ ਖੇਤਰ ਵਿਚ 29 ਫ਼ੀਸਦੀ, ਆਈ.ਟੀ. ਦੇ ਖੇਤਰ ਵਿਚ 23 ਫ਼ੀਸਦੀ, ਬੈਂਕਿੰਗ ਵਿਚ 17 ਫ਼ੀਸਦੀ, ਕਾਨੂੰਨ ਦੇ ਖੇਤਰ ਵਿਚ 14 ਫ਼ੀਸਦੀ, ਸਿੱਖਿਆ ਦੇ ਖੇਤਰ ਵਿਚ 13 ਫ਼ੀਸਦੀ, ਖੇਤੀ ਖੇਤਰ ਵਿਚ 13 ਫ਼ੀਸਦੀ ਹੈ; ਜਦਕਿ ਸਟਾਰਟਅਪ ਵਿਚ 5 ਫ਼ੀਸਦੀ, ਸੁਰੱਖਿਆ ਵਿਚ 4 ਫ਼ੀਸਦੀ ਅਤੇ ਮੈਨੂਫੈਕਚਰਿੰਗ ਵਿਚ ਤਿੰਨ ਫ਼ੀਸਦੀ ਤੋਂ ਵੱਧ ਨਹੀਂ ਟੱਪ ਸਕੀ। ਪਰ ਸਮਾਜਿਕ ਤਾਣੇ-ਬਾਣੇ ਅਤੇ ਪੁਰਸ਼ ਪ੍ਰਧਾਨ ਸਮਾਜ ਦੀ ਬਣਤਰ ਦੇ ਚਲਦਿਆਂ ਖੇਤੀ ਖੇਤਰ ਵਿਚ ਕਾਮੇ ਵਜੋਂ 64 ਫ਼ੀਸਦੀ ਔਰਤਾਂ ਹਨ।

ਔਰਤਾਂ, ਖ਼ਾਸ ਕਰ ਘਰੇਲੂ ਔਰਤਾਂ ਨੂੰ, ਜਿਹੜਾ ਹੱਕ ਅਤੇ ਆਦਰ-ਸਤਿਕਾਰ ਮਿਲਣਾ ਚਾਹੀਦਾ ਸੀ, ਉਹ ਹਾਲੇ ਤੱਕ ਵੀ ਨਹੀਂ ਮਿਲ ਸਕਿਆ। ਬਿਨਾਂ ਸ਼ੱਕ ਸਿੱਖਿਆ, ਬੈਂਕਿੰਗ, ਨਰਸਿੰਗ ਅਤੇ ਆਈ.ਟੀ. ਖੇਤਰ ਵਿਚ ਉਨ੍ਹਾਂ ਦੀ ਹਾਜ਼ਰੀ ਵੇਖਣ ਨੂੰ ਮਿਲਦੀ ਹੈ, ਪਰ ਕੀ ਇਹ ਹੈਰਾਨ ਕਰਨ ਵਾਲੀ ਗੱਲ ਨਹੀਂ ਕਿ ਖੇਤੀ ਖੇਤਰ ਵਿਚ ਉਸ ਦੀ ਇਕੱਲੀ ਮਾਲਕੀ 13 ਫ਼ੀਸਦੀ ਤੋਂ ਵੱਧ ਨਹੀਂ? ਭਾਵ ਮਰਦ ਪ੍ਰਧਾਨ ਸਮਾਜ ਦਾ ਪਰਛਾਵਾਂ ਲਗਭਗ ਹਰ ਥਾਂ ਦਿਖਾਈ ਦਿੰਦਾ ਹੈ।

ਅਸਲ ਵਿਚ ਸਮਾਜ ਦਾ ਵੱਡਾ ਹਿੱਸਾ ਉਸ ਨੂੰ ਬਰਾਬਰੀ ਦੇ ਹੱਕ ਦੇਣੇ ਪ੍ਰਵਾਨ ਨਹੀਂ ਕਰ ਰਿਹਾ। ਭਾਵੇਂ ਕਿ ਸਰਕਾਰੀ ਤੌਰ 'ਤੇ ਵੱਡੇ ਕਾਨੂੰਨ ਔਰਤ ਦੇ ਹੱਕ ਵਿਚ ਬਣਾਏ ਹੋਏ ਹਨ, ਪਰ ਘਰ, ਦਫ਼ਤਰ ਅਤੇ ਪਬਲਿਕ ਥਾਵਾਂ ਉੱਤੇ ਔਰਤ ਲਈ ਬਣੇ ਕਾਨੂੰਨ ਜ਼ਮੀਨੀ ਪੱਧਰ 'ਤੇ ਸੁਖਾਵੇਂ ਨਹੀਂ ਹਨ। ਅਜੋਕੇ ਸਮਾਜ ਵਿਚ ਘਰੇਲੂ ਹਿੰਸਾ ਵਿਚ ਲਗਾਤਾਰ ਵਾਧਾ ਹੋਇਆ ਹੈ। ਪਰ ਹੈਰਾਨੀ ਵਾਲੀ ਗੱਲ ਇਹ ਹੈ ਕਿ ਘਰੇਲੂ ਹਿੰਸਾ ਕਾਨੂੰਨ ਆਈ.ਪੀ.ਸੀ. 498 ਅਤੇ ਹੁਣ ਬੀ.ਐਨ.ਐਸ. 85 ਦੇ ਤਹਿਤ 80 ਫ਼ੀਸਦੀ ਮਾਮਲਿਆਂ ਵਿਚ ਪੀੜਿਤ ਔਰਤਾਂ ਨੂੰ ਇਨਸਾਫ਼ ਹੀ ਨਹੀਂ ਮਿਲਦਾ। ਬਿਨਾਂ ਸ਼ੱਕ ਕਾਨੂੰਨ ਮਜ਼ਬੂਤ ਹੈ, ਪਰ ਇਨਸਾਫ਼ ਤੱਕ ਪਹੁੰਚ ਪੈਸੇ ਅਤੇ ਚੰਗੇ ਵਕੀਲ 'ਤੇ ਨਿਰਭਰ ਹੈ। ਪੇਂਡੂ ਔਰਤਾਂ ਲਈ ਇਨਸਾਫ਼ ਤਾਂ ਨਾ-ਬਰਾਬਰ ਹੀ ਹੈ।

ਘਰੇਲੂ ਹਿੰਸਾ ਵਰਤਾਰਾ ਔਰਤਾਂ ਲਈ ਇੱਕ ਹੋਰ ਸੰਕਟ ਹੈ। ਔਰਤਾਂ ਲਈ ਕੰਮ ਦੀ ਥਾਂ 'ਤੇ ਦੁਰਵਿਵਹਾਰ- 'ਇਗਨੋਰ ਕਰੋ, ਸਮਝੌਤਾ ਕਰੋ, ਆਵਾਜ਼ ਨਾ ਚੁੱਕੋ'- ਜਿਹੀ ਪ੍ਰਵਿਰਤੀ ਵੀ ਵੱਡੀ ਸਮੱਸਿਆ ਹੈ। ਕੰਮ ਵਾਲੀਆਂ ਥਾਵਾਂ 'ਤੇ ਬਣੇ ਕਾਨੂੰਨ ਪੋਸ਼ ਐਕਟ 2013, ਅਰਥਾਤ ਸੈਕਸੁਅਲ ਹਰਾਸਮੈਂਟ ਆਫ਼ ਵੋਮੈਨ ਐਟ ਵਰਕਪਲੇਸ ਐਕਟ ਨੂੰ ਵੀ ਕਦੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਨਹੀਂ ਹੋਣ ਦਿੱਤਾ ਗਿਆ।

ਦੇਸ਼ ਵਿਚ 16.9 ਲੱਖ ਕੰਪਨੀਆਂ, 2.5 ਲੱਖ ਫੈਕਟਰੀਆਂ ਅਤੇ 6 ਲੱਖ ਮਾਲ-ਸ਼ੋਰੂਮ ਹਨ। ਪਰ ਇਹਨਾਂ ਥਾਵਾਂ ਉੱਤੇ ਔਰਤਾਂ ਅਤੇ ਲੜਕੀਆਂ ਨਾਲ ਹੋ ਰਹੇ ਮਾਨਸਿਕ ਅਤੇ ਸਰੀਰਕ ਦੁਰਵਿਵਹਾਰ, ਜਿਨਸੀ ਸ਼ੋਸ਼ਣ ਦੀ ਬਹੁਤਾਤ ਔਰਤਾਂ ਲਈ ਵੱਡੀ ਚੁਣੌਤੀ ਹੈ, ਜੋ ਸਮਾਜ ਨੂੰ ਕਲੰਕਿਤ ਕਰ ਰਹੀ ਹੈ।

ਰਾਸ਼ਟਰੀ ਮਹਿਲਾ ਕਮਿਸ਼ਨ ਨੂੰ 2018 ਤੋਂ 2023 ਦੇ ਵਿਚਕਾਰ ਸੈਂਕੜੇ ਸ਼ਿਕਾਇਤਾਂ ਕੰਮਕਾਜੀ ਥਾਵਾਂ ਉੱਤੇ ਦੁਰਵਿਵਹਾਰ ਦੀਆਂ ਮਿਲੀਆਂ, ਪਰ ਦੋਸ਼ੀਆਂ ਨੂੰ ਸਜ਼ਾਵਾਂ ਨਾ ਮਿਲ ਸਕੀਆਂ। ਇਸ ਦੇ ਨਾਲ ਹੀ ਸਰਬਜਨਕ ਥਾਵਾਂ ਉੱਤੇ ਲੜਕੀਆਂ ਲਈ ਗੁੰਡਾ ਅਨਸਰਾਂ ਵੱਲੋਂ ਕੀਤੀ ਛੇੜਛਾੜ ਲਈ ਮਹਿਲਾ ਸੁਰੱਖਿਆ ਦੇ ਕਾਨੂੰਨ ਵੀ ਮੌਜੂਦ ਹਨ। ਬੀ.ਐਨ.ਐਸ. 74 ਅਤੇ 79 ਵਰਗੇ ਕਾਨੂੰਨ ਛੇੜਛਾੜ ਅਤੇ ਲੜਕੀਆਂ ਦਾ ਪਿੱਛਾ ਕਰਨ ਦੇ ਮਾਮਲਿਆਂ ਲਈ ਬਣੇ ਹਨ।

ਫਰਵਰੀ 2025 ਵਿਚ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਦੀ ਇੱਕ ਰਿਪੋਰਟ ਅਨੁਸਾਰ ਪਿਛਲੇ ਕੁਝ ਸਾਲਾਂ ਵਿਚ ਇਹ ਮਾਮਲੇ ਪਹਿਲਾਂ ਨਾਲੋਂ 33 ਫ਼ੀਸਦੀ ਵਧੇ ਹਨ। ਮਾਮਲੇ ਦਰਜ ਵੀ ਹੋਏ ਹਨ, ਪਰ ਕੇਸ ਲੰਬੇ ਚੱਲਦੇ ਹਨ। ਦੇਰੀ ਅਤੇ ਦਬਾਅ ਪੀੜਤਾਂ ਲਈ ਇਨਸਾਫ਼ ਵਿਚ ਵੱਡਾ ਰੋੜਾ ਹੈ। ਔਰਤ ਨਾਲ ਕਰੂਰਤਾ ਹੁੰਦੀ ਹੈ, ਦਬਾਅ ਬਣਦਾ ਹੈ, ਨਵੇਂ ਕਾਨੂੰਨ ਬਣਦੇ ਹਨ, ਪਰ ਇਹ ਸਭ ਕੁਝ ਲੋਕਾਂ ਨੂੰ ਸ਼ਾਂਤ ਕਰਨ ਲਈ ਹੈ, ਔਰਤਾਂ ਦੀਆਂ ਸਮੱਸਿਆਵਾਂ ਦਾ ਹੱਲ ਨਹੀਂ।

ਦਾਜ-ਦਹੇਜ, ਦਹੇਜ ਲਈ ਔਰਤਾਂ ਨੂੰ ਮਾਰਨਾ, ਘਰੇਲੂ ਹਿੰਸਾ, ਕੰਨਿਆ ਭਰੂਣ ਹੱਤਿਆ, ਦੁਰਵਿਵਹਾਰ ਆਦਿ ਸੰਬੰਧੀ ਦੇਸ਼ ਵਿਚ ਬੇਅੰਤ ਕਾਨੂੰਨ ਹਨ। ਇਹਨਾਂ ਕਾਨੂੰਨਾਂ ਤਹਿਤ ਕੇਸ ਵੀ ਵੱਡੀ ਗਿਣਤੀ ਵਿਚ ਦਰਜ ਹੁੰਦੇ ਹਨ, ਪਰ ਇਹਨਾਂ ਅਪਰਾਧਾਂ ਵਿਚ ਦੋਸ਼ ਸਿੱਧ ਹੋਣ ਦੀ ਦਰ 20 ਤੋਂ 30 ਫ਼ੀਸਦੀ ਦੇ ਵਿਚਕਾਰ ਰਹਿੰਦੀ ਹੈ, ਜਦਕਿ ਆਮ ਮਾਮਲਿਆਂ ਵਿਚ ਦੋਸ਼ ਸਿੱਧੀ ਦੀ ਦਰ 54 ਫ਼ੀਸਦੀ ਰਹਿੰਦੀ ਹੈ। ਕੀ ਇਹ ਔਰਤ ਨਾਲ ਹੋ ਰਿਹਾ ਵੱਡਾ ਵਿਤਕਰਾ ਨਹੀਂ?

ਇਨ੍ਹੀਂ ਦਿਨੀਂ ਪਿੰਡ ਪੰਚਾਇਤਾਂ ਅਤੇ ਖਾਪਾਂ ਵਿਚ ਇਨਸਾਫ਼ ਦੇ ਮਾਮਲਿਆਂ ਵਿਚ ਔਰਤ ਨਾਲ ਬੇਇਨਸਾਫ਼ੀ ਵੇਖਣ ਨੂੰ ਮਿਲਦੀ ਹੈ। ਭਾਵੇਂ ਕਿ ਪਿੰਡਾਂ ਵਿਚ ਪੰਚਾਇਤਾਂ ਬਣੀਆਂ ਹਨ ਅਤੇ ਨਵੇਂ ਐਕਟ ਅਨੁਸਾਰ 50 ਫ਼ੀਸਦੀ ਔਰਤਾਂ ਨੂੰ ਸਰਪੰਚ ਤੇ ਪੰਚ ਬਣਾਇਆ ਜਾ ਰਿਹਾ ਹੈ, ਪਰ ਜ਼ਮੀਨੀ ਪੱਧਰ 'ਤੇ ਉਨ੍ਹਾਂ ਦੇ ਅਧਿਕਾਰ ਮਰਦਾਂ ਦੇ ਹੱਥ ਵਿਚ ਹਨ। ਫ਼ੈਸਲਿਆਂ ਅਤੇ ਕਾਰਜਾਂ ਵਿਚ ਉਨ੍ਹਾਂ ਦੀ ਸ਼ਮੂਲੀਅਤ ਨਾ ਹੋਇਆਂ ਵੇਖਣ ਨੂੰ ਮਿਲਦੀ ਹੈ। ਸਥਾਨਕ ਸਰਕਾਰਾਂ ਵਿਚ ਹਾਲਾਂਕਿ ਉਨ੍ਹਾਂ ਨੂੰ ਚੁਣ ਕੇ ਅੱਗੇ ਲਿਆਂਦਾ ਜਾਂਦਾ ਹੈ, ਪਰ ਉਨ੍ਹਾਂ ਦੀ ਥਾਂ ਦਫ਼ਤਰਾਂ ਵਿਚ ਕੰਮ ਕਰਾਉਣ ਲਈ ਉਨ੍ਹਾਂ ਦੇ ਪਰਿਵਾਰਕ ਮਰਦ ਮੈਂਬਰ ਜਾਂਦੇ ਵੇਖੇ ਗਏ ਹਨ- ਭਾਵ ਪ੍ਰੌਕਸੀ ਦੇ ਤੌਰ 'ਤੇ ਉਨ੍ਹਾਂ ਦੇ ਹੱਕ ਦੀ ਵਰਤੋਂ ਕਰਦੇ ਹਨ।

ਸਮਾਜ ਦੇ ਬਣੇ ਭੈੜੇ ਰਸਮੋ-ਰਿਵਾਜ-ਕਿ ਬੇਟੀ ਆਪਣੇ ਪਿਤਾ ਦੀ ਅਰਥੀ ਨੂੰ ਮੋਢਾ ਨਹੀਂ ਦੇ ਸਕਦੀ, ਘਰ ਦੇ ਬਾਹਰ ਉਸ ਦੀ ਨੇਮ-ਪਲੇਟ ਨਹੀਂ ਲੱਗ ਸਕਦੀ, ਵਿਧਵਾ ਔਰਤਾਂ ਸਿਰਫ਼ ਸਫ਼ੈਦ ਸਾੜੀ ਪਹਿਨਣਗੀਆਂ-ਦਾਜ-ਦਹੇਜ ਦੀ ਵੱਧ ਰਹੀ ਪ੍ਰਥਾ, ਕੁੱਖ ਵਿਚ ਬੱਚੀਆਂ ਨੂੰ ਮਾਰਨਾ, ਲੜਕੀਆਂ ਨੂੰ ਬਚਪਨ ਵਿਚ ਕੁਪੋਸ਼ਣ ਦਾ ਸ਼ਿਕਾਰ ਬਣਾਈ ਰੱਖਣਾ-ਇਹ ਕੁਝ ਐਸੇ ਕਲੰਕ ਹਨ ਜਿਨ੍ਹਾਂ ਨੇ ਭਾਰਤੀ ਸਮਾਜ ਦੇ ਰੂੜੀਵਾਦੀ ਢਾਂਚੇ ਨੂੰ ਮਜ਼ਬੂਤ ਕੀਤਾ ਹੋਇਆ ਹੈ।

ਸਭ ਤੋਂ ਵੱਡੀ ਗੱਲ ਔਰਤ ਦੀ ਆਰਥਿਕ ਪੱਖੋਂ ਕਮਜ਼ੋਰੀ ਹੈ। ਜੇਕਰ ਉਹ ਮਰਦ ਦੇ ਬਰਾਬਰ ਕਮਾਈ ਕਰਦੀ ਹੈ ਅਤੇ ਰੁਜ਼ਗਾਰ ਜਾਂ ਸਵੈ-ਰੁਜ਼ਗਾਰ ਵਿਚ ਆਤਮ ਨਿਰਭਰ ਹੈ ਤਾਂ ਉਸਦਾ ਸਮਾਜਿਕ ਕੱਦ - ਕਾਠ ਵਧਦਾ ਹੈ, ਪਰ ਦੂਜੇ ਪਾਸੇ ਗ੍ਰਹਿਸਥ ਜੀਵਨ ਵਿਚ ਮਰਦ ਉੱਤੇ ਨਿਰਭਰਤਾ ਉਸ ਨੂੰ ਬੱਚੇ ਪਾਲਣ ਅਤੇ ਘਰੇਲੂ ਕੰਮਕਾਰ ਤੱਕ ਸੀਮਤ ਕਰ ਦਿੰਦੀ ਹੈ।

ਮਰਦ ਦੀ ਬਿਮਾਰ ਮਾਨਸਿਕਤਾ ਕਈ ਵਾਰ ਉਸ ਨੂੰ ਉਨ੍ਹਾਂ ਰਾਹਾਂ ਉੱਤੇ ਤੋਰ ਦਿੰਦੀ ਹੈ, ਜਿੱਥੇ ਉਸ ਦਾ ਜੀਵਨ ਨਰਕ ਬਣ ਜਾਂਦਾ ਹੈ। ਹੈਵਾਨੀਅਤ ਦੀਆਂ ਹੱਦਾਂ-ਬੰਨੇ ਤੋੜ ਕੇ ਮਰਦ ਪ੍ਰਧਾਨ ਸਮਾਜ ਵਿਚ ਉਸ ਦਾ ਜੀਵਨ ਦਲਦਲ ਵਿਚ ਫਸਾ ਦਿੱਤਾ ਜਾਂਦਾ ਹੈ। ਅਸਲ ਵਿਚ ਇਹ ਸਾਮਰਾਜੀ ਪ੍ਰਬੰਧ ਦੀ ਇੱਕ ਚਾਲ ਹੈ, ਜੋ ਫੈਸ਼ਨ ਦੇ ਨਾਮ 'ਤੇ ਔਰਤਾਂ ਦੇ ਜਿਸਮ ਦਾ ਦਿਖਾਵਾ ਕਰਵਾਉਂਦੀ ਹੈ, ਨੰਗੇਜ਼ਵਾਦ ਨੂੰ ਉਤਸ਼ਾਹਿਤ ਕਰਦੀ ਹੈ। ਇਸ਼ਤਿਹਾਰਾਂ ਅਤੇ ਮਨੋਰੰਜਨ ਵਿਚ ਉਸ ਦੇ ਜਿਸਮ ਨੂੰ ਸੌਦੇਬਾਜ਼ੀ ਲਈ ਵਰਤਿਆ ਜਾਂਦਾ ਹੈ।

ਘਰੇਲੂ ਹਿੰਸਾ ਤੋਂ ਲੈ ਕੇ ਸਮਾਜਿਕ ਹਿੰਸਾ, ਜੰਗ ਅਤੇ ਹੋਰ ਆਫ਼ਤਾਂ ਵਿਚ ਸਭ ਤੋਂ ਵੱਧ ਪ੍ਰਭਾਵ ਔਰਤ 'ਤੇ ਪੈਂਦਾ ਹੈ। ਉਹ ਸਰੀਰਕ ਅਤੇ ਮਾਨਸਿਕ ਤੌਰ 'ਤੇ ਵਲੂੰਧਰੀ ਜਾਂਦੀ ਹੈ। ਦੇਵਦਾਸੀ ਪ੍ਰਥਾ, ਗ਼ਰੀਬ ਦਲਿਤ ਔਰਤਾਂ ਨੂੰ ਮੰਦਰਾਂ ਵਿਚ ਦੇਵੀ-ਦੇਵਤਿਆਂ ਦੇ ਚਰਨਾਂ ਵਿਚ ਅਰਪਿਤ ਕਰਨਾ, ਘਰੇਲੂ ਹਿੰਸਾ, ਬਲਾਤਕਾਰ, ਤੇਜ਼ਾਬੀ ਹਮਲੇ ਵਰਗੀਆਂ ਸਮੱਸਿਆਵਾਂ ਅੱਜ ਵੀ ਦੇਸ਼ ਵਿਚ ਪੂਰੇ ਜ਼ੋਰ 'ਤੇ ਹਨ ਅਤੇ ਕਈ ਹਾਲਤਾਂ ਵਿਚ ਇਹਨਾਂ ਮਾਮਲਿਆਂ ਵਿਚ ਕਾਨੂੰਨ ਅਤੇ ਸਮਾਜ ਬੇਬਸ ਦਿਖਾਈ ਦਿੰਦੇ ਹਨ।

ਔਰਤਾਂ ਦੇ ਹੱਕਾਂ ਅਤੇ ਬਰਾਬਰੀ ਦਾ ਮਸਲਾ ਸਧਾਰਨ ਨਹੀਂ ਹੈ। ਇਹ ਅਜੋਕੇ ਸਿਆਸੀ ਅਤੇ ਸਮਾਜੀ ਪ੍ਰਬੰਧ ਨਾਲ ਜੁੜਿਆ ਹੋਇਆ ਹੈ, ਜਿੱਥੇ ਸਧਾਰਨ ਔਰਤ ਮਰਦ ਨਾਲੋਂ ਵੱਧ ਸਮਾਜਿਕ ਸ਼ੋਸ਼ਣ ਦਾ ਸ਼ਿਕਾਰ ਬਣਦੀ ਹੈ।

ਭਾਰਤ ਵਿਚ ਗ਼ਰੀਬ ਅਤੇ ਅਮੀਰ ਦਾ ਆਰਥਿਕ ਪਾੜਾ ਲਗਾਤਾਰ ਵੱਧ ਰਿਹਾ ਹੈ। ਮੁੱਠੀ ਭਰ ਲੋਕ ਭਾਰਤ ਦੇ ਕੁਦਰਤੀ ਸਾਧਨਾਂ ਅਤੇ ਜ਼ਮੀਨ-ਜਾਇਦਾਦ ਦੇ ਮਾਲਕ ਬਣ ਰਹੇ ਹਨ। ਅਰਬਪਤੀਆਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਕਈ ਵੱਡੇ ਘਰਾਣੇ ਦੇਸ਼ ਦੀ ਆਰਥਿਕਤਾ 'ਤੇ ਹਾਵੀ ਹੋ ਰਹੇ ਹਨ। ਹੈਰਾਨੀ ਵਾਲੀ ਗੱਲ ਨਹੀਂ ਮੰਨੀ ਜਾਣੀ ਚਾਹੀਦੀ ਕਿ ਪਿਛਲੇ 10 ਵਰ੍ਹਿਆਂ ਵਿਚ ਹੀ ਭਾਰਤ ਵਿਚ ਹੋਣ ਵਾਲੇ 308 ਅਰਬਪਤੀਆਂ ਵਿਚੋਂ 80 ਫ਼ੀਸਦੀ ਪਹਿਲਾਂ ਇਸ ਲਿਸਟ ਵਿਚ ਹੀ ਨਹੀਂ ਸਨ। ਇਹਨਾਂ ਦੀ ਸੰਪਤੀ ਲਗਾਤਾਰ ਵੱਧ ਰਹੀ ਹੈ ਅਤੇ ਆਮ ਜਨਤਾ ਦੋ ਡੰਗ ਦੀ ਰੋਟੀ ਤੋਂ ਵੀ ਆਤੁਰ ਹੋ ਰਹੀ ਹੈ।

ਜਿਸ ਦਾ ਸਿੱਟਾ ਅਕਸਰ ਔਰਤ ਦੇ ਚੁੱਲ੍ਹੇ 'ਤੇ ਪੈਂਦਾ ਹੈ। ਪਹਿਲਾਂ ਅਤੇ ਆਖ਼ਰੀ ਅਸਰ ਘਰ ਦੀ ਗ੍ਰਹਿਣੀ 'ਤੇ ਹੀ ਪੈਂਦਾ ਹੈ, ਜਿਸ ਉੱਤੇ ਪੂਰੇ ਪਰਿਵਾਰ ਦੇ ਪਾਲਣ-ਪੋਸ਼ਣ ਦੀ ਜ਼ਿੰਮੇਵਾਰੀ ਹੁੰਦੀ ਹੈ।

ਦੇਸ਼ ਦੀ ਔਰਤ ਸਮਾਜ ਵਿਚ ਦੋਹਰੀ ਮਾਰ ਝੱਲ ਰਹੀ ਹੈ। ਮੁੱਢਲੇ ਹੱਕ ਤਾਂ ਉਸ ਦੇ ਜਨਮ ਲੈਣ ਵੇਲੇ ਤੋਂ ਹੀ ਖੋਹੇ ਜਾਂਦੇ ਹਨ, ਪਰ ਉਸ ਦੇ ਪਾਲਣ-ਪੋਸ਼ਣ, ਪੜ੍ਹਾਈ ਅਤੇ ਕੰਮ ਦੇ ਸਥਾਨ 'ਤੇ ਮਜ਼ਦੂਰੀ ਤੱਕ ਵੀ ਵਿਤਕਰਾ ਕੀਤਾ ਜਾਂਦਾ ਹੈ। ਇਹ ਸਿਰਫ਼ ਸਮਾਜਕ ਸੋਚ ਦਾ ਨਤੀਜਾ ਨਹੀਂ, ਸਗੋਂ ਸਾਮਰਾਜੀ ਪੂੰਜੀਵਾਦ ਦੇ ਕੜੇ ਪੰਜਿਆਂ ਦੀ ਜਕੜ ਦਾ ਵੀ ਸਿੱਟਾ ਹੈ। ਸਮਝਣ ਵਾਲੀ ਗੱਲ ਹੈ ਕਿ ਇਹ ਸਿਰਫ਼ ਔਰਤ ਦੇ ਹੱਕਾਂ ਦੀ ਗੱਲ ਨਹੀਂ, ਸਗੋਂ ਇਹ ਹੱਕ ਸਮਾਜ ਵਿਚ ਮਨੁੱਖ ਦੀ ਅਜ਼ਾਦੀ ਅਤੇ ਸਮਾਜਿਕ ਬਰਾਬਰਤਾ ਨਾਲ ਵੀ ਜੁੜੇ ਹੋਏ ਹਨ। ਸ਼ੋਸ਼ਣ ਉੱਤੇ ਅਧਾਰਿਤ ਸਮਾਜ ਵਿਚ ਔਰਤਾਂ ਦੀ ਬਰਾਬਰੀ ਦੀ ਕਲਪਨਾ ਨਿਰਾਰਥਕ ਹੈ।

ਔਰਤ ਵੱਲੋਂ ਅਰੰਭਿਆ ਹੱਕਾਂ ਲਈ ਸੰਘਰਸ਼ ਹੀ ਉਸ ਨੂੰ ਸਮਾਜਿਕ ਅਤੇ ਆਰਥਿਕ ਗੁਲਾਮੀ ਤੋਂ ਨਿਜਾਤ ਦਿਵਾ ਸਕਦਾ ਹੈ। ਇਤਿਹਾਸ ਗਵਾਹ ਹੈ ਕਿ ਔਰਤਾਂ ਨੇ ਇਕੱਠੇ ਹੋ ਕੇ ਪਹਿਲਾਂ ਬਰਾਬਰ ਦੀ ਤਨਖਾਹ ਅਤੇ ਵੋਟ ਪਾਉਣ ਦਾ ਅਧਿਕਾਰ ਪ੍ਰਾਪਤ ਕੀਤਾ। ਉਸ ਤੋਂ ਬਾਅਦ ਪੂੰਜੀਵਾਦੀ ਗੁਲਾਮੀ ਦੇ ਜੂਲੇ ਨੂੰ ਗਲੋਂ ਲਾਹੁਣ ਲਈ ਮਰਦਾਂ ਦੇ ਨਾਲ ਹਿਕ ਡਾਹ ਕੇ ਹਰ ਕਾਰਜ ਵਿਚ ਅਜ਼ਾਦੀ ਅਤੇ ਹੱਕਾਂ ਦੀ ਪ੍ਰਾਪਤੀ ਲਈ ਲੜਾਈ ਲੜੀ।

ਦਰਅਸਲ ਔਰਤਾਂ ਦੇ ਹੱਕਾਂ ਦਾ ਮਸਲਾ ਸਿਰਫ਼ ਔਰਤਾਂ ਦਾ ਨਹੀਂ, ਸਗੋਂ ਪੂਰੇ ਸਮਾਜ ਦੀ ਤਰੱਕੀ ਨਾਲ ਜੁੜਿਆ ਹੋਇਆ ਹੈ। ਜਿਸ ਵਿਚ ਅੱਧੀ ਅਬਾਦੀ ਨੂੰ ਬਰਾਬਰ ਦੇ ਹੱਕ, ਸੁਰੱਖਿਆ ਦੇ ਮੌਕੇ ਨਾ ਮਿਲਣ, ਉਹ ਸਮਾਜ ਕਦੇ ਵੀ ਤਰੱਕੀ ਨਹੀਂ ਕਰ ਸਕਦਾ। ਲੋੜ ਇਸ ਗੱਲ ਦੀ ਹੈ ਕਿ ਕਾਨੂੰਨਾਂ ਨੂੰ ਸਿਰਫ਼ ਕਾਗਜ਼ਾਂ ਤੱਕ ਸੀਮਿਤ ਨਾ ਰੱਖਿਆ ਜਾਵੇ, ਸਗੋਂ ਜ਼ਮੀਨੀ ਪੱਧਰ 'ਤੇ ਲਾਗੂ ਕੀਤਾ ਜਾਵੇ ਅਤੇ ਸਮਾਜਕ ਸੋਚ ਵਿਚ ਬਦਲਾਅ ਲਿਆਂਦਾ ਜਾਵੇ। ਜਦੋਂ ਔਰਤ ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਤੌਰ 'ਤੇ ਮਜ਼ਬੂਤ ਹੋਵੇਗੀ, ਤਦੋਂ ਹੀ ਭਾਰਤ ਅਸਲ ਅਰਥਾਂ ਵਿਚ ਪ੍ਰਗਤੀਸ਼ੀਲ, ਅਗਾਂਹਵਧੂ ਅਤੇ ਸਮਾਨਤਾ ਵਾਲਾ ਸਮਾਜ ਬਣ ਸਕੇਗਾ। ਅੱਧੀ ਅਬਾਦੀ ਨੂੰ ਪੂਰੇ ਹੱਕ ਮਿਲਣਗੇ, ਤਾਂ ਹੀ ਦੇਸ਼ ਦੀ ਤਰੱਕੀ ਹੋਵੇਗੀ।

# ਗ਼ੁਲਾਮੀ, ਨਸਲਕੁਸ਼ੀ ਅਤੇ ਯੁੱਧ ਦਾ ਸਾਮਰਾਜ

## ਦੂਜੀ ਵਿਸ਼ਵ ਜੰਗ ਮੁੱਕਣ ਤੋਂ ਲੈ ਕੇ ਅਮਰੀਕੀ ਫ਼ੌਜ, ਖ਼ੁਫ਼ੀਆ ਏਜੰਸੀਆਂ ਅਤੇ ਅਮਰੀਕੀ ਸਟੇਟ ਦੀਆਂ ਹੋਰ ਸ਼ਾਖਾਵਾਂ ਦੁਆਰਾ ਮਾਰੇ ਗਏ ਲੋਕਾਂ ਦੀ ਗਿਣਤੀ

ਪੇਸ਼ਕਸ਼ ਅਤੇ ਅਨੁਵਾਦ:
ਬੂਟਾ ਸਿੰਘ ਮਹਿਮੂਦਪੁਰ





*ਤਸਵੀਰ 1) ਵੀਅਤਨਾਮ ਵਿਚ ਅਮਰੀਕੀ ਫ਼ੌਜ ਵੱਲੋਂ ਮਾਈ ਲਾਈ ਪਿੰਡ ਵਿਚ ਪਿੰਡ ਵਾਸੀਆਂ ਦਾ ਕਤਲੇਆਮ, 16 ਮਾਰਚ 1968। (ਤਸਵੀਰ 2) ਗੁਆਟੇਮਾਲਾ ਦੀ ਫ਼ੌਜ ਦੁਆਰਾ ਮਾਇਆਂ ਵਸੋਂ ਵਾਲੇ ਕਸਬੇ ਸੈਂਟੋ ਟੋਮਾਸ ਚਿਚੇ ਵਿਚ 1982 ਦੇ ਕਤਲੇਆਮ ਵਿਚ ਮਾਰੇ ਜਾਣ ਵਾਲਿਆਂ ਦੇ ਤਾਬੂਤ ਚੁੱਕੀ ਜਾ ਰਹੇ ਰਿਸ਼ਤੇਦਾਰ, 13 ਜੂਨ 2001, ਫੋਟੋ: ਏਪੀ। (ਤਸਵੀਰ 3) ਨਾਪਾਮ ਹਮਲੇ ਨਾਲ ਝੁਲਸੇ ਲੋਕ, 8 ਜੂਨ 1972। ਫੋਟੋ: ਵਿਕੀਪੀਡੀਆ*

ਅਮਰੀਕੀ ਸਾਮਰਾਜ ਦੀ ਧੜਵੈਲ ਪ੍ਰਚਾਰ ਮਸ਼ੀਨ ਰਾਹੀਂ ਦੁਨੀਆ ਦੇ ਦਿਮਾਗਾਂ ਵਿਚ ਇਹ ਕੁੱਟ-ਕੁੱਟ ਕੇ ਭਰਿਆ ਜਾਂਦਾ ਹੈ ਕਿ ਸੰਯੁਕਤ ਰਾਜ ਅਮਰੀਕਾ ਦੁਨੀਆ ਦਾ ਸਭ ਤੋਂ ਮਹਾਨ, ਸ਼ਾਂਤੀ ਦਾ ਰੱਖਿਅਕ ਮੁਲਕ ਹੈ। ਸੱਚਾਈ ਇਹ ਹੈ ਕਿ ਇਹ ਅਜਿਹਾ ਮੁਲਕ ਹੈ ਜਿਸਦੀ ਨੀਂਹ ਗ਼ੁਲਾਮੀ, ਕਤਲੇਆਮ ਅਤੇ ਨਸਲਕੁਸ਼ੀ ਉੱਪਰ ਰੱਖੀ ਗਈ ਸੀ, ਜੋ ਜੇਤੂ ਜੰਗਾਂ ਰਾਹੀਂ ਸਾਮਰਾਜ ਬਣਿਆ, ਅਤੇ ਉਸ ਨੀਂਹ 'ਤੇ ਇਸਦਾ 'ਨਿਰਮਾਣ' ਜਾਰੀ ਹੈ। ਅੱਜ ਜਦੋਂ ਅਮਰੀਕੀ ਹਕੂਮਤ ਨੇ ਮੱਧ ਪੂਰਬ ਵਿਚ ਆਪਣੀ ਫ਼ੌਜੀ ਚੌਕੀ ਇਜ਼ਰਾਇਲ ਨਾਲ ਮਿਲ ਕੇ ਗਾਜ਼ਾ ਵਿਚ ਲਗਾਤਾਰ ਨਸਲਕੁਸ਼ੀ ਤੋਂ ਬਾਅਦ ਇਰਾਨ ਉੱਪਰ ਵੀ ਦਹਿਸ਼ਤਗਰਦ ਹਮਲਾ ਕਰ ਦਿੱਤਾ ਹੈ ਤਾਂ ਸ਼ਾਂਤੀ, ਦਹਿਸ਼ਤਵਾਦ ਵਿਰੁੱਧ ਜੰਗ ਵਰਗੇ ਕੂੜ ਓਹਲੇ ਲੁਕੀ ਅਮਰੀਕੀ ਸਟੇਟ ਦੀ ਖ਼ੂੰਖ਼ਾਰ ਦਹਿਸ਼ਤਗਰਦ ਖ਼ਸਲਤ ਨੂੰ ਬੇਨਕਾਬ ਕਰਨਾ ਬਹੁਤ ਜ਼ਰੂਰੀ ਹੈ।

ਦੂਜਾ ਵਿਸ਼ਵ ਯੁੱਧ ਖ਼ਤਮ ਹੋਣ ਤੋਂ ਬਾਅਦ ਅਮਰੀਕੀ ਸਾਮਰਾਜ ਵੱਲੋਂ ਦੂਜੇ ਮੁਲਕਾਂ 'ਤੇ ਕੀਤੇ ਗਏ ਭਿਆਨਕ ਜ਼ੁਲਮਾਂ ਅਤੇ ਬੇਇਨਸਾਫ਼ੀਆਂ ਨੂੰ ਉਜਾਗਰ ਕਰਦੇ ਵੇਰਵੇ ਪੇਸ਼ ਕਰਨ ਦਾ ਮਹੱਤਵਪੂਰਨ ਕਾਰਜ ਰੈਵੋਲੂਸ਼ਨਰੀ ਕਮਿਊਨਿਸਟ ਪਾਰਟੀ ਯੂ.ਐੱਸ.ਏ. ਨੇ ਸ਼ੁਰੂ ਕੀਤਾ ਹੈ। ਇਹ ਮੁੱਢਲੇ ਵੇਰਵੇ ਹਨ ਅਤੇ ਹੋਰ ਅਧਿਐਨ ਰਾਹੀਂ ਇਸ ਵਿਚ ਹੋਰ ਵੇਰਵੇ ਜੁੜਦੇ ਜਾਣਗੇ। ਇਹ ਵੇਰਵੇ ਦੱਸਦੇ ਹਨ ਕਿ 1945 ਤੋਂ ਲੈ ਕੇ ਅਮਰੀਕੀ ਸਾਮਰਾਜ ਆਪਣੀਆਂ ਜੰਗਾਂ, ਤਖ਼ਤ ਪਲਟਿਆਂ, ਪਿਛਾਖੜੀ ਤਾਕਤਾਂ ਦੀ ਹਮਾਇਤ ਅਤੇ ਮਾਨਵਤਾ ਵਿਰੋਧੀ ਹੋਰ ਜ਼ੁਰਮਾਂ ਰਾਹੀਂ ਘੱਟੋ-ਘੱਟ 1.4 ਕਰੋੜ ਲੋਕਾਂ ਦੀਆਂ ਮੌਤਾਂ ਲਈ ਜ਼ਿੰਮੇਵਾਰ ਹੈ।

**• ਹੀਰੋਸ਼ੀਮਾ ਅਤੇ ਨਾਗਾਸਾਕੀ 'ਤੇ ਪਰਮਾਣੂ ਬੰਬਾਰੀ (ਅਗਸਤ 1945), 2 ਲੱਖ 14 ਹਜ਼ਾਰ ਮੌਤਾਂ**

ਜਿਉਂ ਹੀ ਦੂਜਾ ਵਿਸ਼ਵ ਯੁੱਧ ਖ਼ਤਮ ਹੋ ਰਿਹਾ ਸੀ, ਅਮਰੀਕਾ ਨੇ ਜਪਾਨੀ ਸ਼ਹਿਰਾਂ 'ਤੇ 2 ਪਰਮਾਣੂ ਬੰਬ ਸੁੱਟੇ। ਅੰਦਾਜ਼ਾ ਹੈ ਕਿ ਇਨ੍ਹਾਂ ਪਰਮਾਣੂ ਬੰਬਾਂ ਨਾਲ ਹੀਰੋਸ਼ੀਮਾ ਵਿਚ 1,40,000 ਤੋਂ ਵੱਧ ਲੋਕ ਮਾਰੇ ਗਏ, ਅਤੇ ਨਾਗਾਸਾਕੀ ਵਿਚ 74,000 ਲੋਕ ਮਾਰੇ ਗਏ॥

**• ਕੋਰੀਆਈ ਜੰਗ (1950-53), 25 ਲੱਖ ਮੌਤਾਂ**

ਅਮਰੀਕਾ ਨੇ 3 ਲੱਖ 40 ਹਜ਼ਾਰ ਫ਼ੌਜੀਆਂ ਨਾਲ ਸੰਯੁਕਤ ਰਾਸ਼ਟਰ ਦੇ ਹਮਲੇ ਦੀ ਯੋਜਨਾ ਬਣਾਈ, ਜਿਨ੍ਹਾਂ ਵਿਚੋਂ 90 ਪ੍ਰਤੀਸ਼ਤ ਅਮਰੀਕੀ ਸਨ। ਅਮਰੀਕੀ ਜਹਾਜ਼ਾਂ ਨੇ ਉੱਤਰੀ ਕੋਰੀਆ 'ਤੇ ਕਾਰਪੈੱਟ ਬੰਬਾਰੀ ਕੀਤੀ ਅਤੇ ਪੂਰੇ ਮੁਲਕ ਵਿਚ ਲਾਸ਼ਾਂ ਵਿਛਾ ਦਿੱਤੀਆਂ। ਹਜ਼ਾਰਾਂ ਟਨ ਨਾਪਾਮ—ਜੈਲੀ ਵਰਗੀ ਗੈਸੋਲੀਨ ਜੋ ਲੋਕਾਂ ਨੂੰ ਜਿੰਦਾ ਸਾੜ ਦਿੰਦੀ ਹੈ—ਵੀ ਸੁੱਟੀ ਗਈ। ਰਾਸ਼ਟਰਪਤੀ ਟਰੂਮੈਨ ਨੇ ਉਸ ਵੇਲੇ ਦੇ ਸਮਾਜਵਾਦੀ ਚੀਨ ਦੇ ਖ਼ਿਲਾਫ਼ ਪਰਮਾਣੂ ਹਥਿਆਰਾਂ ਦੀ ਵਰਤੋਂ ਕਰਨ ਦੀ ਧਮਕੀ ਦਿੱਤੀ, ਜੋ ਕੋਰੀਆਈ ਜੰਗ ਦੌਰਾਨ ਕੁਝ ਸਮੇਂ ਲਈ ਅਮਰੀਕੀ ਫ਼ੌਜਾਂ ਨੂੰ ਹਰਾ ਰਿਹਾ ਸੀ। ਅਗਲੇ ਤਿੰਨ ਸਾਲਾਂ ਦੀ ਲੜਾਈ ਅਤੇ ਭਾਰੀ ਬੰਬਾਰੀ ਵਿਚ, ਅਮਰੀਕੀ ਅਤੇ ਅਮਰੀਕੀ ਅਗਵਾਈ ਵਾਲੀਆਂ ਫ਼ੌਜਾਂ ਨੇ ਘੱਟੋ-ਘੱਟ 25 ਲੱਖ ਉੱਤਰੀ ਕੋਰੀਆਈ, ਦੱਖਣੀ ਕੋਰੀਆਈ ਅਤੇ ਚੀਨੀ ਲੋਕਾਂ ਨੂੰ ਮਾਰ ਦਿੱਤਾ।

• ਵੀਅਤਨਾਮ (1961-1975), 30 ਲੱਖ ਮੌਤਾਂ

ਅਮਰੀਕਾ ਨੇ ਦੱਖਣ-ਪੂਰਬੀ ਏਸ਼ੀਆ ਦੇ ਇਸ ਮੁਲਕ ਵਿਚ 5 ਲੱਖ ਤੋਂ ਵੱਧ ਫ਼ੌਜੀ ਭੇਜੇ ਅਤੇ ਲੱਖਾਂ ਟਨ ਬੰਬ ਸੁੱਟੇ ਤਾਂ ਜੋ ਵੀਅਤਨਾਮੀ ਲੋਕਾਂ ਦੇ ਕੌਮੀ ਮੁਕਤੀ ਸੰਘਰਸ਼ ਨੂੰ ਹਰਾਇਆ ਜਾ ਸਕੇ। ਅਪ੍ਰੈਲ 1975 ਵਿਚ ਅਮਰੀਕਾ ਦੀ ਹਾਰ ਨਾਲ ਜੰਗ ਖ਼ਤਮ ਹੋਣ ਤੱਕ, ਅਮਰੀਕੀ ਫ਼ੌਜ ਨੇ ਤਕਰੀਬਨ 20 ਲੱਖ ਵੀਅਤਨਾਮੀ ਨਾਗਰਿਕਾਂ ਅਤੇ 10 ਲੱਖ ਵੀਅਤਨਾਮੀ ਫ਼ੌਜੀਆਂ ਦਾ ਕਤਲੇਆਮ ਕਰ ਦਿੱਤਾ ਸੀ।

**• ਡੋਮੀਨੀਕਨ ਗਣਰਾਜ 'ਤੇ ਹਮਲਾ (1965), 2500 ਮੌਤਾਂ**

28 ਅਪ੍ਰੈਲ, 1965 ਨੂੰ, 22 ਹਜ਼ਾਰ ਅਮਰੀਕੀ ਮੈਰੀਨ ਫ਼ੌਜੀਆਂ ਅਤੇ ਹੋਰ ਫ਼ੌਜਾਂ ਨੇ ਮੁਲਕ ਦੇ ਹਮਾਇਤੀ-ਅਮਰੀਕੀ ਜ਼ੁਲਮਾਂ ਦੇ ਖ਼ਿਲਾਫ਼ ਨਿਆਂਪੂਰਨ, ਲੋਕ ਬਗ਼ਾਵਤ ਨੂੰ ਕੁਚਲਣ ਲਈ ਡੋਮੀਨੀਕਨ ਗਣਰਾਜ 'ਤੇ ਹਮਲਾ ਕੀਤਾ। ਫ਼ੌਜਾਂ ਨੇ ਪਿੰਡਾਂ 'ਤੇ ਬੰਬਾਰੀ ਮੁਹਿੰਮਾਂ ਦੀ ਅਗਵਾਈ ਕੀਤੀ, ਜਨਤਕ ਰਾਜਨੀਤਕ ਮੀਟਿੰਗਾਂ 'ਤੇ ਪਾਬੰਦੀ ਲਗਾ ਦਿੱਤੀ, ਅਤੇ ਕਬਜ਼ੇ ਦੌਰਾਨ 2500 ਡੋਮੀਨੀਕਨ ਲੋਕਾਂ ਦੀਆਂ ਮੌਤਾਂ ਦੀ ਨਿਗਰਾਨੀ ਕੀਤੀ।

**• ਲਾਓਸ 'ਤੇ ਬੰਬਾਰੀ (1964-1973), 50 ਹਜ਼ਾਰ ਮੌਤਾਂ (ਬਾਅਦ ਵਿਚ, ਨਾ ਵਰਤੇ ਗਏ ਵਿਸਫੋਟਕਾਂ ਤੋਂ 20 ਹਜ਼ਾਰ ਹੋਰ ਮਾਰੇ ਗਏ ਜਾਂ ਅਪਾਹਜ ਹੋਏ)**

ਵੀਅਤਨਾਮ ਵਿਚ ਜੰਗ ਦੌਰਾਨ, ਅਮਰੀਕੀ ਜੰਗੀ ਜਹਾਜ਼ਾਂ ਨੇ ਗੁਆਂਢੀ ਮੁਲਕ ਲਾਓਸ 'ਤੇ 20 ਲੱਖ ਟਨ ਬੰਬ ਸੁੱਟੇ, ਜੋ ਦੂਜੇ ਵਿਸ਼ਵ ਯੁੱਧ ਦੌਰਾਨ ਸੁੱਟੇ ਗਏ ਸਾਰੇ ਬੰਬਾਂ ਤੋਂ ਵੱਧ ਸੀ। ਅੰਦਾਜ਼ਾ ਹੈ ਕਿ 8 ਕਰੋੜ ਕਲੱਸਟਰ ਬੰਬ ਨਹੀਂ ਫਟੇ, ਜਿਨ੍ਹਾਂ ਵਿਚੋਂ ਜ਼ਿਆਦਾਤਰ ਅੱਜ ਵੀ ਖੇਤਾਂ ਵਿਚ ਦੱਬੇ ਹੋਏ ਹਨ। ਬੰਬਾਰੀ ਦੌਰਾਨ 50 ਹਜ਼ਾਰ ਤੋਂ ਵੱਧ ਲੋਕ ਮਾਰੇ ਗਏ, ਪਰ ਜੰਗ ਖ਼ਤਮ ਹੋਣ ਤੋਂ ਬਾਅਦ ਦੇ ਦਹਾਕਿਆਂ ਵਿਚ ਨਾ ਵਰਤੇ ਗਏ ਵਿਸਫੋਟਕਾਂ—ਜਿਨ੍ਹਾਂ ਵਿਚ ਕਲੱਸਟਰ ਬੰਬ ਸ਼ਾਮਲ ਹਨ—ਨਾਲ 20 ਹਜ਼ਾਰ ਤੋਂ ਵੱਧ ਲੋਕ ਮਾਰੇ ਗਏ ਜਾਂ ਅਪਾਹਜ ਹੋਏ।

**• ਕੰਬੋਡੀਆ 'ਤੇ ਬੰਬਾਰੀ (1969-1973), ਡੇਢ ਲੱਖ ਮੌਤਾਂ**

ਅਮਰੀਕਾ ਨੇ ਵੀਅਤਨਾਮ ਵਿਚ ਜੰਗ ਦੌਰਾਨ ਕੰਬੋਡੀਆ 'ਤੇ ਵੀ ਕਾਰਪੈੱਟ ਬੰਬਾਰੀ ਕੀਤੀ, ਜਿਸ ਨਾਲ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿਚ ਅੰਦਾਜ਼ਨ 50 ਹਜ਼ਾਰ ਤੋਂ ਡੇਢ ਲੱਖ ਲੋਕ ਮਾਰੇ ਗਏ। ਪਰ ਸਾਲ 2000 ਵਿਚ, ਇਹ ਖ਼ੁਲਾਸਾ ਹੋਇਆ ਕਿ ਉਨ੍ਹਾਂ ਸਾਲਾਂ ਦੌਰਾਨ ਕੰਬੋਡੀਆ 'ਤੇ ਸੁੱਟੇ ਗਏ ਬੰਬਾਂ ਦੀ ਟਨਾਂ ਵਿਚ ਮਾਤਰਾ ਪਹਿਲਾਂ ਸਵੀਕਾਰ ਕੀਤੇ ਗਈ ਮਾਤਰਾ ਤੋਂ 5 ਗੁਣਾ ਵੱਧ ਸੀ। 'ਡੇਟਾਬੇਸ ਦੁਆਰਾ ਦੱਸੀ ਗਈ ਟਨਾਂ ਵਿਚ ਮਾਤਰਾ ਦੇ ਪੰਜ ਗੁਣਾ ਵਾਧੇ ਨੂੰ ਦੇਖਦੇ ਹੋਏ, ਮੌਤਾਂ ਦੀ ਗਿਣਤੀ ਨਿਸ਼ਚਤ ਤੌਰ 'ਤੇ ਵੱਧ ਹੈ।'

**• ਉੱਤਰੀ ਵੀਅਤਨਾਮ 'ਤੇ ਕ੍ਰਿਸਮਸ ਬੰਬਾਰੀ (18-29 ਦਸੰਬਰ 1972), 2300 ਮੌਤਾਂ**

ਅਮਰੀਕਾ ਨੇ ਜੰਗ ਖ਼ਤਮ ਕਰਨ ਲਈ ਗੱਲਬਾਤ ਵਿਚ ਉੱਤਰੀ ਵੀਅਤਨਾਮ ਵੱਲੋਂ ਰਿਆਇਤਾਂ ਦੇਣ ਲਈ ਸੰਘਣੀ ਆਬਾਦੀ ਵਾਲੇ ਸ਼ਹਿਰਾਂ ਹਨੋਈ ਅਤੇ ਹਾਈਫੋਂਗ 'ਤੇ ਭਾਰੀ ਬੰਬਾਰੀ ਕੀਤੀ। ਇਸਨੇ ਦਾਅਵਾ ਕੀਤਾ ਕਿ 1600 ਵੀਅਤਨਾਮੀ ਨਾਗਰਿਕ ਮਾਰੇ ਗਏ, ਪਰ ਵੀਅਤਨਾਮੀ ਸਰੋਤਾਂ ਦਾ ਅੰਦਾਜ਼ਾ ਹੈ ਕਿ 2300 ਨਾਗਰਿਕ ਮੌਤਾਂ ਹੋਈਆਂ—ਇਕੱਲੇ ਹਨੋਈ ਵਿਚ ਲਗਭਗ 1500 ਲੋਕ ਮਾਰੇ ਗਏ।

**• ਗ੍ਰੇਨਾਡਾ 'ਤੇ ਹਮਲਾ (1983), 70 ਮੌਤਾਂ, 400 ਜ਼ਖਮੀ**

ਅਮਰੀਕਾ ਨੇ ਇਸ ਛੋਟੇ ਜਿਹੇ ਟਾਪੂ ਰਾਸ਼ਟਰ 'ਤੇ ਉਸਦੀ ਖੱਬੇ-ਪੱਖੀ ਸਰਕਾਰ ਨੂੰ ਉਲਟਾਉਣ ਲਈ ਹਮਲਾ ਕੀਤਾ, ਅਜਿਹੀ ਕਾਰਵਾਈ ਜਿਸਨੂੰ ਸੰਯੁਕਤ ਰਾਸ਼ਟਰ ਨੇ ਅੰਤਰਰਾਸ਼ਟਰੀ ਕਾਨੂੰਨ ਦੀ 'ਘੋਰ' ਉਲੰਘਣਾ ਕਰਾਰ ਦਿੱਤਾ। ਅਮਰੀਕੀ ਫ਼ੌਜਾਂ ਨੇ 45 ਗ੍ਰੇਨਾਡਾ ਲੋਕਾਂ ਅਤੇ ਗ੍ਰੇਨਾਡਾ ਦੀ ਸਰਕਾਰ ਦੀ ਹਮਾਇਤ ਵਿਚ ਉੱਥੇ ਕੰਮ ਕਰ ਰਹੇ 25 ਕਿਊਬਾਈ ਲੋਕਾਂ ਨੂੰ ਮਾਰ ਦਿੱਤਾ, ਅਤੇ 396 ਗ੍ਰੇਨਾਡਾ ਅਤੇ ਕਿਊਬਾਈ ਲੋਕਾਂ ਨੂੰ ਜ਼ਖਮੀ ਕਰ ਦਿੱਤਾ।

**• ਪਨਾਮਾ 'ਤੇ ਹਮਲਾ (1989-1990), ਘੱਟੋ-ਘੱਟ 2 ਤੋਂ 3 ਹਜ਼ਾਰ ਮੌਤਾਂ**

20 ਦਸੰਬਰ, 1989 ਨੂੰ, ਅਮਰੀਕੀ ਫ਼ੌਜ ਨੇ 27,684 ਫ਼ੌਜੀਆਂ ਅਤੇ 300 ਜਹਾਜ਼ਾਂ ਨਾਲ ਪਨਾਮਾ 'ਤੇ ਹਮਲਾ ਕੀਤਾ, ਮੈਨੂਅਲ ਨੋਰੀਏਗਾ ਅਤੇ ਉਸਦੀ ਰੱਖਿਆ ਫ਼ੌਜ ਨੂੰ ਸੱਤਾ ਤੋਂ ਹਟਾ ਦਿੱਤਾ। ਪੂਰੇ ਮੁਹੱਲੇ ਤਬਾਹ ਕਰ ਦਿੱਤੇ ਗਏ। ਕੈਥੋਲਿਕ ਅਤੇ ਐਪਿਸਕੋਪਲ ਚਰਚਾਂ ਨੇ ਅੰਦਾਜ਼ਾ ਲਗਾਇਆ ਹੈ ਕਿ 2 ਤੋਂ 3 ਹਜ਼ਾਰ ਲੋਕ ਮਾਰੇ ਗਏ, ਇਹ ਅੰਕੜਾ ਵੀ ਘੱਟ ਮੰਨਿਆ ਜਾਂਦਾ ਹੈ।

**• ਖਾੜੀ ਜੰਗ—ਇਰਾਕ 'ਤੇ ਅਮਰੀਕੀ ਹਮਲਾ (1990-1991), 2 ਲੱਖ ਤੋਂ ਵੱਧ ਲੋਕ ਮਾਰੇ ਗਏ**

16 ਜਨਵਰੀ ਤੋਂ 27 ਫਰਵਰੀ 1991 ਤੱਕ, ਅਮਰੀਕਾ ਨੇ ਫਾਰਸ ਦੀ ਖਾੜੀ 'ਤੇ ਆਪਣੀ ਪਕੜ ਮਜ਼ਬੂਤ ਕਰਨ ਅਤੇ ਸੋਵੀਅਤ ਯੂਨੀਅਨ ਦੇ ਟੁੱਟਣ ਤੋਂ ਬਾਅਦ ਦੇ 'ਨਵੇਂ ਵਿਸ਼ਵ ਪ੍ਰਬੰਧ' ਦਾ ਮਾਹੌਲ ਬਣਾਉਣ ਲਈ ਇਰਾਕ ਦੇ ਖ਼ਿਲਾਫ਼ ਜੰਗ ਛੇੜ ਦਿੱਤੀ, ਜਿਸਨੂੰ ਉਹ ਸਥਾਪਤ ਕਰਨਾ ਚਾਹੁੰਦਾ ਸੀ। ਜੰਗ ਅਤੇ ਉਸ ਤੋਂ ਬਾਅਦ 2 ਲੱਖ ਤੋਂ ਵੱਧ ਇਰਾਕੀ ਫ਼ੌਜੀ ਅਤੇ ਨਾਗਰਿਕ ਮਾਰੇ ਗਏ।

**• ਅਫ਼ਗਾਨਿਸਤਾਨ 'ਤੇ ਹਮਲਾ ਅਤੇ ਕਬਜ਼ਾ (2001-2021), 1 ਲੱਖ ਦੇ ਕਰੀਬ ਮੌਤਾਂ (ਅਪ੍ਰਤੱਖ ਮੌਤਾਂ ਇਸ ਵਿਚ ਸ਼ਾਮਲ ਨਹੀਂ)**

ਅਕਤੂਬਰ 2001 'ਚ ਅਮਰੀਕੀ ਫ਼ੌਜਾਂ ਨੇ ਅਫ਼ਗਾਨਿਸਤਾਨ 'ਤੇ ਹਮਲਾ ਕੀਤਾ, ਇਸਲਾਮੀ ਕੱਟੜਪੰਥੀ ਤਾਲਿਬਾਨ ਸ਼ਾਸਨ ਨੂੰ ਸੱਤਾ ਤੋਂ ਬੇਦਖ਼ਲ ਕਰ ਦਿੱਤਾ, ਅਤੇ ਇੱਕ ਵਿਆਪਕ ਤੌਰ 'ਤੇ ਨਫ਼ਰਤ ਕੀਤਾ ਜਾਣ ਵਾਲਾ, ਅਮਰੀਕੀ ਹਮਾਇਤ ਵਾਲਾ 'ਇਸਲਾਮੀ ਗਣਰਾਜ' ਸਥਾਪਤ ਕੀਤਾ। ਪਰ ਅਮਰੀਕਾ ਤਾਲਿਬਾਨ ਨੂੰ ਹਰਾਉਣ ਜਾਂ ਮੁਲਕ ਨੂੰ ਸਥਿਰ ਕਰਨ ਵਿਚ ਕਦੇ ਸਫ਼ਲ ਨਹੀਂ ਹੋਇਆ। ਲਗਭਗ 1 ਲੱਖ ਅਫ਼ਗਾਨ ਲੜਾਕੂ ਅਤੇ ਨਾਗਰਿਕ ਮਾਰੇ ਗਏ; ਜਦਕਿ ਅਪ੍ਰਤੱਖ ਮੌਤਾਂ ਇਸ ਗਿਣਤੀ ਵਿਚ ਸ਼ਾਮਲ ਨਹੀਂ ਹਨ।

• ਇਰਾਕ 'ਤੇ ਹਮਲਾ (2003), ਫਿਰ ਕਬਜ਼ਾ, ਕਬਜ਼ੇ ਦੇ ਪਹਿਲੇ 4 ਸਾਲਾਂ ਵਿਚ 6 ਲੱਖ 55 ਹਜ਼ਾਰ ਤੋਂ ਲੈ ਕੇ 10 ਲੱਖ ਤੋਂ ਵੱਧ ਮੌਤਾਂ

2003 ਵਿਚ, ਅਮਰੀਕਾ ਨੇ ਇਸ ਝੂਠ ਦੇ ਆਧਾਰ 'ਤੇ ਇਰਾਕ 'ਤੇ ਹਮਲਾ ਕੀਤਾ ਅਤੇ ਸੱਦਾਮ ਹੁਸੈਨ ਦੇ ਸ਼ਾਸਨ ਨੂੰ ਉਲਟਾ ਦਿੱਤਾ ਕਿ ਇਰਾਕ ਕੋਲ ਸਮੂਹਿਕ ਤਬਾਹੀ ਦੇ ਹਥਿਆਰ ਹਨ। ਅਮਰੀਕੀ ਜੰਗ ਅਤੇ ਕਬਜ਼ੇ ਨੇ ਹਥਿਆਰਬੰਦ ਵਿਰੋਧ ਨੂੰ ਜਨਮ ਦਿੱਤਾ ਅਤੇ ਪਿਛਾਖੜੀ ਇਸਲਾਮੀ ਜਿਹਾਦਵਾਦ ਅਤੇ ਨਸਲੀ-ਫਿਰਕਾਪ੍ਰਸਤੀ ਟਕਰਾਅ ਦੇ ਉਭਾਰ ਨੂੰ ਹਵਾ ਦਿੱਤੀ ਗਈ ਜੋ ਅੱਜ ਵੀ ਜਾਰੀ ਹੈ। ਬਰਤਾਨਵੀ ਮੈਡੀਕਲ ਜਰਨਲ ਲੈਂਸੇਟ ਵਿਚ 2006 ਦੇ ਇੱਕ ਅਧਿਐਨ ਨੇ ਅੰਦਾਜ਼ਾ ਲਗਾਇਆ ਕਿ ਅਮਰੀਕੀ ਹਮਲੇ ਅਤੇ ਤਿੰਨ ਸਾਲਾਂ ਦੇ ਕਬਜ਼ੇ ਕਾਰਨ ਇਰਾਕ ਵਿਚ ਲਗਭਗ 6 ਲੱਖ 55 ਹਜ਼ਾਰ ਮੌਤਾਂ ਹੋਈਆਂ, ਜੋ ਸਿੱਧੇ ਰੂਪ 'ਚ ਜੰਗ ਨਾਲ ਅਤੇ ਨਾਲ ਹੀ ਲੋਕਾਂ ਦੀ ਸਿਹਤ ਤੇ ਹੋਰ ਕਾਰਨਾਂ 'ਤੇ ਪ੍ਰਭਾਵਾਂ ਕਾਰਨ ਹੋਈਆਂ। 2008 ਦੇ ਇੱਕ ਹੋਰ ਅਧਿਐਨ ਨੇ ਅਮਰੀਕੀ ਕਬਜ਼ੇ ਦੇ ਚਾਰ ਸਾਲਾਂ ਵਿਚ ਇਰਾਕੀ ਮੌਤਾਂ ਦੀ ਗਿਣਤੀ ਲਗਭਗ 10 ਲੱਖ 30 ਹਜ਼ਾਰ ਦੱਸੀ।

**• ਯਮਨ, ਅਫ਼ਗਾਨਿਸਤਾਨ, ਪਾਕਿਸਤਾਨ ਅਤੇ ਸੋਮਾਲੀਆ ਵਿਚ ਅਮਰੀਕੀ ਡਰੋਨ ਹਮਲੇ ਅਤੇ ਹੋਰ ਗੁਪਤ ਕਾਰਵਾਈਆਂ (2004 ਤੋਂ ਹੁਣ ਤੱਕ), 9 ਤੋਂ 17 ਹਜ਼ਾਰ ਦਰਮਿਆਨ ਮੌਤਾਂ**

11 ਸਤੰਬਰ 2001 ਦੇ ਹਮਲਿਆਂ ਤੋਂ ਬਾਅਦ, ਜਾਰਜ ਡਬਲਯੂ. ਬੁਸ਼ ਨੇ ਕਥਿਤ 'ਦਹਿਸ਼ਤਵਾਦ ਖ਼ਿਲਾਫ਼ ਜੰਗ' ਸ਼ੁਰੂ ਕੀਤੀ—ਜੋ ਕਥਿਤ ਹਮਲਿਆਂ ਦਾ ਜਵਾਬ ਦੇਣ ਅਤੇ ਅਮਰੀਕੀ ਸਾਮਰਾਜ ਦਾ ਵਿਸਥਾਰ ਅਤੇ ਮਜ਼ਬੂਤੀ ਕਰਨ ਲਈ ਵਿਸ਼ਵਵਿਆਪੀ ਜੰਗ ਸੀ। ਅਮਰੀਕਾ ਦੀ ਡਰੋਨ ਜੰਗ ਮੁੱਖ ਹਿੱਸਾ ਬਣ ਗਈ। ਯਮਨ, ਅਫ਼ਗਾਨਿਸਤਾਨ, ਪਾਕਿਸਤਾਨ ਅਤੇ ਸੋਮਾਲੀਆ ਦੇ ਖ਼ਿਲਾਫ਼ ਡਰੋਨ ਤਾਇਨਾਤ ਕੀਤੇ ਗਏ। ਓਬਾਮਾ ਪ੍ਰਸ਼ਾਸਨ ਨੇ ਮਨੁੱਖ ਰਹਿਤ ਡਰੋਨ ਹਮਲਿਆਂ ਦੀ ਗਿਣਤੀ ਵਿਚ ਕਾਫ਼ੀ ਵਾਧਾ ਕੀਤਾ। 2020 ਤੱਕ ਅੰਦਾਜ਼ਨ 8 ਹਜ਼ਾਰ 858 ਤੋਂ ਲੈ ਕੇ 16 ਹਜ਼ਾਰ 901 ਮੌਤਾਂ ਹੋਈਆਂ। ਮਾਰੇ ਗਏ ਨਾਗਰਿਕ: 910-2 ਹਜ਼ਾਰ 200; ਮਾਰੇ ਗਏ ਬੱਚੇ: 283-454।

**• ਅਮਰੀਕਾ, ਬਰਤਾਨੀਆ, ਫਰਾਂਸ ਦੀ ਲੀਬੀਆ ਉੱਪਰ ਜੰਗ (2011), ਢਾਈ ਲੱਖ ਮੌਤਾਂ**

ਮਾਰਚ 2011 'ਚ, ਅਮਰੀਕਾ, ਬਰਤਾਨੀਆ ਅਤੇ ਫਰਾਂਸ ਨੇ ਮੁਅੱਮਰ ਗੱਦਾਫ਼ੀ ਦੇ ਜਾਬਰ, 42-ਸਾਲਾ ਸ਼ਾਸਨ ਦੇ ਖ਼ਿਲਾਫ਼ ਲੋਕ ਵਿਦਰੋਹ ਨੂੰ ਕੈਸ਼ ਕਰਨ ਲਈ ਜੰਗ ਛੇੜ ਦਿੱਤੀ। ਉਨ੍ਹਾਂ ਦਾ ਟੀਚਾ ਗੱਦਾਫ਼ੀ ਦਾ ਤਖ਼ਤ ਉਲਟਾਉਣਾ ਅਤੇ ਲੀਬੀਆ 'ਤੇ ਆਪਣੀ ਪਕੜ ਮਜ਼ਬੂਤ ਕਰਨਾ ਸੀ। ਅਗਲੇ ਸੱਤ ਮਹੀਨਿਆਂ ਤੱਕ, ਅਮਰੀਕੀ ਅਗਵਾਈ ਵਾਲੇ ਗੱਠਜੋੜ ਨੇ ਵਿਆਪਕ ਬੰਬਾਰੀ, ਹੋਰ ਹਮਲੇ ਅਤੇ ਫ਼ੌਜੀ ਕਾਰਵਾਈਆਂ ਕੀਤੀਆਂ। ਪਰ ਲੀਬੀਆ ਵਿਚ ਜੋ ਜੰਗ, ਹਿੰਸਾ ਅਤੇ ਅਰਾਜਕਤਾ ਫੈਲੀ, ਉਹ ਸਾਲਾਂ ਤੱਕ ਜਾਰੀ ਰਹੀ, ਜਿਸ ਵਿਚ ਲਗਭਗ ਢਾਈ ਲੱਖ ਲੀਬੀਆਈ ਮਾਰੇ ਗਏ।

**• ਅਮਰੀਕਾ ਇਰਾਨ-ਇਜ਼ਰਾਈਲ ਜੰਗ (13 ਤੋਂ 24 ਜੂਨ 2025) ਵਿਚ ਸ਼ਾਮਲ ਹੋਇਆ—ਬਾਰਾਂ-ਰੋਜ਼ਾ ਜੰਗ, 1200 ਮੌਤਾਂ**

ਇਜ਼ਰਾਈਲ ਨੇ 13 ਜੂਨ ਨੂੰ ਇਰਾਨ ਵਿਚ ਫ਼ੌਜੀ ਅਤੇ ਪਰਮਾਣੂ ਸਹੂਲਤਾਂ 'ਤੇ ਬੰਬਾਰੀ ਕੀਤੀ, ਪ੍ਰਮੁੱਖ ਫ਼ੌਜੀ ਆਗੂਆਂ, ਪਰਮਾਣੂ ਵਿਗਿਆਨੀਆਂ, ਸਿਆਸਤਦਾਨਾਂ ਅਤੇ ਨਾਗਰਿਕਾਂ ਦੀ ਹੱਤਿਆ ਕਰ ਦਿੱਤੀ। ਹਵਾਈ ਰੱਖਿਆ ਨੂੰ ਨੁਕਸਾਨ ਪਹੁੰਚਾਇਆ ਅਤੇ ਤਬਾਹ ਕਰ ਦਿੱਤਾ, ਜਿਸ ਨਾਲ ਅੰਦਾਜ਼ਨ 1,200 ਲੋਕ ਮਾਰੇ ਗਏ। ਅਮਰੀਕਾ ਨੇ 22 ਜੂਨ ਨੂੰ 3 ਪਰਮਾਣੂ ਸਥਾਨਾਂ 'ਤੇ ਬੰਬਾਰੀ ਕੀਤੀ। 24 ਜੂਨ ਨੂੰ, ਇਜ਼ਰਾਈਲ ਅਤੇ ਇਰਾਨ ਨੇ ਜੰਗਬੰਦੀ 'ਤੇ ਸਹਿਮਤੀ ਪ੍ਰਗਟਾਈ।

### ਰਾਜ ਪਲਟਿਆਂ ਵਿਚ ਸੀ.ਆਈ.ਏ. ਜਾਂ ਫ਼ੌਜਾਂ ਦਾ ਤਾਲਮੇਲ

**• ਚੀਨੀ ਇਨਕਲਾਬ ਵਿਚ ਫ਼ੌਜੀ ਦਖ਼ਲ (1945-1949) 25 ਲੱਖ ਮੌਤਾਂ**

ਜਦੋਂ ਚੀਨ ਵਿਚ ਮਾਓ ਜ਼ੇ-ਤੁੰਗ ਦੀ ਅਗਵਾਈ ਵਾਲੀਆਂ ਇਨਕਲਾਬੀ ਤਾਕਤਾਂ ਅਤੇ ਚਿਆਂਗ ਕਾਈ-ਸ਼ੇਕ ਦੀ ਅਗਵਾਈ ਹੇਠਲੀ ਪਿਛਾਖੜੀ ਰਾਸ਼ਟਰਵਾਦੀ ਪਾਰਟੀ (ਕੁਮਿਨਤਾਂਗ/ਕੇਐੱਮਟੀ) ਦਰਮਿਆਨ ਘਰੇਲੂ ਜੰਗ ਛਿੜ ਗਈ, ਤਾਂ ਅਮਰੀਕਾ ਨੇ ਕੇਐੱਮਟੀ ਦੀ ਹਮਾਇਤ ਕਰਨ ਲਈ ਅਰਬਾਂ ਡਾਲਰ ਦੀ ਸਹਾਇਤਾ ਅਤੇ ਫ਼ੌਜੀ ਸਾਜ਼ੋ-ਸਮਾਨ ਭੇਜਿਆ। ਅੰਦਾਜ਼ਨ 25 ਲੱਖ ਲੋਕ ਮਾਰੇ ਗਏ।

**• ਯੂਨਾਨੀ ਘਰੇਲੂ ਜੰਗ ਵਿਚ ਫ਼ੌਜੀ ਦਖ਼ਲ (1947-1949), 50 ਹਜ਼ਾਰ ਮੌਤਾਂ**

1947 ਵਿਚ ਬਰਤਾਨੀਆ ਤੋਂ ਸੱਤਾ ਸੰਭਾਲਦੇ ਹੋਏ, ਅਮਰੀਕਾ ਨੇ ਫਾਸ਼ੀਵਾਦ-ਵਿਰੋਧੀ ਯੂਨਾਨੀ ਗੁਰੀਲਾ ਲੜਾਕਿਆਂ ਦੇ ਖ਼ਿਲਾਫ਼ ਖ਼ੂਨੀ ਵਿਦਰੋਹ ਵਿਚ ਪਿਛਾਖੜੀ ਯੂਨਾਨੀ ਫ਼ੌਜ ਨੂੰ ਹਥਿਆਰਬੰਦ ਸਿਖਲਾਈ ਅਤੇ ਅਗਵਾਈ ਦਿੱਤੀ, ਜੋ ਅਕਤੂਬਰ 1949 ਵਿਚ ਹਥਿਆਰ ਸੁੱਟਣ ਤੋਂ ਪਹਿਲਾਂ ਲਗਭਗ ਤਿੰਨ ਸਾਲਾਂ ਤੱਕ ਡਟੇ ਰਹੇ, ਦਹਿ ਹਜ਼ਾਰਾਂ ਦੀ ਗਿਣਤੀ ਵਿਚ ਨੁਕਸਾਨ ਝੱਲਿਆ। ਯੂਨਾਨੀ ਘਰੇਲੂ ਜੰਗ ਦੇ ਇਸ 'ਤੀਜੇ ਪੜਾਅ' ਵਿਚ, ਅੰਦਾਜ਼ਨ 50,000 ਮੌਤਾਂ ਹੋਈਆਂ ਸਨ, ਅਤੇ 10 ਲੱਖ ਲੋਕ ਆਪਣੇ ਘਰਾਂ ਤੋਂ ਉਜਾੜ ਦਿੱਤੇ ਗਏ ਸਨ।

**• ਇਰਾਨ ਵਿਚ ਸੀਆਈਏ ਦਾ ਤਖ਼ਤ ਪਲਟ (1953), ਮੌਤਾਂ ਦੀ ਗਿਣਤੀ ਦੀ ਜਾਣਕਾਰੀ ਨਹੀਂ**

19 ਅਗਸਤ 1953 ਨੂੰ ਅਮਰੀਕੀ ਕੇਂਦਰੀ ਖ਼ੁਫ਼ੀਆ ਏਜੰਸੀ (ਸੀਆਈਏ) ਨੇ ਬਰਤਾਨਵੀ ਖ਼ੁਫ਼ੀਆ ਤਾਕਤ ਨਾਲ ਮਿਲ ਕੇ ਇਰਾਨ ਦੇ ਪ੍ਰਸਿੱਧ, ਚੁਣੇ ਹੋਏ ਪ੍ਰਧਾਨ ਮੰਤਰੀ ਮੁਹੰਮਦ ਮੋਸਦਗ ਨੂੰ ਉਲਟਾਉਂਦੇ ਹੋਏ ਫ਼ੌਜੀ ਰਾਜ ਪਲਟਾ ਕਰਵਾਇਆ। 1951 ਵਿਚ, ਮੋਸਦਗ ਨੇ ਬਰਤਾਨੀਆ ਦੀ ਐਂਗਲੋ-ਇਰਾਨੀਅਨ ਆਇਲ ਕੰਪਨੀ ਦਾ ਕੌਮੀਕਰਨ ਕਰ ਦਿੱਤਾ ਸੀ। ਸ਼ਾਮ ਤੱਕ, ਲੜਾਈ ਵਿਚ ਲਗਭਗ 300 ਲੋਕ ਮਾਰੇ ਗਏ ਸਨ, ਅਤੇ ਇਰਾਨ ਦੇ ਮੁਹੰਮਦ ਰਜ਼ਾ ਸ਼ਾਹ ਰਾਜਾ ਪਹਿਲਵੀ ਦਾ ਸਿੰਘਾਸਨ ਸੁਰੱਖਿਅਤ ਕੀਤਾ ਗਿਆ।

**• ਕਾਂਗੋ ਵਿਚ ਪੈਤਰਿਸ ਲੁਮੂੰਬਾ ਦਾ ਕਤਲ (1961), ਅਤੇ ਮੋਬੂਤੂ ਦਾ ਕਰੂਰ ਰਾਜ, ਮੌਤਾਂ ਦੀ ਗਿਣਤੀ ਸਪਸ਼ਟ ਨਹੀਂ**

ਕਾਂਗੋ ਦੇ ਬਸਤੀਵਾਦ ਵਿਰੋਧੀ ਆਗੂ ਪੈਤਰਿਸ ਲੁਮੂੰਬਾ ਨੂੰ ਨਵੇਂ ਸਥਾਪਤ ਕਾਂਗੋ ਗਣਰਾਜ ਦੇ ਪ੍ਰਧਾਨ ਮੰਤਰੀ ਚੁਣੇ ਜਾਣ ਦੇ ਕੁਝ ਮਹੀਨਿਆਂ

*(ਬਾਕੀ ਅਗਲੇ ਸਫੇ 'ਤੇ)*

# .ਗੁਲਾਮੀ, ਨਸਲਕੁਸ਼ੀ...

*(ਪਿਛਲੇ ਸਫੇ ਦਾ ਬਾਕੀ)*

ਬਾਅਦ ਹੀ ਇੱਕ ਫਾਇਰਿੰਗ ਸੁਕੈਡ ਵੱਲੋਂ ਮਾਰ ਦਿੱਤਾ ਗਿਆ। ਇਹ ਕਰੂਰ ਕਤਲ ਲੁਮੂੰਬਾ ਦੇ ਕਾਂਗੋਲੀ ਦੁਸ਼ਮਣਾਂ ਦੁਆਰਾ ਕੀਤਾ ਗਿਆ ਸੀ, ਪਰ ਅਮਰੀਕੀ ਰਾਸ਼ਟਰਪਤੀ ਆਈਜ਼ਨਹਾਵਰ ਦੀ ਹਕੂਮਤ ਦੇ ਤਹਿਤ ਸੀਆਈਏ ਨਿਰਦੇਸ਼ਕ ਐਲਨ ਡੱਲਸ ਨੇ ਐਲਾਨ ਕੀਤਾ ਸੀ ਕਿ 'ਲੁਮੂੰਬਾ ਨੂੰ ਹਟਾਉਣਾ ਜ਼ਰੂਰੀ ਅਤੇ ਪ੍ਰਮੁੱਖ ਉਦੇਸ਼ ਹੋਣਾ ਚਾਹੀਦਾ ਹੈ।' ਕਾਂਗੋ ਦੇ ਇਕ ਫ਼ੌਜ ਅਧਿਕਾਰੀ ਮੋਬੁਤੂ ਸੇਸੇ ਸੇਕੋ ਨੇ ਲੁਮੂੰਬਾ ਨੂੰ ਮਾਰਨ ਦੀ 'ਵਿਵਸਥਾ' ਕੀਤੀ, 1965 ਵਿਚ ਸੱਤਾ ਸੰਭਾਲੀ, ਅਤੇ ਅਮਰੀਕੀ ਸਾਮਰਾਜਵਾਦੀਆਂ ਦੀ ਹਮਾਇਤ ਨਾਲ ਤਿੰਨ ਦਹਾਕਿਆਂ ਤੋਂ ਵੱਧ ਸਮੇਂ ਤੱਕ ਕਰੂਰ, ਖ਼ੂਨੀ ਰਾਜ ਚਲਾਇਆ, ਜੋ ਉਸਨੂੰ ਅਫ਼ਰੀਕਾ ਵਿਚ ਇੱਕ 'ਸਥਿਰਤਾ' ਤਾਕਤ ਮੰਨਦੇ ਸਨ।

**• ਬੇਅ ਆਫ਼ ਪਿਗਸ ਹਮਲਾ (1961), ਢਾਈ ਹਜ਼ਾਰ ਮੌਤਾਂ**

ਅਮਰੀਕਾ ਨੇ ਫਿਦੇਲ ਕਾਸਤਰੋ ਦੀ ਅਗਵਾਈ ਵਾਲੀ ਕਿਊਬਾ ਦੀ ਸਰਕਾਰ ਨੂੰ ਉਲਟਾਉਣ ਦੀ ਕੋਸ਼ਿਸ਼ ਕੀਤੀ, ਇਸ ਹਮਲੇ ਦਾ ਆਯੋਜਨ ਪਿਛਾਖੜੀ ਕਿਊਬਾਈ ਜਲਾਵਤਨਾਂ ਦੁਆਰਾ ਕੀਤਾ। ਇਹ ਕੋਸ਼ਿਸ਼ ਨਾਕਾਮ ਰਹੀ, ਪਰ ਲੜਾਈ ਦੌਰਾਨ ਢਾਈ ਹਜ਼ਾਰ ਕਿਊਬਾਈ ਫ਼ੌਜੀ, ਮਿਲੀਸ਼ੀਆ ਕਰਮਚਾਰੀ ਅਤੇ ਹੋਰ ਮਾਰੇ ਗਏ, ਕਈ ਜ਼ਖਮੀ ਜਾਂ ਲਾਪਤਾ ਹੋ ਗਏ।

**• ਬ੍ਰਾਜ਼ੀਲ ਤਖ਼ਤ ਪਲਟ ਲਈ ਹਮਾਇਤ (1964), ਇਕ ਹਜ਼ਾਰ ਮੌਤਾਂ, 30 ਹਜ਼ਾਰ ਲੋਕਾਂ ਨੂੰ ਤਸੀਹੇ**

ਬ੍ਰਾਜ਼ੀਲ ਦੀ ਫ਼ੌਜ ਦੇ ਇੱਕ ਹਿੱਸੇ ਨੇ ਤਖ਼ਤ ਪਲਟ ਕੀਤਾ ਜਿਸਨੇ ਰਾਸ਼ਟਰਪਤੀ ਜੋਆਓ ਗੋਲਰਟ ਨੂੰ ਉਲਟਾ ਦਿੱਤਾ। ਅਮਰੀਕਾ ਨੇ ਦੋ ਸਾਲ ਜਾਂ ਇਸ ਤੋਂ ਵੱਧ ਸਮੇਂ ਤੱਕ ਤਖ਼ਤ ਪਲਟ ਦੀ ਤਿਆਰੀ ਕੀਤੀ ਸੀ ਅਤੇ ਇਸ ਲਈ ਸਪਲਾਈ ਤੇ ਫੰਡ ਮੁਹੱਈਆ ਕਰਵਾਏ ਸਨ। ਇਸਨੇ ਕਤਲਾਂ, ਲਾਪਤਾ ਹੋਣ ਅਤੇ ਤਸ਼ੱਦਦ ਸਮੇਤ ਦੋ ਦਹਾਕਿਆਂ ਦੇ ਕਾਤਲ ਫ਼ੌਜੀ ਸ਼ਾਸਨ ਨੂੰ ਜਨਮ ਦਿੱਤਾ। 1964-1985 ਦੇ ਦਰਮਿਆਨ ਘੱਟੋ-ਘੱਟ 8 ਹਜ਼ਾਰ 350 ਲੋਕ ਮਾਰੇ ਗਏ।

**• ਸੀਆਈਏ ਵੱਲੋਂ ਇੰਡੋਨੇਸ਼ੀਆ ਵਿਚ ਕਰਵਾਇਆ ਕਤਲੇਆਮ (1965-1966), ਪੰਜ ਲੱਖ ਮੌਤਾਂ**

1965 ਦੇ ਅੰਤ ਵਿਚ, ਅਮਰੀਕੀ ਹਮਾਇਤ ਪ੍ਰਾਪਤ ਫ਼ੌਜੀ ਜਨਰਲ ਸੁਹਾਰਤੋ ਦੀ ਅਗਵਾਈ ਵਿਚ ਪਿਛਾਖੜੀ ਇੰਡੋਨੇਸ਼ੀਆਈ ਫ਼ੌਜ ਨੇ ਵੱਡੇ ਪੱਧਰ 'ਤੇ ਕਤਲੇਆਮ ਵਿੱਢ ਦਿੱਤਾ ਜਿਸਨੂੰ ਅਮਰੀਕਾ ਨੇ ਹਮਾਇਤ ਦਿੱਤੀ। ਜਿਸਨੇ ਫ਼ੌਜ ਨੂੰ ਫ਼ੌਜੀ ਸਾਜ਼ੋਸਮਾਨ, ਹਥਿਆਰ ਅਤੇ ਅੰਤ ਵਿਚ ਦਹਿ ਅਰਬਾਂ ਡਾਲਰ ਮੁਹੱਈਆ ਕੀਤੇ। ਸੀਆਈਏ ਸਲਾਹਕਾਰਾਂ ਨੇ ਫ਼ੌਜ ਨੂੰ 5,000 ਦੀ 'ਹਿੱਟ ਲਿਸਟ' ਦਿੱਤੀ ਸੀ, ਫਿਰ ਉਨ੍ਹਾਂ ਦੇ ਮਾਰੇ ਜਾਣ 'ਤੇ ਉਨ੍ਹਾਂ ਦੇ ਨਾਵਾਂ ਦੀ ਜਾਂਚ ਕੀਤੀ। ਘੱਟੋ-ਘੱਟ 5 ਲੱਖ, ਸ਼ਾਇਦ 10 ਲੱਖ ਤੋਂ ਵੀ ਵੱਧ, ਇੰਡੋਨੇਸ਼ੀਆਈ ਮਾਰੇ ਗਏ, ਜਿਨ੍ਹਾਂ ਵਿਚ ਇੰਡੋਨੇਸ਼ੀਆ ਦੀ ਕਮਿਊਨਿਸਟ ਪਾਰਟੀ ਦੇ ਮੈਂਬਰ, ਟਰੇਡ ਯੂਨੀਅਨਿਸਟ, ਬੁੱਧੀਜੀਵੀ, ਅਧਿਆਪਕ, ਜ਼ਮੀਨੀ ਸੁਧਾਰਾਂ ਦੇ ਹਮਾਇਤੀ, ਸਾਧਾਰਨ ਕਿਸਾਨ, ਚੀਨੀ ਨਸਲ ਦੇ ਲੋਕ, ਔਰਤਾਂ ਅਤੇ ਬੱਚੇ ਸ਼ਾਮਲ ਸਨ। ਸੈਂਕੜੇ ਹਜ਼ਾਰਾਂ ਹੋਰ ਗ੍ਰਿਫ਼ਤਾਰ ਕੀਤੇ ਗਏ ਅਤੇ ਤਸੀਹਿਆਂ ਦਾ ਸ਼ਿਕਾਰ ਹੋਏ।

**• ਚਿੱਲੀ ਵਿਚ ਸੀਆਈਏ-ਸੰਗਠਿਤ ਫ਼ੌਜੀ ਰਾਜ ਪਲਟਾ (1973), 3 ਹਜ਼ਾਰ ਲੋਕ ਮਾਰੇ ਗਏ, ਹਜ਼ਾਰਾਂ ਹੋਰ ਲਾਪਤਾ**

11 ਸਤੰਬਰ 1973 ਦੀ ਸਵੇਰ ਦੇ ਸ਼ੁਰੂਆਤੀ ਘੰਟਿਆਂ ਤੋਂ, ਚਿੱਲੀ ਦੀ ਫ਼ੌਜ ਨੇ ਅਮਰੀਕਾ ਦੇ ਰਾਜਨੀਤਕ ਮਾਰਗਦਰਸ਼ਨ ਅਤੇ ਗੁਪਤ ਹਮਾਇਤ ਨਾਲ, ਚਿੱਲੀ ਦੇ ਰਾਸ਼ਟਰਪਤੀ ਸਲਵਾਦੋਰ ਅਲੈਂਦੇ ਦੀ ਖੱਬੇ-ਪੱਖੀ ਸਰਕਾਰ ਦੇ ਖ਼ਿਲਾਫ਼ ਤਖ਼ਤ ਪਲਟ ਕੀਤਾ। ਚਿੱਲੀ ਦੇ 3 ਹਜ਼ਾਰ ਤੋਂ ਵੱਧ ਲੋਕਾਂ ਨੂੰ ਮਾਰ ਦਿੱਤਾ ਗਿਆ, ਹਜ਼ਾਰਾਂ ਹੋਰ 'ਗਾਇਬ' ਕਰ ਦਿੱਤੇ ਗਏ, ਅਤੇ ਦਹਿ ਹਜ਼ਾਰਾਂ ਤਸ਼ੱਦਦ ਦਾ ਸ਼ਿਕਾਰ ਹੋਏ; ਤਖ਼ਤ ਪਲਟ ਦੌਰਾਨ 1 ਲੱਖ 40 ਹਜ਼ਾਰ ਤੋਂ ਵੱਧ ਲੋਕਾਂ ਨੂੰ ਹਿਰਾਸਤ ਵਿਚ ਲਿਆ ਗਿਆ।

**• ਅਮਰੀਕਾ ਵੱਲੋਂ ਅੰਗੋਲਾ ਵਿਚ ਭੜਕਾਈ ਘਰੇਲੂ ਜੰਗ (1975-1994), 8 ਲੱਖ ਮੌਤਾਂ**

ਅਮਰੀਕਾ ਨੇ ਅੰਗੋਲਾ ਵਿਚ ਦੱਖਣੀ ਅਫ਼ਰੀਕਾ ਦੇ ਫ਼ੌਜੀ ਦਖਲ ਦੀ ਵੀ ਹਮਾਇਤ ਕੀਤੀ ਤਾਂ ਜੋ ਐਮਪੀਐਲਏ ਸਰਕਾਰ ਨੂੰ ਕਮਜ਼ੋਰ ਕੀਤਾ ਜਾ ਸਕੇ ਜਾਂ ਉਲਟਾਇਆ ਜਾ ਸਕੇ, ਸੋਵੀਅਤ ਸੰਘ ਜਾਂ ਉਸਦੇ ਸਹਿਯੋਗੀ ਕਿਊਬਾ ਨੂੰ ਦੱਖਣੀ ਅਫ਼ਰੀਕਾ ਵਿਚ ਪੈਰ ਜਮਾਉਣ ਤੋਂ ਰੋਕਿਆ ਜਾ ਸਕੇ, ਅਤੇ ਦੱਖਣੀ ਅਫ਼ਰੀਕਾ ਦੀ ਨਸਲਵਾਦੀ ਰੰਗਭੇਦੀ ਸਰਕਾਰ ਨੂੰ ਸੁਰੱਖਿਅਤ ਰੱਖਣ ਵਿਚ ਮਦਦ ਕੀਤੀ ਜਾ ਸਕੇ। ਭਿਆਨਕ ਘਰੇਲੂ ਜੰਗ ਛਿੜ ਗਈ ਜੋ 2002 ਤੱਕ ਚੱਲੀ। 8 ਲੱਖ ਲੋਕ ਮਾਰੇ ਗਏ, 40 ਲੱਖ ਤੋਂ ਵੱਧ ਆਪਣੇ ਘਰਾਂ ਤੋਂ ਉਜਾੜ ਦਿੱਤੇ ਗਏ, ਅਤੇ ਸਮਾਜ ਨੂੰ ਤਬਾਹ ਕਰ ਦਿੱਤਾ ਗਿਆ। ਅੰਗੋਲਾ ਦੀ ਘਰੇਲੂ ਜੰਗ ਵਿਚ 1975 ਅੰਗੋਲਾ ਦੇ ਅਤੇ ਕਿਊਬਾ ਦੇ ਫ਼ੌਜੀ ਵੀ ਮਾਰੇ ਗਏ ਸਨ।

**• ਮੌਜ਼ਮਬੀਕ ਵਿਚ ਗੁਪਤ ਰੂਪ 'ਚ ਭੜਕਾਈ ਦਹਿਸ਼ਤ (1977-1992), ਇਸ ਦੌਰਾਨ 10 ਲੱਖ ਮੌਤਾਂ**

ਅਮਰੀਕਾ ਨੇ ਗੁਪਤ ਰੂਪ ਵਿਚ ਦੱਖਣੀ ਅਫ਼ਰੀਕੀ ਮੁਲਕ ਮੌਜ਼ਮਬੀਕ ਵਿਚ ਪਿਛਾਖੜੀ ਜੰਗ ਅਤੇ ਵੱਡੇ ਪੱਧਰ ਦੀ ਦਹਿਸ਼ਤਵਾਦੀ ਵਹਿਸ਼ੀ ਮੁਹਿੰਮ ਨੂੰ ਹਵਾ ਦਿੱਤੀ। ਰੇਨਾਮੋ ਨੇ ਮੌਜ਼ਮਬੀਕ ਦੀ ਸਰਕਾਰ ਨੂੰ ਅਪਾਹਜ ਬਣਾਉਣ ਅਤੇ ਅਸਥਿਰ ਕਰਨ ਦੀ ਯੁੱਧਨੀਤੀ ਦੇ ਹਿੱਸੇ ਵਜੋਂ ਯੋਜਨਾਬੱਧ ਰੂਪ ਵਿਚ ਮਨੁੱਖਤਾ ਦੇ ਖ਼ਿਲਾਫ਼ ਜੁਰਮ ਕੀਤੇ। ਇਸਨੇ ਕਰੂਰ ਕਤਲੇਆਮ ਕੀਤੇ, ਅਤੇ ਸਿੱਧੇ ਤੌਰ 'ਤੇ ਕੁੱਲ ਮਿਲਾ ਕੇ ਲਗਭਗ ਇਕ ਲੱਖ ਲੋਕਾਂ ਨੂੰ ਕਤਲ ਕਰ ਦਿੱਤਾ ਗਿਆ। ਇਸਨੇ ਖੇਤੀਬਾੜੀ ਵੀ ਤਬਾਹ ਕਰ ਦਿੱਤੀ, ਜਿਸ ਨਾਲ ਵੱਡੇ ਪੱਧਰ 'ਤੇ ਭੁੱਖਮਰੀ ਅਤੇ ਕਾਲ ਪੈਦਾ ਹੋਏ, ਨਤੀਜੇ ਵਜੋਂ 10 ਲੱਖ ਲੋਕ ਮਾਰੇ ਗਏ।

**• ਪੂਰਬੀ ਤਿਮੋਰ ਵਿਚ ਅਮਰੀਕੀ ਹਮਾਇਤ ਪ੍ਰਾਪਤ ਇੰਡੋਨੇਸ਼ੀਆਈ ਨਸਲਕੁਸ਼ੀ (1975-1999), 2 ਤੋਂ 3 ਲੱਖ ਮੌਤਾਂ**

ਪੂਰਬੀ ਤਿਮੋਰ 'ਤੇ ਅਮਰੀਕੀ ਥਾਪੜੇ ਵਾਲੇ ਇੰਡੋਨੇਸ਼ੀਆਈ ਹਮਲੇ ਅਤੇ ਕਬਜ਼ੇ ਦੇ ਨਤੀਜੇ ਵਜੋਂ ਭਾਰੀ ਮਨੁੱਖੀ ਤਬਾਹੀ ਦੇ ਸਮੇਂ ਤੋਂ ਲੈ ਕੇ ਆਬਾਦੀ ਦੇ ਮੁਕਾਬਲੇ ਸਭ ਤੋਂ ਭੈੜਾ ਕਤਲੇਆਮ ਹੋਇਆ। 1975 ਤੋਂ 1999 ਤੱਕ, ਇੰਡੋਨੇਸ਼ੀਆਈ ਫ਼ੌਜ ਨੇ ਪੂਰਬੀ ਤਿਮੋਰ ਦੀ ਆਬਾਦੀ 'ਤੇ ਬੰਬਾਰੀ ਕੀਤੀ, ਕਤਲੇਆਮ ਕੀਤਾ, ਤਸੀਹੇ ਦਿੱਤੇ, ਬਲਾਤਕਾਰ ਕੀਤੇ ਅਤੇ ਉਨ੍ਹਾਂ ਨਾਲ ਬੇਹੱਦ ਦੁਰਵਿਹਾਰ ਕੀਤਾ ਜਦੋਂ ਤੱਕ ਲਗਭਗ 2 ਤੋਂ 3 ਲੱਖ ਲੋਕ ਮਾਰੇ ਨਹੀਂ ਗਏ - ਮੂਲ ਆਬਾਦੀ ਦਾ ਘੱਟੋ-ਘੱਟ ਤੀਜਾ ਹਿੱਸਾ। ਇਸ ਸਮੇਂ ਦੌਰਾਨ, ਅਮਰੀਕਾ ਨੇ ਲਗਾਤਾਰ ਫ਼ੌਜ ਨੂੰ ਆਰਥਕ ਅਤੇ ਕੂਟਨੀਤਕ ਹਮਾਇਤ ਦਿੱਤੀ ਜਿਸਨੇ ਇਸ ਭਿਆਨਕ ਨਸਲਕੁਸ਼ੀ ਨੂੰ ਸੰਭਵ ਬਣਾਇਆ।

**• ਅਫ਼ਗਾਨਿਸਤਾਨ ਵਿਚ ਸੋਵੀਅਤ ਸੰਘ ਦੇ ਖ਼ਿਲਾਫ਼ ਅਮਰੀਕੀ ਪ੍ਰੌਕਸੀ ਜੰਗ (1979-1989), 15 ਲੱਖ ਅਫ਼ਗਾਨੀ ਮਾਰੇ ਗਏ**

1979 ਵਿਚ ਅਮਰੀਕਾ ਦੇ ਮੁੱਖ ਸਾਮਰਾਜਵਾਦੀ ਵਿਰੋਧੀ ਸੋਵੀਅਤ ਸੰਘ ਦੁਆਰਾ ਅਫ਼ਗਾਨਿਸਤਾਨ 'ਤੇ ਹਮਲਾ ਕਰਨ ਤੋਂ ਬਾਅਦ, ਅਮਰੀਕਾ ਨੇ ਪਾਕਿਸਤਾਨ ਅਤੇ ਸਾਊਦੀ ਅਰਬ ਦੇ ਨਾਲ ਮਿਲ ਕੇ, ਪਿਛਾਖੜੀ ਇਸਲਾਮੀ ਕੱਟੜਪੰਥੀ ਮੁਜਾਹਿਦੀਨ (ਜੋ ਬਾਅਦ ਵਿਚ ਅਫ਼ਗਾਨਿਸਤਾਨ ਦੇ ਤਾਲਿਬਾਨ ਅਤੇ ਓਸਾਮਾ ਬਿਨ ਲਾਦੇਨ ਦੇ ਅਲ ਕਾਇਦਾ ਬਣੇ) ਨੂੰ ਸੋਵੀਅਤ ਫ਼ੌਜਾਂ ਅਤੇ ਉਸਦੀ ਹਮਾਇਤੀ ਅਫ਼ਗਾਨ ਹਕੂਮਤ ਦੇ ਖ਼ਿਲਾਫ਼ ਜੰਗ ਛੇੜਨ ਲਈ ਹਥਿਆਰਬੰਦ ਤੇ ਜਥੇਬੰਦ ਕੀਤਾ ਅਤੇ ਉਨ੍ਹਾਂ ਨੂੰ ਫੰਡਿੰਗ ਕੀਤੀ। ਆਖ਼ਿਰਕਾਰ, 1989 ਵਿਚ ਸੋਵੀਅਤ ਹਮਲਾਵਰ ਅਫ਼ਗਾਨਿਸਤਾਨ ਤੋਂ ਚਲੇ ਗਏ। ਅੰਦਾਜ਼ਾ ਇਹ ਹੈ ਕਿ ਇਸ ਪਿਛਾਖੜੀ ਕਤਲੇਆਮ ਅਤੇ ਉਸ ਤੋਂ ਬਾਅਦ ਹੋਈ ਘਰੇਲੂ ਜੰਗ ਵਿਚ ਲਗਭਗ 15 ਲੱਖ ਅਫ਼ਗਾਨੀ ਮਾਰੇ ਗਏ, ਨਾਲ ਹੀ 15 ਹਜ਼ਾਰ ਸੋਵੀਅਤ ਫ਼ੌਜੀ ਵੀ ਮਾਰੇ ਗਏ। ਉਸ ਸਮੇਂ ਅਫ਼ਗਾਨਿਸਤਾਨ ਦੀ ਇੱਕ ਤਿਹਾਈ ਆਬਾਦੀ, 50 ਲੱਖ ਅਫ਼ਗਾਨ, ਸ਼ਰਨਾਰਥੀਆਂ ਵਜੋਂ ਮੁਲਕ ਤੋਂ ਬਾਹਰ ਖਦੇੜ ਦਿੱਤੀ ਗਈ ਸੀ।

**• ਅਮਰੀਕਾ ਵੱਲੋਂ ਅਲ ਸਲਵਾਡੋਰ ਡੈਥ ਸੁਕਐਡ ਨੂੰ ਥਾਪੜਾ (1980-92), 75 ਹਜ਼ਾਰ ਮੌਤਾਂ ਅਤੇ 8 ਹਜ਼ਾਰ ਲਾਪਤਾ**

ਆਪਣੇ ਕਰੂਰ ਪਿੱਠੂ ਰਾਜ ਦੇ ਖ਼ਿਲਾਫ਼ ਗੁਰੀਲਾ ਸੰਘਰਸ਼ ਨੂੰ ਕੁਚਲਣ ਲਈ, ਅਮਰੀਕਾ ਨੇ ਡੈਥ ਸਕੁਐਡ ਦੀ ਹਮਾਇਤ ਕੀਤੀ, ਉਨ੍ਹਾਂ ਨੂੰ ਫੰਡਿੰਗ ਕੀਤੀ ਅਤੇ ਹਥਿਆਰਬੰਦ ਕੀਤਾ, ਜਿਨ੍ਹਾਂ ਨੇ ਫਾਂਸੀ ਦੀਆਂ ਗ਼ੈਰਅਦਾਲਤੀ ਸਜ਼ਾਵਾਂ ਅਤੇ ਕਤਲੇਆਮ ਨੂੰ ਅੰਜ਼ਾਮ ਦਿੱਤਾ, ਜਿਸ ਵਿਚ 75 ਹਜ਼ਾਰ ਲੋਕ ਮਾਰੇ ਗਏ।

**• ਇਰਾਨ-ਇਰਾਕ ਜੰਗ (1980-1988), 10 ਲੱਖ ਇਰਾਨੀ ਮੌਤਾਂ, ਢਾਈ ਤੋਂ ਪੰਜ ਲੱਖ ਇਰਾਕੀ ਮੌਤਾਂ**

ਸਤੰਬਰ 1980 ਵਿਚ, ਇਰਾਕ ਦੇ ਸੱਦਾਮ ਹੁਸੈਨ ਨੇ ਅਮਰੀਕਾ ਤੋਂ ਹਰੀ ਝੰਡੀ ਮਿਲਣ ਤੋਂ ਬਾਅਦ ਇਰਾਨ 'ਤੇ ਹਮਲਾ ਕੀਤਾ। ਉਨ੍ਹਾਂ ਦਾ ਸਾਂਝਾ ਟੀਚਾ ਉੱਥੋਂ ਦੇ ਨਵੇਂ ਇਸਲਾਮੀ ਗਣਰਾਜ ਨੂੰ ਕਮਜ਼ੋਰ ਕਰਨਾ ਜਾਂ ਉਲਟਾਉਣਾ ਸੀ। ਅਮਰੀਕਾ ਨੇ ਇਰਾਕ ਨੂੰ ਹਥਿਆਰ ਵੇਚੇ (ਜਾਂ ਸਹਿਯੋਗੀਆਂ ਰਾਹੀਂ ਵੇਚੇ), ਜਿਸ ਵਿਚ ਜੈਵਿਕ ਅਤੇ ਰਸਾਇਣਕ ਹਥਿਆਰ (ਜਿਨ੍ਹਾਂ ਦੀ ਵਰਤੋਂ ਇਰਾਨ ਦੇ ਖ਼ਿਲਾਫ਼ ਕੀਤੀ ਗਈ) ਬਣਾਉਣ ਦੀ ਸਮਰੱਥਾ ਸ਼ਾਮਲ ਸੀ, ਅਤੇ ਫ਼ੌਜੀ ਖ਼ੁਫ਼ੀਆ ਜਾਣਕਾਰੀ ਮੁਹੱਈਆ ਕੀਤੀ ਗਈ। ਕੁਝ ਸਮੇਂ ਲਈ, ਅਮਰੀਕਾ ਨੇ ਇਰਾਨ ਨੂੰ ਹਥਿਆਰ ਵੀ ਦਿੱਤੇ। ਅਮਰੀਕੀ ਸਾਜ਼ਿਸ਼ਾਂ ਨੇ ਜੰਗ ਨੂੰ ਲੰਮੀ ਖਿੱਚਿਆ ਅਤੇ ਕਤਲੇਆਮ ਨੂੰ ਹੋਰ ਕਰੂਰ ਬਣਾਇਆ: ਘਟਾ ਕੇ ਲਾਏ ਅੰਦਾਜ਼ਿਆਂ ਅਨੁਸਾਰ 2 ਲੱਖ 62 ਹਜ਼ਾਰ ਤੋਂ ਲੈ ਕੇ 3 ਲੱਖ 67 ਹਜ਼ਾਰ ਇਰਾਨੀ ਅਤੇ 1 ਲੱਖ 5 ਹਜ਼ਾਰ ਇਰਾਕੀ ਮਾਰੇ ਗਏ, ਨਾਲ ਹੀ ਦੋਵਾਂ ਪਾਸਿਆਂ ਦੇ ਅੰਦਾਜ਼ਨ 7 ਲੱਖ ਲੋਕ ਜ਼ਖਮੀ ਹੋਏ।

**• ਨਿਕਾਰਾਗੁਆ ਵਿਚ ਅਮਰੀਕੀ ਸਰਪ੍ਰਸਤੀ ਵਾਲੀ ਕੌਂਟਰਾ ਜੰਗ (1981-1988), 65 ਹਜ਼ਾਰ ਮੌਤਾਂ**

1978 ਵਿਚ ਸੈਂਡੀਨਿਸਟਾਂ ਦੁਆਰਾ ਅਮਰੀਕੀ ਹਮਾਇਤ ਪ੍ਰਾਪਤ ਸੋਮੋਜ਼ਾ ਤਾਨਾਸ਼ਾਹੀ ਨੂੰ ਉਲਟਾਉਣ ਅਤੇ ਸੋਵੀਅਤ ਸੰਘ ਨਾਲ ਦੋਸਤਾਨਾ ਸਬੰਧ ਸਥਾਪਤ ਕਰਨ ਤੋਂ ਬਾਅਦ, ਅਮਰੀਕਾ ਉਨ੍ਹਾਂ ਨੂੰ ਉਲਟਾਉਣ ਲਈ ਦ੍ਰਿੜ ਸੀ। ਅਮਰੀਕੀ ਪ੍ਰੌਕਸੀ ਫ਼ੌਜ ਕੌਂਟਰਾਜ਼ ਨੇ ਮੁਕੰਮਲ ਜੰਗ ਛੇੜ ਦਿੱਤੀ...ਸਕੂਲ ਅਤੇ ਮੈਡੀਕਲ ਕਲੀਨਿਕ ਸਾੜ ਦਿੱਤੇ, ਬਲਾਤਕਾਰ ਕੀਤੇ, ਤਸ਼ੱਦਦ ਕੀਤਾ, ਬੰਦਰਗਾਹਾਂ ਵਿਚ ਸੁਰੰਗਾਂ ਵਿਛਾਈਆਂ, ਬੰਬਾਰੀ ਅਤੇ ਗੋਲੀਬਾਰੀ ਕੀਤੀ। 65 ਹਜ਼ਾਰ ਲੋਕ ਮਾਰੇ ਗਏ। ਅਮਰੀਕਾ ਨੇ 'ਆਜ਼ਾਦ ਚੋਣ' ਲਈ ਮਜਬੂਰ ਕਰਨ ਤੋਂ ਬਾਅਦ ਸੱਤਾ ਹਾਸਲ ਕਰ ਲਈ। ਅੱਜ, ਨਿਕਾਰਾਗੁਆ ਗੋਲਾਰਧ ਦੇ ਸਭ ਤੋਂ ਗ਼ਰੀਬ ਅਤੇ ਸਭ ਤੋਂ ਵੱਧ ਹਿੰਸਾ ਪ੍ਰਭਾਵਿਤ ਮੁਲਕਾਂ ਵਿਚੋਂ ਇੱਕ ਹੈ।

**• ਗੁਆਟੇਮਾਲਾ ਵਿਚ ਅਮਰੀਕੀ ਥਾਪੜੇ ਨਾਲ ਨਸਲਕੁਸ਼ੀ (1982-1983), 75 ਹਜ਼ਾਰ ਮੌਤਾਂ**

1982 ਵਿਚ, ਅਮਰੀਕਾ ਨੇ ਈਸਾਈ ਕੱਟੜਪੰਥੀ ਜਨਰਲ ਹੋਜ਼ੇ ਏਫ੍ਰੇਨ ਰੀਓਸ ਮੌਂਟ ਦੁਆਰਾ ਅੰਜਾਮ ਦਿੱਤੇ ਫ਼ੌਜੀ ਤਖ਼ਤ ਪਲਟ ਦੀ ਹਮਾਇਤ ਕੀਤੀ, ਜਿਸਨੇ ਫਿਰ ਗੁਆਟੇਮਾਲਾ ਦੀ ਮੂਲਵਾਸੀ ਮਾਇਆਂ ਵਸੋਂ ਉੱਪਰ ਨਸਲਕੁਸ਼ੀ ਵਾਲਾ ਹਮਲਾ ਸ਼ੁਰੂ ਕੀਤਾ। ਅਮਰੀਕੀ ਸਹਾਇਤਾ ਅਤੇ ਹਮਾਇਤ ਨਾਲ, ਗੁਆਟੇਮਾਲਾ ਦੀ ਫ਼ੌਜ ਨੇ ਯੋਜਨਾਬੱਧ ਰੂਪ ਵਿਚ 600 ਤੋਂ ਵੱਧ ਮੂਲਵਾਸੀ ਮਾਇਆਂ ਪਿੰਡਾਂ ਨੂੰ ਤਬਾਹ ਕਰ ਦਿੱਤਾ ਅਤੇ ਲਗਭਗ 75 ਹਜ਼ਾਰ ਲੋਕਾਂ ਦਾ ਕਤਲੇਆਮ ਕਰ ਦਿੱਤਾ। ਗੁਆਟੇਮਾਲਾ ਦੇ ਫ਼ੌਜੀ ਸ਼ਾਸਨ ਦੀ ਖੱਬੇ-ਪੱਖੀ ਵਿਰੋਧੀਆਂ ਅਤੇ ਕਿਸਾਨਾਂ ਦੇ ਖ਼ਿਲਾਫ਼ ਭਿਆਨਕ, ਅਮਰੀਕੀ-ਥਾਪੜੇ ਵਾਲੀ ਜੰਗ (ਜੋ 1960 ਦੇ ਦਹਾਕੇ ਵਿਚ ਸ਼ੁਰੂ ਹੋਈ ਸੀ) 1996 ਤੱਕ ਜਾਰੀ ਰਹੀ। ਉਨ੍ਹਾਂ ਦਹਾਕਿਆਂ ਦੌਰਾਨ ਅੰਦਾਜ਼ਾ ਹੈ ਕਿ ਲਗਭਗ 2 ਲੱਖ ਲੋਕ ਲਾਪਤਾ ਹੋ ਗਏ ਜਾਂ ਮਾਰੇ ਗਏ।

**• ਇਰਾਕੀ ਕੁਰਦਾਂ ਦੇ ਕਤਲੇਆਮ ਵਿਚ ਅਮਰੀਕਾ ਦੀ ਸ਼ਮੂਲੀਅਤ (1987-1988), 50 ਹਜ਼ਾਰ ਤੋਂ 1 ਲੱਖ ਮੌਤਾਂ**

ਇਰਾਕ ਨੂੰ ਰਸਾਇਣਕ ਹਥਿਆਰ ਵਿਕਸਿਤ ਕਰਨ ਵਿਚ ਸਹਾਇਤਾ ਕਰਨ ਤੋਂ ਬਾਅਦ, ਅਮਰੀਕਾ ਨੇ ਅੱਖਾਂ ਮੀਟ ਲਈਆਂ ਅਤੇ ਉਸਦੀ ਹਮਾਇਤ ਕਰਨੀ ਜਾਰੀ ਰੱਖੀ। ਜਦੋਂ ਉਸਨੇ ਉਨ੍ਹਾਂ ਦੀ ਵਰਤੋਂ ਇਰਾਕ ਦੇ ਦੱਬੇ-ਕੁਚਲੇ ਘੱਟ-ਗਿਣਤੀ ਸਮੂਹ ਕੁਰਦਾਂ ਦੇ ਖ਼ਿਲਾਫ਼ ਕੀਤੀ। 50 ਹਜ਼ਾਰ ਅਤੇ 1 ਲੱਖ ਦਰਮਿਆਨ ਕੁਰਦਾਂ ਦਾ ਕਤਲੇਆਮ ਕੀਤਾ ਗਿਆ। ਇੱਕ ਇਰਾਕ ਵਿਦਵਾਨ ਦੇ ਅਨੁਸਾਰ ਇੱਕ ਗੈਸ ਹਮਲੇ ਵਿਚ ਅੰਦਾਜ਼ਨ 5 ਹਜ਼ਾਰ ਮੌਤਾਂ ਸ਼ਾਮਲ ਹਨ। ਇੱਕ ਰੱਖਿਆ ਖ਼ੁਫ਼ੀਆ ਏਜੰਸੀ ਅਧਿਕਾਰੀ ਨੇ ਨਿਊਯਾਰਕ ਟਾਈਮਜ਼ ਨੂੰ ਦੱਸਿਆ ਕਿ ਪੈਂਟਾਗਨ 'ਇਰਾਕ ਦੁਆਰਾ ਗੈਸ ਦੀ ਵਰਤੋਂ ਤੋਂ ਐਨੀ ਭੈਭੀਤ ਨਹੀਂ ਸੀ। ਇਹ ਤਾਂ ਸਿਰਫ਼ ਲੋਕਾਂ ਨੂੰ ਮਾਰਨ ਦਾ ਇੱਕ ਹੋਰ ਤਰੀਕਾ ਸੀ— ਭਾਵੇਂ ਗੋਲੀ ਨਾਲ ਮਾਰਿਆ ਜਾਵੇ ਜਾਂ ਫੌਸਜੀਨ ਨਾਲ, ਇਸ ਨਾਲ ਕੋਈ ਫਰਕ ਨਹੀਂ ਪੈਂਦਾ ਸੀ।'

**• ਸਾਬਕਾ ਯੂਗੋਸਲਾਵੀਆ ਵਿਚ ਫ਼ੌਜੀ ਦਖ਼ਲ: ਬੋਸਨੀਆ (1994-95); ਸਰਬੀਆ (1999), ਕੋਸੋਵੋ ਅਤੇ ਸਰਬੀਆ ਵਿਚ ਨਾਟੋ ਬੰਬਾਰੀ ਨਾਲ 495 ਮਾਰੇ ਗਏ; ਜੰਗ ਕਾਰਨ 1 ਲੱਖ ਮੌਤਾਂ ਹੋਈਆਂ**

1990 ਦੇ ਦਹਾਕੇ ਵਿਚ, ਬਹੁ-ਕੌਮੀ ਗਣਰਾਜ ਯੂਗੋਸਲਾਵੀਆ ਨੂੰ ਪਿਛਾਖੜੀ ਰਾਸ਼ਟਰਵਾਦ ਦੀਆਂ ਤਾਕਤਾਂ ਦੁਆਰਾ ਤੋੜ ਦਿੱਤਾ ਗਿਆ ਸੀ, ਜਿਨ੍ਹਾਂ ਨੂੰ ਜਰਮਨੀ, ਰੂਸ, ਅਮਰੀਕਾ ਅਤੇ ਹੋਰ ਸਾਮਰਾਜਵਾਦੀ ਸ਼ਕਤੀਆਂ ਦੁਆਰਾ ਉਕਸਾਇਆ ਗਿਆ, ਹਮਾਇਤ ਦਿੱਤੀ ਗਈ ਅਤੇ ਹੇਰਾਫੇਰੀ ਕੀਤੀ ਗਈ। ਕਰੂਰ ਜੰਗਾਂ ਦਾ ਗੁੰਝਲਦਾਰ ਸਿਲਸਿਲਾ ਸ਼ੁਰੂ ਹੋ ਗਿਆ ਜਿਸ ਵਿਚ 1 ਲੱਖ ਤੋਂ ਵੱਧ ਲੋਕ ਮਾਰੇ ਗਏ। ਵੱਖ-ਵੱਖ ਨੁਕਤਿਆਂ 'ਤੇ ਅਮਰੀਕੀ ਕਮਾਨ ਹੇਠ ਨਾਟੋ ਨੇ ਨਤੀਜੇ ਨੂੰ ਅਮਰੀਕੀ ਹਿੱਤਾਂ ਵਿਚ ਢਾਲਣ ਲਈ ਦਖ਼ਲ ਦਿੱਤਾ, ਖ਼ੁਦ ਜੰਗੀ ਜੁਰਮਾਂ ਨੂੰ ਅੰਜਾਮ ਦਿੱਤਾ। ਇਕੱਲੇ ਅਪ੍ਰੈਲ 1999 ਵਿਚ, ਨਾਟੋ ਜਹਾਜ਼ਾਂ ਨੇ ਸੈਂਕੜੇ ਉਡਾਣਾਂ ਭਰੀਆਂ ਜਿਸ ਨਾਲ ਘਰ, ਅਪਾਰਟਮੈਂਟ ਕੰਪਲੈਕਸ ਅਤੇ ਪੁਲ ਤਬਾਹ ਕਰ ਦਿੱਤੇ ਗਏ, ਕੋਸੋਵੋ ਅਤੇ ਸਰਬੀਆ ਵਿਚ 495 ਤੋਂ ਵੱਧ ਨਾਗਰਿਕ ਮਾਰੇ ਗਏ ਅਤੇ 450 ਜ਼ਖਮੀ ਹੋ ਗਏ।

**• ਹੌਂਡੂਰਾਸ ਵਿਚ ਫ਼ੌਜੀ ਤਖ਼ਤ ਪਲਟ (2009), ਮੌਤਾਂ ਦੀ ਗਿਣਤੀ ਸਪਸ਼ਟ ਨਹੀਂ**

ਹੌਂਡੂਰਾਸ ਦੀ ਫ਼ੌਜ ਨੇ ਚੁਣੇ ਹੋਏ ਰਾਸ਼ਟਰਪਤੀ ਮੈਨੂਅਲ ਜ਼ੇਲਾਯਾ ਦੇ ਖ਼ਿਲਾਫ਼ ਤਖ਼ਤ ਪਲਟ ਕੀਤਾ ਜੋ ਉਦਾਰਵਾਦੀ-ਝੁਕਾਅ ਵਾਲਾ ਮਕਬੂਲ ਹੁਕਮਰਾਨ ਸੀ। ਤਖ਼ਤ ਪਲਟ ਨੂੰ ਬਰਾਕ ਓਬਾਮਾ ਦੀ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਅਤੇ ਅਮਰੀਕੀ ਵਿਦੇਸ਼ ਵਿਭਾਗ ਦਾ ਥਾਪੜਾ ਸੀ। ਤਖ਼ਤ ਪਲਟ ਦੇ ਪਿੱਛੇ ਜਨਰਲਾਂ ਅਤੇ ਸਿਆਸਤਦਾਨਾਂ ਨੇ ਖੁੱਲ੍ਹੇ ਤੌਰ 'ਤੇ ਫਾਸ਼ੀਵਾਦੀ ਅਤੇ ਅਮਰੀਕੀ ਹਮਾਇਤ ਵਾਲੀ ਹਕੂਮਤ ਸੱਤਾ ਵਿਚ ਲਿਆਂਦੀ, ਜਿਸਨੇ ਹੌਂਡੂਰਾਸ ਦੇ ਲੋਕਾਂ ਨੂੰ ਅਮਰੀਕੀ ਦਬਦਬੇ, ਰਾਜ ਦੁਆਰਾ ਅੰਜਾਮ ਦਿੱਤੇ ਰਾਜਨੀਤਕ ਕਤਲਾਂ ਅਤੇ ਦਹਿਸ਼ਤਗਰਦੀ, ਅਤੇ ਤੀਬਰ ਹਿੰਸਾ, ਗਰੀਬੀ ਅਤੇ ਜ਼ੁਲਮ ਦੇ ਨਰਕ ਵਿਚ ਹੋਰ ਡੂੰਘਾ ਧੱਕ ਦਿੱਤਾ।

**• ਯਮਨ ਵਿਚ ਅਮਰੀਕਾ-ਸਾਊਦੀ ਜੰਗ (2015 ਤੋਂ ਹੁਣ ਤੱਕ), 3 ਲੱਖ 77 ਹਜ਼ਾਰ ਮੌਤਾਂ**

ਮਾਰਚ 2015 ਵਿਚ, ਸਾਊਦੀ ਅਰਬ ਨੇ ਅਮਰੀਕੀ ਹਥਿਆਰਾਂ, ਤਕਨੀਕੀ ਸਹਾਇਤਾ ਅਤੇ ਰਾਜਨੀਤਕ ਹਮਾਇਤ ਨਾਲ, ਯਮਨ ਦੇ ਹੂਤੀ ਅੰਦੋਲਨ ਦੇ ਖ਼ਿਲਾਫ਼ ਜੰਗ ਸ਼ੁਰੂ ਕੀਤੀ, ਜਿਸਨੇ ਸੱਤਾ ਸੰਭਾਲੀ ਸੀ। ਸਾਊਦੀਆਂ ਨੇ ਯਮਨ ਦੇ ਭੋਜਨ, ਪਾਣੀ ਅਤੇ ਡਾਕਟਰੀ ਪ੍ਰਣਾਲੀਆਂ 'ਤੇ ਬੰਬਾਰੀ ਕੀਤੀ, ਜਿਸ ਨਾਲ ਵੱਡੇ ਪੱਧਰ 'ਤੇ ਭੁੱਖਮਰੀ ਅਤੇ ਬਿਮਾਰੀ ਫੈਲੀ। ਅੰਦਾਜ਼ਾ ਹੈ ਕਿ ਹਿੰਸਾ ਨਾਲ 1 ਲੱਖ 50 ਹਜ਼ਾਰ 800 ਮੌਤਾਂ ਅਤੇ ਭੁੱਖ, ਸਿਹਤ ਸੇਵਾਵਾਂ ਦੀ ਘਾਟ ਤੇ ਅਸੁਰੱਖਿਅਤ ਪਾਣੀ ਕਾਰਨ 2 ਲੱਖ 26 ਹਜ਼ਾਰ 200 ਮੌਤਾਂ ਹੋਈਆਂ। ਯਮਨ ਹੁਣ ਧਰਤੀ 'ਤੇ ਸਭ ਤੋਂ ਵੱਡੇ ਮਾਨਵਤਾਵਾਦੀ ਸੰਕਟ ਦਾ ਸਾਹਮਣਾ ਕਰ ਰਿਹਾ ਹੈ।

**• ਰੂਸ ਨਾਲ ਖ਼ਤਰਨਾਕ ਪ੍ਰੌਕਸੀ ਜੰਗ ਵਿਚ ਯੂਕਰੇਨ ਦੀ ਹਮਾਇਤ ਅਤੇ ਹਥਿਆਰਬੰਦੀ**

ਫਰਵਰੀ 2022 ਵਰਤਮਾਨ ਰੂਸ ਦੁਆਰਾ ਯੂਕਰੇਨ 'ਤੇ ਹਮਲੇ ਤੋਂ ਬਾਅਦ, ਅਮਰੀਕਾ ਨੇ ਯੂਕਰੇਨੀ ਫ਼ੌਜ ਨੂੰ ਭਾਰੀ ਮਾਤਰਾ ਵਿਚ ਹਥਿਆਰ ਸਪਲਾਈ ਕੀਤੇ ਹਨ (31 ਦਸੰਬਰ, 2025 ਤੱਕ 188 ਅਰਬ ਡਾਲਰ ਦੇ ਹਥਿਆਰ ਅਤੇ 64.6 ਅਰਬ ਡਾਲਰ ਫ਼ੌਜੀ ਸਹਾਇਤਾ) ਅਤੇ ਨਾਲ ਹੀ ਖ਼ੁਫ਼ੀਆ ਜਾਣਕਾਰੀ ਮੁਹੱਈਆ ਕੀਤੀ ਹੈ। ਇਸਦਾ ਉਦੇਸ਼ ਰੂਸ ਅਤੇ ਅਮਰੀਕਾ ਨੂੰ ਚੁਣੌਤੀ ਦੇਣ ਦੀ ਉਸਦੀ ਸਮਰੱਥਾ ਨੂੰ ਕਮਜ਼ੋਰ ਕਰਨਾ ਹੈ। ਇਸ ਜੰਗ ਵਿਚ ਹਜ਼ਾਰਾਂ ਲੋਕ ਮਾਰੇ ਗਏ ਹਨ। ਸਾਮਰਾਜਵਾਦੀ ਵਿਰੋਧੀਆਂ ਦਰਮਿਆਨ ਇਸ ਪ੍ਰੌਕਸੀ ਜੰਗ ਦੇ ਅਮਰੀਕੀ ਅਤੇ ਰੂਸੀ ਸਾਮਰਾਜਵਾਦੀਆਂ ਦਰਮਿਆਨ ਪ੍ਰਤੱਖ ਜੰਗ, ਜਿਸ ਵਿਚ ਪਰਮਾਣੂ ਹਥਿਆਰਾਂ ਦੀ ਵਰਤੋਂ ਵੀ ਸ਼ਾਮਲ ਹੈ, ਵਿਚ ਬਦਲਣ ਦਾ ਬਹੁਤ ਹਕੀਕੀ ਖ਼ਤਰਾ ਹੈ।

**• ਇਜ਼ਰਾਈਲ ਦੀਆਂ ਜੰਗਾਂ ਲਈ ਅਮਰੀਕੀ ਹਮਾਇਤ, 1948 ਤੋਂ ਵਰਤਮਾਨ ਨਕਬਾ (1947-1949), 15 ਹਜ਼ਾਰ ਮੌਤਾਂ**

ਅਮਰੀਕਾ ਨੇ ਇਜ਼ਰਾਈਲ ਦੀ ਸਥਾਪਨਾ ਦੀ ਹਮਾਇਤ ਕੀਤੀ, ਜੋ ਮਿਸਰ, ਜਾਰਡਨ, ਸੀਰੀਆ ਅਤੇ ਇਰਾਕ ਦੀਆਂ ਫ਼ੌਜਾਂ ਨੂੰ ਜੰਗ ਵਿਚ ਹਰਾ ਕੇ ਬਣਾਇਆ ਗਿਆ ਸੀ। 1947 ਅਤੇ 1949 ਦਰਮਿਆਨ, 19 ਲੱਖ ਦੀ ਆਬਾਦੀ ਵਿਚੋਂ ਘੱਟੋ-ਘੱਟ 7 ਲੱਖ 50 ਹਜ਼ਾਰ ਫ਼ਲਸਤੀਨੀਆਂ ਨੂੰ ਉਜਾੜਿਆ ਗਿਆ ਅਤੇ ਸ਼ਰਨਾਰਥੀ ਬਣਾ ਦਿੱਤਾ ਗਿਆ, ਉਨ੍ਹਾਂ ਨੂੰ ਜਬਰਨ ਉਨ੍ਹਾਂ ਦੀਆਂ ਜ਼ਮੀਨਾਂ ਅਤੇ ਘਰਾਂ ਤੋਂ ਖਦੇੜ ਦਿੱਤਾ ਗਿਆ। ਜ਼ਿਓਨਵਾਦੀ ਤਾਕਤਾਂ ਨੇ ਇਤਿਹਾਸਕ ਫ਼ਲਸਤੀਨ ਦਾ 78 ਪ੍ਰਤੀਸ਼ਤ ਤੋਂ ਵੱਧ ਹਿੱਸਾ ਹੜੱਪ ਲਿਆ, ਲਗਭਗ 530 ਪਿੰਡਾਂ ਅਤੇ ਸ਼ਹਿਰਾਂ ਨੂੰ ਨਸਲੀ ਤੌਰ 'ਤੇ ਖ਼ਤਮ ਕਰ ਦਿੱਤਾ ਅਤੇ ਤਬਾਹ ਕਰ ਦਿੱਤਾ, ਅਤੇ ਵੱਡੇ ਪੱਧਰ 'ਤੇ ਜ਼ੁਲਮਾਂ ਦੇ ਸਿਲਸਿਲੇ ਵਿਚ ਲਗਭਗ 15 ਹਜ਼ਾਰ ਫ਼ਲਸਤੀਨੀਆਂ ਨੂੰ ਮਾਰ ਦਿੱਤਾ। ਇਸਨੂੰ ਨਕਬਾ (ਅਰਬੀ ਵਿਚ ਤਬਾਹੀ) ਵਜੋਂ ਜਾਣਿਆ ਜਾਂਦਾ ਹੈ। ਉਦੋਂ ਤੋਂ ਇਜ਼ਰਾਈਲ ਨੇ ਇਸ ਖੇਤਰ ਵਿਚ ਹਮਲਾਵਰ ਜੰਗਾਂ ਦੀ ਦਾ ਸਿਲਸਿਲਾ ਸ਼ੁਰੂ ਕੀਤਾ ਹੋਇਆ ਹੈ। ਸਾਲਾਨਾ ਅਰਬਾਂ ਡਾਲਰਾਂ ਦੀ ਅਮਰੀਕੀ ਸਹਾਇਤਾ ਅਤੇ ਹਮਾਇਤ ਨਾਲ ਇਜ਼ਰਾਈਲ, ਤੇਜ਼ੀ ਨਾਲ ਪ੍ਰਮੁੱਖ ਅਮਰੀਕੀ ਪ੍ਰੌਕਸੀ ਅਤੇ ਹਮਲਾਵਰ ਕੁੱਤੇ ਵਜੋਂ ਕੰਮ ਕਰ ਰਿਹਾ ਹੈ।

**• 1967 ਦੀ ਜੰਗ ('ਛੇ-ਰੋਜ਼ਾ ਜੰਗ') (5 ਜੂਨ ਤੋਂ 10 ਜੂਨ 1967), 18 ਹਜ਼ਾਰ ਮੌਤਾਂ**

1967 ਵਿਚ, ਇਜ਼ਰਾਈਲ ਨੇ ਮਿਸਰ, ਸੀਰੀਆ ਅਤੇ ਜਾਰਡਨ ਦੇ ਖ਼ਿਲਾਫ਼ ਪੂਰਵ-ਅਨੁਮਾਨਿਤ ਜੰਗ ਸ਼ੁਰੂ ਕੀਤੀ, ਉਨ੍ਹਾਂ ਦੀਆਂ ਹਵਾਈ ਫ਼ੌਜਾਂ ਨੂੰ ਅਪਾਹਜ ਬਣਾ ਦਿੱਤਾ। ਇਸ ਤੋਂ ਬਾਅਦ ਇਜ਼ਰਾਈਲ ਨੇ ਸਫ਼ਲ ਜ਼ਮੀਨੀ ਹਮਲਾ ਕੀਤਾ, ਮਿਸਰ ਤੋਂ ਸਿਨਾਈ ਪ੍ਰਾਇਦੀਪ ਅਤੇ ਗਾਜ਼ਾ ਪੱਟੀ 'ਤੇ ਕਬਜ਼ਾ ਕਰ ਲਿਆ; ਜਾਰਡਨ ਤੋਂ ਪੱਛਮੀ ਕੰਢੇ ਅਤੇ ਪੂਰਬੀ ਯਰੂਸ਼ਲਮ; ਅਤੇ ਸੀਰੀਆ ਤੋਂ ਗੋਲਾਨ ਹਾਈਟਸ ਤੱਕ। ਮਿਸਰ ਦੇ ਮਾਰੇ ਗਿਆਂ ਦੀ ਗਿਣਤੀ 11 ਹਜ਼ਾਰ ਤੋਂ ਵੱਧ ਸੀ, ਜਾਰਡਨ ਦੀ 6 ਹਜ਼ਾਰ ਅਤੇ ਸੀਰੀਆ ਦੀ 1 ਹਜ਼ਾਰ, ਜਦੋਂ ਕਿ ਇਜ਼ਰਾਈਲ ਦਾ ਸਿਰਫ਼ 700 ਜਾਨੀ ਨੁਕਸਾਨ ਹੋਇਆ ਸੀ।

**• 1973 ਅਰਬ-ਇਜ਼ਰਾਈਲ ਜੰਗ (6 ਤੋਂ 26 ਅਕਤੂਬਰ 1973), 8 ਹਜ਼ਾਰ ਤੋਂ ਸਾਢੇ ਅਠਾਰਾਂ ਹਜ਼ਾਰ ਮੌਤਾਂ**

ਮਿਸਰ ਅਤੇ ਸੀਰੀਆ ਦੀ ਅਗਵਾਈ ਵਾਲੇ ਅਰਬ ਰਾਜਾਂ ਦੇ ਗੱਠਜੋੜ ਦੁਆਰਾ 1967 ਦੀ ਜੰਗ ਵਿਚ ਇਜ਼ਰਾਈਲ ਦੁਆਰਾ ਕਬਜ਼ਾ ਕੀਤੀ ਗਈ ਜ਼ਮੀਨ ਨੂੰ ਵਾਪਸ ਪ੍ਰਾਪਤ ਕਰਨ ਲਈ ਜੰਗ ਲੜਨ ਤੋਂ ਬਾਅਦ ਸ਼ੁਰੂ ਹੋਈ। ਮੌਤਾਂ ਦੇ ਘਟਾ ਕੇ ਲਗਾਏ ਅੰਦਾਜ਼ੇ ਅਨੁਸਾਰ ਵੀ ਮਿਸਰ ਅਤੇ ਸੀਰੀਆ ਦੇ ਕ੍ਰਮਵਾਰ 5000 ਅਤੇ 3 ਹਜ਼ਾਰ ਵਿਅਕਤੀ (ਕੁਲ 8 ਹਜ਼ਾਰ) ਮਾਰੇ ਗਏ ਅਤੇ 18 ਹਜ਼ਾਰ ਜ਼ਖਮੀ ਹੋਏ ਸਨ। ਸਭ ਤੋਂ ਉੱਚਾ ਅੰਦਾਜ਼ਾ ਸਾਢੇ ਅਠਾਰਾਂ ਹਜ਼ਾਰ ਹੈ (15 ਹਜ਼ਾਰ ਮਿਸਰੀ ਅਤੇ ਸਾਢੇ ਤਿੰਨ ਹਜ਼ਾਰ ਸੀਰੀਆਈ)।

**• 1982 ਦੀ ਲਿਬਨਾਨ ਜੰਗ (ਜੂਨ ਤੋਂ ਸਤੰਬਰ 1982), ਅੰਦਾਜ਼ਨ 22 ਹਜ਼ਾਰ ਮੌਤਾਂ, 20 ਹਜ਼ਾਰ ਜ਼ਖਮੀ**

ਇਜ਼ਰਾਈਲ ਡਿਫੈਂਸ ਫ਼ੌਜਾਂ ਨੇ ਫ਼ਲਸਤੀਨ ਮੁਕਤੀ ਸੰਗਠਨ ਨੂੰ ਖਦੇੜਨ, ਲਿਬਨਾਨ 'ਤੇ ਸੀਰੀਆਈ ਪ੍ਰਭਾਵ ਨੂੰ ਹਟਾਉਣ ਅਤੇ ਇਜ਼ਰਾਈਲ ਦੇ ਥਾਪੜੇ ਵਾਲੀ ਈਸਾਈ ਸਰਕਾਰ ਸਥਾਪਤ ਕਰਨ ਦੇ ਟੀਚਿਆਂ ਨਾਲ ਦੱਖਣੀ ਲਿਬਨਾਨ 'ਤੇ ਹਮਲਾ ਕੀਤਾ। ਦੂਜੇ ਹਫ਼ਤੇ ਦੇ ਅੰਤ ਤੱਕ, ਇੰਟਰਨੈਸ਼ਨਲ ਰੈੱਡ ਕਰਾਸ ਅਤੇ ਲਿਬਨਾਨੀ ਪੁਲਿਸ ਦੇ ਅੰਕੜਿਆਂ ਨੇ ਦਾਅਵਾ ਕੀਤਾ ਕਿ 19 ਹਜ਼ਾਰ ਲੋਕ ਮਾਰੇ ਗਏ ਅਤੇ 20 ਹਜ਼ਾਰ ਜ਼ਖਮੀ ਹੋਏ, ਜਿਨ੍ਹਾਂ ਵਿਚ ਜ਼ਿਆਦਾਤਰ ਨਾਗਰਿਕ ਸਨ। ਅਗਸਤ 1982 ਦੇ ਅੰਤ ਤੱਕ, ਬੈਰੂਤ ਦੀ ਘੇਰਾਬੰਦੀ ਨੇ 6 ਹਜ਼ਾਰ 776 ਲੋਕਾਂ ਦੀ ਜਾਨ ਲੈ ਲਈ। ਇਸ ਤੋਂ ਇਲਾਵਾ, ਸਬਰਾ ਅਤੇ ਸ਼ਤੀਲਾ ਸ਼ਰਨਾਰਥੀ ਕੈਂਪਾਂ ਵਿਚ 3 ਹਜ਼ਾਰ ਤੋਂ ਵੱਧ ਫ਼ਲਸਤੀਨੀ ਸ਼ਰਨਾਰਥੀਆਂ ਦੀ ਹੱਤਿਆ ਲਿਬਨਾਨੀ ਮਿਲੀਸ਼ੀਆ ਦੁਆਰਾ ਕੀਤੀ ਗਈ, ਜਿਨ੍ਹਾਂ ਨੂੰ ਇਜ਼ਰਾਈਲ ਡਿਫੈਂਸ ਫ਼ੌਜਾਂ ਦੁਆਰਾ ਕੈਂਪਾਂ ਵਿਚ ਦਾਖ਼ਲ ਹੋਣ ਦੀ ਇਜਾਜ਼ਤ ਦਿੱਤੀ ਗਈ ਸੀ। ਅਮਰੀਕਾ ਨੇ ਫ਼ਲਸਤੀਨੀ ਟਾਕਰੇ ਅਤੇ ਖੇਤਰ ਵਿਚ ਹੋਰ ਅਮਰੀਕੀ-ਵਿਰੋਧੀ ਤਾਕਤਾਂ ਨੂੰ ਕੁਚਲਣ ਦੀ ਲੋੜ ਸਮੇਤ ਇਜ਼ਰਾਈਲ ਦੀ ਕੱਟੜ ਹਮਾਇਤ ਕਰਨੀ ਜਾਰੀ ਰੱਖੀ।

**• ਗਾਜ਼ਾ ਵਿਚ ਕਤਲੇਆਮ (2008-09), 1400 ਮੌਤਾਂ**

ਇਜ਼ਰਾਈਲ ਨੇ ਇਸਲਾਮਵਾਦੀ ਪਾਰਟੀ ਹਮਾਸ ਦੇ ਚੋਣਾਂ ਜਿੱਤਕੇ ਸੱਤਾ ਵਿਚ ਆਉਣ ਤੋਂ ਬਾਅਦ ਗਾਜ਼ਾ ਦੇ ਲੋਕਾਂ ਨੂੰ ਸਮੂਹਿਕ ਸਜ਼ਾ ਦੇਣ ਦੇ ਰੂਪ 'ਚ ਮੌਤ ਅਤੇ ਤਬਾਹੀ ਦੀ ਜੰਗ ਵਿੱਢ ਦਿੱਤੀ (27 ਦਸੰਬਰ 2008 ਤੋਂ 19 ਜਨਵਰੀ 2009 ਤੱਕ)। ਮਾਰੇ ਗਏ ਲੋਕਾਂ ਦੀ ਗਿਣਤੀ 1166 ਅਤੇ 1417 ਦੱਸੀ ਗਈ ਹੈ,

*(ਬਾਕੀ ਅਗਲੇ ਸਫੇ 'ਤੇ)*

# ਜੰਗ ਵੀ, ਬੰਬ ਵੀ ਅਤੇ ਰੰਗ ਵੀ...

ਜਦੋਂ ਰੰਗਾਂ ਦੀਆਂ ਤਤੀਰੀਆਂ ਬਾਹਰੋਂ ਛੁਟਦੀਆਂ ਹਨ ਤਾਂ ਚਾਅ ਹੁੰਦੇ ਹਨ, ਜਸ਼ਨ ਹੁੰਦੇ ਨੇ...ਕੂਕਾਂ ਹੁੰਦੀਆਂ ਹਨ... ਪਰ ਜਦ ਰੰਗਾਂ ਦੀਆਂ ਤਤੀਰੀਆਂ ਅੰਦਰੋਂ ਛੁਟਦੀਆਂ ਹਨ ਤਾਂ ਮਾਤਮ ਹੁੰਦਾ ਹੈ, ਵੈਣ ਹੁੰਦੇ ਹਨ ਤੇ ਚੀਕਾਂ ਹੁੰਦੀਆਂ ਹਨ...

ਅੱਜ ਦਾ ਦਿਨ ਵੀ ਕਮਾਲ ਦਾ ਦਿਨ ਸੀ। ਇਸ ਦਿਨ ਇੱਕੋ ਵੇਲੇ ਦੁਨੀਆਂ ਵਿਚ ਦੋਵੇਂ ਚੀਜ਼ਾਂ ਵਾਪਰ ਰਹੀਆਂ ਸਨ। ਇਕ ਪਾਸੇ ਭਾਰਤੀ ਉਪ ਮਹਾਦੀਪ ਵਿਚ ਹੋਲੀ ਦੇ ਰੰਗ ਸਨ ਅਤੇ ਦੂਜੇ ਪਾਸੇ ਮਿਡਲ ਈਸਟ ਵਿਚ ਖ਼ੂਨ ਦੇ ਰੰਗ। ਇਹ ਵੀ ਸਥਿਤੀਆਂ ਦਾ ਕੈਸਾ ਵਿਅੰਗ ਹੈ ਕਿ ਆਵਾਮ ਜਦ ਵੀ ਖੇਡਦਾ ਹੈ ਤਾਂ ਰੰਗਾਂ ਦੀ ਹੋਲੀ ਖੇਡਦਾ ਹੈ ਪਰ ਹੁਕਮਰਾਨ ਜਦ ਵੀ ਖੇਡਦਾ ਹੈ, ਖ਼ੂਨ ਦੀ ਹੋਲੀ ਖੇਡਦਾ ਹੈ। ਪਿਛਲੇ ਦਿਨੀਂ ਅਮਰੀਕਾ ਅਤੇ

**ਕੁਲਦੀਪ ਸਿੰਘ ਦੀਪ (ਡਾ.)**
**ਫੋਨ: 98768-20600**

ਇਜ਼ਰਾਈਲ ਦੁਆਰਾ ਇਰਾਨ ਖਿਲਾਫ਼ ਵਿੱਢੇ ਯੁੱਧ ਦੇ ਪਹਿਲੇ-ਦੂਜੇ ਦਿਨ ਹੀ ਅਮਰੀਕਾ ਨੇ ਇਕ ਸਕੂਲ ਉੱਪਰ ਬੰਬ ਸੁੱਟ ਕੇ 180 ਮਾਸੂਮ ਕੁੜੀਆਂ ਦੀ ਜਾਨ ਲੈ ਲਈ। ਇਨ੍ਹਾਂ ਦੀਆਂ ਚਿੱਟੇ ਕਫ਼ਨਾਂ ਵਿਚ ਲਿਪਟੀਆਂ ਲਾਸ਼ਾਂ ਅਤੇ ਇਨ੍ਹਾਂ ਲਈ ਪੁੱਟੀਆਂ ਜਾਂਦੀਆਂ ਕਬਰਾਂ ਦੇਖ ਕੇ ਧਾਹ ਨਿਕਲਦੀ ਹੈ ਪਰ ਸੱਤਾ ਕਿੰਨਾ ਨਿਰਦਈ ਹੁੰਦੀ ਹੈ ਕਿ ਕੁਝ ਵੀ ਕਰ ਸਕਦੀ ਹੈ।

ਇਸ ਵਰਤਮਾਨ ਟਕਰਾਅ ਵਿਚ ਬਿਨਾ ਸ਼ੱਕ ਅਮਰੀਕਾ ਅਤੇ ਇਜ਼ਰਾਈਲ ਆਪਣੇ ਅਮਾਨਵੀ ਕਿਰਦਾਰ ਕਾਰਨ ਗਲੋਬਲ ਖਲਨਾਇਕ ਦੇ ਰੂਪ ਵਿਚ ਉੱਭਰੇ ਹਨ। ਭਾਵੇਂ ਕੁਝ ਦਿਨ ਪਹਿਲਾਂ ਫਲਸਤੀਨ ਉੱਪਰ ਕੀਤੇ ਹਮਲਿਆਂ ਦਾ ਮਸਲਾ ਹੋਵੇ ਜਾਂ ਹੁਣ ਇਰਾਨ ਉੱਪਰ ਕੀਤੇ ਅਟੈਕ ਦਾ। ਖਾਮਨੇਈ, ਜਿਸ ਨੂੰ ਪਿਛਲੇ ਦਿਨੀਂ ਵਿਸ਼ਵ ਦੇ ਸਭ ਤੋਂ ਵੱਡੇ ਗੈਂਗਸਟਰ ਹੁਕਮਰਾਨ ਟਰੰਪ ਤੇ ਨੇਤਨਯਾਹੂ ਨੇ ਪਤਨੀ ਅਤੇ ਪੋਤੀਆਂ ਸਮੇਤ ਮਾਰ ਦਿੱਤਾ ਹੈ, ਖ਼ੁਦ ਵੀ ਭਲਾਮਾਣਸ ਨਹੀਂ ਸੀ।

1905 ਤੋਂ 1953 ਤਕ ਇਰਾਨ ਵਿਚ ਸੰਵਿਧਾਨਿਕ ਕਰਾਂਤੀ ਦਾ ਸਮਾਂ ਸੀ ਜਿਸ ਦੌਰਾਨ 1936 ਵਿਚ ਹਿਜ਼ਾਬ ‘ਤੇ ਪਾਬੰਦੀ ਲੱਗੀ ਅਤੇ ਔਰਤਾਂ ਨੂੰ ਪੜ੍ਹਾਈ ਕਰਨ ਤੇ ਵੋਟ ਪਾਉਣ ਸਮੇਤ ਬਹੁਤ ਸਾਰੇ ਮਨੁੱਖੀ ਅਧਿਕਾਰ ਮਿਲੇ। ਜਦ ਇਰਾਨ ਨੇ ਤੇਲ ਦੇ ਸਰੋਤਾਂ ਦਾ ਕੌਮੀਕਰਨ ਕੀਤਾ ਤਾਂ ਪਹਿਲੀ ਵਾਰ ਅਮਰੀਕਾ ਅਤੇ ਇੰਗਲੈਂਡ ਨਾਲ ਉਸ ਦੇ ਸਬੰਧ ਤਣਾਅਪੂਰਨ ਬਣੇ ਅਤੇ ਉਨ੍ਹਾਂ ਦੀ ਸ਼ਹਿ ‘ਤੇ 1953 ਵਿਚ ਰਾਜ ਪਲਟਾ ਹੋਇਆ। ਫਿਰ ਵੀ 1963 ਤਕ ਮੁਲਕ ਦਾ ਆਮ ਸੁਭਾਅ ਜਮਹੂਰੀਅਤ ਪਸੰਦ ਰਿਹਾ। 1979 ਵਿਚ ਜਦ ਤੋਂ ਮੁਲਕ ਵਿਚ ਇਰਾਨੀ ਇਨਕਲਾਬ ਤੋਂ ਬਾਅਦ ਇਸਲਾਮੀ ਕਾਨੂੰਨ ਲਾਗੂ ਹੋਏ, ਉਦੋਂ ਤੋਂ ਔਰਤਾਂ ਲਈ ਹਿਜ਼ਾਬ ਪਹਿਨਣਾ ਲਾਜ਼ਮੀ ਕਰ ਦਿੱਤਾ ਗਿਆ, ਔਰਤਾਂ ਦੀ ਆਜ਼ਾਦੀ, ਨੌਕਰੀ, ਸਿੱਖਿਆ ਅਤੇ ਜਨਤਕ ਜੀਵਨ ਵਿਚ ਕਈ ਪਾਬੰਦੀਆਂ ਲੱਗ ਗਈਆਂ, ਉਦੋਂ ਤੋਂ ਸੱਤਾ ਦਾ ਵਿਰੋਧ ਹੋਣਾ ਸ਼ੁਰੂ ਹੋਇਆ। ਇਖਲਾਕੀ ਪੁਲਿਸ (Morality Police) ਨੇ ਇਹ ਸਾਰੇ ਕਾਨੂੰਨਾਂ ਨੂੰ ਜ਼ਬਰੀ ਲਾਗੂ ਕਰਾਉਣ ਦਾ ਠੇਕਾ ਲੈ ਲਿਆ।

ਇਸ ਦੌਰ ਵਿਚ ਔਰਤਾਂ ਨੇ ਕਾਨੂੰਨੀ ਸੁਧਾਰਾਂ ਲਈ ਮੁਹਿੰਮਾਂ ਚਲਾਈਆਂ। 2006 ਵਿਚ One Million Signatures Campaign ਸ਼ੁਰੂ ਹੋਈ। ਸ਼ਿਰੀਨ ਇਬਾਦੀ ਇੱਕ ਮਸ਼ਹੂਰ ਮਨੁੱਖੀ ਅਧਿਕਾਰ ਵਕੀਲ ਹੈ ਜਿਸ ਨੇ ਔਰਤਾਂ, ਬੱਚਿਆਂ ਅਤੇ ਰਾਜਨੀਤਕ ਕੈਦੀਆਂ ਦੇ ਹੱਕਾਂ ਲਈ ਲੜਾਈ ਲੜੀ। ਉਹ 2003 ਵਿਚ ਨੋਬੇਲ ਸ਼ਾਂਤੀ ਪੁਰਸਕਾਰ ਜਿੱਤਣ ਵਾਲੀ ਪਹਿਲੀ ਇਰਾਨੀ ਔਰਤ ਬਣੀ। ਸਰਕਾਰ ਦੇ ਦਬਾਅ ਕਾਰਨ ਉਹ ਬਾਅਦ ਵਿਚ ਦੇਸ਼ ਤੋਂ ਬਾਹਰ ਰਹਿਣ ਲਈ ਮਜਬੂਰ ਹੋ ਗਈ।

ਇਸ ਤੋਂ ਬਾਅਦ ਮਸੀਹ ਅਲੀਨੇਜਾਦ (Masih Alinejad) ਨਾਂ ਦੀ ਪੱਤਰਕਾਰ ਸੋਸ਼ਲ ਮੀਡੀਆ ਮੁਹਿੰਮ ‘My Stealthy Freedom’ ਸ਼ੁਰੂ ਕੀਤੀ ਜਿਸ ਤਹਿਤ ਔਰਤਾਂ ਨੇ ਬਿਨਾਂ ਹਿਜ਼ਾਬ ਦੀਆਂ ਤਸਵੀਰਾਂ ਪੋਸਟ ਕਰਕੇ ਵਿਰੋਧ ਕੀਤਾ, ਉਹ ਵੀ ਹੁਣ ਵਿਦੇਸ਼ ਵਿਚ ਰਹਿ ਕੇ ਅੰਦੋਲਨ ਚਲਾ ਰਹੀ ਹੈ।

ਹੋਰ ਅੱਗੇ ਤੁਰੀਏ ਤਾਂ ਨਰਗਿਸ ਮੋਹੰਮਦੀ ਪ੍ਰਸਿੱਧ ਮਨੁੱਖੀ ਅਧਿਕਾਰ ਕਾਰਕੁਨ ਹੈ। ਉਸ ਨੂੰ 2023 ਵਿਚ ਨੋਬੇਲ ਸ਼ਾਂਤੀ ਪੁਰਸਕਾਰ ਮਿਲਿਆ। ਉਹ ਮਹਿਲਾਵਾਂ ਦੇ ਅਧਿਕਾਰ ਅਤੇ ਮੌਤ ਦੀ ਸਜ਼ਾ ਖਤਮ ਕਰਨ ਲਈ ਅੰਦੋਲਨ ਕਰਦੀ ਹੈ। ਉਸ ਨੂੰ ਵੀ ਕਈ ਵਾਰ ਕੈਦ ਦਾ ਸਾਹਮਣਾ ਕਰਨਾ ਪਿਆ।

ਮਹਸਾ ਅਮੀਨੀ (Mahsa Amini) ਨੌਜਵਾਨ ਇਰਾਨੀ-ਕੁਰਦੀ ਔਰਤ ਸੀ, ਜਿਸ ਦੀ ਮੌਤ ਨੇ 2022 ਵਿਚ ਇਰਾਨ ਵਿਚ ਵੱਡੇ ਪੱਧਰ ’ਤੇ ਪ੍ਰਦਰਸ਼ਨ ਸ਼ੁਰੂ ਕਰ ਦਿੱਤੇ। ਹੋਇਆ ਇਹ ਕਿ ਸਤੰਬਰ 2022 ਵਿਚ ਮਹਸਾ ਅਮੀਨੀ ਆਪਣੇ ਪਰਿਵਾਰ ਨਾਲ ਤੇਹਰਾਨ ਗਈ ਹੋਈ ਸੀ। ਉਸ ਨੂੰ ‘ਮੋਰਾਲਿਟੀ ਪੁਲਿਸ’ ਨੇ ਗ੍ਰਿਫ਼ਤਾਰ ਕਰ ਲਿਆ। ਕਿਹਾ ਗਿਆ ਕਿ ਉਸ ਨੇ ਹਿਜ਼ਾਬ ਠੀਕ ਤਰੀਕੇ ਨਾਲ ਨਹੀਂ ਪਹਿਨਿਆ। ਗ੍ਰਿਫ਼ਤਾਰੀ ਤੋਂ ਕੁਝ ਸਮੇਂ ਬਾਅਦ ਉਹ ਬੇਹੋਸ਼ ਹੋ ਗਈ ਅਤੇ ਹਸਪਤਾਲ ਵਿਚ ਉਸ ਦੀ ਮੌਤ ਹੋ ਗਈ। ਪਰਿਵਾਰ ਅਤੇ ਕਈ ਗਵਾਹਾਂ ਨੇ ਦਾਅਵਾ ਕੀਤਾ ਕਿ ਉਸ ਨਾਲ ਹਿਰਾਸਤ ਵਿਚ ਹਿੰਸਾ ਹੋਈ।

ਇਸ ਤੋਂ ਬਾਅਦ ਕੀ ਹੋਇਆ?

ਉਸ ਦੀ ਮੌਤ ਤੋਂ ਬਾਅਦ ਇਰਾਨ ਦੇ ਕਈ ਸ਼ਹਿਰਾਂ ਵਿਚ ਵੱਡੇ ਪ੍ਰਦਰਸ਼ਨ ਸ਼ੁਰੂ ਹੋਏ। ਪ੍ਰਦਰਸ਼ਨਾਂ ਦਾ ਨਾਅਰਾ ਬਣਿਆ: ‘Women, Life, Freedom’ ਔਰਤਾਂ ਨੇ ਵਿਰੋਧ ਦੇ ਤੌਰ ’ਤੇ ਹਿਜ਼ਾਬ ਸਾੜੇ, ਵਾਲ ਕੱਟੇ ਅਤੇ ਸੜਕਾਂ ’ਤੇ ਮਾਰਚ ਕੀਤੇ। ਇਸ ਨਾਲ ਦੁਨੀਆ ਦਾ ਇਹ ਪ੍ਰਸਿੱਧ ਅੰਦੋਲਨ ਦੁਨੀਆ ਭਰ ਵਿਚ ਫੈਲ ਗਿਆ ਅਤੇ ਮਹਸਾ ਅਮੀਨੀ ਔਰਤਾਂ ਦੀ ਆਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਦਾ ਪ੍ਰਤੀਕ ਬਣ ਗਈ।

ਇਸ ਤਰ੍ਹਾਂ ਬੇਸ਼ਕ ਧਾਰਮਿਕ ਰੂਪ ਵਿਚ ਖਾਮਨੇਈ ਮਸੀਹੇ ਦੇ ਰੂਪ ਵਿਚ ਵੀ ਸਥਾਪਤ ਰਿਹਾ ਪਰ ਜਮਹੂਰੀ ਸੁਭਾਅ ਵਾਲੇ ਬੰਦਿਆਂ ਲਈ ਇਹੀ ਖਾਮਨੇਈ ਖਲਨਾਇਕ ਵੀ ਸੀ। ਹੁਣ ਜਦ ਇਕ ਪਾਸੇ ਐਪਸਟੀਨ ਫਾਈਲਾਂ ਦਾ ਰੌਲਾ ਪੈ ਰਿਹਾ ਸੀ ਤੇ ਉਸ ਵਿਚ ਟਰੰਪ ਦਾ ਨਾਂ ਵਾਰ ਵਾਰ ਆ ਰਿਹਾ ਸੀ ਤਦ ਅਮਰੀਕਾ ਤੇ ਇਜ਼ਰਾਈਲ ਨੇ ਸਿੱਧਾ ਹੀ ਗੁੰਡਾਗਰਦੀ ‘ਤੇ ਉਤਰਦਿਆਂ ‘ਅਪ੍ਰੇਸ਼ਨ ਐਪਿਕ ਫਿਉਰੀ’ (ਖ਼ਤਰਨਾਕ ਗੁੱਸਾ) ਨਾਂ ਹੇਠ ਇਰਾਨ ‘ਤੇ ਹਮਲਾ ਕੀਤਾ ਅਤੇ ਖਾਮਨੇਈ ਨੂੰ ਰਾਤੋ-ਰਾਤ ਮਾਰ ਸੁੱਟਿਆ, ਇਸ ਨਾਲ ਇਕ ਖਲਨਾਇਕ, ਨਾਇਕ ਵਿਚ ਰੂਪਾਂਤਰਨ ਹੋ ਗਿਆ। ਹੁਣ ਸੁਆਲ ਉਸ ਦੀਆਂ ਆਪਣੀਆਂ ਖਾਮੀਆਂ ਦਾ ਨਹੀਂ ਰਿਹਾ ਬਲਕਿ ਵਿਸ਼ਵ ਦੇ ਥਾਣੇਦਾਰ ਦੀ ਨਾਬਰੀ ਮੂਹਰੇ ਅੜਨ ਤੇ ਖੜ੍ਹਨ ਦਾ ਬਣ ਗਿਆ...।

ਕਣਸੋਆਂ ਤਾਂ ਇਹ ਵੀ ਆ ਰਹੀਆਂ ਨੇ ਕਿ ਜਿਸ ਪਰਮਾਣੂ ਪ੍ਰੋਗਰਾਮ ਦੀ ਬੁਨਿਆਦ ‘ਤੇ ਉਸ ਮੁਲਕ ਉੱਪਰ ਹਮਲਾ ਹੋਇਆ ਹੈ, ਉਸ ਬਾਰੇ ਪੈਂਟਾਗਨ ਨਾਲ ਪਿਛਲੀ ਬੈਠਕ ਵਿਚ ਖਾਮਨੇਈ ਨੇ ਸਹਿਮਤੀ ਦੇ ਦਿੱਤੀ ਸੀ ਕਿ ਉਹ ਆਪਣੇ ਪਰਮਾਣੂ ਪ੍ਰਾਜੈਕਟ ਨੂੰ ਰੋਕ ਦੇਵੇਗਾ, ਪਰ ਟਰੰਪ ਨੂੰ ਇਰਾਨ ‘ਤੇ ਹਮਲਾ ਕਰਨ ਦਾ ਕੋਈ ਨਾ ਕੋਈ ਬਹਾਨਾ ਚਾਹੀਦਾ ਸੀ। ਟਰੰਪ ਤੋਂ ਵੀ ਵੱਧ ਇਜ਼ਾਰਾਈਲ ਨੂੰ ਇਹ ਗੱਲ ਕਿਸੇ ਰੂਪ ਵਿਚ ਵੀ ਸਵੀਕਾਰ ਨਹੀਂ ਸੀ ਕਿ ਇਰਾਨ ਨਾਲ ਕੋਈ ਸਮਝੌਤਾ ਕੀਤਾ ਜਾਵੇ ਤੇ ਉਸ ਨੇ ਆਪਣੇ ਜੋਟੀਦਾਰ ਟਰੰਪ ਨੂੰ ਤੁਰੰਤ ਸਾਂਝਾ ਹਮਲਾ ਕਰਨ ਲਈ ਪਰਵੋਕ ਕੀਤਾ ਅਤੇ ਸਿੱਟਾ ਇਹ ਨਿਕਲਿਆ ਕਿ ਅੱਜ ਸਿੱਧੇ ਤੌਰ ‘ਤੇ ਮਿਡਲ ਈਸਟ ਦੇ ਲਗਭਗ 15 ਮੁਲਕ ਇਸ ਯੁੱਧ ਦਾ ਸ਼ਿਕਾਰ ਹਨ ਅਤੇ ਅਗਲੇ ਦਿਨਾਂ ਵਿਚ ਅਸਿੱਧੇ ਤੌਰ ‘ਤੇ ਅੱਧਾ ਵਿਸ਼ਵ (ਤੇਲ ਦੀ ਸਪਲਾਈ ਤੇ ਮਹਿੰਗਾਈ ਕਾਰਨ) ਇਸ ਯੁੱਧ ਦਾ ਸ਼ਿਕਾਰ ਹੋਵੇਗਾ।

ਕਿਸੇ ਬੰਦੇ ਨੂੰ ਇਹ ਅਧਿਕਾਰ ਕਿਸ ਨੇ ਦਿੱਤਾ ਹੈ ਕਿ ਉਹ ਪੂਰੇ ਵਿਸ਼ਵ ਨੂੰ ਇਕ ਅਜਿਹੇ ਸੰਕਟ ਵਿਚ ਧੱਕ ਦੇਵੇ, ਜਿਸ ਵਿਚ ਉਨ੍ਹਾਂ ਦਾ ਕੋਈ ਕਸੂਰ ਜਾਂ ਸ਼ਮੂਲੀਅਤ ਹੀ ਨਹੀਂ ਹੈ? ਉਹ ਚਾਹੇ ਕਿਸੇ ਵੱਡੇ ਦੇਸ਼ ਦਾ ਰਾਸ਼ਟਰਪਤੀ ਹੀ ਕਿਉਂ ਨਾ ਹੋਵੇ।



ਸੁਆਲ ਇਹ ਹੈ ਕਿ:

- ਅਮਰੀਕਾ ਕਿਸ ਹੈਸੀਅਤ ਵਿਚ ਸਾਰੀ ਦੁਨੀਆ ਦਾ ਥਾਣੇਦਾਰ ਬਣਿਆ ਹੋਇਆ ਹੈ?
- ਉਸ ਨੂੰ ਸਾਰੀ ਦੁਨੀਆ ਵਿਚ ‘ਸੋ ਕਾਲਡ ਸ਼ਾਂਤੀ’ ਕਾਇਮ ਕਰਨ ਦਾ ਹੱਕ ਕਿਸ ਨੇ ਦਿੱਤਾ ਹੋਇਆ ਹੈ?
- ਇਹ ਕਿਸ ਤਰ੍ਹਾਂ ਮੰਨ ਲਿਆ ਜਾਵੇ ਕਿ ਜੇਕਰ ਅਮਰੀਕਾ ਕਿਸੇ ਮੁਲਕ ‘ਤੇ ਕੋਈ ਇਲਜ਼ਾਮ ਲਾ ਕੇ ਹਮਲਾ ਕਰਦਾ ਹੈ ਤਾਂ ਉਹ ਇਲਜ਼ਾਮ ਠੀਕ ਹੀ ਹੈ?

ਅਸਲ ਵਿਚ ਮਸਲਾ ਗ਼ਲਤ ਜਾਂ ਠੀਕ ਦਾ ਹੈ ਹੀ ਨਹੀਂ, ਮਸਲਾ ਚੌਧਰ, ਸਰਮਾਏ ਅਤੇ ਕਬਜ਼ੇ ਦੀ ਅੰਨ੍ਹੀ ਦੌੜ ਦਾ ਹੈ। ਅਮਰੀਕਾ ਇਹ ਕਦੇ ਨਹੀਂ ਚਾਹੁੰਦਾ ਕਿ ਵਿਸ਼ਵ ਵਿਚ ਕੋਈ ਵੀ ਲੀਡਰ ਜਾਂ ਦੇਸ਼ ਕਿਸੇ ਵੀ ਮਾਇਨੇ ਵਿਚ ਉਸ ਦੇ ਬਰਾਬਰ ਸਿਰ ਚੁੱਕ ਕੇ ਖੜ੍ਹਾ ਹੋਵੇ। ਸਮਾਜਵਾਦੀ ਬਲਾਕ ਦੇ ਢਹਿ-ਢੇਰੀ ਹੋਣ ਤੋਂ ਬਾਅਦ ਉਹ ਪੂਰੀ ਤਰ੍ਹਾਂ ਬੇਲਗਾਮ ਹੋ ਚੁੱਕਿਆ ਹੈ। ਕਿਸੇ ਨੂੰ ਗਰਾਂਟਾਂ ਦਾ ਲਾਲਚ ਦੇ ਕੇ, ਕਿਸੇ ‘ਤੇ ਮਨਮਰਜ਼ੀ ਦਾ ਟੈਰਿਫ਼ ਲਗਾ ਕੇ, ਕਿਸੇ ਨੂੰ ਟਕਨਾਲੌਜੀ ਦਾ ਗੁਲਾਮ ਬਣਾ ਕੇ, ਕਿਸੇ ਨੂੰ ਹਥਿਆਰਾਂ ਦਾ ਲਾਲਚ ਦੇ ਕੇ, ਕਿਸੇ ਨੂੰ ਡਰਾ-ਧਮਕਾ ਕੇ ਜਾਂ ਫੌਜੀ ਹਮਲਾ ਕਰਕੇ ਉਹ ਆਪਣਾ ਪਿਛਲੱਗ ਬਣਾਉਣਾ ਚਾਹੁੰਦਾ ਹੈ।

ਉਹ ਏਨਾ ਕੁ ਸ਼ਾਤਿਰ ਹੈ ਕਿ ਜੀਓਪੋਲਟਿਕਸ ਦੇ ਤਹਿਤ ਉਹ ਇਹ ਦੇਖਦਾ ਹੈ ਕਿ ਕਿਹੜਾ ਮੁਲਕ ਕਿਸ ਦੇ ਗੁਆਂਢ ਵਿਚ ਹੈ ਤੇ ਉਹ ਕਿਸ ਲਈ ਖਤਰਾ ਹੈ? ਆਪਣੇ ਤੋਂ ਵਿਰੋਧੀ ਸੋਚ ਵਾਲੇ ਮੁਲਕਾਂ ਨੂੰ ਖਤਮ ਕਰਨ ਲਈ ਉਸ ਦੇ ਕਿਹੜੇ ਗੁਆਂਢੀ ਮੁਲਕ ਨੂੰ ਫੌਜੀ ਅੱਡੇ ਜਾਂ ਮਿਲਟਰੀ ਬੇਸ ਵਜੋਂ ਵਰਤਿਆ ਜਾ ਸਕਦਾ ਹੈ? ਇਸ ਖੇਡ ਵਿਚ ਉਹ ਬਹੁਤ ਮਾਹਿਰ ਹੈ। ਬਿਲਕੁਲ ਇਸੇ ਤਰ੍ਹਾਂ ਇਜ਼ਰਾਈਲ ਵੀ ਇਨ੍ਹਾਂ ਹੀ ਲੀਹਾਂ ਉੱਤੇ ਤੁਰਿਆ ਹੈ। ਇਜ਼ਰਾਈਲ ਫਲਸਤੀਨ ਨੂੰ ਤਬਾਹ ਕਰਕੇ ਉਸ ‘ਤੇ ਆਪਣਾ ਕਬਜ਼ਾ ਕਰਨਾ ਚਾਹੁੰਦਾ ਹੈ, ਇਸ ਰਾਹ ਵਿਚ ਲੇਬਨਾਨ ਦੀ ਹਿਜ਼ਬੁੱਲਾ ਜਥੇਬੰਦੀ ਅਤੇ ਇਰਾਨ ਸਭ ਤੋਂ ਵੱਡੀ ਰੁਕਾਵਟ ਹਨ। ਇਸ ਲਈ ਉਹ ਇਨ੍ਹਾਂ ਦੋਹਾਂ ਨੂੰ ਹਰ ਹਾਲਤ ਵਿਚ ਬਰਬਾਦ ਕਰਨਾ ਚਾਹੁੰਦਾ ਹੈ। ਦੂਜੇ ਪਾਸੇ ਵਿਸ਼ਵ ਦੇ ਸਭ ਤੋਂ ਵੱਡੇ ਤੇਲ ਭੰਡਾਰਾਂ ਦੇ ਮਾਲਕ ਦੇ ਰੂਪ ਵਿਚ ਇਰਾਨ ਹਮੇਸ਼ਾ ਅਮਰੀਕਾ ਦੀਆਂ ਅੱਖਾਂ ਵਿਚ ਰੜਕਦਾ ਹੈ। ਕਦੇ ਇਸੇ ਤਰ੍ਹਾਂ ਵੀਅਤਨਾਮ ਉਸ ਦੀਆਂ ਅੱਖਾਂ ਵਿਚ ਰੜਕਿਆ ਸੀ ਅਤੇ ਫਿਰ ਕਿਊਬਾ ਵੀ ਇੰਝ ਹੀ ਰੜਕਿਆ ਸੀ। ਪਿਛਲੇ ਦਿਨੀਂ ਜਿਵੇਂ ਉਸ ਨੇ ਜੀਓਪੋਲਟਿਕਸ ਦੇ ਤਹਿਤ ਵੈਨਜ਼ੁਏਲਾ ਦੇ ਰਾਸ਼ਟਰਪਤੀ ਤੇ ਉਸ ਦੀ ਪਤਨੀ ਨੂੰ ਰਾਤੋ ਰਾਤ ਗ੍ਰਿਫ਼ਤਾਰ ਕਰਕੇ ਉੱਥੇ ਸਮਾਜਵਾਦੀ ਸ਼ਾਸਨ ਦਾ ਭੋਗ ਪਾਇਆ ਉਹ ਉਸ ਦੇ ਵਿਸ਼ਵ ਡਿਕਟੇਟਰ ਹੋਣ ਦਾ ਤਾਜਾ ਅਤੇ ਪਰਤੱਖ ਗਵਾਹ ਹੈ।

ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਉਸ ਨੇ ਆਪਣੇ ਵੀਹਵੀਂ ਸਦੀ ਦੇ ਪੰਜਵੇਂ ਦਹਾਕੇ ਵਿਚ ਪਰਮਾਣੂ ਬੰਬ ਬਣਾ ਲਏ ਸਨ, ਪਰ ਜੇਕਰ ਵਿਸ਼ਵ ਦਾ ਕੋਈ ਮੁਲਕ ਹੁਣ ਵੀ ਪਰਮਾਣੂ ਬੰਬ ਬਣਾਉਣ ਦੇ ਰਾਹ ਤੁਰਦਾ ਹੈ ਤਾਂ ਅਮਰੀਕਾ ਦੀਆਂ ਧਮਕੀਆਂ ਸ਼ੁਰੂ ਹੋ ਜਾਂਦੀਆਂ ਹਨ। ਭਾਰਤ ਵਿਚ ਜਦ ਪਰਮਾਣੂ ਪ੍ਰੀਖਣ ਹੋਇਆ ਸੀ ਤਾਂ ਉਹ ਵੀ ਬਹੁਤ ਸੀਕਰੇਟ ਮਿਸ਼ਨ ਦੇ ਤੌਰ ‘ਤੇ ਹੋਇਆ ਸੀ। ਜੇਕਰ ਉਸ ਨੂੰ ਪਤਾ ਲੱਗ ਜਾਂਦਾ ਤਾਂ ਉਸ ਨੇ ਕਿਸੇ ਵੀ ਹਾਲਤ ਵਿਚ ‘ਬੁੱਧ ਨੂੰ ਮੁਸਕਰਾਉਣ’ ਨਹੀਂ ਸੀ ਦੇਣਾ। ਇਹੋ ਬਹਾਨਾ ਬਣਾ ਕੇ ਉਸ ਨੇ ਈਰਾਕ ‘ਤੇ ਹਮਲਾ ਕੀਤਾ ਅਤੇ ਸਦਾਮ ਹੁਸੈਨ ਦਾ ਕਤਲ ਕੀਤਾ। ਇਹ ਕਿੰਨਾ ਹਾਸੋ-ਹੀਣਾ ਤਰਕ ਹੈ ਕਿ ਮੈਂ ਜਿੰਨੇ ਮਰਜ਼ੀ ਐਟਮੀ ਹਥਿਆਰ ਬਣਾਵਾਂ ਪਰ ਹੋਰ ਕੋਈ ਵੀ ਮੁਲਕ ਜੇਕਰ ਬਣਾਵੇ ਤਾਂ ਅਸੀਂ ਉਸ ਨੂੰ ਬਰਬਾਦ ਕਰ ਦਿਆਂਗੇ।

ਜਦੋਂ ਪਹਿਲੇ ਵਿਸ਼ਵ ਯੁੱਧ ਤੋਂ ਬਾਅਦ ਦੂਜਾ ਵਿਸ਼ਵ ਯੁੱਧ ਹੋਇਆ ਤਾਂ ਵਿਸ਼ਵ ਪੱਧਰ ‘ਤੇ ਅਮਨ ਲਹਿਰ ਚੱਲੀ ਅਤੇ ਇਸ ਦੇ ਨਾਲ ਨਾਲ ਯੂ.ਐਨ.ਓ. ਵਰਗੀ ਸੰਸਥਾ ਹੋਂਦ ਵਿਚ ਆਈ ਸੀ ਜਿਸ ਨੇ ਵਿਸ਼ਵ ਪੱਧਰ ‘ਤੇ ਅਮਨ ਸ਼ਾਂਤੀ ਕਾਇਮ ਕਰਨ ਲਈ ਕਾਫੀ ਮਹੱਤਵਪੂਰਨ ਭੂਮਿਕਾ ਨਿਭਾਈ ਸੀ। ਬੇਸ਼ਕ ਉਸ ਦੀ ਬਣਤਰ ਵਿਚ ਮੁੱਢ ਤੋਂ ਹੀ ‘ਤਕੜੇ ਦਾ ਸੱਤੀਂ ਵੀਹੀਂ ਸੌ’ ਸੀ। ਵਿਸ਼ਵ ਦੇ ਵੱਡੇ ਧੁਰੰਧਰ ਸਮਝੇ ਜਾਂਦੇ ਪੰਜ ਮੁਲਕਾਂ ਨੇ ਪਹਿਲਾਂ ਹੀ ਆਪਣੇ ਕੋਲ ਵੀਟੋ ਦਾ ਅਧਿਕਾਰ ਰੱਖ ਲਿਆ ਜੋ ਸਿੱਧੇ ਤੌਰ ‘ਤੇ ਮੁਲਕਾਂ ਦੀ ਬਰਾਬਰੀ ਦੇ ਅਧਿਕਾਰ ਦੀ ਉਲੰਘਣਾ ਹੈ। ਯੂ.ਐਨ.ਓ.ਦਾ ਜਿਹੜਾ ਫੈਸਲਾ ਇਨ੍ਹਾਂ ਪੰਜ ਮੁਲਕਾਂ ਵਿਚੋਂ ਕਿਸੇ ਇਕ ਨੂੰ ਰਾਸ ਨਹੀਂ ਆਉਂਦਾ, ਉਹ ਇਕੱਲਾ ਹੀ ਉਸ ਨੂੰ ਵੀਟੋ ਕਰ ਦਿੰਦਾ ਹੈ ਅਤੇ ਯੂ.ਐਨ.ਓ. ਦੀ ਤਾਕਤ ਦੀ ਫੂਕ ਕੱਢ ਦਿੰਦਾ ਹੈ। ਕਦੇ ਚੀਨ ਨੂੰ ਕੁਝ ਮੁਆਫ਼ਕ ਨਹੀਂ ਆਉਂਦਾ, ਕਦੇ ਅਮਰੀਕਾ ਨੂੰ ਤੇ ਕਦੇ ਰੂਸ ਨੂੰ।

ਅਮਰੀਕਾ ਨੇ ਤਾਂ ਜਮ੍ਹਾਂ ਹੀ ਹੱਦ ਕਰ ਦਿੱਤੀ। ਉਸ ਨੇ ਤਾਂ ਯੂ.ਐਨ.ਓ. ਨੂੰ ਦਿੱਤੀ ਜਾਣ ਵਾਲੀ ਗਰਾਂਟ ਹੀ ਬੰਦ ਕਰ ਦਿੱਤੀ ਅਤੇ ਯੂ.ਐਨ.ਓ. ਦੇ ਫ਼ੈਸਲਿਆਂ ਦੀ ਪਰਵਾਹ ਕਰਨੀ ਹੀ ਛੱਡ ਦਿੱਤੀ ਅਤੇ ਉਸ ਨੂੰ ਨਾਮਨਿਹਾਦ ਸੰਸਥਾ ਬਣਾ ਕੇ ਬੇਅਸਰ ਕਰ ਦਿੱਤਾ ਅਤੇ ਆਪ ਵਿਸ਼ਵ ਚੌਧਰੀ ਬਣ ਬੈਠਾ।

ਹੋਣਾ ਤਾਂ ਇਹ ਚਾਹੀਦਾ ਹੈ ਕਿ ਯੂ.ਐਨ.ਓ. ਨੂੰ ਹੋਰ ਮਜ਼ਬੂਤ ਕੀਤਾ ਜਾਂਦਾ। ਉਸ ਦੀ ਸੁਰੱਖਿਆ ਪ੍ਰੀਸ਼ਦ ਵਿਚ ਨਵੇਂ ਸਥਾਈ ਮੈਂਬਰਾਂ ਨੂੰ ਸ਼ਾਮਿਲ ਕੀਤਾ ਜਾਵੇ। ਵੀਟੋ ਪਾਵਰ ਖਤਮ ਕਰਕੇ ਸੁਰੱਖਿਆ ਪ੍ਰੀਸ਼ਦ ਦੇ ਸਥਾਈ ਮੈਂਬਰਾਂ ਨੂੰ ਬਰਾਬਰੀ ਦੇ ਅਧਿਕਾਰ ਦਿੱਤੇ ਜਾਂਦੇ। ਉਸ ਨੂੰ ਏਨਾ ਕੁ ਖ਼ੁਦਮੁਖਤਿਆਰ ਤੇ ਸ਼ਕਤੀਸ਼ਾਲੀ ਬਣਾਇਆ ਜਾਂਦਾ ਕਿ ਉਹ ਅਮਾਨਵੀ ਕਾਰਜ ਕਰਨ ਵਾਲੇ ਕਿਸੇ ਵੀ ਦੇਸ ਨੂੰ ਕਾਨੂੰਨੀ, ਆਰਥਿਕ ਅਤੇ ਫੌਜੀ ਫਰੰਟ ਤੋਂ ਮਜਬੂਰ ਕਰ ਸਕਦੀ ਕਿ ਉਹ ਆਪਣੇ ਦਾਇਰੇ ਵਿਚ ਰਹਿ ਕੇ ਕਾਰਜ ਕਰੇ।

ਜੇਕਰ ਯੂ.ਐਨ.ਓ. ਮਜ਼ਬੂਤ ਅਤੇ ਖ਼ੁਦਮੁਖਤਿਆਰ ਹੁੰਦੀ ਤਾਂ ਨਾ ਖਾਮਨੇਈ ਆਪਣੇ ਦੇਸ਼ ਵਿਚ ਮਨੁੱਖੀ ਹੱਕਾਂ (ਵਿਸ਼ੇਸ਼ ਤੌਰ ‘ਤੇ ਇਸਤਰੀ ਆਜ਼ਾਦੀ) ਦਾ ਘਾਣ ਕਰ ਸਕਦਾ, ਤੇ ਨਾ ਹੀ ਅਮਰੀਕਾ ਤੇ ਇਜ਼ਰਾਈਲ ਇੰਝ ਇਰਾਨ ‘ਤੇ ਹਮਲਾ ਕਰ ਸਕਦੇ। ਟਰੰਪ ਇਸ ਵੇਲੇ ਏਨਾ ਕੁ ਸੁਆਰਥੀ, ਗ਼ੈਰ-ਜ਼ਿੰਮੇਵਾਰ, ਨਿੱਜਪ੍ਰਸਤ ਅਤੇ ਤਾਨਾਸ਼ਾਹ ਹੋ ਚੁੱਕਿਆ ਹੈ ਕਿ ਉਹ ਅਮਰੀਕਾ ਦੇ ਖ਼ਿਲਾਫ਼ ਥੋੜ੍ਹਾ ਜਿਹਾ ਬੋਲਣ ਵਾਲੇ ਮੁਲਕ ਨੂੰ ਸਿੱਧਾ ਧਮਕੀਆਂ ‘ਤੇ ਉਤਰ ਆਉਂਦਾ ਹੈ। ਕਿਸੇ ਦੌਰ ਵਿਚ ਜੋ ਕਾਰਜ ਬ੍ਰਿਟਿਸ਼ ਨੇ ਦੁਨੀਆ ਨੂੰ ਆਪਣੀ ਬਸਤੀ ਬਣਾ ਕੇ ਕੀਤਾ ਸੀ, ਉਸੇ ਪੈਟਰਨ ਤੇ ਹੁਣ ਅਮਰੀਕਾ ਪੂਰੀ ਦੁਨੀਆ ਨੂੰ ਆਪਣੀ ਬਸਤੀ ਬਣਾਉਣਾ ਚਾਹੁੰਦਾ ਹੈ। ਬਸ ਸਮੇਂ ਅਨੁਸਾਰ ਢੰਗ ਤਰੀਕੇ ਬਦਲੇ ਹਨ।

ਇਨਸਾਫ਼ ਦਾ ਇਹ ਕੈਸਾ ਤਕਾਜ਼ਾ ਹੈ ਅਤੇ ਮੁਨਸਿਫ਼ ਤੇ ਮੁਜ਼ਰਿਮ ਵਿਚ ਫਰਕ ਮਿਟਦਾ ਜਾ ਰਿਹਾ ਹੈ। ਅਮਰੀਕਾ ਜਿਹੜਾ ਖਾਮਨੇਈ ਨੂੰ ਕਿੰਨੇ ਹੀ ਇਰਾਨੀਆਂ ਦੇ ਕਾਤਲ ਦਸਦਾ ਹੋਇਆ ਉਸ ਨੂੰ ‘ਮਜ਼ਾ ਚਖਾਉਣ’ ਦਾ ਡਰਾਮਾ ਕਰਦਾ ਆ ਰਿਹਾ ਹੈ, ਉਸ ਦੇ ਆਪਣੇ ਹੱਥ ਕਿੰਨੇ ਕਤਲਾਂ ਨਾਲ ਰੰਗ ਹੋਏ ਹਨ, ਇਸ ਦਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ। ਅੱਜ ਦੂਜੇ ਨੂੰ ਪਰਮਾਣੂ ਹਥਿਆਰ ਨਾ ਰੱਖਣ ਦਾ ਸਬਕ ਦੇਣ ਵਾਲੇ ਅਮਰੀਕਾ ਨੇ 1945 ਵਿਚ ਹੀਰੋਸ਼ੀਮਾ ਅਤੇ ਨਾਗਾਸਾਕੀ ਉੱਪਰ ਬੰਬ ਸੁੱਟ ਕੇ ਕਿਹੜਾ ‘ਪੁੰਨ’ ਦਾ ਕਾਰਜ ਕੀਤਾ ਸੀ। ਵਿਅਤਨਾਮ ਵਿਚ ਲੱਖਾਂ ਵੀਅਤਨਾਮੀਆਂ ਦੀ ਨਸਲਕੁਸ਼ੀ ਕਿਸ ਕਾਨੂੰਨ ਦੇ ਆਧਾਰ ‘ਤੇ ਕੀਤੀ ਸੀ। ਕਿਊਬਾ ਤੇ ਅਫ਼ਗਾਨਿਸਤਾਨ ਸਮੇਤ ਹੋਰ ਕਿੰਨੇ ਹੀ ਮੁਲਕਾਂ ਵਿਚ ਆਪਣੀ ਸਲਤਨਤ ਕਾਇਮ ਕਰਦੇ ਹੋਏ ਕਿਸ ਤਰ੍ਹਾਂ ਮਨੁੱਖੀ ਹੱਕਾਂ ਦਾ ਘਾਣ ਕੀਤਾ? ਹੁਣੇ-ਹੁਣੇ ਵੈਨਜ਼ੁਏਲਾ ਵਿਚ ਸ਼ਰ੍ਹੇਆਮ ਇਕ ਮੁਲਕ ਦੇ ਸਦਰ ਨੂੰ ਕਿਡਨੈਪ ਕਰਕੇ ਪਰਚਾ ਦਰਜ ਕਰ ਲਿਆ।

ਕੀ 21ਵੀਂ ਸਦੀ ਵਿਚ ਵੀ ‘ਜਿਸ ਦੀ ਲਾਠੀ, ਉਸ ਦੀ ਮੱਝ’ ਵਰਗਾ ਜੰਗਲ-ਰਾਜ ਚਲਦਾ ਰਹੇਗਾ? ਜਿਸ ਹੁਕਮਰਾਨ ਦਾ ਜੀ ਕਰੇ, ਉਹ ਆਪਣੀ ਪਰਜਾ ਦੇ ਸਾਰੇ ਅਧਿਕਾਰ ਖੋਹ ਕੇ ਉਨ੍ਹਾਂ ਉੱਪਰ ਦਹਾਕਿਆਂ ਬੱਧੀ ਜ਼ੁਲਮ ਕਰ ਸਕਦਾ ਹੈ ਜਾਂ ਜਿਸ ਹੁਮਕਰਾਨ ਦਾ ਜੀ ਕਰੇ ਉਹ ਦੂਜੇ ਮੁਲਕ ’ਤੇ ਆਪਣੀ ਫੌਜੀ ਤਾਕਤ ਦੀ ਬਦੌਲਤ ਹਮਲਾ ਕਰ ਦੇਵੇ? ਕੀ ਅਸੀਂ ਯੂ.ਐਨ.ਓ. ਵਰਗੀਆਂ ਸੰਸਥਾਵਾਂ ਨੂੰ ਏਨਾ ਮਜ਼ਬੂਤ ਨਹੀਂ ਕਰ ਸਕਦੇ, ਕਿ ਉਹ ਬਿਨਾ ਕਿਸੇ ਦਾ ਖ਼ੂਨ ਬਹਾਏ ਹੋਰ ਤਰ੍ਹਾਂ ਦੇ ਦਬਾਵਾਂ ਨਾਲ ਹਰ ਮੁਲਕ ਨੂੰ ਦਾਇਰੇ ਵਿਚ ਰਹਿਣਾ ਸਿਖਾ ਦੇਵੇ ਅਤੇ ਇਹ ਧਰਤੀ ਸਚਮੁਚ ਰਹਿਣਯੋਗ, ਜਿਉਣਯੋਗ ਅਤੇ ਮਾਣਨਯੋਗ ਬਣ ਜਾਵੇ...ਆਮੀਨ !!!

---

*(ਪਿਛਲੇ ਸਫੇ ਦਾ ਬਾਕੀ)*

ਜਿਨ੍ਹਾਂ ਵਿਚ 844 ਨਿਹੱਥੇ ਨਾਗਰਿਕ ਸ਼ਾਮਲ ਸਨ, ਉਨ੍ਹਾਂ ਵਿਚੋਂ 281 ਬੱਚੇ ਸਨ। 9 ਜਨਵਰੀ ਨੂੰ, ਅਮਰੀਕੀ ਕਾਂਗਰਸ ਦੇ ਦੋਵਾਂ ਸਦਨਾਂ ਵਿਚ ਡੈਮੋਕਰੇਟ ਅਤੇ ਰਿਪਬਲਿਕਨਾਂ ਨੇ ਭਾਰੀ ਵੋਟਾਂ ਨਾਲ ਇਜ਼ਰਾਈਲ ਦੀਆਂ ਕਾਰਵਾਈਆਂ ਦੀ ਹਮਾਇਤ ਕਰਦੇ ਹੋਏ ਇਹ ਐਲਾਨ ਕੀਤਾ—ਐਮਨੈਸਟੀ ਇੰਟਰਨੈਸ਼ਨਲ, ਹਿਊਮਨ ਰਾਈਟਸ ਵਾਚ, ਇੰਟਰਨੈਸ਼ਨਲ ਰੈਡ ਕਰਾਸ ਅਤੇ ਹੋਰ ਮਾਨਵਤਾਵਾਦੀ ਸੰਗਠਨਾਂ ਦੇ ਨਤੀਜਿਆਂ ਦੇ ਸਿੱਧੇ ਵਿਰੋਧ ਵਿਚ—ਕਿ ਇਜ਼ਰਾਈਲ ਦੀਆਂ ਹਥਿਆਰਬੰਦ ਫ਼ੌਜਾਂ ਦੀ ਗਾਜ਼ਾ ’ਤੇ ਉਨ੍ਹਾਂ ਦੇ ਹਮਲੇ ਤੋਂ ਵੱਡੀ ਗਿਣਤੀ ਵਿਚ ਨਾਗਰਿਕ ਹੱਤਿਆਵਾਂ ਹੋਣ ਦੀ ਕੋਈ ਜ਼ਿੰਮੇਵਾਰੀ ਨਹੀਂ ਬਣਦੀ।

**• 2014 ਗਾਜ਼ਾ ਜੰਗ (8 ਜੁਲਾਈ ਤੋਂ 26 ਅਗਸਤ 2014), 2 ਹਜ਼ਾਰ 251 ਫ਼ਲਸਤੀਨੀ ਮੌਤਾਂ**

ਇਸ ਜੰਗ ਵਿਚ 2 ਹਜ਼ਾਰ 251 ਫ਼ਲਸਤੀਨੀ ਮਾਰੇ ਗਏ, ਜਿਨ੍ਹਾਂ ਵਿਚ 1 ਹਜ਼ਾਰ 462 ਫ਼ਲਸਤੀਨੀ ਨਾਗਰਿਕ ਸ਼ਾਮਲ ਸਨ, ਜਿਨ੍ਹਾਂ ਵਿਚੋਂ 299 ਔਰਤਾਂ ਅਤੇ 551 ਬੱਚੇ ਸਨ; ਅਤੇ 11 ਹਜ਼ਾਰ 231 ਫ਼ਲਸਤੀਨੀ ਜ਼ਖਮੀ ਹੋਏ। ਇਕ ਵਾਰ ਫਿਰ, ਅਮਰੀਕੀ ਪ੍ਰਤੀਨਿਧੀ ਸਭਾ ਅਤੇ ਸੈਨੇਟ ਵਿਚ ਡੈਮੋਕਰੇਟ ਅਤੇ ਰਿਪਬਲਿਕਨ ਦੋਵਾਂ ਧੜਿਆਂ ਨੇ ਇਜ਼ਰਾਈਲ ਦੇ ਕਤਲੇਆਮ ਦੀ ਹਮਾਇਤ ਕਰਦੇ ਹੋਏ ਸਰਬਸੰਮਤੀ ਨਾਲ ਮਤੇ ਪਾਸ ਕੀਤੇ।

**• ਗ੍ਰੇਟ ਮਾਰਚ ਆਫ ਰਿਟਰਨ (2018), 150 ਮੌਤਾਂ, 9 ਹਜ਼ਾਰ ਤੋਂ ਵੱਧ ਜ਼ਖ਼ਮੀ**

30 ਮਾਰਚ 2018 ਨੂੰ ਗਾਜ਼ਾ ਦੀ ਇਜ਼ਰਾਈਲ ਨਾਲ ਸਰਹੱਦ ’ਤੇ ਹਫਤਾਵਾਰੀ ਵਿਰੋਧ ਪ੍ਰਦਰਸ਼ਨ ਸ਼ੁਰੂ ਹੋਏ। ਉਨ੍ਹਾਂ ਨੇ ਮੰਗ ਕੀਤੀ ਕਿ ਇਜ਼ਰਾਈਲ ਦੀ ਫ਼ਲਸਤੀਨ ਨੂੰ ਅਪਾਹਜ ਕਰਨ ਵਾਲੀ ਨਾਕਾਬੰਦੀ ਹਟਾਈ ਜਾਵੇ ਅਤੇ ਫ਼ਲਸਤੀਨੀ ਸ਼ਰਨਾਰਥੀਆਂ ਨੂੰ ਨਕਬਾ (‘ਅਰਬੀ ਵਿਚ ਤਬਾਹੀ’) ਦੌਰਾਨ ਇਜ਼ਰਾਈਲ ਦੀ ਸਥਾਪਨਾ ਸਮੇਂ ਉਨ੍ਹਾਂ ਤੋਂ ਖੋਹੀ ਗਈ ਜ਼ਮੀਨ ’ਤੇ ਵਾਪਸ ਜਾਣ ਦਾ ਅਧਿਕਾਰ ਦਿੱਤਾ ਜਾਵੇ, ਜਦੋਂ ਇਜ਼ਰਾਈਲ ਨੇ ਸਦੀਆਂ ਤੋਂ ਇਸ ਧਰਤੀ ’ਤੇ ਰਹਿ ਰਹੇ ਫ਼ਲਸਤੀਨੀਆਂ ਦੇ ਖ਼ਿਲਾਫ਼ ਹਿੰਸਾ ਅਤੇ ਦਹਿਸ਼ਤ ਦੀ ਵੱਡੀ ਲਹਿਰ ਸ਼ੁਰੂ ਕੀਤੀ ਸੀ। ਪ੍ਰਦਰਸ਼ਨਾਂ ਵਿਚ 189 ਫ਼ਲਸਤੀਨੀ ਮਾਰੇ ਗਏ ਸਨ, ਅਤੇ 9 ਹਜ਼ਾਰ ਤੋਂ ਵੱਧ ਹੋਰ ਜ਼ਖਮੀ ਹੋਏ ਸਨ, ਜਿਨ੍ਹਾਂ ਵਿਚ ਬੱਚੇ, ਪੈਰਾਮੈਡਿਕਸ ਕਾਮੇ ਅਤੇ ਪੱਤਰਕਾਰ ਸ਼ਾਮਲ ਸਨ। ਜ਼ਖਮੀਆਂ ਵਿਚੋਂ 5 ਹਜ਼ਾਰ 814 ਅਣਚੱਲੇ ਗੋਲਾ-ਬਾਰੂਦ ਨਾਲ ਮਾਰੇ ਗਏ ਸਨ। ਟਰੰਪ/ਪੈਂਸ ਸ਼ਾਸਨ ਨੇ ਹਿੰਸਾ ਲਈ ਉਲਟਾ ਨਿਹੱਥੇ ਫ਼ਲਸਤੀਨੀਆਂ ਨੂੰ ਦੋਸ਼ੀ ਠਹਿਰਾਇਆ।

**• ਗਾਜ਼ਾ ਵਿਚ ਅਮਰੀਕੀ-ਇਜ਼ਰਾਈਲੀ ਨਸਲਕੁਸ਼ੀ (2023 ਤੋਂ ਹੁਣ ਤੱਕ), 90 ਹਜ਼ਾਰ ਤੋਂ ਵੱਧ ਮੌਤਾਂ**

ਗਾਜ਼ਾ ਪੱਟੀ ’ਤੇ ਇਜ਼ਰਾਈਲ ਦੀ ਨਸਲਕੁਸ਼ੀ ਦੀ ਜੰਗ ਦੀ ਅਸਲ ਮਨੁੱਖੀ ਕੀਮਤ ‘ਅਧਿਕਾਰਤ’ ਅੰਦਾਜ਼ਿਆਂ ਨਾਲੋਂ ਕਿਤੇ ਵੱਧ ਹੈ। ਦੁਨੀਆ ਦੇ ਪ੍ਰਮੁੱਖ ਮੈਡੀਕਲ ਰਸਾਲਿਆਂ ਵਿਚ ਪ੍ਰਕਾਸ਼ਿਤ ਸੁਤੰਤਰ ਖੋਜ 2025 ਦੇ ਸ਼ੁਰੂ ਤੱਕ 75 ਹਜ਼ਾਰ ਤੋਂ ਵੱਧ ‘ਹਿੰਸਾ ਨਾਲ ਮੌਤਾਂ’ ਦੀ ਪੁਸ਼ਟੀ ਕਰਦੀ ਹੈ। ਇਹ ਅੰਕੜਾ ਉਸੇ ਮਿਆਦ ਲਈ ਗਾਜ਼ਾ ਸਿਹਤ ਮੰਤਰਾਲੇ (ਐਮਓਐਚ) ਦੁਆਰਾ ਰਿਪੋਰਟ ਕੀਤੇ ਗਏ 49 ਹਜ਼ਾਰ 90 ਤੋਂ 34.7 ਪ੍ਰਤੀਸ਼ਤ ਵੱਧ ਹੈ। ਹੁਣ ਐਮਓਐਚ ਦਾ ਅੰਦਾਜ਼ਾ ਹੈ ਕਿ ਜੰਗ ਸ਼ੁਰੂ ਹੋਣ ਤੋਂ ਬਾਅਦ ਤੋਂ ਲੈ ਕੇ 16 ਫਰਵਰੀ 2026 ਤੱਕ ਘੱਟੋ-ਘੱਟ 72 ਹਜ਼ਾਰ 63 ਲੋਕ ਮਾਰੇ ਗਏ ਹਨ (10 ਅਕਤੂਬਰ 2025 ਨੂੰ ਗਾਜ਼ਾ ਪੱਟੀ ਵਿਚ ‘ਜੰਗਬੰਦੀ’ ਹੋਣ ਤੋਂ ਬਾਅਦ 603)।

# ‘ਸਹੁੰ ਪੰਜਾਬ ਦੀ’; ਇਕ ਰਾਜਨੀਤਕ ਦਸਤਾਵੇਜ਼, ਮੇਰਾ ਬੌਧਿਕ ਧਰਮ!

***ਅਮਰਜੀਤ ਸਿੰਘ ਗਰੇਵਾਲ ਪੰਜਾਬ ਦੇ ਚੰਦ ਉਨ੍ਹਾਂ ਗੰਭੀਰ ਚਿੰਤਕਾਂ ਵਿਚੋਂ ਇਕ ਹਨ, ਜੋ ਪਿਛਲੀ ਲਗਪਗ ਅੱਧੀ ਸਦੀ ਤੋਂ ਪੰਜਾਬੀ/ਸਿੱਖ ਭਾਈਚਾਰੇ, ਸਾਹਿਤ-ਸੱਭਿਆਚਾਰ ਅਤੇ ਗੁਰਬਾਣੀ ਚਿੰਤਨ ਦੀ ਸਾਡੇ ਸਮਿਆਂ ਲਈ ਸਾਰਥਿਕਤਾ ਦੇ ਵਿਸ਼ਿਆਂ ਨੂੰ ਲੈ ਕੇ ਲਗਾਤਾਰ ਲਿਖਦੇ ਆ ਰਹੇ ਹਨ। ‘ਪੰਜਾਬ ਟਾਈਮਜ਼’ ਦੇ ਸ਼ੁਰੂਆਤੀ ਦਿਨਾਂ ਤੋਂ ਉਨ੍ਹਾਂ ਦੇ ਲੇਖ ਇਸ ਅੰਦਰ ਛਪਦੇ ਰਹੇ ਹਨ ਅਤੇ ਚਰਚਾ ਦਾ ਵਿਸ਼ਾ ਵੀ ਬਣਦੇ ਰਹੇ ਹਨ। ‘ਸਹੁੰ ਪੰਜਾਬ ਦੀ’ ਸਿਰਲੇਖ ਹੇਠਲੀ ਆਪਣੀ ਪੁਸਤਕ ਵਿਚ ਉਨ੍ਹਾਂ ਨੇ ਪੰਜਾਬ ਦੀ ਰਸਾਤਲਤਾ ਦੇ ਕਾਰਨਾਂ ਨੂੰ ਖਗੋਲਦਿਆਂ ਨਤੀਜਾ ਕੱਢਿਆ ਹੈ ਕਿ ਪੰਜਾਬ ਦੀ ਤਬਾਹੀ ਦੇ ਕਾਰਨ ‘ਨੈਤਿਕਤਾ, ਰਾਜਨੀਤੀ ਅਤੇ ਸੰਸਥਾਵਾਂ ਦੀ ਢਹਿੰਦੀ ਕਲਾ’ ਵਿਚ ਪਏ ਹਨ। ਗੰਧਲੀ ਅਤੇ ਸਵਾਰਥੀ ਰਾਜਨੀਤੀ ਨੇ ਅਣਖੀ, ਕਿਰਤੀ, ਵੰਡ ਛਕਣ, ਸਰਬੱਤ ਦਾ ਭਲਾ ਚਾਹੁਣ ਵਾਲੇ ਪੰਜਾਬ ਨੂੰ ਮੁਫ਼ਤ ਸਕੀਮਾਂ ਦੇ ਲਾਰਿਆਂ ਨਾਲ ਮੰਗਤਾ ਬਣਾ ਧਰਿਆ। ਪੰਜਾਬ ਨੂੰ ਰਸਾਤਲਤਾ ਦੇ ਟੋਏ ਵਿਚੋਂ ਕੱਢਣ ਦਾ ਰਸਤਾ ਇਸ ਨੂੰ ਆਧੁਨਿਕ ਗਿਆਨ ਦੇ ਖੇਤਰ ਵਿਚ ਹਾਣੀ ਬਣਾਉਣ ਵਿਚ ਹੈ। ਪੰਜਾਬ ਪਹਿਲਾਂ ਵੀ ਘੋਰ ਸੰਕਟਾਂ ਵਿਚੋਂ ਆਪਣੀ ਹਿੰਮਤ ਨਾਲ ਪੂਰਾ ਤਬਾਹ ਹੋ ਕੇ ਵੀ ਪੁਨਰ-ਸੁਰਜੀਤ ਹੁੰਦਾ ਆਇਆ ਹੈ ਉਵੇਂ ਹੀ ਜਿਵੇਂ ਕੁਕਨੂਸ ਆਪਣੀ ਹੀ ਅੱਗ ਵਿਚ ਸੜ ਕੇ ਆਪਣੀ ਰਾਖ ਵਿਚੋਂ ਪੁਨਰ-ਸੁਰਜੀਤ ਹੁੰਦਾ ਹੈ। ਇਹ ਪੁਸਤਕ ਗੁਰਮਤਿ ਦੇ ਹਵਾਲੇ ਨਾਲ ਵਰਤਮਾਨ ਨੂੰ ਗਲੋਬਲ ਪੰਜਾਬ ਵਾਂਗ ਸਮਝਣ ਦਾ ਯਤਨ ਹੈ। ਦੁਨੀਆਂ ਭਰ ਦੇ ਪੰਜਾਬੀਆਂ ਨੂੰ ਸਾਂਝੀ ਸਮਝ ਉਸਾਰਨ ਲਈ ਪ੍ਰੇਰਦੀ ਹੈ। ਪੁਸਤਕ ਦੀ ਲੇਖਕ ਵੱਲੋਂ ਲਿਖੀ ਭੂਮਿਕਾ ‘ਪੰਜਾਬ ਟਾਈਮਜ਼’ ਦੇ ਪਾਠਕਾਂ ਲਈ ਪ੍ਰਸਤੁਤ ਹੈ। -ਸੰਪਾਦਕ***

**ਭੂਮਿਕਾ: ਸਹੁੰ ਪੰਜਾਬ ਦੀ**

ਇਹ ਪੁਸਤਕ ਇਕ ਅਕਾਦਮਿਕ ਅਧਿਐਨ ਵੀ ਹੈ, ਇਕ ਰਾਜਨੀਤਿਕ ਦਸਤਾਵੇਜ਼ ਵੀ, ਅਤੇ ਆਤਮਿਕ ਸਹੁੰ ਵੀ। ਪਰ ਸਭ ਤੋਂ ਪਹਿਲਾਂ—ਇਹ ਮੇਰਾ ਪੰਜਾਬ ਪ੍ਰਤੀ ਬੌਧਿਕ ਧਰਮ ਹੈ।

ਇਹ ਪੁਸਤਕ ਉਸ ਵੇਲੇ ਜਨਮੀ, ਜਦੋਂ ਮੈਂ ਇਹ ਕਬੂਲਿਆ ਕਿ ਪੰਜਾਬ ਦਾ ਸੰਕਟ ਕੇਵਲ ਅੰਕੜਿਆਂ, ਨੀਤੀਆਂ ਜਾਂ ਵੋਟ-ਬੈਂਕਾਂ ਦਾ ਸੰਕਟ ਨਹੀਂ; ਇਹ ਚੇਤਨਾ ਦਾ ਸੰਕਟ ਹੈ। ਭੂਗੋਲ ਦਾ ਨਹੀਂ, ਭਵਿੱਖ ਦੀ ਕਲਪਨਾ ਦਾ ਸੰਕਟ।

ਸਾਲਾਂ ਤੱਕ ਮੈਂ ਸੁਣਦਾ ਰਿਹਾ—

ਪੰਜਾਬ ਬਰਬਾਦ ਹੋ ਰਿਹਾ ਹੈ, ਪੰਜਾਬ ਖ਼ਤਮ ਹੋ ਗਿਆ, ਪੰਜਾਬ ਹੱਥੋਂ ਨਿਕਲ ਗਿਆ।



ਅਮਰਜੀਤ ਗਰੇਵਾਲ

ਪਰ ਜਿਵੇਂ ਜਿਵੇਂ ਮੈਂ ਇਸ ਧਰਤੀ ਦੀ ਧੜਕਣ ਨੂੰ ਸੁਣਿਆ, ਮਿਹਰਗੜ੍ਹ ਤੋਂ ਲੈ ਕੇ ਆਧੁਨਿਕ ਡਾਇਸਪੋਰਾ ਤੱਕ ਦੀਆਂ ਕਹਾਣੀਆਂ ਨੂੰ ਪੜ੍ਹਿਆ, ਅਤੇ ਖੇਤਾਂ ਤੋਂ ਲੈ ਕੇ ਵਿਦੇਸ਼ੀ ਲੈਬਾਂ ਤੱਕ ਪੰਜਾਬੀ ਮਨੁੱਖ ਦੀ ਜੱਦੋ-ਜਹਿਦ ਨੂੰ ਦੇਖਿਆ—

ਮੇਰੇ ਅੰਦਰ ਇਕ ਹੋਰ ਸੱਚ ਜਾਗਿਆ: ਪੰਜਾਬ ਖ਼ਤਮ ਨਹੀਂ ਹੋਇਆ—ਪੰਜਾਬ ਆਪਣੀ ਨਵੀਂ ਰਚਨਾ ਲਈ ਤਿਆਰ ਹੋ ਰਿਹਾ ਹੈ। ਇਹ ਪੁਸਤਕ ਉਸੀ ਰਚਨਾ ਦਾ ਨਕਸ਼ਾ ਹੈ।

**1. ਮੈਂ ਇਹ ਪੁਸਤਕ ਕਿਉਂ ਲਿਖੀ?**

ਕਿਉਂਕਿ ਮੈਂ ਵੇਖਿਆ ਕਿ ਪੰਜਾਬ ਦੀ ਤਬਾਹੀ ਦੀਆਂ ਜੜ੍ਹਾਂ ਮਿੱਟੀ ਵਿਚ ਨਹੀਂ; ਨੈਤਿਕਤਾ, ਰਾਜਨੀਤੀ ਅਤੇ ਸੰਸਥਾਵਾਂ ਦੀ ਢਹਿੰਦੀ ਕਲਾ ਵਿਚ ਹਨ। ਕਿਉਂਕਿ ਮੈਂ ਵੇਖਿਆ ਕਿ ਸਾਡੀਆਂ ਸਰਕਾਰਾਂ ਇਕੋ ਜੇਹੇ ਰਾਗ ਨੂੰ ਦੁਹਰਾਉਂਦੀਆਂ ਰਹੀਆਂ—

ਲੋਕਾਂ ਨੂੰ ਮੁਫ਼ਤ ਸਕੀਮਾਂ ਨਾਲ ਭਰਮਾਉਣਾ ਅਤੇ ਆਦੀ ਬਣਾਉਣਾ, ਖੇਤੀ ਨੂੰ ਕਰਜ਼ੇ ਦੀ ਕਬਰ ਵਿਚ ਸੁੱਟਣਾ, ਅਰਥਚਾਰੇ ਨੂੰ ਜ਼ਮੀਨ-ਵਿਕਰੀ ਤੱਕ ਘਟਾ ਦੇਣਾ, ਮਜ਼ਬੂਤ ਰਾਜਨੀਤੀ ਨੂੰ ਮਾਫੀਆ ਦੇ ਹਵਾਲੇ ਕਰ ਦੇਣਾ।

ਕਿਉਂਕਿ ਮੈਂ ਜਾਣਦਾ ਹਾਂ: ਜੇ ਅਸੀਂ ਆਪਣਾ ਵਿਕਾਸ-ਮਾਡਲ ਨਹੀਂ ਬਦਲਦੇ, ਤਾਂ ਅਸੀਂ ਭਵਿੱਖ ਵੀ ਨਹੀਂ ਬਦਲ ਸਕਾਂਗੇ।

ਅਤੇ ਕਿਉਂਕਿ ਮੈਂ ਇਹ ਵੀ ਜਾਣਦਾ ਹਾਂ— ਸਾਨੂੰ ਕੋਈ ਬਾਹਰੋਂ ਆ ਕੇ ਨਹੀਂ ਬਚਾਏਗਾ। ਪੰਜਾਬ ਨੂੰ ਪੰਜਾਬੀ ਹੀ ਬਚਾਉਣਗੇ।

**2. ਇਹ ਪੁਸਤਕ ਕੀ ਹੈ?**

ਇਹ ਪੁਸਤਕ ਕਿਸੇ ਰੋਮਾਂਟਿਕ ਪੰਜਾਬ ਦੀ ਯਾਦਗਾਰ ਨਹੀਂ, ਨਾ ਇਹ ਕਿਸੇ ਦੱਖਣੀ ਕੋਰੀਆ, ਸਿੰਗਾਪੁਰ ਜਾਂ ਕਨੇਡਾ ਦੀ ਨਕਲ ਕਰਨ ਦੀ ਦਾਅਵਤ ਹੈ। ਇਹ ਨਵੇਂ ਪੰਜਾਬ ਬਾਰ ਸੋਚਣ ਦੀ ਪ੍ਰਕਿਰਿਆ ਹੈ।

ਇਹ ਪੁਸਤਕ ਤਿੰਨ ਗੱਲਾਂ ਨੂੰ ਜੋੜ ਕੇ ਖੜ੍ਹੀ ਕੀਤੀ ਗਈ ਹੈ:

ੳ) ਸੰਕਟ

ਪੰਜਾਬ ਕਿਵੇਂ ਅੰਨਦਾਤੇ ਤੋਂ ‘ਮੁਸਲਸਲ ਕਰਜ਼ੇਦਾਰ’ ਬਣ ਗਿਆ? ਖੇਤੀ ਕਿਵੇਂ ਆਮਦਨ ਦੀ ਥਾਂ ਕਫ਼ਨ ਬਣ ਗਈ? ਪੜ੍ਹਾਈ ਕਿਵੇਂ ਰਾਹ ਨਹੀਂ, ਪਰਵਾਸ ਦਾ ਟਿਕਟ ਬਣ ਗਈ?

ਅ) ਨਵੀਂ ਵਿਸ਼ਵ-ਸਮਝ

ਏ ਆਈ, ਬਿਗ ਡਾਟਾ, ਇਮਰਸਿਵ ਰੀਐਲਟੀ, ਗਲੋਬਲ ਸਿਖਿਆ ਬਾਜ਼ਾਰ, ਨੌਲਿਜ ਵਰਕਰ—ਇਹ ਸਭ ਆਧੁਨਿਕ ਸੰਸਾਰ ਦੇ ਦਰਿਆ ਹਨ। ਜੇ ਪੰਜਾਬ ਇਸ ਵਿਚ ਤੈਰਨਾ ਨਹੀਂ ਸਿਖਦਾ, ਤਾਂ ਉਹ ਗੁਆਚੀਆਂ ਦੇ ਪਿੱਛੇ ਸਿਰਫ਼ ਭਟਕਦਾ ਰਹੇਗਾ।

ੲ) ਉਤਰ-ਪੂੰਜੀਵਾਦੀ ਏਜੰਡਾ

ਇਹ ਪੁਸਤਕ ਕਹਿੰਦੀ ਹੈ—ਸਿਰਫ਼ ਪੂੰਜੀ ਨਹੀਂ, ਚੇਤਨਾ, ਰਚਨਾ ਅਤੇ ਸਹਿ-ਵਿਕਾਸ ਹੀ ਪੰਜਾਬ ਨੂੰ ਬਚਾਉਣਗੇ।

**3. ਪੰਜਾਬ ਕੀ ਹੈ?**

ਮੇਰੇ ਲਈ ਪੰਜਾਬ ਕੋਈ ਪ੍ਰਾਂਤ ਨਹੀਂ। ਪੰਜਾਬ ਉਹ ਰਿਸ਼ਤਿਆਂ, ਯਾਦਾਂ, ਕਹਾਣੀਆਂ, ਪਾਰ-ਰਾਸ਼ਟਰੀ ਨੈੱਟਵਰਕਾਂ, ਮਜ਼ਦੂਰੀ, ਡਾਇਸਪੋਰਾ, ਅਤੇ ਵਰਚੂਅਲ ਕੌਮਾਂ ਦਾ ਗਤੀਸ਼ੀਲ ਵਿਸ਼ਵ ਹੈ ਜਿਸਦਾ ਕੇਂਦਰ ਇਕ ਜਗ੍ਹਾ ਨਹੀਂ—ਇਕ ਜੀਵਨ-ਦ੍ਰਿਸ਼ਟੀ ਹੈ।

ਮੈਂ ਇਸ ਪੁਸਤਕ ਵਿਚ ਕਿਹਾ ਹੈ:

ਪੰਜਾਬ ਪੰਜ ਦਰਿਆ ਨਹੀਂ, ਪੰਜ ਸੰਸਾਰ ਹਨ—ਭਾਰਤੀ ਪੰਜਾਬ, ਪਾਕਿਸਤਾਨੀ ਪੰਜਾਬ, ਪਰਵਾਸੀ ਮਜ਼ਦੂਰਾਂ ਦਾ ਪੰਜਾਬ, ਡਾਇਸਪੋਰਾ ਦਾ ਪੰਜਾਬ ਅਤੇ ਵਰਚੂਅਲ ਪੰਜਾਬ। ਇਨ੍ਹਾਂ ਸਾਰਿਆਂ ਨੂੰ ਜੋੜਦੀ ਇਕ ਇਕੋ ਤਾਕਤ ਹੈ—ਪੰਜਾਬੀ ਜੀਵਨ-ਦਰਸ਼ਨ: ਕਿਰਤ, ਸਾਂਝ, ਨੈਤਿਕਤਾ, ਭਾਈਵਾਲੀ ਅਤੇ ਆਤਮ ਸ਼ਕਤੀ।

**4. ਪੰਜਾਬ ‘ਫਾਲਨ ਸਿਸਟਮ’ ਨਹੀਂ, ‘ਫੀਨਿਕਸ ਸਿਸਟਮ’ ਹੈ**

ਜਿਵੇਂ ਪੁਸਤਕ ਦੇ ਅੰਦਰ ਮੈਂ ਲਿਖਿਆ ਹੈ: ਪੰਜਾਬ ਦਾ ਸੰਕਟ ਰਾਖ ਵਰਗਾ ਹੈ—ਦਿਸਦਾ ਕਾਲਾ, ਪਰ ਅੰਦਰ ਨਵੀਆਂ ਉਡਾਰੀਆਂ ਦੇ ਬੀਜ ਦਬੇ ਪਏ ਹਨ। ਕੁਕਨੂਸ (ਫੀਨਿਕਸ) ਦੀ ਤਰ੍ਹਾਂ। ਇਹ ਸੰਕਟ ਸਾਨੂੰ ਸਾੜੇਗਾ ਵੀ, ਰੋਕੇਗਾ ਵੀ, ਪਰ ਤਬਦੀਲ ਵੀ ਕਰੇਗਾ। ਇਹ ਪੁਸਤਕ ਇਸ ਤਬਦੀਲੀ ਦੀ ਰੂਪ-ਰੇਖਾ ਹੈ।

**5. ਇਹ ਪੁਸਤਕ ਕਿਨ੍ਹਾਂ ਲਈ ਹੈ?**

- ਉਹ ਸਿਆਸਤਦਾਨ ਜੋ ‘ਮੁਫ਼ਤਖੋਰੀ’ ਨੂੰ ਵਿਕਾਸ ਸਮਝਣ ਦੀ ਭੁੱਲ ਕਰਦੇ ਹਨ
- ਉਹ ਅਧਿਆਪਕ ਅਤੇ ਯੂਨੀਵਰਸਿਟੀਆਂ ਜੋ ‘ਭਵਿੱਖ ਦੀ ਵਰਕਫੋਰਸ’ ਤਿਆਰ ਕਰਨ ਦੀ ਬਜਾਏ ‘ਪ੍ਰਵਾਸੀ ਦਸਤਾਵੇਜ਼’ ਬਣਾਉਣ ਵਿਚ ਫਸੇ ਹਨ
- ਉਹ ਕਿਸਾਨ ਜਿਨ੍ਹਾਂ ਨੂੰ ਕਿਸੇ ਨੇ ਨਹੀਂ ਦੱਸਿਆ ਕਿ 2025 ਦੀ ਖੇਤੀ 1970 ਦੀ ਖੇਤੀ ਨਹੀਂ ਹੈ।
- ਉਹ ਯੁਥ ਜੋ ਸੋਚਦੀ ਹੈ ਕਿ ਉਸਦਾ ਭਵਿੱਖ ਸਿਰਫ਼ ਇਕ ਵਿਜ਼ੇ ਜਾਂ ਫਾਈਲ ਵਿਚ ਬੰਦ ਹੈ
- ਅਤੇ ਉਹ ਹਰ ਪੰਜਾਬੀ ਜੋ ਚਾਹੁੰਦਾ ਹੈ ਕਿ ਪੰਜਾਬ ਮੁੜ ਆਪਣੇ ਪੈਰਾਂ ’ਤੇ ਖੜ੍ਹੇ

**6. ਮੇਰੀ ਸਹੁੰ — ਜਿਸ ਕਾਰਨ ਇਹ ਪੁਸਤਕ ਲਿਖੀ ਗਈ**

ਮੇਰੀ ਸਹੁੰ ਇਹ ਨਹੀਂ ਕਿ ਮੈਂ ਪੰਜਾਬ ਦੀ ਪ੍ਰਸ਼ੰਸਾ ਕਰਾਂ। ਮੇਰੀ ਸਹੁੰ ਇਹ ਹੈ ਕਿ ਮੈਂ ਪੰਜਾਬ ਨੂੰ ਸੱਚ ਦੱਸਾਂ—ਭਾਵੇਂ ਉਹ ਕਿੰਨਾ ਵੀ ਕੌੜਾ ਕਿਉਂ ਨਾ ਹੋਵੇ। ਮੇਰੀ ਸਹੁੰ ਇਹ ਹੈ ਕਿ ਮੈਂ ਪੰਜਾਬ ਨੂੰ ਬਚਾਉਣ ਲਈ ਝੂਠ ਦਾ ਤਰਸ ਨਹੀਂ, ਭਵਿੱਖ ਦੀ ਯੋਜਨਾ ਬਣਾਵਾਂ।

ਮੇਰੀ ਸਹੁੰ ਇਹ ਹੈ ਕਿ ਮੈਂ ਪੰਜਾਬ ਨੂੰ ਸਮਝਾਂ ਅਤੇ ਪੰਜਾਬ ਨੂੰ ‘ਭਿਖਾਰੀ’ ਤੋਂ ‘ਦਾਤਾ’ ਬਣਾਉਣ ਦੀ ਇਕ ਰੂਪ-ਰੇਖਾ ਤਿਆਰ ਕਰਾਂ। ਇਹ ਪੁਸਤਕ ਇਸੇ ਸਹੁੰ ਦਾ ਨਤੀਜਾ ਹੈ।

**7. ਨਵਾਂ ਪੰਜਾਬ ਜਨਮ ਲੈ ਰਿਹਾ ਹੈ**

ਮੈਂ ਇਸ ਪੁਸਤਕ ਨੂੰ ਕਿਸੇ ਅਧਿਆਪਕ ਜਾਂ ਵਿਦਵਾਨ ਵਜੋਂ ਨਹੀਂ ਲਿਖਿਆ—ਮੈਂ ਇਸਨੂੰ ਇਕ ਪੰਜਾਬੀ ਮਨੁੱਖ ਵਜੋਂ ਲਿਖਿਆ; ਜਿਸਦਾ ਵਿਸ਼ਵਾਸ ਹੈ ਕਿ ਪੰਜਾਬ ਦੀ ਗਿਰਾਵਟ ਅੰਤ ਨਹੀਂ—ਇਹ ਉਸ ਮਹਾਨ ਭਵਿੱਖ ਦੀ ਸ਼ੁਰੂਆਤ ਹੈ ਜਿੱਥੇ ਪੰਜਾਬ ਦੁਬਾਰਾ ਰਚੇਗਾ—ਆਪਣੇ ਆਪ ਨੂੰ, ਆਪਣੀਆਂ ਕਦਰਾਂ-ਕੀਮਤਾਂ ਨੂੰ, ਆਪਣੇ ਬੱਚਿਆਂ ਨੂੰ, ਅਤੇ ਆਪਣੇ ਭਵਿੱਖ ਨੂੰ।

ਇਹ ਪੁਸਤਕ ਉਹ ਨਕਸ਼ਾ ਹੈ—ਉਸ ਨਵੇਂ ਪੰਜਾਬ ਦਾ ਨਕਸ਼ਾ।

**8. ਸੰਕਟ ਦੇ ਦਿਲ ਵਿਚੋਂ ਉਭਰਦਾ ਇਕ ਨਵਾਂ ਸੰਸਾਰ**

ਇਹ ਪੁਸਤਕ ਪੰਜਾਬ ਦੀ ਕੇਵਲ ਆਰਥਿਕ ਜਾਂ ਰਾਜਨੀਤਿਕ ਕਹਾਣੀ ਨਹੀਂ—

ਇਹ ਮਨੁੱਖੀ ਚੇਤਨਾ, ਸਮਾਜਕ ਸੰਰਚਨਾ, ਖੇਤੀਬਾੜੀ ਦੇ ਜੀਵਤ ਗਿਆਨ, ਡਾਇਸਪੋਰਾ ਦੀ ਬਹੁ-ਸਥਾਨੀ ਸਿਆਸਤ, ਤਕਨਾਲੋਜੀ ਦੇ ਪਰਿਵਰਤਨ ਅਤੇ ਗਲੋਬਲ ਨਵੀਨਤਮ ਮੌਡਰਨਿਟੀ ਦੀਆਂ ਜਟਿਲ ਪਰਤਾਂ ਵਿਚੋਂ ਗੁਜ਼ਰਦੀ ਇਕ ਸਭਿਆਚਾਰਕ-ਇਤਿਹਾਸਕ ਕਥਾ ਹੈ।

ਪੰਜਾਬ ਬਾਰੇ ਲਿਖਣਾ ਅਸਲ ਵਿਚ ‘ਇਕ ਸਥਾਨ’ ਬਾਰੇ ਲਿਖਣਾ ਨਹੀਂ —ਇਹ ਇਕ ਵਾਹਅ ਬਾਰੇ ਲਿਖਣਾ ਹੈ:

ਭੂਗੋਲ ਤੋਂ ਪਰੇ, ਭਾਸ਼ਾ ਤੋਂ ਪਰੇ, ਸੂਬਾਈ ਸੀਮਾਵਾਂ ਤੋਂ ਪਰੇ, ਉਹ ਬੇਅੰਤ ਨੈੱਟਵਰਕ ਜੋ ਪੰਜਾਬੀ ਜੀਵਨ, ਮਜ਼ਦੂਰੀ, ਕਾਵਿ-ਸੰਵੇਦਨਾ, ਪਰਵਾਸੀ ਅਨੁਭਵ ਅਤੇ ਆਤਮਿਕ ਮੁੱਲਾਂ ਨਾਲ ਬਣਦਾ ਹੈ।

ਇਹ ਪੁਸਤਕ ਪੰਜਾਬ ਦੀ ਉਸ ਕਹਾਣੀ ਤੋਂ ਤੁਰਦੀ ਹੈ ਜੋ ਉਥੋ ਸ਼ੁਰੂ ਹੁੰਦੀ ਹੈ ਜਿੱਥੇ ਸੰਕਟ ਆਪਣਾ ਸਭ ਤੋਂ ਹਨੇਰਾ ਰੂਪ ਧਾਰ ਲੈਂਦਾ ਹੈ, ਪਰ ਖ਼ਤਮ ਉਥੇ ਹੁੰਦੀ ਹੈ ਜਿੱਥੇ ਸੰਭਾਵਨਾ ਆਪਣੇ ਸਭ ਤੋਂ ਰੌਸ਼ਨ ਪਰਾਂ ਵੱਲ ਮੁੜਦੀ ਹੈ।

ਕਹਾਣੀ ਇਸ ਤਰ੍ਹਾਂ ਸ਼ੁਰੂ ਹੁੰਦੀ ਹੈ:

‘ਪੰਜਾਬ ਦੀ ਕਿਸ਼ਤੀ ਕਿਨਾਰੇ ਨਾਲ ਬੰਨ੍ਹੀ ਰਹੀ; ਅਸੀਂ ਸਾਰੀ ਰਾਤ ਚੱਪੂ ਚਲਾਉਂਦੇ ਰਹੇ… ਪਰ ਸਵੇਰੇ ਦੇਖਿਆ — ਕਿਸ਼ਤੀ ਓਥੇ ਹੀ ਸੀ। ‘ਪੰਜਾਬ ਦਾ ਸੰਕਟ ਮਿਹਨਤ ਦੀ ਕਮੀ ਨਹੀਂ, ਦਿਸ਼ਾ ਦੀ ਕਮੀ ਹੈ; ਸਾਧਨਾਂ ਦੀ ਘਾਟ ਨਹੀਂ, ਪ੍ਰਾਇਰਟੀਜ਼ ਦੀ ਭਟਕਣਾ ਹੈ; ਖਪਤ ਦੀ ਸਮਾਜ-ਨੀਤੀ ਹੈ ਪਰ ਭਵਿੱਖ-ਰਚਨਾ ਦੀ ਨੀਤੀ ਨਹੀਂ।




***ਇਹ ਪੁਸਤਕ ਜ਼ਖ਼ਮਾਂ ਦੀ ਸਿਆਸਤ ਨੂੰ ਸਮਝਾਉਂਦੀ ਹੈ, ਪਰ ਨਿਰਾਸ਼ਾ ਨੂੰ ਆਪਣਾ ਅੰਤ ਨਹੀਂ ਬਣਾਉਂਦੀ-ਉਹ ਨਿਰਾਸ਼ਾ ਦੇ ਪਾਰ ਇਕ ਸੰਭਾਵਨਾ ਖੋਲ੍ਹ ਦੇਂਦੀ ਹੈ। ਇਹ ਸਿਰਫ ਪੰਜਾਬ ਦੀ ਗੱਲ ਨਹੀਂ ਕਰਦੀ-ਇਹ ਉਸ ਪੰਜਾਬ ਨੂੰ ਪੜ੍ਹਦੀ ਹੈ, ਜੋ ਤੁਹਾਡੇ ਅੰਦਰ ਵੀ ਜਿਉਂਦਾ ਹੈ; ਕਦੇ ਹੌਂਸਲੇ ਵਾਂਗ, ਕਦੇ ਗੁੱਸੇ ਵਾਂਗ, ਕਦੇ ਬੇਬਸੀ ਵਾਂਗ, ਤੇ ਕਦੇ ਅਜਿਹੀ ਰੌਸ਼ਨੀ ਵਾਂਗ ਜੋ ਥਕਾਵਟ ਦੇ ਸਮੇਂ ਵੀ ਅੰਦਰੋਂ ਬੁੱਝਦੀ ਨਹੀਂ। ਪੁਸਤਕ ਦੱਸਦੀ ਹੈ ਕਿ ਪੰਜਾਬ ਦਾ ਦਰਦ ਕਿਵੇਂ ਦ੍ਰਿੜ੍ਹਤਾ ਬਣ ਸਕਦਾ ਹੈ, ਅਤੇ ਦਰਿੜ੍ਹਤਾ ਕਿਵੇਂ ਨਵੀਂ ਮਨੁੱਖਤਾ ਦਾ ਰਾਹ।***
***- ਸਵਰਨਜੀਤ ਸਵੀ, ਚੇਅਰਮੈਨ ਕਲਾ ਪ੍ਰੀਸ਼ਦ ਚੰਡੀਗੜ੍ਹ***

**9. ਪੁਸਤਕ ਦਾ ਬੌਧਿਕ ਫ੍ਰੇਮਵਰਕ: ਉਤਰ-ਪੂੰਜੀਵਾਦੀ ਵਿਸ਼ਲੇਸ਼ਣ**

ਪੰਜਾਬ ਦੀ ਮੰਦਹਾਲੀ ਦਾ ਕਾਰਨ ਕਿਸੇ ਇਕ ਖੇਤਰ ਵਿਚ ਨਾਕਾਮੀ ਨਹੀਂ, ਸਗੋਂ ਪੂਰੇ ਵਿਕਾਸ-ਮਾਡਲ ਦੇ ਢਹਿ-ਢੇਰੀ ਹੋਣ ਦੀ ਕਹਾਣੀ ਹੈ। ਧਿਆਨ-ਯੋਗ ਹੈ ਕਿ ਪੂੰਜੀਵਾਦ ਕੇਵਲ ਆਰਥਿਕ ਪ੍ਰਣਾਲੀ ਨਹੀਂ, ਸਗੋਂ ਇਕ ਸੰਸਕ੍ਰਿਤਕ ਕੋਡ ਹੈ ਜਿਸ ਨੇ ਪੰਜਾਬ ਦੇ ਕੌਮੀ ਜੀਵਨ ਤੋਂ ਲੈ ਕੇ ਸਿਆਸਤ ਤੱਕ ਸਭ ਨੂੰ ਜਕੜਿਆ ਹੋਇਆ ਹੈ:

- ਮੁਫ਼ਤ ਸਕੀਮਾਂ = ਰਾਜਨੀਤਿਕ ਨਸ਼ਾ
- ਖਪਤਵਾਦ = ਆਪਣੇ ਆਪ ਤੋਂ ਵਿਛੋੜਾ
- ਰਾਜਸੱਤਾ ਅਤੇ ਮਾਫੀਆਗਰਦੀ = ਸਮੂਹਕ ਚੇਤਨਾ ਦੀ ਗਿਰਾਵਟ
- ਤਕਨਾਲੌਜੀ ਦਾ ਆਗਮਨ = ਬੇਰੁਜ਼ਗਾਰੀ ਦਾ ਸੰਕਟ
- ਡਾਇਸਪੋਰਾ = ਦੋਹਰੀ ਪਹਿਚਾਣਾਂ ਦਾ ਉਤਪਾਦਨ
- ਵਿਸ਼ਵ-ਬਾਜ਼ਾਰ = ਨਵੀਂ ਨੌਲਿਜ-ਇਕੌਨਮੀ ਦੇ ਗੇਟਵੇ

ਲੜਾਈ ਪੂੰਜੀਵਾਦ ਵਿਰੁੱਧ ਨਹੀਂ, ਸਗੋਂ ਪੂੰਜੀਵਾਦੀ ਮੋਡ ਆਫ ਬੀਇੰਗ ਵਿਰੁੱਧ ਹੈ। ਇਸ ਪੁਸਤਕ ਵਿਚ ਉਤਰ-ਪੂੰਜੀਵਾਦੀ ਏਜੰਡੇ ਦਾ ਅਰਥ ਹੈ:

- ਸਥਿਰ ਵਿਕਾਸ ਤੋਂ ਅੱਗੇ ਸਹਿ-ਵਿਕਾਸ
- ਉਤਪਾਦਨ ਤੋਂ ਅੱਗੇ ਸਿਰਜਣਾ
- ਸਰਹੱਦਾਂ ਤੋਂ ਅੱਗੇ ਨੈੱਟਵਰਕਸ
- ਰੁਜ਼ਗਾਰ ਤੋਂ ਅੱਗੇ ਸਮਰੱਥਾ-ਨਿਰਮਾਣ
- ਰਾਜਸੱਤਾ ਤੋਂ ਅੱਗੇ ਸਮਾਜਕ-ਉੱਦਮ
- ਮਾਫੀਆ-ਰਾਜ ਤੋਂ ਅੱਗੇ ਨੈਤਿਕ-ਰਾਜਨੀਤੀ

ਸਾਨੂੰ ਸਮਝਣਾ ਪਵੇਗਾ ਕਿ ‘ਪੰਜਾਬ ਸੰਕਟ ਨਹੀਂ — ਇਕ ਅਧੂਰੀ ਸੰਭਾਵਨਾ’ ਹੈ। ਪੰਜਾਬ ਦਾ ਸੰਕਟ ਕਿਸੇ ਬਾਹਰੀ ਹਮਲੇ ਤੋਂ ਨਹੀਂ ਆਇਆ, ਇਹ ਅੰਦਰੂਨੀ ਸੰਰਚਨਾ ਦੀ ਕਮਜ਼ੋਰੀ ਨਾਲ ਉਤਪੰਨ ਹੋਇਆ ਹੈ।

ੳ) ਪੰਜਾਬ ਨੇ ਗਲਤ ਸਮੇਂ ਗਲਤ ਮਾਡਲ ਚੁਣੇ: ਹਰਾ ਇਨਕਲਾਬ 1970-85 ਵਿਚ ਆਪਣੀ ਸਮਰੱਥਾ ਪੂਰੀ ਕਰ ਚੁੱਕਾ ਸੀ,

ਪਰ ਪੰਜਾਬ ਅਗਲੀ ਪੁਲਾਂਘ ਲਈ ਤਿਆਰ ਨਾ ਹੋਇਆ।

ਅ) ਰਾਜਨੀਤਕ ਨੈਤਿਕਤਾ ਦੀ ਬਰਬਾਦੀ ਪ੍ਰਮੁਖ ਕਾਰਨ ਬਣਿਆ: ਮਾਫੀਆ, ਮੁਫ਼ਤਖੋਰੀ, ਭ੍ਰਿਸ਼ਟਾਚਾਰ ਅਤੇ ਪਾਪੂਲਿਜ਼ਮ ਪੰਜਾਬ ਦੀਆਂ ਰਗਾਂ ਵਿਚ ‘ਰੁਜ਼ਗਾਰ-ਵਿਰੋਧੀ’ ਤੱਤ ਬਣ ਕੇ ਵੜ ਗਏ।

ੲ) ਗਿਆਨ-ਅਧਾਰਿਤ ਅਰਥਚਾਰੇ ਦੀ ਗੈਰਹਾਜ਼ਰੀ ਸਭ ਤੋਂ ਵੱਡਾ ਸੰਕਟ ਹੈ: ‘ਨੌਲਿਜ ਇੰਡਸਟਰੀ ਉਥੇ ਜਾਂਦੀ ਹੈ ਜਿਥੇ ਨੌਲਿਜ ਵਰਕਰ ਹੁੰਦੇ ਹਨ…ਪਹਿਲਾਂ ਨੌਲਿਜ ਵਰਕਰ ਪੈਦਾ ਕਰੋ। ਸਿੱਖਿਆ ਪ੍ਰਣਾਲੀ ਸੁਧਾਰੋ’

ਸ) ਹਰੀ ਕ੍ਰਾਂਤੀ ਤੋਂ ਸਿਰਜਣਾਤਮਕ ਕ੍ਰਾਂਤੀ ਵੱਲ ਵਧੋ: ਰੁਜ਼ਗਾਰ ਅਤੇ ਦੌਲਤ ਦੀ ਪੈਦਾਵਾਰ ਲਈ ਇਹ ਰਸਤਾ ਪੰਜਾਬ ਲਈ ਸਭ ਤੋਂ ਵੱਡੀ ਸੰਭਾਵਨਾ ਹੈ।

ਪੰਜਾਬ ਨੇ ਫੌਰਥ ਇੰਡਸਟਰੀਅਲ ਰੈਵੋਲੂਸ਼ਨ ਅਤੇ ਸਿਰਜਣਾਤਮਕ ਅਰਥਚਾਰੇ ਦੇ ਦਰਵਾਜ਼ੇ ਖੁਲ੍ਹੇ ਹੋਣ ਦੇ ਬਾਵਜੂਦ ਉਨ੍ਹਾਂ ਵਿਚ ਦਾਖ਼ਿਲ ਹੋਣ ਦੀ ਸੰਸਥਾਈ ਸਮਰੱਥਾ ਵਿਕਸਤ ਨਹੀਂ ਕੀਤੀ।

**10. ਡਾਇਸਪੋਰਾ, ਵਰਚੂਅਲ ਪੰਜਾਬ ਅਤੇ ਬਹੁ-ਸਭਿਆਚਾਰਕਤਾ**

ਪੰਜਾਬ ਭੂਗੋਲ ਨਹੀਂ, ਨੈੱਟਵਰਕ ਹੈ।

- ਭਾਰਤੀ ਪੰਜਾਬ
- ਪਾਕਿਸਤਾਨੀ ਪੰਜਾਬ
- ਪਰਵਾਸੀ ਮਜ਼ਦੂਰਾਂ ਦਾ ਪੰਜਾਬ
- ਡਾਇਸਪੋਰਾ ਦਾ ਪੰਜਾਬ

ਅਤੇ ਵਰਚੂਅਲ ਪੰਜਾਬ

ਇਹ ਸਭ ਮਿਲ ਕੇ ਇਕ ‘ਚਿਹਨ-ਸੰਸਾਰ’ ਬਣਾਉਂਦੇ ਹਨ। ਇਸ ਫ੍ਰੇਮਵਰਕ ਵਿਚ ਪੰਜਾਬੀ ਪਹਿਚਾਣ ਦਾ ਅਰਥ ਹੈ—

ਐਲਗੋਰਿਦਮ, ਇਮੀਗਰੇਸ਼ਨ ਨੀਤੀਆਂ, ਮੁਕਸ, ਸਮਾਰਟਫੋਨ, ਗੁਰਦੁਆਰੇ, ਕਾਲਜ, ਯੂਨੀਵਰਸਿਟੀਆਂ, ਹਵਾਈ ਅੱਡੇ, ਅਤੇ ਸਮਾਜਕ ਮੀਡੀਆ ਦੇ ਵਿਚਕਾਰ ਬਣਦੀ ਇਕ ਬਹੁ-ਸਥਾਨੀ ਚੇਤਨਾ।

ਪੰਜਾਬ ‘ਬਾਉਂਡਰੀ-ਫਿਕਸਡ’ ਜੁਗਰਾਫੀਆ ਨਹੀਂ, ਰਿਲੇਸ਼ਨ-ਡ੍ਰਿਵਨ’ ਸਭਿਆਚਾਰ ਹੈ।

**11. ਤਕਨਾਲੋਜੀ ਅਤੇ ਨਵੇਂ ਪੰਜਾਬ ਦੀ ਸੰਰਚਨਾ:**

ਤਕਨਾਲੋਜੀ ਖ਼ਤਰਾ ਨਹੀਂ, ਨਵੀਂ ਸਿਰਜਣਾ ਦਾ ਸਭ ਤੋਂ ਵੱਡਾ ਹਥਿਆਰ ਹੈ। ਫੌਰਥ ਇੰਡਸਟਰੀਅਲ ਰੈਵੋਲੂਸ਼ਨ—ਆਈ, ਬਿਗ ਡਾਟਾ, ਬਲੌਕਚੇਨ, ਇਮਰਸਿਵ ਰਿਐਲਿਟੀ, ਹਾਈਪਰ-ਨੈਟਵਰਕ। ਇਹ ਸਭ ਮਿਲ ਕੇ ਪੰਜਾਬ ਲਈ ਉਸੇ ਤਰ੍ਹਾਂ ਇਕ ਨਵਾਂ ਦਰਵਾਜ਼ਾ ਖੋਲ੍ਹ ਸਕਦੇ ਹਨ ਜਿਵੇਂ ‘ਟੈਕ-ਰੇਵੋਲੂਸ਼ਨ’ ਨੇ ਕਈਆਂ ਨੂੰ ਦੁਨੀਆਂ ਦੀ ਅਗਲੀ ਤਾਕਤ ਬਣਾ ਦਿੱਤਾ ਹੈ। ਪਰ ਇਸਦਾ ਆਧਾਰ ਵਰਕਫੋਰਸ ਦਾ ਗਿਆਨ-ਨਿਰਮਾਣ ਹੀ ਹੈ।

**12. ਪੁਸਤਕ ਦਾ ਕੇਂਦਰੀ ਕਾਲ-ਟੂ-ਐਕਸ਼ਨ**

‘ਭਿਖਾਰੀ ਨਹੀਂ — ਰਚਨਾਕਾਰ ਬਣੋ’

1) ਮੁਫ਼ਤਖੋਰੀ ਦਾ ਮਾਡਲ! ਭਿਖਾਰੀਰਾਜ

(ਜੋ ਇਸ ਸਮੇਂ ਚੱਲ ਰਿਹਾ ਹੈ)

2) ਟਿਕਾਊ, ਸਮਿਲਤ ਅਤੇ ਨੌਲਿਜ-ਅਧਾਰਿਤ ਵਿਕਾਸ! ਦਾਤਾਰਾਜ

‘ਪੰਜਾਬ ਦਾ ਨਵਾਂ ਕੁਕਨੂਸ ਇਸ ਰਾਖ ਵਿਚੋਂ ਹੀ ਜਨਮੇਗਾ।
‘

ਇਹ ਮੈਟਾਫਰ ਕੇਵਲ ਸੁੰਦਰ ਨਹੀਂ—

ਇਹ ਪੂਰੀ ਪੁਸਤਕ ਦਾ ਦਾਰਸ਼ਨਿਕ ਕੇਂਦਰ ਹੈ:

ਸੰਕਟ ਹੀ ਸਿਰਜਣਾ ਦਾ ਮੂਲ ਹੈ।

ਪੰਜਾਬ ਕੇਵਲ ਵਾਅਦਾ ਨਹੀਂ — ਪ੍ਰੋਜੈਕਟ ਹੈ। ਪੰਜਾਬ ਨੂੰ ਬਚਾਉਣਾ ਕਿਸੇ ਦਇਆ, ਕਿਸੇ ਰਾਹਤ ਸਕੀਮ ਜਾਂ ਕਿਸੇ ਐਲਾਨ ਦਾ ਕੰਮ ਨਹੀਂ—ਇਹ ਸਮਾਜਕ ਚੇਤਨਾ, ਨੈਤਿਕ ਹਿੰਮਤ, ਅਤੇ ਸਭਿਆਚਾਰਕ ਨਵੀਨਤਾ ਦਾ ਪ੍ਰੋਜੈਕਟ ਹੈ। ਇਹ ਕਿਤਾਬ ਕਦਾਚਿਤ ਨਹੀਂ ਕਹਿੰਦੀ ਕਿ ‘ਪੰਜਾਬ ਸੰਕਟ ਵਿਚ ਹੈ’—ਇਹ ਕਿਤਾਬ ਕਹਿੰਦੀ ਹੈ: ‘ਪੰਜਾਬ ਆਪਣੇ ਸਭ ਤੋਂ ਮਹਾਨ ਰੂਪ ਦੀ ਗਰਭਾਵਸਥਾ ਵਿਚ ਹੈ।‘

# ਸ. ਰਾਜਿੰਦਰ ਸਿੰਘ ਬੈਂਸ ਨੂੰ ਪਹਿਲੀ ਬਰਸੀ 'ਤੇ ਯਾਦ ਕਰਦਿਆਂ...!

'ਪੰਜਾਬ ਟਾਈਮਜ਼ ਦੇ ਆਨਰੇਰੀ ਸਲਾਹਕਾਰ ਬੋਰਡ' ਦੇ ਮੈਂਬਰ, ਸ਼ੁਭ ਚਿੰਤਕ ਅਤੇ ਹਮਦਰਦ ਸ. ਰਾਜਿੰਦਰ ਸਿੰਘ ਬੈਂਸ, 16 ਮਾਰਚ, 2025 ਨੂੰ ਇਸ ਫਾਨੀ ਦੁਨੀਆ ਨੂੰ ਅਲਵਿਦਾ ਆਖ ਗਏ ਸਨ। ਉਹ ਲੰਮੇ ਸਮੇਂ ਤੋਂ 'ਪੰਜਾਬ ਟਾਈਮਜ਼' ਨਾਲ ਜੁੜੇ ਹੋਏ ਸਨ ਅਤੇ ਹਮੇਸ਼ਾ ਅਖਬਾਰ ਦੀ ਮਦਦ ਲਈ ਤਤਪਰ ਰਹਿੰਦੇ ਸਨ। ਉਨ੍ਹਾਂ ਦੀ ਪਹਿਲੀ ਬਰਸੀ 'ਤੇ ਅਦਾਰਾ 'ਪੰਜਾਬ ਟਾਈਮਜ਼' ਅਤੇ ਇਸ ਦੇ ਸਲਾਹਕਾਰ ਬੋਰਡ ਦੇ ਸਾਰੇ ਮੈਂਬਰਾਂ ਵਲੋਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਜਾਂਦੀ ਹੈ।



*ਸ. ਰਾਜਿੰਦਰ ਸਿੰਘ ਬੈਂਸ*

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਦਰਸ਼ਨ ਸਿੰਘ ਗਰੇਵਾਲ



ਡਾ. ਹਰਗੁਰਮੁਖਪਾਲ ਸਿੰਘ



ਹਰਦਿਆਲ ਸਿੰਘ ਦਿਓਲ



ਡਾ. ਗੁਰਦਿਆਲ ਸਿੰਘ ਬਸਰਾਨ



ਜੈਦੇਵ ਸਿੰਘ ਭੱਠਲ



ਜਗਦੀਸ਼ਰ ਸਿੰਘ ਕਲੇਰ



ਗੁਰਚਰਨ ਸਿੰਘ ਗਰੇਵਾਲ



ਹਰਜੀਤ ਸਿੰਘ ਸਾਹੀ



ਦਰਸ਼ਨ ਸਿੰਘ ਦਰੜ



ਮਨਦੀਪ ਸਿੰਘ ਭੂਰਾ



ਪਰਮਵੀਰ ਸਿੰਘ ਬੈਂਸ



ਰਘਬੀਰ ਸਿੰਘ ਘੁੰਨ



ਪਰਮਿੰਦਰ ਸਿੰਘ ਵਾਲੀਆ



ਅਮਰੀਕ ਸਿੰਘ (ਅਮਰ ਕਾਰਪੈਟ)



ਜਸਕਰਨ ਸਿੰਘ ਧਾਲੀਵਾਲ



ਡਾ. ਤੇਜਿੰਦਰ ਸਿੰਘ ਮੰਡੇਰ



ਅਵਤਾਰ ਸਿੰਘ ਸਪਰਿੰਗਫੀਲਡ



ਗੁਲਜ਼ਾਰ ਸਿੰਘ ਮੁਲਤਾਨੀ



ਭੁਪਿੰਦਰ ਸਿੰਘ ਧਾਲੀਵਾਲ



ਗੁਰਦੇਵ ਸਿੰਘ ਜੌੜਾ



ਅੰਮ੍ਰਿਤਪਾਲ ਸਿੰਘ ਸੰਘਾ



ਆਗਿਆਪਾਲ ਸਿੰਘ ਬਾਠ



ਜਸਵੀਰ ਕੌਰ ਢਿਲੋਂ



ਡਾ. ਇਨਕਲਾਬੀ ਥਾਂਦੀ



ਡਾ. ਨਵਦੀਪ ਕੌਰ ਸੰਧੂ



ਬਲਵਿੰਦਰ ਕੌਰ (ਨਿੱਕੀ) ਸੇਖੋਂ



ਹਰਵਿੰਦਰ ਪਾਲ ਸਿੰਘ ਲੈਲ



ਮਨਮਿੰਦਰ ਸਿੰਘ ਹੀਰ



ਸਰਵਣ ਸਿੰਘ ਟਿਵਾਣਾ



ਸੁਖਮੇਲ ਸਿੰਘ ਅਟਵਾਲ



ਸ. ਹੈਪੀ ਸਿੰਘ ਹੀਰ



ਅਮੋਲਕ ਸਿੰਘ ਗਾਖਲ



ਜੱਸੀ ਗਿੱਲ

# ਸਿੱਖਾਂ ਦੀ 'ਸਰਬਉਚ ਅਦਾਲਤ' ਦੀ ਮਾਣ-ਮਰਿਯਾਦਾ ਦਾ ਮਾਮਲਾ!

## ਜਦ ਅਕਾਲ ਤਖ਼ਤ ਦਾ ਜਥੇਦਾਰ ਮੱਕਾ-ਮਦੀਨਾ ਹੋ ਆਏ ਮੌਲਵੀ ਸਾਹਮਣੇ ਕੁਰਸੀ ਤੋਂ ਉਠ ਕੇ ਜ਼ਮੀਨ 'ਤੇ ਬੈਠ ਗਿਆ!!

*ਪਿਛਲੀ ਲਗਪਗ ਅੱਧੀ ਸਦੀ ਦੇ ਸ੍ਰੀ ਅਕਾਲ ਤਖਤ ਸਾਹਿਬ ਦੀ ਜਥੇਦਾਰੀ ਦੀ ਸੰਸਥਾ ਨਾਲ ਜੁੜੀਆਂ ਵਿਵਾਦਤ ਘਟਨਾਵਾਂ ਸਬੰਧੀ ਕੈਨੇਡਾ ਰਹਿੰਦੇ ਰਾਜਨੀਤਕ ਵਿਸ਼ਲੇਸ਼ਕ ਅਤੇ ਪੱਤਰਕਾਰ ਬਲਰਾਜ ਦਿਓਲ ਨੇ ਆਪਣਾ ਲੇਖ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਭੇਜਿਆ ਹੈ। ਇਸ ਲੇਖ ਵਿਚ ਜਿੱਥੇ ਉਨ੍ਹਾਂ ਨੇ ਬਾਕੀ ਜਥੇਦਾਰਾਂ ਦੀ ਕਾਰਗੁਜ਼ਾਰੀ ਦਾ ਜ਼ਿਕਰ ਕੀਤਾ ਹੈ, ਉਥੇ ਹੀ ਖਾਸ ਤੌਰ 'ਤੇ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਦਿਉਬੰਦੀ ਮੌਲਵੀ ਮੌਲਾਨਾ ਸਜਾਦ ਨੋਮਾਨੀ ਦੀ ਮੁਲਾਕਾਤ 'ਤੇ ਖਾਸ ਚਰਚਾ ਕੀਤੀ ਹੈ। ਇਸ ਲੇਖ ਵਿਚ ਪ੍ਰਗਟਾਏ ਗਏ ਵਿਚਾਰਾਂ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ, ਇਸ ਸਬੰਧੀ ਆਉਣ ਵਾਲੇ ਵਿਚਾਰਾਂ ਦਾ ਸਵਾਗਤ ਕੀਤਾ ਜਾਵੇਗਾ। -ਸੰਪਾਦਕ*

ਦੇਸ਼ ਵਿਦੇਸ਼ ਵਿਚ ਵੱਸਦੇ ਸਿੱਖਾਂ ਵਿਚ ਇਹ ਗੱਲ ਬਹੁਤ ਦਾਅਵੇ ਨਾਲ ਕਹੀ ਜਾਂਦੀ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖਾਂ ਦੀ ਸਰਬਉੱਚ ਅਦਾਲਤ ਹੈ ਜੋ ਕਿਸੇ ਵੀ ਦੁਨਿਆਵੀ (ਖਾਸਕਰ ਭਾਰਤੀ) ਅਦਾਲਤ ਤੋਂ ਉੱਚਾ ਰੁਤਬਾ ਰੱਖਦੀ ਹੈ, ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਸਿੱਖਾਂ ਦਾ ਸਿਖਰ ਦਾ ਧਾਰਮਿਕ ਆਗੂ ਹੈ। ਕੋਈ ਆਖਦਾ ਹੈ ਕਿ ਸ੍ਰੀ ਅਕਾਲ ਤਖ਼ਤ ਦਾ ਜਥੇਦਾਰ ਕੈਥੋਲਿਕ ਈਸਾਈਆਂ ਦੇ ਪੋਪ ਦੇ ਬਰਾਬਰ ਦਾ ਰੁਤਬਾ ਰੱਖਦਾ ਹੈ ਅਤੇ ਕੋਈ ਜਥੇਦਾਰ ਨੂੰ ਸਿੱਖਾਂ ਵਿਚ ਸੁਪਰੀਮ ਕੋਰਟ ਦੇ ਚੀਫ ਜਸਟਿਸ ਵਾਂਗ ਦੱਸਦਾ ਹੈ। ਮੁਕਦੀ ਗੱਲ ਇਹ ਹੈ ਕਿ ਸ੍ਰੀ ਅਕਾਲ ਤਖ਼ਤ ਦਾ ਜਥੇਦਾਰ ਸਿੱਖਾਂ ਦਾ

**ਬਲਰਾਜ ਦਿਉਲ**
**ਫੋਨ: 905-793-5072**

ਬੇਤਾਜ਼ ਬਾਦਸ਼ਾਹ ਹੈ। ਭਾਵੇਂ ਇਸ ਬਾਰੇ ਅਨੇਕਾਂ ਇਤਿਹਾਸਕ ਪਿਛੋਕੜ ਦੇ ਨੁਕਤੇ ਅਤੇ ਮੌਜੂਦਾ ਅਸਲੀਅਤ ਬਾਰੇ ਕਈ ਸਵਾਲ ਅਜੇਹੇ ਹਨ ਜਿਨ੍ਹਾਂ ਦਾ ਕਿਸੇ ਕੋਲ ਕੋਈ ਸਪਸ਼ਟ ਜਵਾਬ ਨਹੀਂ ਹੈ। ਇਸ ਸਰਬਉੱਚ ਅਦਾਲਤ ਦਾ ਜਥੇਦਾਰ ਲਗਾਉਣ ਅਤੇ ਹਟਾਉਣ ਦਾ ਹੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਹੈ ਜਿਸ ਨੂੰ ਲੰਬੇ ਸਮੇਂ ਤੋਂ ਕੋਈ ਨਾ ਕੋਈ ਪ੍ਰਭਾਵੀ ਅਕਾਲੀ ਦਲ ਕੰਟਰੋਲ ਕਰਦਾ ਆਇਆ ਹੈ। ਜਥੇਦਾਰ ਹਟਾਉਣ ਅਤੇ ਲਗਾਉਣ ਦਾ ਕੰਮ ਪ੍ਰਭਾਵੀ ਅਕਾਲੀ ਦਲ ਅਕਸਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਬੱਲਬ ਦਾ ਸਵਿਚ ਆਨ ਜਾਂ ਆਫ ਕਰਨ ਵਾਂਗ ਕਰਵਾਉਂਦਾ ਆਇਆ ਹੈ। ਅਜੋਕੇ ਸਮੇਂ ਵਿਚ ਬਾਦਲ ਦਲ ਹੀ ਕਾਫੀ ਸਮੇਂ ਤੋਂ ਪ੍ਰਭਾਵੀ ਅਕਾਲੀ ਦਲ ਹੈ।

ਆਮ ਸਿੱਖ ਇਸ ਕਿਸਮ ਦੀ ਸਿਆਸਤ ਤੋਂ ਅਣਭਿਜ ਰਹਿੰਦਾ ਹੈ ਪਰ 1984 ਤੋਂ ਪਿੱਛੋਂ ਸਿੱਖਾਂ ਅੰਦਰ ਇਕ ਐਸਾ ਤਬਕਾ ਪੈਦਾ ਹੋ ਗਿਆ ਹੈ ਜਿਸ ਨੂੰ ਖੁਸ਼ ਰੱਖਣ ਤੋਂ ਬਿਨਾਂ ਕਿਸੇ ਵੀ ਜਥੇਦਾਰ ਦੇ ਪੈਰ ਜ਼ਮੀਨ 'ਤੇ ਨਹੀਂ ਲਗਦੇ। ਇੱਕ ਪਾਸੇ ਆਪਣੇ ਮਾਸਟਰ ਭਾਵ ਸ਼੍ਰੋਮਣੀ ਕਮੇਟੀ ਅਤੇ ਪ੍ਰਭਾਵੀ ਅਕਾਲੀ ਦਲ ਨੂੰ ਖੁਸ਼ ਰੱਖਣਾ ਪੈਂਦਾ ਹੈ ਤੇ ਦੂਜੇ ਪਾਸੇ ਇਸ ਕੱਟੜਪੰਥੀ ਤਬਕੇ ਨੂੰ, ਜੋ ਸਨਾਤਨ (ਹਿੰਦੂਆਂ) ਨਾਲੋਂ ਨਾਤੂਆ ਪੂਰੀ ਤਰ੍ਹਾਂ ਕੱਟਣ ਲਈ ਪੱਬਾਂ ਭਾਰ ਰਹਿੰਦਾ ਹੈ। ਇਸ ਮਕਸਦ ਲਈ ਹਰ ਜਥੇਦਾਰ ਕੱਟੜ ਤੋਂ ਕੱਟੜ ਸਟੈਂਡ ਲੈਂਦਾ ਹੈ। ਪ੍ਰਭਾਵੀ ਅਕਾਲੀ ਦਲ ਆਪਣਾ ਸਿਆਸੀ ਮਕਸਦ ਪੂਰਾ ਕਰਨ ਤੋਂ ਬਿਨਾਂ ਜਥੇਦਾਰਾਂ ਨੂੰ ਹੋਰ ਮਨਆਈਆਂ ਕਰਨ ਦੀ ਪੂਰੀ ਖੁੱਲ੍ਹ ਦਿੰਦਾ ਹੈ। ਪ੍ਰਭਾਵੀ ਅਕਾਲੀ ਦਲ ਦੇ ਹਿੱਤ ਹੀ ਜਥੇਦਾਰਾਂ ਲਈ ਲਕਸ਼ਮਣ ਰੇਖਾ (ਰੈੱਡ ਲਾਈਨ) ਹੁੰਦੀ ਹੈ। ਏਧਰਲੀ ਕਾਣ ਪੂਰੀ ਕਰਨ ਲਈ ਜਥੇਦਾਰ ਹੋਦਰ ਦਬਕੇ ਮਾਰ-ਮਾਰ ਆਪਣਾ ਰੁਤਬਾ ਉੱਚਾ ਕਰਨ ਦੀ ਕੋਸ਼ਿਸ਼ ਕਰਦੇ ਹਨ। ਸਨਾਤਨ, ਸਨਾਤਨੀ ਤਿਉਹਾਰ, ਸਨਾਤਨੀ ਵਿਸ਼ਵਾਸ, ਹਿੰਦੂ, ਐਰ.ਐਸ.ਐਸ., ਕੇਂਦਰ ਵਿਚ ਕਥਿਤ ਹਿੰਦੂ ਸਰਕਾਰ ਆਦਿ ਜਥੇਦਾਰਾਂ ਦੇ ਨਿਸ਼ਾਨੇ 'ਤੇ ਰਹਿੰਦੇ ਹਨ। ਕੁਝ ਸਮਾਂ ਪਹਿਲਾਂ ਜਦ ਦਰਬਾਰ ਸਾਹਿਬ ਆਈ ਇੱਕ ਹਿੰਦੂ ਲੜਕੀ ਯੋਗ ਆਸਣ ਕਰ ਬੈਠੀ ਸੀ ਤਾਂ ਝੱਟ ਉਸ 'ਤੇ ਐਫ.ਆਈ.ਆਰ. ਦਰਜ ਕਰ ਦਿੱਤੀ ਗਈ ਸੀ।

ਬੀਤੇ ਵਿਚ ਸ੍ਰੀ ਦਰਬਾਰ ਸਾਹਿਬ ਸਮੇਤ ਕੁਝ ਗੁਰਦੁਆਰਿਆਂ ਵਿਚ ਕਥਿਤ ਸ਼ੱਕੀ ਬੇਅਦਬੀਕਾਰਾਂ ਨੂੰ 'ਗੁਰੂ ਦੇ ਸਤਿਕਾਰ' ਦੇ ਨਾਮ 'ਤੇ ਪਲਝੱਟ ਵਿਚ ਕਤਲ ਕਰ ਦਿੱਤਾ ਗਿਆ। ਪਰ ਕੋਈ ਜਥੇਦਾਰ ਨਹੀਂ ਬੋਲਿਆ ਅਗਰ ਬੋਲਿਆ ਤਾਂ ਕੱਟੜਤਾ ਦੇ ਹੱਕ ਵਿਚ ਬੋਲਿਆ। ਸਰਕਾਰਾਂ, ਪੁਲਿਸ ਅਤੇ ਵੱਡੇ ਸਿੱਖ ਸਿਆਸੀ ਆਗੂ ਅਕਸਰ ਪੂਰੀ ਤਰ੍ਹਾਂ ਖ਼ਾਮੋਸ਼ ਰਹੇ।

ਹੁਣ ਅਕਾਲ ਤਖ਼ਤ ਦੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਹੋਲੀ ਬਾਰੇ ਨਵਾਂ ਵਿਵਾਦ ਖੜ੍ਹਾ ਕਰ ਦਿੱਤਾ ਹੈ, ਜੋ ਇੱਕ ਪੁਰਾਤਨ ਸਨਾਤਨੀ ਤਿਉਹਾਰ ਹੈ ਅਤੇ ਸਿੱਖ ਹੁਣ ਇਸ ਦਿਨ 'ਹੋਲਾ ਮਹੱਲਾ' ਮਨਾਉਂਦੇ ਹਨ। ਕੁਝ ਦਿਨ ਪਹਿਲਾਂ ਜਥੇਦਾਰ ਗੜਗੱਜ ਨੇ ਤਲਖ ਬਿਆਨ ਦਿੰਦਿਆਂ ਆਖਿਆ ਕਿ ਹਿੰਦੂ ਜੀ ਸਦਕੇ ਹੋਲੀ ਮਨਾਉਣ, ਪਰ ਕਿਸੇ ਸਿੱਖ 'ਤੇ ਹੋਲੀ ਦੇ ਰੰਗ ਦਾ ਇੱਕ ਤੁਬਕਾ ਵੀ ਨਹੀਂ ਪੈਣਾ ਚਾਹੀਦਾ। ਜਦਕਿ ਗੜਗੱਜ ਵੀ ਜਾਣਦਾ ਹੈ ਕਿ ਨਿਹੰਗਾਂ ਸਮੇਤ ਸਿੱਖ ਵੀ ਹੋਲੀ ਮਨਾਉਂਦੇ ਰਹੇ ਹਨ। ਇਹ ਗੱਲ ਕਹਿਣੀ ਤਾਂ ਜਾਇਜ਼ ਹੈ ਕਿ ਹੋਲੀ ਖੇਡਣ ਵਾਲੇ ਇੱਕ ਦੂਜੇ 'ਤੇ ਹੀ ਰੰਗ ਸੁਟਣ ਅਤੇ ਰਾਹ ਜਾਂਦਿਆਂ ਨੂੰ ਪ੍ਰੇਸ਼ਾਨ ਨਾ ਕਰਨ ਪਰ ਕਿਸੇ ਸਿੱਖ 'ਤੇ ਰੰਗ ਦਾ ਤੁਬਕਾ ਨਾ ਡਿੱਗੇ ਧਮਕੀ ਦੇਣ ਦੇ ਤੁੱਲ ਹੈ। ਸੜਕਾਂ ਕਿਨਾਰੇ ਲੰਗਰ ਅਤੇ ਛਬੀਲਾਂ ਮੌਕੇ ਟਰੈਫਿਕ ਨੂੰ ਝੰਜਟ ਪਾ ਦਿੱਤਾ ਜਾਂਦਾ ਹੈ। ਪਰ ਕਦੇ ਕੋਈ ਜਥੇਦਾਰ ਨਹੀਂ ਆਖਦਾ ਕਿ ਜਿਸ ਰਾਹਗੀਰ ਨੂੰ ਲੰਗਰ-ਪਾਣੀ ਦੀ ਚਾਹਤ ਹੋਵੇ ਉਸ ਨੂੰ ਹੀ ਛਕਾਇਆ ਜਾਵੇ ਤੇ ਸੜਕੀ ਆਵਾਜਾਈ ਵਿਚ ਕੋਈ ਵਿਘਨ ਨਾ ਪਾਇਆ ਜਾਵੇ। ਕਹਿੰਦੇ ਹਨ ਕਿ ਲਾਹੌਰ ਦੀ ਬਸੰਤ ਪੰਚਮੀ ਬਹੁਤ ਮਸ਼ਹੂਰ ਹੁੰਦੀ ਸੀ ਅਤੇ ਮਹਾਰਾਜਾ ਰਣਜੀਤ ਦੇ ਰਾਜਕਾਲ ਵਿਚ ਹੋਰ ਵੀ ਧੂਮਧਾਮ ਨਾਲ ਮਨਾਈ ਜਾਂਦੀ ਸੀ। ਇਸ ਦਿਨ ਲਾਹੌਰ ਦੇ ਹਰ ਗਲੀ ਮੁਹੱਲੇ ਵਿਚ ਪਤੰਗਬਾਜ਼ੀ ਦੇ ਮੁਕਾਬਲੇ ਹੁੰਦੇ ਸਨ ਪਰ ਇਸਲਾਮਿਕ ਕੱਟੜਪੰਥੀਆਂ ਨੇ ਇਸ ਨੂੰ ਹਿੰਦੂਆਂ ਦਾ ਤਿਉਹਾਰ ਗਰਦਾਨ ਕੇ 20 ਕੁ ਸਾਲ ਪਹਿਲਾਂ ਗੈਰ-ਕਾਨੂੰਨੀ ਕਰਵਾ ਦਿੱਤਾ ਪਰ ਲਾਹੌਰੀਏ ਰਾਤ ਨੂੰ ਚੋਰੀ ਪਤੰਗਬਾਜ਼ੀ ਕਰਦੇ ਰਹੇ ਕਿਉਂਕਿ ਇਹ ਉਨ੍ਹਾਂ ਦੇ ਡੀਐਨਏ ਦਾ ਹਿੱਸਾ ਸੀ। ਬੈਨ ਕਰਨ ਨਾਲ ਆਰਥਿਕਤਾ ਨੂੰ ਭਾਰੀ ਨੁਕਸਾਨ ਹੋਇਆ ਜਿਸ ਬਾਰੇ ਹੁਣ ਕਈ ਰਿਪੋਰਟਾਂ ਉਪਲਬਧ ਹਨ। ਇਸ ਸਾਲ ਸਰਕਾਰ ਨੇ ਲਾਹੌਰ ਵਿਚ ਬਸੰਤ ਪੰਚਮੀ ਅਤੇ ਪਤੰਗਬਾਜ਼ੀ ਤੋਂ ਪਾਬੰਦੀ ਹਟਾ ਦਿੱਤੀ ਹੈ। ਕੀ ਸਾਡੇ ਜਥੇਦਾਰ ਪਾਕਿਸਤਾਨ ਮੁਲਾਣਿਆਂ ਨਾਲੋਂ ਵੀ ਵਧ ਕੇ ਸਨਾਤਨ ਦਾ ਵਿਰੋਧ ਕਰਨ ਨਹੀਂ ਤੁਰ ਪਏ ਹਨ?

ਪਿੱਛੇ ਜਿਹੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਕਰਮਜੀਤ ਸਿੰਘ ਨੂੰ ਇੱਕ ਅਪਰਾਧੀ ਵਾਂਗ ਫਰਸ਼ 'ਤੇ ਬਿਠਾ ਕੇ ਸਜ਼ਾ ਮੰਗਵਾਈ ਸੀ ਅਤੇ ਦੋਸ਼ ਇਹ ਲਗਾਇਆ ਗਿਆ ਸੀ ਕਿ ਕਰਮਜੀਤ ਸਿੰਘ ਨੇ ਇੱਕ ਸਮਾਗਮ ਵਿਚ ਆਰ.ਐਸ.ਐਸ. ਦੇ ਚੀਫ ਮੋਹਨ ਭਾਗਵਤ ਸਾਹਮਣੇ ਇਹ ਆਖ ਦਿੱਤਾ ਸੀ ਕਿ ਵੈਦਿਕ ਫਿਲਾਸਫੀ ਵਿਚ 'ਸਰਬੇ ਭਵਾਂਤੂ ਸੁਖੀਨਾ (ਹਰ ਥਾਂ ਸੁੱਖ ਹੋਵੇ)' ਆਖਿਆ ਗਿਆ ਹੈ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਰਬੱਤ ਦੇ ਭਲੇ ਦੀ ਗੱਲ ਕੀਤੀ ਹੈ। ਸਿਰਫ਼ ਏਨਾ ਅਖਣ ਨਾਲ ਸਿੱਖ ਪੰਥ ਦੀ ਬਹੁਤ ਹੇਠੀ ਹੋ ਜਾਣ ਦਾ ਦਾਅਵਾ ਕੀਤਾ ਗਿਆ ਸੀ ਅਤੇ ਅਕਾਲ ਤਖ਼ਤ ਦੇ ਜਥੇਦਾਰ ਨੇ ਉਸ ਨੂੰ ਤਲਬ ਕਰ ਲਿਆ ਸੀ। ਜਥੇਦਾਰ ਦੇ ਹੁਕਮ ਤੋਂ ਡਰਦਿਆਂ ਕਰਮਜੀਤ ਸਿੰਘ ਨੇ ਹੱਥ ਜੋੜ ਕੇ ਖਿਮਾਂ ਜਾਚਨਾ ਦੀ ਬੇਨਤੀ ਕਰ ਦਿੱਤੀ ਸੀ। ਅਤੇ ਜਥੇਦਾਰ ਗੜਗੱਜ ਨੇ ਉਸ ਨੂੰ ਭਾਂਡੇ ਮਾਂਜਣ, ਜੋੜੇ ਸਾਫ ਕਰਨ, ਕਾਨ੍ਹ ਸਿੰਘ ਨਾਭਾ ਦੀ ਲਿਖਤ ਕਿਤਾਬ 'ਹਮ ਹਿੰਦੂ ਨਹੀਂ' ਮੁਫਤ ਵੰਡਣ ਅਤੇ ਫਿਰ ਪ੍ਰਸ਼ਾਦ ਕਰਵਾਉਣ ਦੀ ਤਨਖਾਹ ਲਗਾਈ ਸੀ। ਆਪਣਾ ਫੈਸਲਾ ਸੁਣਾਉਣ ਪਿੱਛੋਂ ਜਥੇਦਾਰ ਨੇ ਚਾਂਸਲਰ ਕਰਮਜੀਤ ਸਿੰਘ ਨੂੰ ਹੁਕਮ ਕਰਦਿਆਂ ਇੰਝ ਕਿਹਾ, 'ਚਲ ਨਮਸਕਾਰ ਕਰ ਕੇ ਬੈਠ ਜਾਹ।' ਕੀ ਜਥੇਦਾਰ ਗੜਗੱਜ ਸਾਹਿਬ ਭੁੱਲ ਗਏ ਹਨ ਕਿ 'ਨਮਸਕਾਰ' ਸ਼ਬਦ ਅਸਲ ਵਿਚ ਵੈਦਿਕ ਫਿਲਾਸਫੀ ਦਾ ਹੀ ਹਿੱਸਾ ਹੈ?

ਇਸ ਸਫਲਤਾ ਤੋਂ ਉਤਸ਼ਾਹਿਤ ਹੋਏ ਜਥੇਦਾਰ ਗੜਗੱਜ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਸੰਮਨ ਕਰ ਲਿਆ ਸੀ ਅਤੇ ਸਿਆਸੀ ਚਾਲ ਚਲਦਿਆਂ ਮਾਨ ਨੇ ਪੇਸ਼ ਹੋਣਾ ਮੰਨ ਲਿਆ ਸੀ। ਪਰ ਦਾਹੜੀ-ਕੇਸ ਕੁਤਰੇ ਹੋਣ ਕਾਰਨ ਗੜਗੱਜ ਨੇ ਉਸ ਨੂੰ ਸ੍ਰੀ ਅਕਾਲ ਤਖ਼ਤ ਦੀ ਥਾਂ ਆਪਣੇ ਦਫਤਰ ਵਿਚ ਪੇਸ਼ ਹੋਣ ਦਾ ਆਦੇਸ਼ ਦਿੱਤਾ ਸੀ ਅਤੇ ਸੀ.ਐਮ. ਮਾਨ ਬੀਬਾ ਪੁੱਤ ਬਣ ਕੇ ਜਥੇਦਾਰ ਸਾਹਮਣੇ ਹੱਥ ਜੋੜ ਕੇ ਫਰਸ਼ 'ਤੇ ਬੈਠ ਗਿਆ ਸੀ। ਇਸ ਨਾਲ ਸੁਨੇਹਾ ਇਹ ਗਿਆ ਕਿ ਪੰਜਾਬ ਦਾ ਚੁਣਿਆ ਹੋਇਆ ਮੁੱਖ ਮੰਤਰੀ ਵੀ ਸਿੱਖਾਂ ਦੇ ਕਥਿਤ ਜਥੇਦਾਰ ਤੋਂ ਰੁਤਬੇ ਵਿਚ ਛੋਟਾ ਹੈ।

ਇਸ ਤੋਂ ਕੁਝ ਸਮਾਂ ਪਹਿਲਾਂ ਜਥੇਦਾਰ ਰਿਹਾ ਰਣਜੀਤ ਸਿੰਘ ਘਟੌੜਾ ਤਾਂ ਵਿਰੋਧੀਆਂ ਨੂੰ ਝੱਟ ਗਾਲੀ ਗਲੋਚ ਕਰਨ ਲੱਗ ਜਾਂਦਾ ਸੀ ਅਤੇ ਇੱਕ ਸਿੱਖ ਬੁਧੀਜੀਵੀ ਦੀ ਘਟੌੜਾ ਨੇ ਬਾਂਹ ਵੀ ਮਰੋੜ ਦਿੱਤੀ ਸੀ। ਭਾਈ ਰਣਜੀਤ ਸਿੰਘ ਸਮਝਦਾ ਸੀ ਕਿ ਸਿੱਖਾਂ ਦੀ ਸਰਬਉਚ ਅਦਾਲਤ ਦੇ ਚੀਫ ਜੱਜ ਹੋਣ ਕਾਰਨ ਅਜੇਹਾ ਕਰਨਾ ਉਸ ਦਾ ਹੱਕ ਬਣਦਾ ਹੈ। ਉਸ ਨੂੰ ਤਾਂ ਜਥੇਦਾਰ ਬਣਾਇਆ ਹੀ ਇਸ ਲਈ ਗਿਆ ਸੀ ਕਿਉਂਕਿ ਉਸਨੇ ਨਿਰੰਕਾਰੀ ਮੁਖੀ ਦਾ ਸੋਧਾ ਲਗਾ ਕੇ ਸਿੱਖ ਪੰਥ ਦੀ ਬਹੁਤ 'ਸੇਵਾ' ਕੀਤੀ ਸੀ। ਮੌਕੇ ਦੇ ਸ਼੍ਰੋਮਣੀ ਕਮੇਟੀ ਪ੍ਰਧਾਨ ਜਥੇਦਾਰ ਟੌਹੜਾ ਅਤੇ ਕੁਝ ਹੋਰ ਸਿੱਖ ਆਗੂਆਂ ਨੇ ਕੇਂਦਰ ਸਰਕਾਰ 'ਤੇ ਦਬਾਅ ਪਾ ਕੇ ਇਸ ਕੈਦ ਭੁਗਤ ਰਹੇ ਕਾਤਲ ਨੂੰ ਅਗਾਊਂ ਪੈਰੋਲ (ਰਿਹਾਈ) ਵੀ ਦੁਆ ਲਈ ਸੀ।

ਭਾਈ ਰਣਜੀਤ ਸਿੰਘ ਤੋਂ ਪਹਿਲਾਂ ਐਕਟਿੰਗ ਜਥੇਦਾਰ ਪ੍ਰੋ. ਦਰਸ਼ਨ ਸਿੰਘ ਵੀ ਕਿਸੇ ਤੋਂ ਘੱਟ ਨਹੀਂ ਸੀ ਅਤੇ ਦਾਅਵਾ ਕਰਦਾ ਹੁੰਦਾ ਸੀ ਕਿ ਸਿੱਖ ਪਾਣੀ ਦੀ ਮੁਆਫਕ ਹੈ। ਇਸ ਦੇ ਹੇਠ ਅੱਗ ਬਾਲੋ ਤਾਂ ਇਹ ਉਬਲਦੇ ਪਾਣੀ ਵਾਂਗ ਉਤਾਂਹ ਜਾਂਦਾ ਹੈ। ਜਥੇਦਾਰ ਪ੍ਰੋ. ਦਰਸ਼ਨ ਸਿੰਘ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਨੂੰ ਸ੍ਰੀ ਦਰਬਾਰ ਸਾਹਿਬ ਵਿਚੋਂ ਖਾੜਕੂ ਨੌਜਵਾਨਾਂ ਨੂੰ ਫੜਨ ਲਈ ਪੁਲਿਸ ਭੇਜਣ ਦੇ ਦੋਸ਼ ਵਿਚ ਤਲਬ ਕਰ ਲਿਆ ਸੀ ਅਤੇ ਬਰਨਾਲਾ ਜਦ ਨਿਮਾਣੇ ਸਿੱਖ ਵਜੋਂ ਪੇਸ਼ ਹੋ ਗਿਆ ਤਾਂ ਦਰਸ਼ਨ ਸਿੰਘ ਨੇ ਬਰਨਾਲਾ ਨੂੰ ਸਾਫਾ (ਅਰਦਾਸੀਆ) ਪਾ ਕੇ ਥਮਲੇ ਨਾਲ ਬੰਨ੍ਹ ਲਿਆ ਸੀ। 'ਪਾਣੀ ਮੁਆਫਕ ਉਤਾਂਹ ਜਾਂਦੇ ਸਿੱਖ ਨੌਜਵਾਨਾਂ' ਦਾ ਇੱਕ ਜਥਾ ਜਦ ਜ਼ਿਆਦਾ ਉਬਾਲੇ ਮਾਰਨ ਲੱਗ ਪਿਆ ਤਾਂ ਦਰਸ਼ਨ ਸਿੰਘ ਉਨ੍ਹਾਂ ਨੂੰ ਸੰਜਮ ਤੋਂ ਕੰਮ ਲੈਣ ਦੀ ਸਲਾਹ ਦੇ ਬੈਠਾ ਸੀ। ਫਿਰ ਕੀ ਸੀ, ਜਦ ਉਨ੍ਹਾਂ ਬੁੱਕਲਾਂ ਵਿਚ ਛੁਪਾਏ ਸ਼ਸਤਰ ਦਿਖਾਏ ਤਾਂ ਜਥੇਦਾਰ ਦਰਸ਼ਨ ਸਿੰਘ ਅਕਾਲ ਤਖ਼ਤ ਤੋਂ ਭੱਜ ਕੇ ਜ਼ੀਰਕਪੁਰ ਜਾ ਬੈਠਾ ਸੀ। ਉਸਨੇ ਫਿਰ ਕਦੇ ਅਕਾਲ ਤਖ਼ਤ ਵੱਲ ਮੂੰਹ ਨਹੀਂ ਸੀ ਕੀਤਾ ਅਤੇ ਦੁਬਾਰਾ ਕੀਰਤਨ ਸ਼ੁਰੂ ਕਰ ਲਿਆ ਸੀ। ਪਿੱਛੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਇੱਕ ਨਵੇਂ ਆਏ ਜਥੇਦਾਰ ਨੇ ਪ੍ਰੋ. ਦਰਸ਼ਨ ਸਿੰਘ ਨੂੰ ਉਸੇ ਕੌੜੀ ਦਵਾਈ ਦੀ ਇੱਕ ਮੋਟੀ ਖੁਰਾਕ ਦੇ ਦਿੱਤੀ ਸੀ ਤਾਂ ਉਨ੍ਹਾਂ ਨੂੰ ਕੋਈ ਜਵਾਬ ਨਹੀਂ ਸੀ ਆਇਆ। ਅਗਲਿਆਂ ਨੇ ਦਰਸ਼ਨ ਸਿੰਘ ਨੂੰ ਤਨਖਾਹੀਆ ਕਰਾਰ ਦੇ ਕੇ ਸਿੱਖੀ ਵਿਚੋਂ ਖਾਰਜ ਕਰ ਦਿੱਤਾ ਸੀ ਅਤੇ ਦੇਸ਼ ਵਿਦੇਸ਼ ਦੇ ਕਈ ਗੁਰਦੁਆਰਿਆਂ ਵਿਚ ਉਸ ਦਾ ਕੀਰਤਨ ਵੀ ਬੰਦ ਕਰ ਦਿੱਤਾ ਸੀ, ਜੋ ਅਜੇ ਤੱਕ ਬੰਦ ਹੈ।



ਜਥੇਦਾਰ ਗਿਆਨੀ ਹਰਪ੍ਰੀਤ ਸਿੰਘ



ਦਿਉਬੰਦੀ ਮੌਲਵੀ ਮੌਲਾਨਾ ਸਜਾਦ ਨੋਮਾਨੀ

ਹੁਣ ਗੱਲ ਕਰਦੇ ਹਾਂ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਲੋਂ ਦਿਉਬੰਦੀ ਮੌਲਵੀ ਮੌਲਾਨਾ ਸਜਾਦ ਨੋਮਾਨੀ ਦੀ ਆਉ-ਭਗਤ ਕਰਨ ਦੇ ਤੌਰ ਤਰੀਕੇ ਦੀ। ਇਸ ਵਕਤ ਸੰਸਾਰ ਵਿਚ 2 ਬਿਲੀਅਨ ਦੇ ਕਰੀਬ ਮੁਸਲਮਾਨ ਹਨ ਅਤੇ ਇਹ ਤੇਜ਼ੀ ਨਾਲ ਵਧ ਰਿਹਾ ਦੀਨ ਹੈ। ਇਨ੍ਹਾਂ ਵਿਚ 85 ਤੋਂ 90 ਫੀਸਦ ਸੁੰਨੀ ਫਿਰਕੇ ਦੇ ਮੁਸਲਮਾਨ ਹਨ ਜੋ ਕੱਟੜ ਮੰਨੇ ਜਾਂਦੇ ਹਨ। ਸੁੰਨੀਆਂ ਵਿਚ ਸਭ ਤੋਂ ਕੱਟੜ ਦੇਉਬੰਦੀ ਮੁਸਲਮਾਨ ਹਨ ਜਿਨ੍ਹਾਂ ਦੀ ਪਾਕਿਸਤਾਨ, ਭਾਰਤ ਅਤੇ ਬੰਗਲਾਦੇਸ਼ ਵਿਚ ਤੂਤੀ ਬੋਲਦੀ ਹੈ। ਲਖਨਊ (ਯੂਪੀ) ਤੋਂ ਇਹ ਪ੍ਰਸਿਧ ਦੇਉਬੰਦੀ ਮੌਲਵੀ ਸਜਾਦ ਨੋਮਾਨੀ ਉਸ ਵਕਤ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦਾ ਮਹਿਮਾਨ ਬਣਦਾ ਹੈ, ਜਦ ਹਰਪ੍ਰੀਤ ਸਿੰਘ ਸ੍ਰੀ ਅਕਾਲ ਤਖ਼ਤ ਦਾ ਕਾਇਮ ਮੁਕਾਮ ਜਥੇਦਾਰ ਸੀ ਅਤੇ ਸੁਖਬੀਰ ਸਿੰਘ ਬਾਦਲ ਸਮੇਤ ਕਈ ਅਕਾਲੀ ਆਗੂਆਂ ਨੂੰ ਸਜ਼ਾਵਾਂ ਸੁਣਾਉਣ ਦਾ ਦਮ ਰੱਖਦਾ ਸੀ। ਪਿੱਛੋਂ ਇਹ ਦਿਉਬੰਦੀ ਮੌਲਵੀ ਮੁਸਲਮਾਨਾਂ ਦੇ ਇੱਕ ਵੱਡੇ ਜਲਸੇ ਵਿਚ ਜਥੇਦਾਰ ਅਕਾਲ ਤਖ਼ਤ ਵਲੋਂ ਉਸਦੀ ਕੀਤੀ ਗਈ ਆਉ ਭਗਤ ਦਾ ਜ਼ਿਕਰ ਆਪਣੇ ਭਾਸ਼ਣ ਵਿਚ ਕਰਦਾ ਹੈ। ਜਿਸ ਦੌਰਾਨ ਕਈ ਵਾਰ ਤਾੜੀਆਂ ਵੱਜਦੀਆਂ ਹਨ। ਇਸ ਮੌਲਵੀ ਦੇ ਉਰਦੂ ਵਿਚ ਦਿੱਤੇ ਭਾਸ਼ਣ ਦਾ ਸਰਲ ਪੰਜਾਬੀ ਵਿਚ ਤਰਜਮਾ ਚਾਰ ਕੁ ਪਹਿਰਿਆਂ ਵਿਚ ਹੇਠਾਂ ਦਿੱਤਾ ਗਿਆ ਹੈ, ਜਿਸ ਨੂੰ ਧਿਆਨ ਨਾਲ ਪੜ੍ਹਨ ਦੀ ਲੋੜ ਹੈ।

ਮੌਲਵੀ ਇੰਝ ਗੱਲ ਸ਼ੁਰੂ ਕਰਦਾ ਹੈ, 'ਅਸੀਂ ਆਪਣੇ ਦੇਸ਼ ਦੀ ਜ਼ਮੀਨੀ ਅਸਲੀਅਤ ਨੂੰ ਨਹੀਂ ਜਾਣਦੇ ਅਸੀਂ ਮੀਡੀਆ ਰਾਹੀਂ ਦੇਸ਼ ਨੂੰ ਸਮਝਣ ਦੀ ਕੋਸ਼ਿਸ਼ ਕਰ ਰਹੇ ਹਾਂ। ਜ਼ਮੀਨੀ ਪੱਧਰ 'ਤੇ ਤੁਹਾਡੇ ਵਿਚੋਂ ਸ਼ਾਇਦ ਹੀ ਕੋਈ ਏਨਾ ਜਾਣਦਾ ਹੋਵੇਗਾ ਜਿੰਨਾ ਮੈਂ ਕਈ ਬੀਮਾਰੀਆਂ ਦੇ ਬਾਵਜੂਦ ਲਗਾਤਾਰ ਸਫਰ (ਯਾਤਰਾ) ਕਰ ਰਿਹਾ ਹਾਂ ਅਤੇ ਮੈਂ ਹੁਣੇ ਪੰਜਾਬ ਦੀ ਯਾਤਰਾ ਕਰਕੇ ਆਇਆ ਹਾਂ। ਦੋ-ਤਿੰਨ ਸਾਲ ਪਹਿਲਾਂ ਵੀ ਪੰਜਾਬ ਗਿਆ ਸਾਂ। ਇਸ ਵਾਰ ਮੈਂ ਸਿੱਖ ਲੀਡਰਾਂ ਦੀ ਦਾਅਵਤ 'ਤੇ ਪੰਜਾਬ ਗਿਆ ਸੀ। ਆਪ ਨੂੰ ਹੈਰਾਨੀ ਹੋਵੇਗੀ ਕਿ ਮੀਡੀਆ ਕਿਸ ਹੱਦ ਤੱਕ ਖ਼ਬਰਾਂ ਨੂੰ ਛੁਪਾਉਣ ਦਾ ਮੁਜਰਮ ਹੈ। ਜੋ ਸਿੱਖਾਂ ਦੇ ਸਾਰੀ ਦੁਨੀਆਂ ਵਿਚ ਸਭ ਵੱਡੇ ਰੂਹਾਨੀ ਆਗੂ ਹਨ/ਆਗੂ ਸਨ, ਜਥੇਦਾਰ ਸਨ, ਦਰਬਾਰ ਸਾਹਿਬ ਦੇ ਗੋਲਡਨ ਟੈਂਪਲ ਦੇ। ਯਾਨੀ ਪੂਰੀ ਦੁਨੀਆਂ ਦੇ ਸਿੱਖਾਂ ਦੇ ਸਭ ਤੋਂ ਵੱਡੇ ਧਰਮੀ ਆਗੂ ਗਿਆਨੀ ਹਰਪ੍ਰੀਤ ਸਿੰਘ। ਮੈਂ ਉਨ੍ਹਾਂ ਨਾਲ ਫੋਨ 'ਤੇ ਗੱਲ ਕੀਤੀ ਕਿ ਮੈਂ ਦਰਬਾਰ ਸਾਹਿਬ ਆ ਕੇ ਤੁਹਾਨੂੰ ਮਿਲਣਾ ਚਾਹੁੰਦਾ ਹਾਂ ਪਿਛਲੇ ਸਫਰ ਵਿਚ। ਉਨ੍ਹਾਂ ਕਿਹਾ ਕਿ ਤੁਸੀਂ ਦਰਬਾਰ ਸਾਹਿਬ ਜ਼ਰੂਰ ਜਾਓ ਪਰ ਮੇਰੇ ਨਾਲ ਮੁਲਾਕਾਤ ਮੈਂ ਚਾਹੁੰਦਾ ਹਾਂ ਮੇਰੇ ਘਰ ਵਿਚ ਹੋਵੇ। ਕਿਉਂਕਿ ਮੈਂ ਤੁਹਾਨੂੰ ਜਾਣਦਾ ਹਾਂ ਅਤੇ ਬਹੁਤ ਵਿਸਥਾਰ ਨਾਲ ਗੱਲਾਂ ਤੁਹਾਡੇ ਨਾਲ ਕਰਨਾ ਚਾਹੁੰਦਾ ਹਾਂ ਪਰ ਦਰਬਾਰ ਸਾਹਿਬ ਵਿਚ ਮੈਂ ਏਨਾ ਬਿਜ਼ੀ ਰਹਾਂਗਾ ਕਿ ਵਿਸਤਰਤ ਗੱਲਬਾਤ ਨਹੀਂ ਹੋ ਪਾਏਗੀ। ਇਸ ਲਈ ਮੈਂ 100 ਕਿਲੋਮੀਟਰ ਦਾ ਸਫਰ ਕਰਕੇ ਉਨ੍ਹਾਂ ਦੇ ਘਰ ਉਨ੍ਹਾਂ ਦੇ ਪਿੰਡ ਗਿਆ। ਤੁਹਾਨੂੰ ਇਹ ਜਾਣ ਕੇ ਹੈਰਾਨੀ ਵੀ ਹੋਵੇਗੀ ਅਤੇ ਖੁਸ਼ੀ ਵੀ ਹੋਵੇਗੀ ਕਿ ਉਹ ਥੋੜ੍ਹੀ ਦੇਰ ਬਾਅਦ ਉਠ ਕੇ ਆਪਣੇ ਘਰ ਕਮਰੇ ਦੇ ਅੰਦਰ ਗਏ ਅਤੇ ਇਕ ਕਿਤਾਬ ਬਹੁਤ ਸੁੰਦਰ ਕਵਰ ਵਿਚ ਲਿਪਟੀ ਹੋਈ ਲਿਆਏ ਔਰ ਬਹੁਤ ਅਦਬ ਨਾਲ ਗੋਡਿਆਂ ਭਾਰ ਹੋ ਕੇ ਮੈਨੂੰ ਪੇਸ਼ ਕੀਤੀ। ਮੈਂ ਪੁੱਛਿਆ ਇਹ ਕੀ ਹੈ? ਤਾਂ ਉਨ੍ਹਾਂ ਕਿਹਾ ਕਿ ਕਾਦੀਏ ਕੁਰਾਨ ਦਾ ਗੁਰਮੁਖੀ ਵਿਚ ਤਰਜਮਾ ਜੋ ਮੈਂ ਆਪ ਕੀਤਾ ਹੈ।' ਇਹ ਸੁਣ ਕੇ ਮਜਲਸ ਵਿਚ ਤਾੜੀਆਂ ਵੱਜਦੀਆਂ ਹਨ। ਮੌਲਾਣਾ ਅੱਗੇ ਬੋਲਦਾ ਹੈ, 'ਸੋਚੀਏ, ਕੀ ਅਸੀਂ ਸੋਚ ਸਕਦੇ ਹਾਂ ਕਿ ਪੂਰੀ ਦੁਨੀਆਂ ਦੇ ਸਿੱਖ ਮਜ਼ਹਬ ਨੂੰ ਮੰਨਣ ਵਾਲਿਆਂ ਦਾ ਰੂਹਾਨੀ ਆਗੂ ਕੁਰਾਨ ਦਾ ਤਰਜਮਾ ਕਰ ਚੁੱਕਾ ਹੈ ਔਰ ਸਾਨੂੰ ਖ਼ਬਰ ਵੀ ਨਹੀਂ ਹੈ। ਦਿੱਲੀ ਵਿਚ ਹੀ ਇਹ ਛਪਿਆ ਅਤੇ ਇਸ ਤੋਂ ਬਆਦ ਉਨ੍ਹਾਂ ਇੱਕ ਹੋਰ ਚੀਜ਼ ਮੈਨੂੰ ਤੋਅਫੇ ਵਿਚ ਦਿੱਤੀ। ਮੈਂ ਪੁੱਛਿਆ ਇਹ ਕੀ ਹੈ? ਤਾਂ ਉਨ੍ਹਾਂ ਕਿਹਾ ਕਿ ਇਹ ਮੇਰਾ ਪੀਐੱਚਡੀ ਦਾ ਥੀਸਸ ਹੈ ਇਸ 'ਤੇ ਮੈਂ ਪਟਿਆਲਾ ਯੂਨੀਵਰਸਟੀ ਤੋਂ ਪੀਐੱਚਡੀ ਦੀ ਡਿਗਰੀ ਕੀਤੀ ਹੈ। ਮੈਂ ਪੁੱਛਿਆ ਕੀ ਸਬਜੈਕਟ ਹੈ ਇਸ ਦਾ? ਆਪ ਦੀਆਂ ਅੱਖਾਂ ਵਿਚ ਹੰਝੂ ਆ ਜਾਣਗੇ ਇਹ ਸੁਣ ਕੇ ਕਿ ਉਨ੍ਹਾਂ ਨੇ ਖੋਜ ਕਰ ਕੇ ਇਹ ਸਾਬਤ ਕੀਤਾ ਹੈ ਕਿ ਅੱਲਾਹ ਦੇ ਜੋ 99 ਨਾਮ ਗੁਰਬਾਣੀ ਵਿਚ ਗੁਰੂ ਨਾਨਕ ਸਾਹਿਬ ਨੇ ਦੱਸੇ ਹਨ ਇਹ ਉਹੀ ਖੁਦਾ ਦੇ 99 ਨਾਮ ਹਨ ਜੋ ਪੈਗੰਬਰ ਸਾਹਿਬ ਕੁਰਾਨ ਵਿਚ ਦੱਸਦੇ ਹਨ ਅਤੇ ਇਹ ਉਨ੍ਹਾਂ ਦਾ ਸਿੱਧਾ-ਸਿੱਧਾ ਗੁਰਮੁਖੀ ਜ਼ਬਾਨ ਵਿਚ ਤਰਜ਼ਮਾ ਹੈ।' ਇਹ ਸੁਣ ਕੇ ਮਜਲਸ ਵਿਚ ਫਿਰ ਤਾੜੀਆਂ ਵੱਜਦੀਆਂ ਹਨ।

ਮੌਲਾਨਾ ਭਾਸ਼ਣ ਜਾਰੀ ਰੱਖਦਾ ਹੋਇਆ ਅੱਗੇ ਕਹਿੰਦਾ ਹੈ, 'ਮੈਂ ਜਦ ਉਨ੍ਹਾਂ ਨਾਲ ਗੱਲਬਾਤ ਕਰ ਰਿਹਾ ਸੀ ਤਾਂ ਉਨ੍ਹਾਂ ਮੈਨੂੰ ਪੁੱਛਿਆ ਕਿ ਤੁਸੀਂ ਵਿਦਿਆ ਕਿੱਥੇ ਪ੍ਰਾਪਤ ਕੀਤੀ ਹੈ? ਮੈਂ ਪਹਿਲਾਂ ਤਾਂ ਮੁਸਕਰਾ ਕੇ ਪੁੱਛਿਆ ਕਿ ਤੁਸੀਂ ਇਹ ਸਵਾਲ ਮੈਨੂੰ ਕਿਉਂ ਕਰ ਰਹੇ ਹੋ? ਗੱਲ ਤਾਂ ਕਿਸੇ ਹੋਰ ਮੁੱਦੇ 'ਤੇ ਚਲ ਰਹੀ ਸੀ। ਉਨ੍ਹਾਂ ਕਿਹਾ ਕਿ ਤੁਸੀਂ ਉਰਦੂ ਬੋਲ ਰਹੇ ਹੋ, ਹਿੰਦੀ ਬੋਲ ਰਹੇ ਹੋ, ਅੰਗਰੇਜ਼ੀ ਬੋਲ ਰਹੇ ਹੋ, ਤੁਸੀਂ ਫਾਰਸੀ ਸੁਣਾ ਰਹੇ ਹੋ ਅਤੇ ਸੰਸਕ੍ਰਿਤ ਦੇ ਮੰਤਰ ਪੜ੍ਹ ਰਹੇ ਹੋ ਆਪ ਅੰਗਰੇਜ਼ੀ ਬੋਲ ਰਹੇ ਹੋ ਅਤੇ ਮੈਂ ਜਾਨਣਾ ਚਾਹੁੰਦਾ ਹਾਂ ਕਿ ਤੁਸੀਂ ਕਿੱਥੇ ਪੜ੍ਹੇ ਹੋ? ਤਾਂ ਮੈਂ ਕਿਹਾ ਮੈਂ ਆਪਣੇ ਸ਼ਹਿਰ ਲਖਨਊ ਵਿਚ ਪੜ੍ਹਿਆ ਫਿਰ ਦਿਉਬੰਦ ਵਿਚ ਪੜ੍ਹਿਆ, ਅਲੀਗੜ੍ਹ ਵਿਚ ਕੁਝ ਵਕਤ ਗੁਜ਼ਾਰਿਆ ਅਤੇ ਫਿਰ ਮੈਂ ਇਸਲਾਮਿਕ ਯੂਨੀਵਰਸਟੀ ਮਦੀਨਾ (ਸਾਊਦੀ ਅਰਬ) ਵਿਚ ਪੜ੍ਹਿਆ ਅਤੇ ਉਥੋਂ ਮੈਂ ਖੋਜ ਮੁਕੰਮਲ ਕੀਤੀ। ਔਰ ਜਦ ਮਦੀਨੇ ਦਾ ਨਾਮ ਆਇਆ, ਇਹ ਸੁਣਾਉਣਾ ਚਾਹੁੰਦਾ ਹਾਂ ਕਿ ਮਦੀਨੇ ਦਾ ਨਾਮ ਆਇਆ ਤਾਂ ਉਹ ਗਾਲਬਿਨ ਸੋਫੇ ਤੋਂ ਉਤਰ ਕੇ ਹੇਠਾਂ ਬੈਠ ਗਏ ਮੈਂ ਕੁਰਸੀ 'ਤੇ ਬੈਠਾ ਰਿਹਾ ਔਰ ਉਹ ਨੀਚੇ ਬੈਠ ਗਏ ਔਰ ਮੈਂ ਸਮਝਿਆ ਵੀ ਨਹੀਂ ਕਿ ਕਿਉਂ? ਉਹ ਆਖਣ ਲੱਗੇ ਤੁਸੀਂ ਮਦੀਨੇ ਤੋਂ ਆਏ ਹੋ ਅਤੇ ਮੈਂ ਆਪ ਦੇ ਪਾਸ (ਬਰਾਬਰ) ਨਹੀਂ ਬੈਠ ਸਕਦਾ ਤੁਸੀਂ ਕਿੰਨੇ ਭਾਗਸ਼ਾਲੀ ਕਿੰਨੇ ਲੱਕੀ ਹੋ? ਫਿਰ ਮੈਨੂੰ ਪੁੱਛਣ ਲੱਗੇ ਕਿ ਮੱਕਾ ਸ਼ਰੀਫ ਤੁਸੀਂ ਕਿੰਨੀ ਵਾਰ ਗਏ ਹੋ? ਮੈਂ ਕਿਹਾ ਕਿ ਮੈਂ ਸਾਢੇ ਅੱਠ ਪੌਣੇ ਨੌਂ ਸਾਲ ਉੱਥੇ ਗੁਜ਼ਾਰੇ ਹਨ ਔਰ ਹਰ ਮਹੀਨੇ ਡੇਢ ਮਹੀਨੇ ਬਾਅਦ ਅਸੀਂ ਉਮਰਾ (ਹੱਜ) ਕਰਨ ਜਾਂਦੇ ਸਾਂ ਮੈਂ ਨੌਜਵਾਨ ਸੀ ਉਸ ਵਕਤ ਸੋ ਹਰ ਮਹੀਨੇ ਜਾਂਦੇ ਸਾਂ ਇਸ ਲਈ ਗਿਣਤੀ ਕਰਨਾ ਹੀ ਮੁਸ਼ਕਲ ਹੈ ਕਿ ਕਿਤਨੀ ਵਾਰ ਮੱਕਾ ਗਏ ਹਾਂ? ਉਨ੍ਹਾਂ ਦੀਆਂ ਅੱਖਾਂ ਵਿਚੋਂ ਹੰਝੂ ਵਗ ਪਏ ਔਰ ਕਹਿਣ ਲੱਗੇ ਕਿ ਤੁਸੀਂ ਕਿੰਨੇ ਖੁਸ਼ਨਸੀਬ ਹੋ ਕਿ ਆਪ ਨੇ ਮੱਕੇ ਦੇ ਏਨੇ ਦਰਸ਼ਨ ਕੀਤੇ ਹਨ ਮੇਰਾ ਕਿੰਨਾ ਦਿਲ ਕਰਦਾ ਹੈ

(ਬਾਕੀ ਅਗਲੇ ਸਫੇ 'ਤੇ)

# ਬੰਗਲਾਦੇਸ਼ 2026: ਵੋਟਰ ਮਨੋਵਿਗਿਆਨ, ਚੋਣ ਗਣਿਤ ਅਤੇ ਨਵੀਂ ਰਾਜਨੀਤੀ

ਬੰਗਲਾਦੇਸ਼ ਵਿਚ ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ ਦੀ ਨਵੀਂ ਸਰਕਾਰ ਬਣੇ ਨੂੰ ਹੁਣ ਤੱਕ ਕੁਝ ਹੀ ਹਫ਼ਤੇ ਹੋਏ ਹਨ। 12 ਫਰਵਰੀ 2026 ਨੂੰ ਹੋਈਆਂ ਸੰਸਦੀ ਚੋਣਾਂ ਦੇ ਨਤੀਜੇ ਆਉਣ ਤੋਂ ਬਾਅਦ 17 ਫਰਵਰੀ 2026 ਨੂੰ ਪਾਰਟੀ ਦੇ ਨੇਤਾ ਤਾਰੀਕ ਰਹਿਮਾਨ (ਸਾਬਕਾ ਰਾਸ਼ਟਰਪਤੀ ਜ਼ਿਆ-ਓਰ-ਰਹਿਮਾਨ ਦੇ ਪੁੱਤਰ) ਨੇ ਬੰਗਲਾਦੇਸ਼ ਦੇ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕੀ ਅਤੇ ਇਸ ਤਰ੍ਹਾਂ ਦੇਸ਼ ਵਿਚ ਲੰਬੇ ਰਾਜਨੀਤਕ ਸੰਕਟ ਤੋਂ ਬਾਅਦ ਨਵੀਂ ਚੁਣੀ ਹੋਈ ਸਰਕਾਰ ਦਾ ਦੌਰ ਸ਼ੁਰੂ ਹੋਇਆ। ਇਹ ਸਿਰਫ਼ ਇੱਕ ਸਰਕਾਰ ਦੀ ਤਬਦੀਲੀ ਨਹੀਂ, ਸਗੋਂ ਬੰਗਲਾਦੇਸ਼ ਦੀ ਰਾਜਨੀਤੀ ਵਿਚ ਨਵੇਂ ਰਾਜਨੀਤਕ ਅਧਿਆਇ ਦੀ ਸ਼ੁਰੂਆਤ ਵੀ ਸੀ। ਸੰਨ 2024 ਦੀ ਵਿਦਿਆਰਥੀ ਅਗਵਾਈ ਵਾਲੀ ਬਗਾਵਤ (ਸਰਕਾਰੀ ਨੌਕਰੀਆਂ ਵਿਚ ਕੋਟਾ ਪ੍ਰਣਾਲੀ ਦੇ ਵਿਰੋਧ ਵਿਚ ਸ਼ੁਰੂ ਹੋਈ) ਨੇ ਲੰਬੇ ਸਮੇਂ ਤੱਕ ਰਾਜ ਕਰ ਰਹੀ ਸ਼ੇਖ ਹਸੀਨਾ ਦੀ ਸਰਕਾਰ ਨੂੰ ਪੱਟ ਦਿੱਤਾ ਸੀ। ਉਸ ਤੋਂ ਬਾਅਦ ਇਹ ਪਹਿਲੀ ਪੂਰੀ ਲੋਕਤੰਤਰਕ ਚੋਣ ਸੀ। ਇਸ ਲਈ 2026 ਦੀ ਇਹ ਚੋਣ ਸਿਰਫ਼ ਇਕ ਰਾਜਨੀਤਿਕ ਪ੍ਰਕਿਰਿਆ ਨਹੀਂ, ਬਲਕਿ ਬੰਗਲਾਦੇਸ਼ ਦੀ ਰਾਜਨੀਤਕ ਵਿਵਸਥਾ ਦੀ ਮੁੜ ਸੰਰਚਨਾ ਦੀ ਪ੍ਰਕਿਰਿਆ ਵੀ ਸੀ। ਕਈ ਰਾਜਨੀਤਕ ਵਿਸ਼ਲੇਸ਼ਕ ਇਸ ਨੂੰ 'Post-Uprising Democracy' ਦੀ ਪਹਿਲੀ ਪਰਖ ਮੰਨਦੇ ਹਨ—ਇੱਕ ਅਜਿਹਾ ਪਲ ਜਿੱਥੇ ਬਗ਼ਾਵਤ ਤੋਂ ਬਾਅਦ ਲੋਕਤੰਤਰ ਦੀ ਸੰਸਥਾਗਤ ਵਾਪਸੀ ਦੀ ਜਾਂਚ ਹੁੰਦੀ ਹੈ ਅਤੇ ਲੋਕਾਂ ਦੀ ਵੋਟ ਰਾਹੀਂ ਰਾਜਨੀਤਕ ਪ੍ਰਣਾਲੀ ਨੂੰ ਮੁੜ ਜਾਇਜ਼ ਮਾਨਤਾ ਮਿਲਦੀ ਹੈ।

ਬੰਗਲਾਦੇਸ਼ ਦੀ ਸੰਸਦ ਜਾਤੀਆ ਸੰਸਦ (Jatiya Sangsad) ਵਿਚ ਕੁੱਲ 300 ਚੁਣੀਆਂ ਹੋਈਆਂ ਸੀਟਾਂ ਹਨ ਅਤੇ ਸਰਕਾਰ ਬਣਾਉਣ ਲਈ ਘੱਟੋ-ਘੱਟ 151 ਸੀਟਾਂ ਦੀ ਲੋੜ ਹੁੰਦੀ ਹੈ। 2026 ਦੀ ਚੋਣ ਵਿਚ ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ ਨੇ ਲਗਭਗ 212 ਸੀਟਾਂ ਜਿੱਤ ਕੇ ਦੋ-ਤਿਹਾਈ ਬਹੁਮਤ ਹਾਸਲ ਕਰ ਲਿਆ ਹੈ। ਦੂਜੇ ਪਾਸੇ ਬੰਗਲਾਦੇਸ਼ ਜਮਾਤ-ਏ-ਇਸਲਾਮੀ ਨੇ 70 ਤੋਂ ਵੱਧ ਸੀਟਾਂ ਜਿੱਤ ਕੇ ਆਪਣਾ ਇਤਿਹਾਸਕ ਅਤੇ ਸਭ ਤੋਂ ਵੱਡਾ ਸੰਸਦੀ ਪ੍ਰਦਰਸ਼ਨ ਦਰਜ ਕੀਤਾ ਹੈ। ਇਸ ਤੋਂ ਇਲਾਵਾ ਨਵੀਂ ਉਭਰਦੀ ਪਾਰਟੀ ਨੈਸ਼ਨਲ ਸਿਟੀਜ਼ਨ ਪਾਰਟੀ ਨੇ ਵੀ ਕੁਝ ਸੀਟਾਂ ਜਿੱਤ ਕੇ ਇਹ ਦਰਸਾਇਆ ਕਿ ਬੰਗਲਾਦੇਸ਼ ਦੀ ਰਾਜਨੀਤੀ



ਵਿਚ ਨਵੀਂ ਪੀੜ੍ਹੀ ਅਤੇ ਨਵੇਂ ਰਾਜਨੀਤਕ ਏਜੰਡੇ ਲਈ ਵੀ ਜਗ੍ਹਾ ਬਣ ਰਹੀ ਹੈ। ਇਹ ਅੰਕੜੇ ਸਿਰਫ਼ ਇੱਕ ਜਿੱਤ ਦੀ ਕਹਾਣੀ ਨਹੀਂ ਦੱਸਦੇ, ਸਗੋਂ ਇਹ ਦਰਸਾਉਂਦੇ ਹਨ ਕਿ ਬੰਗਲਾਦੇਸ਼ ਦੀ ਰਾਜਨੀਤੀ ਹੁਣ ਹੌਲੀ-ਹੌਲੀ ਬਹੁਧੁਰਵੀ ਰੂਪ ਧਾਰ ਰਹੀ ਹੈ।

2026 ਦੀ ਚੋਣ ਨੂੰ ਸਮਝਣ ਲਈ 2024 ਦੀ ਬਗਾਵਤ ਦੇ ਪਿਛੋਕੜ ਨੂੰ ਸਮਝਣਾ ਜ਼ਰੂਰੀ ਹੈ। ਉਸ ਸਾਲ ਵਿਦਿਆਰਥੀਆਂ ਅਤੇ ਨਾਗਰਿਕ ਸਮੂਹਾਂ ਵੱਲੋਂ ਚਲਾਇਆ ਗਿਆ ਅੰਦੋਲਨ ਤੇਜ਼ੀ ਨਾਲ ਇੱਕ ਰਾਸ਼ਟਰੀ ਲੋਕਤੰਤਰਕ ਅਭਿਆਨ ਵਿਚ ਬਦਲ ਗਿਆ ਸੀ। ਇਹ ਅੰਦੋਲਨ ਕੇਵਲ ਸਰਕਾਰ ਵਿਰੋਧੀ ਲਹਿਰ ਨਹੀਂ ਸੀ; ਇਹ ਰਾਜਨੀਤਕ ਸੰਸਥਾਵਾਂ ਵਿਚ ਪੈਦਾ ਹੋ ਰਹੇ ਅਵਿਸ਼ਵਾਸ, ਭ੍ਰਿਸ਼ਟਾਚਾਰ ਦੇ ਦੋਸ਼ਾਂ ਅਤੇ ਲੋਕਤੰਤਰਕ ਆਜ਼ਾਦੀਆਂ ਦੀ ਮੰਗ ਦਾ ਪ੍ਰਤੀਕ ਬਣ ਗਿਆ ਸੀ। ਜਦੋਂ ਇਹ ਅੰਦੋਲਨ ਦੇਸ਼ ਭਰ ਵਿਚ ਫੈਲਿਆ, ਤਾਂ ਅਖ਼ੀਰਕਾਰ ਸ਼ੇਖ ਹਸੀਨਾ ਦੀ ਸਰਕਾਰ ਨੂੰ ਹਟਣਾ ਪਿਆ। ਇਸ ਤੋਂ ਬਾਅਦ ਇੱਕ ਅੰਤਰਿਮ ਪ੍ਰਸ਼ਾਸਕੀ ਪ੍ਰਬੰਧ ਬਣਾਇਆ ਗਿਆ, ਜਿਸ ਦੀ ਅਗਵਾਈ ਨੋਬੇਲ ਇਨਾਮ ਜੇਤੂ ਅਰਥ-ਸ਼ਾਸਤਰੀ ਮੁਹੰਮਦ ਯੂਨਸ ਨੇ ਕੀਤੀ। ਇਸ ਅੰਤਰਿਮ ਪ੍ਰਬੰਧ ਦਾ ਮੁੱਖ ਉਦੇਸ਼ ਸੀ ਚੋਣੀ ਪ੍ਰਣਾਲੀ ਵਿਚ ਸੁਧਾਰ ਕਰਨਾ, ਰਾਜਨੀਤਿਕ ਸੰਸਥਾਵਾਂ ਵਿਚ ਭਰੋਸਾ ਮੁੜ ਬਣਾਉਣਾ ਅਤੇ ਅਜਿਹੀ ਚੋਣ ਕਰਵਾਉਣਾ ਜੋ ਲੋਕਾਂ ਨੂੰ ਅਸਲ ਵਿਚ ਆਪਣੀ ਰਾਏ ਪ੍ਰਗਟ ਕਰਨ ਦਾ ਮੌਕਾ ਦੇਵੇ।

ਬੰਗਲਾਦੇਸ਼ ਦੀ ਚੋਣ ਪ੍ਰਣਾਲੀ ਵੀ ਭਾਰਤ ਵਾਂਗ ਫਰਸਟ-ਪਾਸਟ-ਦ-ਪੋਸਟ ਚੋਣ ਪ੍ਰਣਾਲੀ ਹੈ। ਇਸ ਪ੍ਰਣਾਲੀ ਵਿਚ ਹਰ ਹਲਕੇ ਵਿਚ ਸਭ ਤੋਂ ਵੱਧ ਵੋਟਾਂ ਲੈਣ ਵਾਲਾ ਉਮੀਦਵਾਰ ਜਿੱਤਦਾ ਹੈ। ਇਸ ਦਾ ਮਤਲਬ ਹੈ ਕਿ ਜੇ ਵਿਰੋਧੀ ਵੋਟ ਕਈ ਪਾਰਟੀਆਂ ਵਿਚ ਵੰਡ ਜਾਵੇ ਤਾਂ ਵੀ ਇੱਕ ਪਾਰਟੀ ਘੱਟ ਵੋਟ ਪ੍ਰਤੀਸ਼ਤ ਦੇ ਬਾਵਜੂਦ ਵੱਡੀ ਗਿਣਤੀ ਵਿਚ ਸੀਟਾਂ ਜਿੱਤ ਸਕਦੀ ਹੈ।

ਇਨ੍ਹਾਂ ਚੋਣਾਂ ਵਿਚ ਇੱਕ ਹੋਰ ਮਹੱਤਵਪੂਰਨ ਤੱਤ ਵੋਟਰਾਂ ਦਾ ਮਨੋਵਿਗਿਆਨ ਵੀ ਸੀ। ਬਗਾਵਤ ਤੋਂ ਬਾਅਦ ਦੇ ਦੌਰ ਵਿਚ ਆਮ ਤੌਰ 'ਤੇ ਇਹ ਮੰਨਿਆ ਜਾਂਦਾ ਹੈ ਕਿ ਲੋਕ ਪੂਰੀ ਤਰ੍ਹਾਂ ਨਵੇਂ ਰਾਜਨੀਤਕ ਵਿਕਲਪਾਂ ਵੱਲ ਮੁੜਨਗੇ, ਪਰ ਬੰਗਲਾਦੇਸ਼ ਦੀ 2026 ਚੋਣ ਇਸ ਧਾਰਨਾ ਨੂੰ ਪੂਰੀ ਤਰ੍ਹਾਂ ਸਹੀ ਨਹੀਂ ਠਹਿਰਾਉਂਦੀ। ਕਈ ਵੋਟਰਾਂ ਨੇ ਗੁੱਸੇ ਅਤੇ ਅਸੰਤੋਸ਼ ਦੇ ਬਾਵਜੂਦ ਪੁਰਾਣੇ ਰਾਜਨੀਤਕ ਤਜਰਬੇ ਅਤੇ ਸੰਗਠਨਾਤਮਕ ਤਾਕਤ ਨੂੰ ਮਹੱਤਵ ਦਿੱਤਾ। ਖ਼ਾਸ ਕਰਕੇ ਪਿੰਡਾਂ ਅਤੇ ਛੋਟੇ ਸ਼ਹਿਰਾਂ ਵਿਚ ਵੋਟਰਾਂ ਲਈ ਸੰਸਦ ਮੈਂਬਰ ਸਿਰਫ਼ ਰਾਸ਼ਟਰੀ ਨੀਤੀਆਂ ਬਣਾਉਣ ਵਾਲਾ ਨਹੀਂ ਹੁੰਦਾ, ਬਲਕਿ ਸਥਾਨਕ ਵਿਕਾਸ, ਨੌਕਰੀਆਂ ਅਤੇ ਪ੍ਰਸ਼ਾਸਕੀ ਸਹਾਇਤਾ ਨਾਲ ਜੁੜਿਆ ਹੋਇਆ ਵਿਅਕਤੀ ਵੀ ਮੰਨਿਆ ਜਾਂਦਾ ਹੈ। ਇਸ ਲਈ ਕਈ ਹਲਕਿਆਂ ਵਿਚ ਵੋਟਰਾਂ ਨੇ ਨਵੇਂ ਅਤੇ ਅਣਜਾਣ ਉਮੀਦਵਾਰਾਂ ਦੀ ਬਜਾਏ ਉਨ੍ਹਾਂ ਰਾਜਨੀਤਕ ਚਿਹਰਿਆਂ ਨੂੰ ਤਰਜੀਹ ਦਿੱਤੀ ਜਿਨ੍ਹਾਂ ਦੀ ਸਥਾਨਕ ਪਛਾਣ ਪਹਿਲਾਂ ਤੋਂ ਮਜ਼ਬੂਤ ਸੀ। ਇਸ ਤਰ੍ਹਾਂ ਚੋਣਾਂ ਦੇ ਗਣਿਤ ਅਤੇ ਵੋਟਰ ਮਨੋਵਿਗਿਆਨ ਦੇ ਮਿਲੇ-ਜੁਲੇ ਪ੍ਰਭਾਵ ਨੇ ਚੋਣ ਨਤੀਜਿਆਂ ਨੂੰ ਆਕਾਰ ਦਿੱਤਾ।

ਬੰਗਲਾਦੇਸ਼ ਦੀ ਇਹ ਚੋਣ ਸਿਰਫ਼ ਇੱਕ ਦੇਸ਼ ਦੀ ਘਟਨਾ ਨਹੀਂ ਹੈ। ਇਹ ਪੂਰੇ ਦੱਖਣੀ ਏਸ਼ੀਆ ਦੀ ਰਾਜਨੀਤੀ 'ਤੇ ਪ੍ਰਭਾਵ ਪਾਉਣ ਵਾਲੀ ਘਟਨਾ ਹੈ। ਇਸ ਪ੍ਰਸੰਗ ਵਿਚ ਇਹ ਵੀ ਸਮਝਣਾ ਜ਼ਰੂਰੀ ਹੈ ਕਿ ਬੰਗਲਾਦੇਸ਼ ਦੀ ਰਾਜਨੀਤੀ ਹੁਣ ਕੇਵਲ ਰਾਸ਼ਟਰੀ ਹੱਦਾਂ ਤੱਕ ਸੀਮਿਤ ਨਹੀਂ ਰਹੀ। ਆਰਥਿਕ ਵਿਕਾਸ, ਖੇਤਰੀ ਵਪਾਰਕ ਮਾਰਗਾਂ ਅਤੇ ਸਮੁੰਦਰੀ ਰਣਨੀਤਕ ਮਹੱਤਤਾ ਦੇ ਕਾਰਨ ਇਹ ਦੇਸ਼ ਦੱਖਣੀ ਏਸ਼ੀਆ ਅਤੇ ਇੰਡੋ-ਪੈਸਿਫਿਕ ਰਾਜਨੀਤੀ ਵਿਚ ਇੱਕ ਕੇਂਦਰੀ ਸਥਾਨ ਹਾਸਲ ਕਰ ਚੁੱਕਾ ਹੈ। ਬੰਗਾਲ ਦੀ ਖਾੜੀ ਦੇ ਸਮੁੰਦਰੀ ਮਾਰਗਾਂ, ਖੇਤਰੀ ਕਨੈਕਟੀਵਿਟੀ ਪ੍ਰੋਜੈਕਟਾਂ ਅਤੇ ਆਰਥਿਕ ਸਹਿਯੋਗ ਦੀਆਂ ਨਵੀਆਂ ਯੋਜਨਾਵਾਂ ਨੇ ਬੰਗਲਾਦੇਸ਼ ਦੀ ਭੂਮਿਕਾ ਨੂੰ ਹੋਰ ਮਹੱਤਵਪੂਰਨ ਬਣਾ ਦਿੱਤਾ ਹੈ। ਇਸ ਲਈ ਇੱਥੇ ਹੋਣ ਵਾਲੀਆਂ ਚੋਣਾਂ ਸਿਰਫ਼ ਅੰਦਰੂਨੀ ਰਾਜਨੀਤਕ ਬਦਲਾਅ ਨਹੀਂ ਦਰਸਾਉਂਦੀਆਂ, ਸਗੋਂ ਪੂਰੇ ਖੇਤਰ ਦੀ

ਨੁਕਤਾ -ਏ- ਨਜ਼ਰ



ਗੁਰਪ੍ਰੀਤ ਸਿੰਘ ਬਿਲਿੰਗ
ਫੋਨ 75086-98066
gurpreetnews@gmail.com

ਰਾਜਨੀਤਕ ਦਿਸ਼ਾ 'ਤੇ ਵੀ ਅਸਰ ਪਾਉਂਦੀਆਂ ਹਨ। ਨਵੀਂ ਸਰਕਾਰ ਲਈ ਚੁਣੌਤੀ ਇਹ ਹੋਵੇਗੀ ਕਿ ਉਹ ਅੰਦਰੂਨੀ ਰਾਜਨੀਤਕ ਸਥਿਰਤਾ ਨੂੰ ਕਾਇਮ ਰੱਖਦਿਆਂ ਖੇਤਰੀ ਅਤੇ ਅੰਤਰਰਾਸ਼ਟਰੀ ਸੰਬੰਧਾਂ ਵਿਚ ਸੰਤੁਲਨ ਬਣਾਈ ਰੱਖੇ।

ਇਤਿਹਾਸ ਸਾਨੂੰ ਇਹ ਸਿਖਾਉਂਦਾ ਹੈ ਕਿ ਚੋਣਾਂ ਸਿਰਫ਼ ਵੋਟਾਂ ਦੀ ਗਿਣਤੀ ਨਹੀਂ ਹੁੰਦੀਆਂ; ਸਗੋਂ ਸਮਾਜ ਦੀਆਂ ਡੂੰਘੀਆਂ ਚਿੰਤਾਵਾਂ ਅਤੇ ਉਮੀਦਾਂ ਦਾ ਦਰਪਣ ਹੁੰਦੀਆਂ ਹਨ। ਬੰਗਲਾਦੇਸ਼ ਦੀ 2026 ਚੋਣ ਵੀ ਅਜਿਹੀ ਹੀ ਕਹਾਣੀ ਹੈ, ਜਿੱਥੇ ਬਗਾਵਤ ਦੀ ਗੂੰਜ, ਵੋਟਰਾਂ ਦੀ ਉਮੀਦ ਅਤੇ ਰਾਜਨੀਤਕ ਗਣਿਤ ਇੱਕ ਹੀ ਸਮੇਂ ਮੌਜੂਦ ਸਨ। ਲੋਕ ਬਦਲਾਅ ਦੇ ਨਾਅਰੇ ਲਾਉਂਦੇ ਹਨ, ਪਰ ਵੋਟ ਪਾਉਂਦੇ ਸਮੇਂ ਅਕਸਰ ਸਥਿਰਤਾ ਚੁਣ ਲੈਂਦੇ ਹਨ। ਗੁੱਸਾ ਲਹਿਰ ਬਣ ਸਕਦਾ ਹੈ, ਪਰ ਸੱਤਾ ਆਖ਼ਿਰਕਾਰ ਗਣਿਤ ਦੇ ਪਾਸੇ ਜਾਂਦੀ ਹੈ। ਬੰਗਲਾਦੇਸ਼ ਦੀ ਇਹ ਚੋਣ ਵੀ ਇਨਕਲਾਬ ਨਹੀਂ, ਸਗੋਂ ਇੱਕ ਹਿਸਾਬ ਸੀ।

***ਨੋਟ: ਜਮਾਤ-ਏ-ਇਸਲਾਮੀ ਨੇ 1971 ਦੀ ਬੰਗਲਾਦੇਸ਼ ਮੁਕਤੀ ਜੰਗ ਦੌਰਾਨ ਪਾਕਿਸਤਾਨ ਪੱਖੀ ਭੂਮਿਕਾ ਨਿਭਾਈ ਸੀ।***

## *ਸਿੱਖਾਂ ਦੀ 'ਸਰਬਉਚ ਅਦਾਲਤ'...*

***(ਪਿਛਲੇ ਸਫੇ ਦਾ ਬਾਕੀ)***

ਕਿ ਮੈਂ ਮੱਕਾ ਜਾਵਾਂ, ਮਦੀਨਾ ਜਾਵਾਂ, ਮੈਂ ਪੜ੍ਹਦਾ ਹਾਂ ਕਿ ਗੁਰੂ ਨਾਨਕ ਮੱਕਾ ਗਏ ਸਨ, ਮੈਂ ਇਸ ਦੀਆਂ ਕਹਾਣੀਆਂ ਪੜ੍ਹਦਾ ਹਾਂ ਕਿ ਉਹ ਬਗ਼ਦਾਦ ਗਏ ਸਨ, ਉਹ ਬਾਬਾ ਫਰੀਦ ਸ਼ਕਰਗੰਜ ਦੇ ਮੁਰੀਦ (ਚੇਲੇ) ਸਨ। ਮੈਂ ਇਹ ਸਭ ਕੁਝ ਪੜ੍ਹਦਾ ਹਾਂ ਅਤੇ ਮੇਰੇ ਅੰਦਰ ਬਹੁਤ ਜਜ਼ਬਾਤ ਹਨ। ਫਿਰ ਅੱਗੇ ਚੱਲ ਕੇ ਉਨ੍ਹਾਂ ਨਾਲ ਕੀ ਗੱਲਾਂ ਹੋਈਆਂ ਉਹ ਬਹੁਤ ਲੰਬੀ ਕਹਾਣੀ ਹੈ।'

ਮੌਲਾਣਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਘਰ ਜਾਣ ਬਾਰੇ ਪੱਕੀ ਮੋਹਰ ਲਗਾਉਂਦਾ ਹੋਇਆ ਅੱਗੇ ਇੰਜ ਆਖਦਾ ਹੈ, 'ਉਨ੍ਹਾਂ ਦੀ ਇੱਕ ਛੋਟੀ ਬੱਚੀ, ਦਰਅਸਲ ਮੈਂ ਜਾਣਦਾ ਵੀ ਨਹੀਂ ਸੀ ਕਿ ਇਹ ਉਨ੍ਹਾਂ ਦੀ ਬੱਚੀ ਹੈ, ਉਹ ਕਮਰੇ ਦੇ ਦਰਵਾਜ਼ੇ 'ਤੇ ਆ ਕੇ ਖੜ੍ਹੀ ਹੋ ਜਾਂਦੀ ਸੀ ਅਤੇ ਦੂਰ ਤੋਂ ਸਾਨੂੰ ਦੋਵਾਂ ਨੂੰ ਵੇਖਦੀ ਰਹਿੰਦੀ ਸੀ। ਜਦ ਇੱਕ ਦੋ ਵਾਰ ਇਸ ਤਰ੍ਹਾਂ ਹੋਇਆ ਤਾਂ ਮੈਂ ਉਨ੍ਹਾਂ ਨੂੰ (ਜਥੇਦਾਰ ਨੂੰ) ਕਿਹਾ ਕਿ ਬੱਚੀ ਆਪ ਨੂੰ ਕੁਝ ਕਹਿਣਾ ਚਾਹੁੰਦੀ ਹੈ, ਸ਼ਾਇਦ ਮੇਰੇ ਕਾਰਨ ਅੰਦਰ ਨਹੀਂ ਆ ਰਹੀ ਔਰ ਆਪ ਬੱਚੀ ਦੀ ਗੱਲ ਸੁਣ ਲਉ। ਤਾਂ ਉਨ੍ਹਾਂ ਕਿਹਾ ਨਹੀਂ ਉਹ ਕਹਿਣਾ ਕੁਝ ਨਹੀਂ ਚਾਹੁੰਦੀ ਕਿਉਂਕਿ ਮੈਂ ਘਰ ਵਿਚ ਦੱਸਿਆ ਸੀ ਆਪਣੀ ਘਰਵਾਲੀ ਨੂੰ ਕਿ ਇੱਕ ਸਾਹਿਬ ਆਏ ਹੋਏ ਹਨ ਮੱਕਾ-ਮਦੀਨਾ ਵਾਲੇ ਔਰ ਮਾਂ ਆਪਣੀ ਬੇਟੀ ਨੂੰ ਵਾਰ-ਵਾਰ ਭੇਜ ਰਹੀ ਹੈ ਕਿ ਬੇਟਾ ਘਰ ਮੇਂ (ਅੰਦਰ) ਮਤ ਰਹੋ ਇਹ ਬਹੁਤ ਸ਼ੁਭ ਘੜੀ ਹੈ, ਬੱਸ ਦੂਰ ਤੋਂ ਦਰਸ਼ਨ ਕਰਦੀ ਰਹੋ ਕੋਈ ਸਾਹਿਬ ਆਏ ਹਨ ਮੱਕਾ-ਮਦੀਨਾ ਵਾਲੇ।' ਜਲਸੇ ਵਿਚ ਫਿਰ ਖ਼ੂਬ ਤਾੜੀਆਂ ਵੱਜਦੀਆਂ ਹਨ ਅਤੇ ਇਸ ਮੁਲਾਕਾਤ ਬਾਰੇ ਭਾਸ਼ਣ ਏਥੇ ਖ਼ਤਮ ਹੋ ਜਾਂਦਾ ਹੈ।

ਕਾਸ਼ ਕੁਰਾਨ ਦਾ ਤਰਜਮਾ ਪੰਜਾਬੀ ਵਿਚ ਕਰਨ ਵਾਲੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕੁਰਾਨ ਨੂੰ ਅਸਲ ਵਿਚ ਪੜ੍ਹਿਆ ਹੁੰਦਾ। ਕਾਸ਼ ਇਸਲਾਮ 'ਤੇ ਪੀ.ਐੱਚਡੀ ਕਰਨ ਵਾਲੇ ਜਥੇਦਾਰ ਹਰਪ੍ਰੀਤ ਸਿੰਘ ਨੇ ਇਸਲਾਮਿਕ ਹਦੀਸਾਂ ਨੂੰ ਧਿਆਨ ਨਾਲ ਪੜ੍ਹਿਆ ਹੁੰਦਾ। ਕਾਸ਼ ਹਰਪ੍ਰੀਤ ਸਿੰਘ ਨੇ ਹਜ਼ਰਤ ਮੁਹੰਮਦ ਵਲੋਂ ਮਦੀਨਾ ਦੇ ਇਲਾਕੇ ਵਿਚ ਵੱਸਦੇ ਤਿੰਨ ਜਹੂਦੀ ਕਬੀਲਿਆਂ ਦੇ ਸਮੂਹਕ ਕਤਲੇਆਮ ਬਾਰੇ ਪੜ੍ਹਿਆ ਹੁੰਦਾ ਜਿਸ ਵਿਚ 10 ਕੁ ਸਾਲ ਦੇ ਮੁੰਡੇ ਤੋਂ ਬਜ਼ੁਰਗ ਤੱਕ ਹਰ ਯਹੂਦੀ ਮਰਦ ਕਤਲ ਕਰ ਦਿੱਤਾ ਗਿਆ ਅਤੇ ਹਰ ਔਰਤ ਰਖੇਲ ਬਣਾ ਲਈ ਗਈ। ਮੱਕੇ ਵਿਚ ਦਾਲ ਨਾ ਗਲਦੀ ਵੇਖ ਕੇ ਮੁਹੰਮਦ ਆਪਣੇ 5-6 ਦਰਜਨ ਚੇਲਿਆਂ ਸਮੇਤ ਮੱਕੇ ਤੋਂ ਮਦੀਨੇ ਇੱਕ ਰੂਹਾਨੀ ਸੰਤ ਵਜੋਂ ਅੱਲ੍ਹਾ ਦਾ ਸੁਨੇਹਾ ਲੈ ਕੇ ਮਹਿਮਾਨ ਵਜੋਂ ਗਿਆ ਸੀ। ਕਤਲੇਆਮ ਪਿੱਛੋਂ ਮਦੀਨੇ ਦਾ ਮਾਲਕ ਬਣ ਬੈਠਾ ਅਤੇ ਫਿਰ ਮੱਕਾ ਸਮੇਤ ਹੋਰ ਇਲਾਕਿਆਂ 'ਤੇ ਹਮਲੇ, ਕਤਲੇਆਮ ਅਤੇ ਕਬਜ਼ੇ ਕਰਦਾ ਗਿਆ। ਇਹ ਸਾਰੀਆਂ ਗੱਲਾਂ ਇਸਲਾਮ ਵਿਰੋਧੀਆਂ ਦੀਆਂ ਨਹੀਂ ਹਨ, ਸਗੋਂ ਪਵਿਤਰ ਹਦੀਸਾਂ ਵਿਚ ਦਰਜ ਹਨ। ਜਥੇਦਾਰ ਨੇ ਤੁਲਨਾਤਮਿਕ ਅਧਿਐਨ ਦੇ ਖੇਤਰ 'ਚ ਡਾਕਟਰੇਟ ਕੀਤੀ ਹੋਈ ਹੈ। ਕਾਸ਼ ਉਸਨੇ ਪੰਜਾਬ ਯੂਨੀਵਰਸਿਟੀ ਵਿਚੋਂ ਸਰ ਵਿਲੀਅਮ ਮੈਮੂਰ ਜਾਂ ਕਿਸੇ ਹੋਰ ਚੱਜ ਦੇ ਵਿਦਵਾਨ ਦੀ ਮੁਹੰਮਦ ਸਾਹਿਬ ਦੀ ਜੀਵਨੀ ਪੜ੍ਹੀ ਹੁੰਦੀ। ਸੰਸਾਰ ਪ੍ਰਸਿਧ ਸੁਮਾਲੀਅਨ ਬੁੱਧੀਜੀਵੀ ਔਰਤ ਈਅਨ ਹੀਰਸੀ ਅਲੀ ਦੀ ਕੋਈ ਕਿਤਾਬ ਪੜ੍ਹੀ ਹੁੰਦੀ ਜਾਂ ਕੋਈ ਲੈਕਚਰ ਸੁਣਿਆ ਹੁੰਦਾ ਜੋ ਇੱਕ ਕੱਟੜ ਇਸਲਾਮਿਕ ਪਰਿਵਾਰ ਵਿਚ ਪੈਦਾ ਹੋਈ ਸੀ ਅਤੇ ਫਿਰ ਸਵੀਡਨ ਪਲਾਇਨ ਕਰ ਗਈ ਤੇ ਸੰਸਦ ਮੈਂਬਰ ਵੀ ਰਹੀ। ਸਵੀਡਨ ਛੱਡ ਕੇ ਹੁਣ ਉਹ ਅਮਰੀਕਾ ਜਾ ਵਸੀ ਹੈ ਅਤੇ ਇਸਲਾਮ ਦੀ ਮਾਹਿਰ ਮੰਨੀ ਜਾਂਦੀ ਹੈ। ਮੇਰੀ ਹਰਪ੍ਰੀਤ ਸਿੰਘ ਨੂੰ ਸਲਾਹ ਹੈ ਕਿ ਪਾਕਿਸਤਾਨੀ ਮੂਲ ਦੇ ਵਿਦਵਾਨ ਇਵਨ ਬਰਗ ਦੀ ਕਿਤਾਬ 'ਵਾਈ ਆਈ ਐਮ ਨੌਟ ਮੁਸਲਿਮ' ਜ਼ਰੂਰ ਪੜ੍ਹ ਲੈਣੀ ਚਾਹੀਦੀ ਹੈ। ਉਸਨੂੰ ਇਸਲਾਮ ਬਾਰੇ ਚਾਨਣ ਹੋ ਜਾਵੇਗਾ। ਕਾਸ਼ ਹਰਪ੍ਰੀਤ ਸਿੰਘ ਨੇ ਇਰਾਨ ਦੇ ਜੰਮਪਲ ਮੁਸਲਮਾਨ ਅਲੀ ਸੀਨਾ ਦੀ ਕਿਤਾਬ 'ਅੰਡਰਸਟੈਂਡਿੰਗ ਮੁਹੰਮਦ' ਪੜ੍ਹੀ ਹੁੰਦੀ ਜੋ ਅੰਗਰੇਜ਼ੀ, ਹਿੰਦੀ, ਉਰਦੂ ਅਤੇ ਹੋਰ ਭਾਸ਼ਾਵਾਂ ਵਿਚ ਨੈੱਟ 'ਤੇ ਮੁਫਤ ਉਪਲੱਬਧ ਹੈ। ਕਾਸ਼ ਹਰਪ੍ਰੀਤ ਸਿੰਘ ਨੇ ਚੋਟੀ ਦੇ ਸਾਬਕਾ ਮੁਸਲਮਾਨਾਂ ਵਿਚੋਂ ਕਿਸੇ ਨੂੰ ਯੂਟਿਊਬ 'ਤੇ ਸੁਣਿਆ ਹੁੰਦਾ, ਜਿਨ੍ਹਾਂ ਵਿਚ ਸਲੀਮ ਵਾਸਟਿਕ, ਅਵੇਸ ਇਕਬਾਲ, ਕੁਰਾਨਵਾਲਾ, ਸਾਹਿਲ, ਐਡਮ ਸੀਕਰ, ਹੈਰਿਸ ਸੁਲਤਾਨ ਵਰਗੇ ਦਰਜਨਾਂ ਮਾਹਿਰ ਸ਼ਾਮਲ ਹਨ। ਕਾਸ਼ ਜਥੇਦਾਰ ਹਰਪ੍ਰੀਤ ਸਿੰਘ ਨੇ ਸਿੱਖ ਇਤਿਹਾਸ ਅਤੇ ਇਸਲਾਮਿਕ ਕਹਿਰ ਦਾ ਇਤਿਹਾਸ ਹੀ ਪੜ੍ਹਿਆ ਹੁੰਦਾ।

ਜਥੇਦਾਰ ਜਿਸ ਮੌਲਾਨਾ ਸਜਾਦ ਨੋਮਾਨੀ ਦੇ ਮੁਰੀਦ ਬਣ ਕੇ ਜ਼ਮੀਨ 'ਤੇ ਬੈਠ ਗਏ ਸਨ। ਉਹ ਮੌਲਾਨਾ ਅਫ਼ਗਾਨਿਸਤਾਨ ਵਿਚ ਤਾਲਿਬਾਨ ਹਕੂਮਤ ਦਾ ਸਮਰਥਕ ਹੈ ਅਤੇ ਲੜਕੀਆਂ ਦੀ ਵਿਦਿਆ ਦੇ ਬਿਲਕੁਲ ਖ਼ਿਲਾਫ਼ ਹੈ। ਏਥੋਂ ਤੱਕ ਕਿ ਉਹ ਲੜਕੀਆਂ ਨੂੰ ਬੁਰਕਾ ਪਾ ਕੇ ਸਕੂਲ ਭੇਜਣ ਦੇ ਵੀ ਖ਼ਿਲਾਫ਼ ਹੈ। ਜਥੇਦਾਰ ਹਰਪ੍ਰੀਤ ਸਿੰਘ ਇਸ ਮੌਲਾਣਾ ਦਾ ਮੁਰੀਦ ਬਣ ਕੇ ਜ਼ਮੀਨ 'ਤੇ ਬੈਠ ਜਾਂਦਾ ਹੈ। ਇਸਲਾਮ ਵਿਚ ਜੇ ਕਿਸੇ ਔਰਤ ਦਾ ਬਲਾਤਕਾਰ ਹੋ ਜਾਵੇ ਤਾਂ ਔਰਤ ਨੂੰ ਬਲਾਤਕਾਰ ਦਾ ਦੋਸ਼ ਲਗਾਉਣ ਲਈ ਚਾਰ ਮਰਦ ਗਵਾਹ ਚਾਹੀਦੇ ਹਨ ਨਹੀਂ ਤਾਂ ਉਲਟਾ ਔਰਤ ਨੂੰ ਚਰਿੱਤਰਹੀਣ ਦੇ ਦੋਸ਼ ਦਾ ਸਾਹਮਣਾ ਕਰਨਾ ਪੈਂਦਾ ਹੈ। ਔਰਤ ਦੀ ਗਵਾਹੀ ਮਰਦ ਨਾਲੋਂ ਅੱਧੀ ਗਿਣੀ ਜਾਂਦੀ ਹੈ ਭਾਵ ਕਿਸੇ ਕੇਸ ਵਿਚ ਇੱਕ ਮਰਦ ਗਵਾਹ ਦੇ ਬਰਾਬਰ ਦੋ ਔਰਤ ਗਵਾਹ ਹੋਣ ਦੇ ਬਰਾਬਰ ਹੁੰਦਾ ਹੈ। ਮਰਦ ਚਾਰ ਔਰਤਾਂ ਨਾਲ ਵਿਆਹ ਕਰ ਸਕਦਾ ਅਤੇ ਦੀਨ ਮੁਤਾਬਿਕ ਘਰਵਾਲੀਆਂ ਦੀ ਕੁੱਟਮਾਰ ਵੀ ਕਰ ਸਕਦਾ ਹੈ ਪਰ ਸ਼ਰਤ ਏਨੀ ਹੈ ਕਿ ਕੁੱਟ ਦੇ ਨਿਸ਼ਾਨ (ਨੀਲ) ਨਾ ਪੈਣ। ਪਰ ਇਸਲਾਮ 'ਤੇ ਪੀ.ਐੱਚਡੀ ਕਰਨ ਵਾਲਾ ਹਰਪ੍ਰੀਤ ਸਿੰਘ ਸਿੱਖੀ ਅਤੇ ਇਸਲਾਮ ਵਿਚ ਵਿਸ਼ਵਾਸ ਦੀ ਵੱਡੀ ਸਾਂਝ ਦੱਸਦਾ ਹੈ।

ਜੋ ਸ਼ਰਧਾਲੂ ਸ੍ਰੀ ਅਕਾਲ ਤਖ਼ਤ ਨੂੰ ਸਰਬਉੱਚ, ਸਿੱਖੀ ਦੀ ਸ਼ਾਨ ਅਤੇ ਜਥੇਦਾਰ ਨੂੰ ਸਿੱਖਾਂ ਦੀ ਇਸ ਸਰਬਉਚ ਅਦਾਲਤ ਦਾ ਗਾਰਡੀਅਨ ਸਮਝਦੇ ਹਨ ਉਨ੍ਹਾਂ ਨੂੰ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਲੋਂ ਮੱਕਾ-ਮਦੀਨਾ ਹੋ ਆਏ ਕੱਟੜਪੰਥੀ ਦਿਉਬੰਦੀ ਮੌਲਵੀ ਸਾਹਮਣੇ ਕੁਰਸੀ ਤੋਂ ਉਠ ਕੇ ਫਰਸ਼ 'ਤੇ ਬੈਠ ਜਾਣ ਬਾਰੇ ਆਪਣਾ ਨਜ਼ਰੀਆ ਸਪੱਸ਼ਟ ਕਰਨਾ ਚਾਹੀਦਾ ਹੈ। ਇਹ ਕੰਮ ਗਿਆਨੀ ਹਰਪ੍ਰੀਤ ਸਿੰਘ ਨੇ ਉਸ ਵਕਤ ਕੀਤਾ ਸੀ ਜਦ ਉਹ ਸ੍ਰੀ ਅਕਾਲ ਤਖ਼ਤ ਦਾ ਕਾਇਮ ਮੁਕਾਮ ਜਥੇਦਾਰ ਸੀ ਅਤੇ ਉਸ ਨੇ ਮੌਲਵੀ ਨੂੰ ਅਦਬ ਨਾਲ ਗੋਡਿਆਂ ਭਾਰ ਹੋ ਕੇ ਕੁਰਾਨ ਦੇ ਗੁਰਮੁਖੀ ਉਲੱਥੇ ਵਾਲੀ ਆਪਣੀ ਕਿਤਾਬ ਵੀ ਭੇਟ ਕੀਤੀ ਸੀ। ਮੌਲਵੀ ਮੁਤਾਬਿਕ ਹਰਪ੍ਰੀਤ ਸਿੰਘ ਨੇ ਆਖਿਆ ਸੀ ਕਿ ਬਾਬਾ ਨਾਨਕ ਸ਼ੇਖ ਫਰੀਦ ਦੇ ਮੁਰੀਦ ਸਨ। ਅੱਜ ਅਗਰ ਰਵੀਦਾਸੀਏ ਆਪਣੇ ਇਸ਼ਟ ਗੁਰੂ ਰਵੀਦਾਸ ਨੂੰ 'ਗੁਰੂ' ਆਖਣ ਤਾਂ ਜਥੇਦਾਰਾਂ ਨੂੰ ਸਖਤ ਇਤਰਾਜ਼ ਹੁੰਦਾ ਹੈ ਅਤੇ ਨਸੀਹਤ ਕਰਦੇ ਹਨ ਕਿ ਰਵੀਦਾਸ ਨੂੰ ਸੰਤ ਆਖੋ। ਪਰ ਜਥੇਦਾਰ ਤਾਂ ਬਾਬਾ ਨਾਨਕ ਨੂੰ ਬਾਬਾ ਫਰੀਦ ਦਾ ਮੁਰੀਦ (ਚੇਲਾ) ਸਮਝਦਾ ਹੈ।

ਮੌਲਵੀ ਦੇ ਇਸ ਭਾਸ਼ਣ ਦੀ ਵੀਡੀਓ ਪਹਿਲਾਂ ਹੀ ਜਨਤਕ ਹੈ ਅਤੇ ਭਾਰਤੀ ਮਹਾਂਦੀਪ ਦੇ ਮੁਸਲਮਾਨਾਂ ਵਿਚ ਵਾਇਰਲ ਹੋ ਗਈ ਹੈ, ਪਰ ਕੀ ਸਿੱਖ ਸ਼ਰਧਾਲੂ ਅਜੇ ਸੁੱਤੇ ਹੋਏ ਹਨ। ਉਨ੍ਹਾਂ ਦਾ ਇਸ ਇਤਰਾਜ਼ਯੋਗ ਵੀਡੀਓ ਵੱਲ ਧਿਆਨ ਕਿਉਂ ਨਹੀਂ ਗਿਆ?

# ਕੀ ਰਿਸ਼ਤਿਆਂ ਨੂੰ ਮਰਨ ਤੋਂ ਬਚਾਇਆ ਜਾ ਸਕਦੈ?

ਆਪਾਂ ਹਰ ਰੋਜ਼ ਜ਼ਿੰਦਗੀ ਵਿਚ ਕੁਝ ਨਾ ਕੁਝ ਨਵਾਂ ਸਿੱਖਦੇ ਹਾਂ। ਨਵੇਂ ਲੋਕਾਂ ਨੂੰ ਮਿਲਦੇ ਹਾਂ, ਕਈਆਂ ਤੋਂ ਵਿਛੜਦੇ ਹਾਂ ਤੇ ਕਈਆਂ ਦੀ ਬੇਇਨਸਾਫੀ, ਬੇਹੂਦਗੀ ਬਰਦਾਸ਼ਤ ਨਹੀਂ ਕਰਦੇ ਤੇ ਉਨ੍ਹਾਂ ਨੂੰ ਅਲਵਿਦਾ ਕਹਿ ਕੇ ਦਰਵਾਜ਼ੇ ਤਕ ਛੱਡ ਵੀ ਆਉਂਦੇ ਹਾਂ। ਨਾਲ ਕਹਿ ਵੀ ਦੇਈਦਾ ਇਸ ਰਾਹ ਵਲ ਮੁੜ ਕੇ ਨਾ ਵੇਖੀਂ।



ਕੀ ਖੱਟਿਆ, ਕੀ ਗਵਾਇਆ, ਰਿਸ਼ਤਿਆਂ ਨੂੰ ਜੋ ਜਮ੍ਹਾਂ ਜਾਂ ਘਟਾਉਣਾ ਜਾਣਦੇ ਹਨ ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਰਿਸ਼ਤੇ ਦੇ ਮਰ ਜਾਣ 'ਤੇ ਘਾਟਾ ਕਿਸਨੂੰ ਪੈਣਾ ਹੈ।

ਕਈ ਲੋਕ ਜ਼ਿੰਦਗੀ 'ਚ ਸਾਨੂੰ ਮਾੜੇ ਸਬਕ ਸਿਖਾ ਕੇ ਜਾਂਦੇ ਹਨ ਤੇ ਕਈਆਂ ਤੋਂ ਵਧੀਆ ਸਬਕ ਸਿੱਖਦੇ ਹਾਂ। ਇਨਸਾਨੀ ਫਿਤਰਤ ਹੈ ਬੰਦਾ ਲੋਕਾਂ ਤੋਂ ਬਿਨਾਂ ਜੀਅ ਨਹੀਂ ਸਕਦਾ ਤੇ ਬਹੁਤੀਆਂ ਥਾਵਾਂ 'ਤੇ ਸਾਡੀ ਰੋਜ਼ਾਨਾ ਜ਼ਿੰਦਗੀ ਵਿਚ ਲੋਕਾਂ ਨਾਲ ਹੀ ਵਾਹ ਪੈਂਦਾ ਹੈ।



ਦੇਵਿੰਦਰ ਕੌਰ ਧਾਲੀਵਾਲ

ਜੇ ਰਿਸ਼ਤਿਆਂ ਦੀ ਗੱਲ ਕਰੀਏ ਤਾਂ ਜਿਸ ਰਿਸ਼ਤੇ ਵਿਚ ਮਾਣ, ਇੱਜ਼ਤ, ਚਾਅ ਜਾਂ ਮਿਲਣ ਦੀ ਖਿੱਚ ਜਾਂ ਖਾਹਿਸ਼ ਨਹੀਂ, ਇਹੋ ਜਿਹੇ ਰਿਸ਼ਤੇ ਦੇਖਣ ਨੂੰ ਜਿਉਂਦੇ ਹਨ ਪਰ ਅੰਦਰੋਂ ਉਨ੍ਹਾਂ ਦੀ ਆਤਮਾ ਮਰੀ ਹੁੰਦੀ ਹੈ।

ਤੰਗ ਜੁੱਤੀ ਨਾਲ ਬੰਦਾ ਬਹੁਤੀ ਦੇਰ ਤੁਰ ਨਹੀਂ ਸਕਦਾ ਤੇ ਬੇ-ਬੁਨਿਆਦ ਰਿਸ਼ਤੇ ਵੀ ਨਿਭਾ ਨਹੀਂ ਸਕਦਾ। ਇਹੋ ਜਿਹੇ ਰਿਸ਼ਤਿਆਂ ਦੀ ਉਮਰ ਵੀ ਥੋੜ੍ਹ-ਚਿਰ ਹੁੰਦੀ ਹੈ। ਜਿਸ ਘਰ ਵਿਚ ਬੰਦਿਆਂ ਦੀ ਘਾਟ ਹੋਵੇ ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਇਨਸਾਨੀ ਰਿਸ਼ਤੇ ਦੀ ਕੀ ਅਹਿਮੀਅਤ ਹੈ। ਅੱਜ-ਕੱਲ੍ਹ ਭਰਾ-ਭੈਣਾਂ ਇਕ ਦੂਸਰੇ ਦੇ ਹੱਕ ਖੋਹ ਰਹੇ ਹਨ, ਠੱਗੀਆਂ ਆਪਣੇ ਨਾਲ ਦੇ ਜੰਮਣ ਵਾਲਿਆਂ ਨਾਲ ਮਾਰ ਰਹੇ ਹਨ, ਖ਼ੂਨ ਚਿੱਟਾ ਹੋ ਗਿਆ। ਭੈਣਾਂ-ਭਰਾਵਾਂ ਨੂੰ ਸਿਰਫ਼ ਜਾਇਦਾਦਾਂ ਨਾਲ ਪਿਆਰ ਹੈ। ਉਨ੍ਹਾਂ ਲਈ ਇਨਸਾਨੀ ਰਿਸ਼ਤੇ ਕੋਈ ਮਾਇਨੇ ਨਹੀਂ ਰੱਖਦੇ।

ਕਈ ਰਿਸ਼ਤਿਆਂ ਨੂੰ ਇਕ ਪਾਸਾ ਬਚਾਉਣਾ ਚਾਹੁੰਦਾ ਤੇ ਦੂਸਰਾ ਪਾਸਾ ਟੀਟਣਾਂ ਦਿਖਾਉਂਦਾ ਉਥੇ ਰਿਸ਼ਤੇ ਨੂੰ ਬਚਾਉਣ ਨਾਲੋਂ ਤੋੜਨ ਵਾਲਿਆਂ ਦੇ ਦੰਦ ਖੱਟੇ ਕਰਨੇ ਚਾਹੀਦੇ ਹਨ। ਅੰਤ ਵਿਚ ਕਹਾਂਗੀ ਹਰ ਰਿਸ਼ਤੇ ਨੂੰ ਜਿਉਂਦਾ ਰੱਖਣ ਲਈ ਬਹੁਤ ਤਾਕਤ ਤੇ ਸਮਾਂ ਲਗਦਾ ਹੈ ਜਿਵੇਂ ਕਿਸੇ ਪੌਦੇ ਨੂੰ ਵੱਡਾ ਕਰਨ ਵਿਚ ਉਸਨੂੰ ਖਾਦ ਤੇ ਲੋੜ ਅਨੁਸਾਰ ਪਾਣੀ ਦੇਣਾ ਪੈਂਦਾ ਹੈ, ਇਸੇ ਤਰ੍ਹਾਂ ਰਿਸ਼ਤਿਆਂ ਨੂੰ ਵੀ ਸੰਭਾਲਣਾ ਪੈਂਦਾ ਹੈ। ਕਈ ਵਾਰ ਬੰਦਾ ਆਪਣਿਆਂ ਤੋਂ ਤਾਂ ਦੂਰੀ ਬਣਾ ਕੇ ਰੱਖਦਾ ਪਰ ਦੂਸਰਿਆਂ ਨੂੰ ਆਪਣਾ ਬਣਾਉਣ ਵਿਚ ਅੱਡੀ ਚੋਟੀ ਦਾ ਜ਼ੋਰ ਲਾਉਂਦਾ ਹੈ।

ਇਹ ਸਭ ਕਲਯੁੱਗ ਦੀ ਨਿਸ਼ਾਨੀ ਹੈ
ਕਿਸੇ ਸਿਆਣੇ ਦਾ ਕਿਹਾ ਅਖਾਣ ਹੈ,
ਕਿ ਦੂਜਿਆਂ ਨੂੰ ਮੈਂ ਗਲ ਨਾਲ ਲਾਵਾਂ
ਆਪਣਿਆਂ ਦੇ ਗਿੱਟੇ ਭੰਨਾਂ।

ਜੇ ਵੇਖਿਆ ਜਾਵੇ ਤਾਂ ਔਖੇ ਵੇਲੇ ਆਪਣੇ ਹੀ ਕੰਮ ਆਉਂਦੇ ਹਨ।

# ਅਜੇ ਵੀ ਚਮਕਦੀ ਹੈ ਚਮਕੀਲੇ ਦੀ ਚਮਕ

ਕਿਸੇ ਸਮੇਂ ਗਾਇਕ ਜੋੜੀ ਅਮਰ ਸਿੰਘ ਚਮਕੀਲਾ ਅਤੇ ਅਮਰਜੋਤ ਦੀ ਤੂਤੀ ਬੋਲਦੀ ਸੀ। ਇਸ ਨੂੰ 20ਵੀਂ ਸਦੀ ਦੀ ਪ੍ਰਸਿੱਧ ਜੋੜੀ ਕਿਹਾ ਜਾ ਸਕਦਾ ਹੈ। 8 ਮਾਰਚ 1988 ਦੇ ਦਿਨ ਜ਼ਿਲ੍ਹਾ ਜਲੰਧਰ ਦੇ ਪਿੰਡ ਮਹਿਸਮਪੁਰ ਵਿਚ ਇਕ ਵਿਆਹ ਸਮਾਗਮ ਮੌਕੇ ਇਸ ਗਾਇਕ ਜੋੜੀ ਨੂੰ ਆਪਣੇ ਸਾਥੀਆਂ ਸਮੇਤ ਗੋਲੀਆਂ ਨਾਲ ਭੁੰਨ ਦਿੱਤਾ ਗਿਆ ਸੀ। ਗਾਇਕ ਅਮਰ ਸਿੰਘ ਚਮਕੀਲਾ ਅਤੇ ਉਸ ਦੀ ਸਾਥਣ



ਗਾਇਕਾ ਅਮਰਜੋਤ ਕੌਰ 'ਤੇ ਅਕਸਰ ਇਲਜ਼ਾਮ ਲੱਗਦੇ ਸਨ ਕਿ ਉਹ 'ਤੱਤੇ- ਤੱਤੇ' ਗੀਤ ਗਾਉਂਦੇ ਸਨ। ਦੋਗਾਣੇ ਗੀਤਾਂ ਵਿਚ ਜਿਸ ਤਰ੍ਹਾਂ ਚਮਕੀਲੇ ਦਾ 'ਗ੍ਰਾਮ' ਸੀ, ਉਸ ਤੋਂ ਆਮ ਗਾਇਕ ਵੀ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ





ਸਕਿਆ। ਉਸ ਵੇਲੇ ਚੰਗੀਆਂ ਚੰਗੀਆਂ ਗਾਇਕ ਜੋੜੀਆਂ ਨੂੰ ਉਨ੍ਹਾਂ ਨੇ ਲੀਹੋਂ ਲਾਹ ਦਿੱਤਾ ਸੀ ਤੇ ਕੁਝ ਸਮਾਂ ਉਹ ਗਾਇਕਾਂ ਦੀ ਮਾਰਕੀਟ 'ਚ ਸਿਖ਼ਰ 'ਤੇ ਰਹੇ। ਉਨ੍ਹਾਂ ਦੇ ਗੀਤ ਅੱਜ ਵੀ ਉਸੇ ਤਰ੍ਹਾਂ ਮਕਬੂਲ ਹਨ।

**ਜਨਮ ਤੇ ਵਿਆਹ**–ਲੁਧਿਆਣੇ ਦੀ ਜੂਹ ਵਿਚ ਵਸਦੇ ਪਿੰਡ ਦੁਗਰੀ ਦਾ ਚਮਕੀਲਾ 21 ਜੁਲਾਈ 1960 ਨੂੰ ਬੀਬੀ ਕਰਤਾਰ ਕੌਰ ਦੀ ਕੁੱਖੋਂ ਹਰੀ ਸਿੰਘ ਦੇ ਘਰ ਪੈਦਾ ਹੋਇਆ ਸੀ। ਪਰਿਵਾਰ ਦੀ ਮਾਲੀ ਹਾਲਤ ਬਹੁਤੀ ਚੰਗੀ ਨਹੀਂ ਸੀ। ਉਹ ਮਾਪਿਆਂ ਦਾ ਲਾਡਲਾ ਜੇਠਾ ਪੁੱਤ ਦੋ ਭੈਣਾਂ ਸਵਰਨ ਕੌਰ, ਚਰਨ ਕੌਰ, ਭਰਾ ਅਵਤਾਰ ਤਾਰੀ ਤੇ ਲਸ਼ਕਰ ਦਾ ਲਾਡਲਾ ਵੀਰ ਸੀ। ਛੋਟੀ ਉਮਰੇ ਮਾਂ ਦਾ ਸਾਇਆ ਸਿਰ ਤੋਂ ਉੱਠ ਜਾਣ ਕਰ ਕੇ ਬਚਪਨ ਵਿਚ ਹੀ ਉਸ ਦਾ ਵਿਆਹ ਨੰਗਲ ਖੁਰ (ਨੇੜੇ ਪੱਖੋਵਾਲ) ਦੀ ਬੀਬੀ ਗੁਰਮੇਲ ਕੌਰ ਨਾਲ ਹੋ ਗਿਆ ਸੀ।

**ਘਰ ਦੀ ਕਬੀਲਦਾਰੀ ਦਾ ਬੋਝ**–ਚਮਕੀਲਾ ਬਹੁਤਾ ਪੜ੍ਹ ਨਾ ਸਕਿਆ ਕਿਉਂਕਿ ਉਸ ਦੇ ਮੋਢਿਆਂ 'ਤੇ ਘਰ ਦੀ ਕਬੀਲਦਾਰੀ ਦਾ ਬੋਝ ਪੈ ਗਿਆ ਸੀ। ਉਸ ਵੇਲੇ ਉਸਤਾਦ ਗਾਇਕ ਸੁਰਿੰਦਰ ਛਿੰਦੇ ਨੇ ਚਮਕੀਲੇ ਦੀ ਕਾਫੀ ਮਦਦ ਕੀਤੀ ਸੀ, ਜਿਨ੍ਹਾਂ ਸਦਕਾ ਉਸ ਨੇ ਆਪਣੀਆਂ ਦੋਵੇਂ ਭੈਣਾਂ ਦਾ ਵਿਆਹ ਕੀਤਾ। ਉਸ ਵੇਲੇ ਚਮਕੀਲੇ ਦੀ ਦੂਜੀ ਪਤਨੀ ਅਮਰਜੋਤ ਨੇ ਦੋ ਬੇਟਿਆਂ ਨੂੰ ਜਨਮ ਦਿੱਤਾ ਸੀ। ਛੋਟਾ ਲੜਕਾ ਇਸ ਜੋੜੀ ਦੇ ਕਤਲ ਹੋਣ ਮਗਰੋਂ ਇਕ ਮਹੀਨੇ ਬਾਅਦ ਹੀ ਪੂਰਾ ਹੋ ਗਿਆ ਸੀ। ਦੂਜਾ ਲੜਕਾ ਜੈਮਨ ਚਮਕੀਲਾ ਚੰਗਾ ਗਾਇਕ ਹੈ, ਜੋ ਆਪਣੇ ਪਿਤਾ ਦੇ ਨਕਸ਼ੇ ਕਦਮਾਂ 'ਤੇ ਚੱਲ ਰਿਹਾ ਹੈ। ਇਸ ਵੇਲੇ ਚਮਕੀਲੇ ਦੀ ਪਹਿਲੀ ਪਤਨੀ ਗੁਰਮੇਲ ਕੌਰ ਪਿੰਡ ਦੁਗਰੀ ਵਿਖੇ ਆਪਣੀਆਂ ਦੋ ਬੇਟੀਆਂ ਨਾਲ ਆਪਣਾ ਜੀਵਨ ਬਤੀਤ ਕਰ ਰਹੀ ਹੈ।

**ਨੌਜਵਾਨਾਂ ਦਾ ਸੀ ਚਹੇਤਾ ਗਾਇਕ**–ਇਕ ਸਮਾਂ ਇਹ ਵੀ ਆ ਗਿਆ ਸੀ ਕਿ ਡੀਲਰ ਸੁੱਖਾਂ ਸੁੱਖਦੇ ਸਨ ਕਿ ਚਮਕੀਲੇ ਦਾ ਕੋਈ ਰਿਕਾਰਡ ਜਾਂ ਕੈਸਟ ਆਵੇ ਤਾਂ ਚਾਰ ਪੈਸੇ ਕਮਾਏ ਜਾਣ। ਜਿਸ ਢੰਗ ਨਾਲ ਚਮਕੀਲੇ ਦੀ ਆਲੋਚਨਾ ਹੋਈ ਸੀ ਇਸ ਦੇ ਬਾਵਜੂਦ ਉਹ ਗਾਇਕਾਂ ਦੀ ਮਾਰਕੀਟ 'ਚ ਥੱਲੇ ਨਹੀਂ ਡਿੱਗਿਆ। ਕਈ ਗਾਇਕ ਜੋੜੀਆਂ ਦੇ ਹੌਸਲੇ ਵੀ ਪਸਤ ਹੋਏ ਸਨ। ਕਈਆਂ ਨੇ ਆਪਣੇ ਸਿਰੋਂ ਪੱਗ ਖਿਸਕਦੀ ਦੇਖ ਕੇ ਉਸ ਦੀ ਨਿੰਦਿਆ ਹੀ ਸ਼ੁਰੂ ਕਰ ਦਿੱਤੀ ਸੀ। ਉਸ ਦੇ ਦੋਗਾਣੇ ਆਮ ਪੇਂਡੂ ਲੋਕਾਂ ਵਿਚ ਮਕਬੂਲ ਹੋਣ ਕਰ ਕੇ ਜਵਾਨ ਪੀੜ੍ਹੀ ਦਾ ਉਹ ਚਹੇਤਾ ਗਾਇਕ ਬਣ ਗਿਆ ਸੀ।

**ਮਿਲਣ ਲੱਗੀਆਂ ਧਮਕੀਆਂ** – 'ਤੱਤੇ-ਤੱਤੇ' ਗੀਤ ਗਾਉਣ ਬਦਲੇ ਉਨ੍ਹਾਂ ਨੂੰ ਧਮਕੀਆਂ ਮਿਲਣ ਲੱਗੀਆਂ ਤਾਂ ਆਪਣੀ ਭੁੱਲ ਬਖਸ਼ਾਉਂਦਿਆਂ ਉਨ੍ਹਾਂ ਨੇ 'ਸੋਨੋਟੋਨ' ਕੰਪਨੀ ਵਿਚ ਕੈਸਟ ਤੇ ਰਿਕਾਰਡ 'ਨਾਮ ਜਪ ਲੈ' ਟਾਈਟਲ ਹੇਠ ਧਾਰਮਿਕ ਗੀਤ ਰਿਲੀਜ਼ ਕੀਤੇ। ਹੈਰਾਨੀ ਦੀ ਗੱਲ ਇਹ ਸੀ ਕਿ ਇਹ ਕੈਸਟ ਵੀ ਬਲੈਕ 'ਚ ਵਿੱਕੀ। ਬਾਅਦ ਵਿਚ ਐਚ.ਐੱਮ.ਵੀ. ਕੰਪਨੀ ਨੇ 'ਸਾਥੋਂ ਬਾਬਾ ਖੋਹ ਲਿਆ ਤੇਰਾ ਨਨਕਾਣਾ' ਕੈਸਟ ਰਿਲੀਜ਼

## ਕਲਾ ਪਰਿਕਰਮਾ

ਕਰਵਾਈ।

**38ਵੀਂ ਬਰਸੀ 'ਤੇ ਸੱਭਿਆਚਾਰਕ ਮੇਲਾ**–ਚਮਕੀਲਾ ਤੇ ਅਮਰਜੋਤ ਸੱਭਿਆਚਾਰਕ ਕਲੱਬ ਵੱਲੋਂ ਉਨ੍ਹਾਂ ਦੀ 38ਵੀਂ ਬਰਸੀ 'ਤੇ 8 ਮਾਰਚ ਨੂੰ ਪਿੰਡ ਦੁਗਰੀ ਵਿਖੇ ਇੱਕ ਸੱਭਿਆਚਾਰਕ ਮੇਲਾ ਕਰਵਾਇਆ ਗਿਆ ਹੈ। ਮੇਲੇ ਦੇ ਪ੍ਰਬੰਧਾਂ ਵਿਚ ਬੀਬੀ ਗੁਰਮੇਲ ਕੌਰ, ਵਿਧਾਇਕ ਕੁਲਵੰਤ ਸਿੰਘ ਸਿੱਧੂ, ਵਿਧਾਇਕ ਗੁਰਦੇਵ ਸਿੰਘ ਦੇਵ ਮਾਨ, ਬੀਬਾ ਅਮਨਦੀਪ ਕੌਰ, ਬਲਤੇਜ ਸਰਾਂ, ਦਿਲਰਾਜ ਸਿੰਘ ਪਿੰਕਾ, ਗਾਇਕਾ ਅਮਰ ਰੋਜ਼ੀ ਨੇ ਪ੍ਰਮੁੱਖ ਯੋਗਦਾਨ ਪਾਇਆ।

# 'ਪਰੀ' ਹਰ ਵਰਗ ਦੀ ਪਹਿਲੀ ਪਸੰਦ ਬਣਿਆ

ਚਰਚਿਤ ਲੋਕ ਗਾਇਕ 'ਪੰਮਾ ਸਾਹਿਰ' ਪੰਜਾਬੀ ਸੰਗੀਤ ਜਗਤ ਦੀ ਓਸ ਮਾਣਮੱਤੀ ਸਖਸ਼ੀਅਤ ਨਾਲ, ਤੁਹਾਡੀ ਰੂਹਦਾਰੀ ਦੀ ਸਾਂਝ ਪਵਾਉਣ ਜਾ ਰਹੇ ਹਾਂ। ਜਿਨਾਂ ਦੇਸ ਵਿਦੇਸ਼ ਵਿੱਚ ਆਪਣੀ ਖੂਬਸੂਰਤ ਬੁਲੰਦ ਆਵਾਜ਼ ਨਾਲ ਇੱਕ ਵਿਲੱਖਣ ਭੱਲ ਸਥਾਪਿਤ ਕੀਤੀ। ਜਿਹਨਾਂ ਪੰਜਾਬ

ਸ਼ਿਵਨਾਥ ਦਰਦੀ

ਬਹੁਤ ਸਾਰੀਆ ਸੁਰੀਲੀਆਂ ਲੋਕ ਗਾਇਕਾਵਾਂ ਨਾਲ ਗਾ ਕੇ ਸੰਗੀਤ ਇੰਡਸਟ੍ਰੀਜ ਵਿੱਚ ਨਵੇ ਮੁਕਾਮ ਬਣਾਏ,ਜਿਵੇਂ ਕਿ ਸੁਦੇਸ਼ ਕੁਮਾਰੀ, ਮਿਸ ਪੂਜਾ, ਜੈਸਮੀਨ ਅਖਤਰ,ਗੁਰਲੇਜ ਅਖਤਰ, ਪਾਲੀ ਸਿੱਧੂ ਆਦਿ।

ਏਨਾਂ ਦੇ ਪਹਿਲੇ ਮਕਬੂਲ ਡਿਊਟ ਗੀਤ ਨੇ 'ਗੱਡੀ ਸੌਕੀਨ ਜੱਟ ਦੀ' ਨੇ ਸੰਗੀਤਕ ਖੇਤਰ ਵਿਚ ਤਰਥੱਲੀ ਮਚਾ ਦਿੱਤੀ। 'ਪੰਮਾ ਸਾਹਿਰ' ਪੰਜਾਬ ਦਾ ਓਹ ਲੋਕ ਗਾਇਕ ਹੈ, ਜਿਨਾਂ ਨੂੰ ਦੇਸ਼ ਵਿਦੇਸ਼ ਵਿਚ ਬੈਠੇ ਸੰਗੀਤਕ ਪ੍ਰੇਮੀਆ ਵੱਲੋ ਏਨਾਂ ਦੇ ਡਿਊਟ ਤੇ ਸਿੰਗਲ ਟਰੈਕ ਮੇਲਿਆਂ, ਅਖਾੜਿਆ ਤੇ ਯੂਟਿਊਬ ਚੈਨਲਾਂ ਸਰੋਤਿਆ ਵੱਲੋ ਮਣਾਂ ਮੂੰਹੀ ਪਿਆਰ ਮੁਹੱਬਤ ਹਮੇਸਾਂ ਮਿਲਦਾ ਰਹਿੰਦਾ ਹੈ। ਜਿਵੇਂ ਕਿ :- ਡਿਊਟ ਗੀਤ 'ਸਿਜਦਾ ਕਰ ਕਰ' ( ਸੁਦੇਸ਼ ਕੁਮਾਰੀ) ਨਾਲ , ਛੱਲਾ ( ਮਿਸ ਪੂਜਾ) , ਜਾਨ ਜਾਨ ( ਮਿਸ ਪੂਜਾ), ਜੁਦਾਈਆਂ (ਸੁਦੇਸ਼ ਕੁਮਾਰੀ) , ਦੂਰੀਆਂ ( ਪਾਲੀ ਸਿੱਧੂ), ਚਰਚਾ ( ਗੁਰਲੇਜ ਅਖਤਰ), ਜਾਨ ਮੇਰੀ ਝੋਨਾ ਲਾਉਂਦੀ ਏਂ ( ਐਰੀ ਝਿੰਜਰ) ਤੇ ਸਿੰਗਲ ਟਰੈਕ 'ਬੰਦਾ ਹਰਦਾ ਕਿਥੇ', ਲਾਸਟ ਫਾਈਟ , ਝੱਲਾ, ਪਿਆਰ ਦੀ ਚਰਚਾ, ਚਿੱਟਾ ਵ/ਸ ਮਾਪੇ , ਰੱਬਾ, 'ਅਰਥੀ ਨੂੰ ਮੋਢਾ' ਆਦਿ ਖੂਬ ਚਰਚਾ ਵਿਚ ਹਨ।




ਜੇਕਰ ਇਨ੍ਹਾਂ ਦੇ ਨਵੇਂ ਸਿੰਗਲ ਟਰੈਕ 'ਪਰੀ' ਦੀ ਗੱਲ ਕਰੀਏ ਤਾਂ 'ਸਵੀਟ ਰਿਕਾਰਡ' ਕੰਪਨੀ ਦੇ ਯੂਟਿਊਬ ਚੈਨਲ ਤੇ ਸੰਗੀਤਕ ਪ੍ਰੇਮੀਆ ਵੱਲੋ ਬੇਇੰਤਹਾ ਪਿਆਰ ਖੱਟ ਰਿਹਾ ਹੈ। ਇਸ ਸਿੰਗਲ ਟਰੈਕ ਨੂੰ ਪੰਜਾਬੀ ਮਾਂ ਬੋਲੀ ਦੇ ਲਾਡਲੇ ਗੀਤਕਾਰ ' ਨਿਰਮਤ ਸਿੰਘ ਯੂ.ਐਸ.ਏ ਵੱਲੋ ਸੁੰਦਰ ਸ਼ਬਦਾਵਲੀ ਵਿੱਚ ਪਰੋਇਆਂ ਗਿਆ। ਇਸ ਦਾ ਸੰਗੀਤ ਨਾਮਵਰ 'ਫਾਇਰ ਬੀਟ ਸਟੂਡੀਓ' ਵੱਲੋ ਦਿਲ ਨੂੰ ਛੂਹਣ ਵਾਲੀਆਂ ਧੁੰਨਾਂ ਨਾਲ ਸ਼ਿੰਗਾਰਿਆ। ਇਸ ਸਿੰਗਲ ਟਰੈਕ ਦਾ ਬੇਹਤਰੀਣ ਫਿਲਮਾਂਕਣ ਵੀਡੀਓਗ੍ਰਾਫਰ ਸਿੰਘ.ਬੀ ਬਿਸਨੰਦੀ ਤੇ ਪਾਲੀਵੁੱਡ ਦੇ ਨਾਮਵਰ ਡਾਇਰੈਕਟਰ 'ਤਰਸੇਮ ਵਾਂਦਰ ਜੀ ' ਵੱਲੋ ਖੂਬਸੂਰਤ ਲੋਕੇਸ਼ਨ ਤੇ ਤਿਆਰ ਅਤੇ ਫੀਚਰ 'ਰੇਸ਼ਮ ਅਨਮੋਲ ਜੀ' ਵੱਲੋ ਕੀਤਾ ਗਿਆ। ਇਸ ਸਿੰਗਲ ਟਰੈਕ ਦੇ ਪ੍ਰੋਡਿਊਸਰ 'ਰਵਿੰਦਰ ਜੰਡਵਾਲੀਆਂ ਜੀ' ਹਨ।

ਗੱਲਬਾਤ ਦੌਰਾਨ ਚਰਚਿਤ ਲੋਕ ਗਾਇਕ ' ਪੰਮਾ ਸਾਹਿਰ ਜੀ' ਨੇ ਵਿਸੇਸ਼ ਤੌਰ ਤੇ ਉਘੇ ਗੀਤਕਾਰ ਤੇ ਅਦਾਕਾਰ ਪੰਜਾਬੀ ਸਾਹਿਤ ਜਗਤ ਦੀ ਮਾਣਮੱਤੀ ਸਖਸ਼ੀਅਤ ' ਮਲਕੀਤ ਕਿੱਟੀ ਜੀ' ਦਾ ਸੁਕਰਾਨਾ ਕਰਦਿਆ ਕਿਹਾ ਕਿ ' ਮਲਕੀਤ ਕਿੱਟੀ ਜੀ' ਸਮੇ ਸਮੇ ਤੇ ਸਾਡੇ ਪ੍ਰੋਜੈਕਟ ਵਿੱਚ ਸਹਿਯੋਗ ਕਰਦੇ ਰਹਿੰਦੇ ਹਨ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਕੁਝ ਸਤਰਾਂ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 21 ਮਾਰਚ 2026 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-733



*ਜੰਗ ਦੇ ਬੱਦ.ਲ ਛਾਏ ਘਨੇਰੇ, ਜ਼ੁਲਮਾਂ ਦੀ ਚੜ੍ਹੀ ਹਨ੍ਹੇਰੀ,*
*ਆਫ਼ਤ ਪਈ ਹੈ ਸਿਰ ਅਚੇਤੇ, ਮਸੂਮਾਂ ਦੀ ਬ.ਲੀ ਵਧੇਰੀ।*
*ਨਿੱਕੇ ਪੈਰੀਂ ਸੀ ਪੜ੍ਹਨ ਸਕੂਲੇ, ਠੁੰਮ ਠੁੰਮ ਤੁਰ ਆਈਆਂ,*
*ਮਾਰ ਬੰਬ ਕਰਕੇ ਬੋਟੀ ਬੋਟੀ, ਵਿਚ ਕੱਫ਼ਣ ਦੇ ਪਾਈਆਂ।*

## ਕੈਪਸ਼ਨ ਮੁਕਾਬਲਾ-731



ਚੱਲ ਪਰਸਿੰਨੀਏ ਛੇਤੀਂ ਚੱਲੀਏ,
ਖੇਤਾਂ ਵਿਚ ਗੇੜੀ ਲਾਈਏ,
ਚਰ੍ਹੀ ਬਾਜਰਾ ਵੱਢ ਲਿਆਈਏ,
ਨਾ.ਲੇ ਮੂੰਗੀ ਗੋਡੀ ਪਾਈਏ।
ਵਿਚ ਬਰਸਾਤ ਕੱਖ ਚੜ੍ਹ ਜਾਂਦੇ,
ਟੰਟਾ ਇਹ ਨਿਰਾ ਮੁਕਾਈਏ,
ਵੇ.ਲੇ ਦੀ ਨਿਮਾਜ਼ ਗੁਜ਼ਾਰੀਏ ਤੇ,
ਕੁਵੇ.ਲੇ ਟੱਕਰਾਂ ਨਾ ਖਾਈਏ।
***-ਸੇਵਾ ਸਿੰਘ ਨੂਰਪੁਰੀ***

---

ਘਰੋਂ ਕਦੇ ਤੂੰ ਨਿੱਕ.ਲੀ ਨਾਹੀਂ
ਮੈਂ ਨਿੱਤ ਮੰਡੀ ਦਾ ਗੇੜਾ ਲਾਵਾਂ
ਚੱਲ ਅੱਜ ਦੋਵੇਂ 'ਕੱਠੇ ਚੱਲੀਏ
ਤੈਨੂੰ ਵੀ ਤਾਂ ਸ਼ਹਿਰ ਦਿਖਾਵਾਂ।
ਕਰ ਤਿਆਰੀ ਲਾ ਲੈ ਐਨਕਾਂ
ਰੇੜ੍ਹੇ ਉੱਪਰ ਨਾ.ਲ ਬਹਾਵਾਂ।
ਵਿੱਚ ਬਜ਼ਾਰ ਦੇ ਦਿਆਂਗੇ ਗੇੜਾ
ਨਾਲੇ ਠੰਢਾ ਬੱਤਾ ਤੈਨੂੰ ਪਿਆਵਾਂ।
***-ਜਗਮੀਤ ਸਿੰਘ ਪੰਧੇਰ***

---

ਚੱਲ ਮੇਰੀਏ ਸੋਹਣੀਏਂ ਤੈਨੂੰ,
ਸ਼ਹਿਰ ਚੰਡੀਗੜ੍ਹ ਲੈ ਜਾਵਾਂ।
ਕੱਚੀਆਂ ਪਹੀਆਂ 'ਤੇ ਨਿੱਤ ਚੱਲੇਂ,
ਪੱਧਰੀਆਂ 'ਤੇ ਲੈ ਜਾਵਾਂ।
ਖੱਚਰ ਰੇਹੜਾ ਜਾਵੇ ਸ਼ੂਕਦਾ,
'ਟੱਪ-ਟੱਪ' ਸੰਗੀਤ ਸੁਣਾਵਾਂ।
ਨਾ ਬੰਨ੍ਹੀਂ ਤੂੰ ਨਾਲ ਨੂੰ ਰੋਟੀ,
ਅੱਜ ਰੇਹੜੀ 'ਲੰਚ' ਕਰਾਵਾਂ।
ਥੋੜ੍ਹਾ-ਥੋੜ੍ਹਾ ਰੁੱਸ ਲੈ ਭਾਵੇਂ,
ਚਿੱਤ ਕਰੇ ਕਿ ਤੈਨੂੰ ਮਨਾਵਾਂ।

ਉਮਰ ਗਈ ਵਿਹਲ ਨਾ ਲੱਭੀ,
ਲਈਆਂ ਜਦੋਂ ਤੋਂ ਲਾਵਾਂ।
ਹਾਂ ਢੋਲਣਾ ਮੈਂ ਵੀ ਚਾਹਵਾਂ,
ਕੱਢ ਚਾਵਾਂ ਹਵਾ ਲੁਆਵਾਂ।
ਵਾਟਾਂ ਤੁਰਕੇ ਮੈਂ ਵੀ ਅੱਕੀ,
ਨਿੱਤ ਓਹੀ ਡੰਡੀਆਂ ਰਾਹਵਾਂ।
ਜਦ ਤੋਂ ਜੰਮੀ ਜਫ਼ਰ ਹੀ ਜਾਲੇ,
ਘਰ ਪੇਕੇ ਅਤੇ ਭਰਾਵਾਂ।
ਕਰਦਾ ਤਾਂ ਏ ਚਿੱਤ ਮੇਰਾ ਵੀ,
ਨਾ ਚੁੱਲ੍ਹੇ ਅੱਗ ਮਚਾਵਾਂ।
ਪਾ ਕੇ ਸੁੱਥਣ ਕੁੜਤਾ ਕੋਰਾ,
ਚਾਟ ਦਹੀਂ ਭੱਲੇ ਅੱਜ ਖਾਵਾਂ।
ਛੱਡ ਖਲਜਗਣ ਨਿੱਤ ਦਾ ਮਾਹੀ,
ਅਭੁੱਲ ਯਾਦ ਸਜਾਵਾਂ।
***-ਗੁਰਬਖ਼ਸ਼ ਸਿੰਘ 'ਨਾਕਾਮ'***
***+1 864 318 5500***

---

ਬਜ਼ੁਰਗ ਮਾਤਾ ਤੇ ਉਸ ਦਾ ਸਾਈਂ
ਰੇਹੜਾ ਜੋਤ ਕੇ,
ਖੇਤਾਂ ਵੱਲ ਗੇੜਾ ਮਾਰਨ ਚੱਲੇ।
ਖੌਰੇ ਓਪਏਸ਼ਨ ਕਰਾਇਆ ਜਾਂ
ਧੁੱਪੋਂ ਲਾਈਆਂ ਕਾਲੀਆਂ ਐਨਕਾਂ
ਕਰਾ'ਤੀ ਬੱਲੇ-ਬੱਲੇ।
ਹੱਕ ਸੱਚ ਦੀ ਕਮਾਈ ਵਰਗੀ
ਰੀਸ ਨਾ ਕੋਈ
ਪ੍ਰਭੂ ਆਪੇ ਪਾਸੇ ਥੱਲੇ।
ਰੱਖ ਕੇ ਰੱਬ ਉਤੇ ਡੋਰੀ ਮਿੱਤਰਾ
ਅਸੀਂ ਸੁਰਗਾਂ ਨੂੰ ਚੱਲੇ।
***-ਅਮਰਜੀਤ ਸਿੰਘ ਕੁਲਬੁਰਛਾਂ***
***ਫੋਨ: 98784-69639***

---

ਕਿਸਾਨ ਹਮੇਸ਼ਾ ਮਿੱਟੀ ਨਾਲ ਮਿੱਟੀ ਹੋਇਆ
ਹਲ ਵਾਹ ਪੱਠਿਆਂ ਨੂੰ ਜਾਣਾ
ਹੱਥ ਵਟਾਉਣ ਘਰਵਾਲੀ ਨੂੰ ਵੀ ਲੈ ਤੁਰਿਆ
ਦੇਖ ਖੇਤੀ ਜੋਬਨਾਂ 'ਤੇ
ਫੁਲਾਂ ਵਾਂਗ ਗਿਆ ਖਿੜ
ਸਿਰ 'ਤੇ ਕਿੱਥੇ ਚੁੱਕਾਂਗੇ ਪੱਠੇ
ਲੈ ਤੁਰਿਆ ਰਿਹੜਾ
ਫਟਾਫਟ ਦੁੜਾਇਆ ਰਿਹੜਾ
ਸਭ ਕੰਮ ਨਿਪਟ ਜਾਣ ਵਕਤ ਸਿਰ।
***-ਦਰਸ਼ਨ ਪਾਲ ਦੋਸਾਂਝ***

# 98ਵੇਂ ਆਸਕਰ ਅਵਾਰਡ: ਫਿਲਮ 'ਸਿੰਨਰਜ਼' ਨੇ 16 ਨਾਮਜ਼ਦਗੀਆਂ ਨਾਲ ਤੋੜਿਆ ਰਿਕਾਰਡ












98ਵਾਂ ਆਸਕਰ ਅਵਾਰਡ ਪ੍ਰੋਗਰਾਮ ਡੋਲਬੀ ਥਿਏਟਰ ਲਾਸ ਏਂਜਲਸ ਵਿਚ 15 ਮਾਰਚ 2026, ਐਤਵਾਰ ਨੂੰ ਹੋ ਰਿਹਾ ਹੈ। ਇਸ ਸਾਲ ਫਿਲਮ 'ਸਿੰਨਰਜ਼' 16 ਨਾਮਜ਼ਦਗੀਆਂ ਨਾਲ ਆਸਕਰ ਅਵਾਰਡ ਦੀ ਦੌੜ ਵਿਚ ਸਭ ਤੋਂ ਅੱਗੇ ਹੈ। 'ਸਿਨਰਸ' ਫਿਲਮ ਨੂੰ ਸਰਬੋਤਮ ਫਿਲਮ ਸ਼੍ਰੇਣੀ, ਸਰਬੋਤਮ ਅਦਾਕਾਰ, ਸਰਬੋਤਮ ਸਹਾਇਕ ਅਦਾਕਾਰ, ਸਰਬੋਤਮ ਸਹਾਇਕ ਅਦਾਕਾਰਾ, ਸਰਬੋਤਮ ਨਿਰਦੇਸ਼ਕ, ਸਰਬੋਤਮ ਮੂਲ ਸਕੋਰ, ਸਰਬੋਤਮ ਸਕਰੀਨ ਪਲੇ ਆਦਿ ਸ੍ਰੇਣੀਆਂ ਵਿਚ

**ਸੁਰਿੰਦਰ ਸਿੰਘ ਭਾਟੀਆ**
**ਫੋਨ: 224-829-1437**

ਨਾਮਜ਼ਦਗੀਆਂ ਮਿਲੀਆਂ ਹਨ। ਇਸ ਤਰ੍ਹਾਂ ਇਸ ਫਿਲਮ ਨੇ ਆਸਕਰ ਅਕੈਡਮੀ ਅਵਾਰਡ ਦੇ ਇਤਿਹਾਸ ਵਿਚ ਸਭ ਤੋਂ ਵੱਧ ਨਾਮਜ਼ਦਗੀਆਂ ਹਾਸਲ ਕਰਕੇ ਪਿਛਲਾ ਰਿਕਾਰਡ ਤੋੜ ਦਿੱਤਾ ਹੈ। ਇਸ ਤੋਂ ਪਹਿਲਾਂ ਤਿੰਨ ਫਿਲਮਾਂ 'ਆਲ ਅਬਾਊਟ ਈਵ', 'ਟਾਈਟੈਨਿਕ' ਤੇ 'ਲਾ ਲਾ ਲੈਂਡ' ਨੂੰ ਸਭ ਤੋਂ ਵੱਧ 14 ਨਾਮੀਨੇਸ਼ਨਜ਼ ਦਾ ਰਿਕਾਰਡ ਹਾਸਲ ਸੀ। 98ਵੇਂ ਆਸਕਰ ਅਵਾਰਡ ਵਿਚ 'ਸਿਨਰਸ' ਤੋਂ ਬਾਅਦ 13 ਨਾਮਜ਼ਦਗੀਆਂ ਨਾਲ 'ਏ ਬੈਟਲ ਆਫਟਰ ਅਦਰ' ਦੂਜੇ ਨੰਬਰ 'ਤੇ ਹੈ। ਕਾਮੇਡੀਅਨ ਬਰਾਈਨ ਇਸ ਅਵਾਰਡ ਸ਼ੋਅ ਦੀ ਮੇਜ਼ਬਾਨੀ ਕਰ ਰਹੇ ਹਨ। ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ '98ਵਾਂ ਆਸਕਰ ਅਵਾਰਡ - 2026' ਵਿਸ਼ੇ 'ਤੇ ਸੈਮੀਨਾਰ ਪਿਛਲੇ ਦਿਨੀਂ ਜੇ.ਐਸ.ਆਰਟ ਹਾਲ, ਸ਼ਿਕਾਗੋ ਵਿਚ ਹੋਇਆ, ਜਿਸ ਵਿਚ ਫਿਲਮ ਸਨਅਤ ਦੇ ਨਿਰਮਾਤਾ ਤੇ ਨਿਰਦੇਸ਼ਕ, ਫਿਲਮੀ ਚੈਨਲ ਦੇ ਐਡੀਟਰ, ਫਿਲਮੀ ਰਿਪੋਰਟਰ, ਸਿਨੇ ਪ੍ਰੇਮੀ ਸ਼ਾਮਿਲ ਹੋਏ। ਇਸ ਮੌਕੇ ਆਸਕਰ ਅਵਾਰਡਾਂ ਬਾਰੇ ਵਿਚਾਰ-ਚਰਚਾ ਹੋਈ। ਸਾਰੀਆਂ ਹੀ 24 ਸ਼੍ਰੇਣੀਆਂ ਵਿਚ ਮੁਕਾਬਲਾ ਕਾਫੀ ਸਖਤ ਹੈ। ਇਸ ਤੋਂ ਪਹਿਲਾ 23 ਸ਼੍ਰੇਣੀਆਂ ਹੁੰਦੀਆਂ ਸਨ ਪਰ ਇਸ ਸਾਲ ਇਕ ਹੋਰ ਕੈਟਾਗਰੀ ਫਿਲਮ ਕਾਸਟਿੰਗ ਦੀ ਨਵੀਂ ਸ਼ਾਮਿਲ ਕੀਤੀ ਗਈ ਹੈ।

### ਬਿਹਤਰੀਨ ਫਿਲਮ

ਇਸ ਵਾਰ ਆਸਕਰ ਦੀ ਬਿਹਤਰੀਨ ਫਿਲਮਾਂ ਦੀ ਕੈਟੇਗਰੀ ਵਿਚ ਸ਼ਾਮਿਲ 10 ਫਿਲਮਾਂ 'ਬੁਗੋਨੀਆਂ', 'ਐਫ ਵਨ', 'ਸਿੰਨਰਸ', 'ਫ੍ਰੈਂਕਨਸਟੀਨ', 'ਹੈਮਨੇਟ', 'ਮਾਰਟੀ ਸੁਪਰੀਮ' , 'ਦਿ ਸੀਕ੍ਰੇਟ ਏਜੰਟ', 'ਸੈਂਟੀਮੈਂਟਲ ਵੈਲਿਊ', 'ਟਰੇਨ ਡਰੀਮਜ਼', 'ਵਨ ਬੈਟਲ ਆਫਟਰ ਅਦਰ' ਹਨ। ਇਨ੍ਹਾਂ ਫਿਲਮਾਂ ਨੂੰ ਦੁਨੀਆ ਭਰ ਵਿਚ ਦਰਸ਼ਕਾਂ ਨੇ ਬਹੁਤ ਪਸੰਦ ਕੀਤਾ ਹੈ। ਇਨ੍ਹਾਂ ਫਿਲਮਾਂ ਨੇ ਬਾਕਸ ਆਫਿਸ 'ਤੇ ਭਰਵੀਂ ਧੂਮ ਮਚਾਈ ਤੇ ਵਾਹਵਾ ਕਮਾਈ ਵੀ ਕੀਤੀ। ਹਰ ਕੈਟੇਗਰੀ ਵਿਚ ਫਿਲਮਾਂ ਦੀ ਆਪਸ ਵਿਚ ਇਨਾਮ ਜਿੱਤਣ ਲਈ ਕਾਂਟੇ ਦੀ ਟੱਕਰ ਹੈ।

ਭਾਰਤ ਵਲੋਂ ਸਰਕਾਰੀ ਤੌਰ 'ਤੇ ਬਿਹਤਰੀਨ ਵਿਦੇਸ਼ੀ ਫਿਲਮ ਵਰਗ ਵਿਚ ਭੇਜੀ ਗਈ ਫਿਲਮ 'ਹੋਮ ਬਾਊਂਡ', ਫਾਈਨਲ 5 ਦੀ ਲਿਸਟ ਲਈ ਨਹੀਂ ਚੁਣੀ ਗਈ।

### ਬਿਹਤਰੀਨ ਡਾਕੂਮੈਂਟਰੀ ਫੀਚਰ ਫਿਲਮ

ਬਿਹਤਰੀਨ ਡਾਕੂਮੈਂਟਰੀ ਫੀਚਰ ਫਿਲਮ ਵਿਚ 'ਕਮ ਸੀ ਮੀ ਇਨ ਗੁਡ ਲਾਈਟ', 'ਕਟਿੰਗ ਥਰੂ ਦੀ ਰਾਕ', 'ਮਿਸਟਰ ਨੋ ਬਾਡੀ ਅਗੇਂਸਟ ਪੁਤਿਨ', 'ਦਿ ਅਲਾਬਾਮਾ ਸੋਲੂਸ਼ਨ' ਤੇ 'ਪਰਫੈਕਟ ਨੇਬਰ' ਹਨ। ਇਸ ਸ਼੍ਰੇਣੀ ਵਿਚ 'ਦਿ ਪਰਫੈਕਟ ਨੇਬਰ' ਤੇ 'ਮਿਸਟਰ ਨੋ ਬਾਡੀ ਅਗੇਂਸਟ ਪੁਤਿਨ' ਦੀ ਟੱਕਰ ਹੈ, ਪਰ ਇਨਾਮ ਲਈ ਚੁਣੇ ਜਾਣ ਦੀ ਸੰਭਾਵਨਾ 'ਦਿ ਪਰਫੈਕਟ ਨੇਬਰ' ਦੀ ਹੈ।

### 'ਸ਼ਾਰਟ ਡਾਕੂਮੈਂਟਰੀ ਸ਼੍ਰੇਣੀ'

ਇਸ ਕੈਟੇਗਰੀ ਵਿਚ 'ਆਲ ਦਿ ਐਂਪਟੀ ਰੂਮਸ','ਆਰਮਡ ਓਨਲੀ ਵਿਦ ਏ ਕੈਮਰਾ', 'ਚਿਲਡਰਨ ਨੋ ਮੋਰ..' , 'ਦਿ ਡੇਵਿਲ ਇਜ਼ ਬਿਜ਼ੀ' ਤੇ 'ਪਰਫੈਕਟਲੀ ਏ ਸਟਰੇਂਜਰ' ਸ਼ਾਮਲ ਹਨ।

### ਅਡਾਪਟਿਡ ਸਕਰੀਨਪਲੇਅ

ਅਡਾਪਟਿਡ ਸਕਰੀਨਪਲੇਅ ਲਈ ਨਾਮਜ਼ਦ ਹੋਏ ਹਨ; ਫਿਲਮ 'ਬੁਗੋਨੀਆ' ਲਈ ਵਿਲ ਟਰੇਸੀ, 'ਫ੍ਰੈਂਕਨਸਟੀਨ' ਦੇ ਗਿਲੇਰਮੋ ਡੇਲ ਟੋਰੋ, 'ਹੈਮਨੇਟ' ਦੇ ਕਲੋਏ ਝਾਉ ਤੇ ਮੈਗੀ, 'ਵਨ ਬੈਟਲ ਆਫਟਰ ਅਦਰ' ਦੇ ਪਾਲ ਐਂਡਰਸਨ, 'ਟਰੇਨ ਡਰੀਮਜ਼' ਦੇ ਗਰੇਗ ਤੇ ਬੈਂਟਲੇ ਹਨ। 'ਹੈਮਨੇਟ ਦੇ ਕਲੋਏ ਝਾਉ ਤੇ ਮੈਗੀ ਦੇ ਇਨਾਮ ਜਿਤਣ ਦੀ ਉਮੀਦ ਹੈ।







*ਸ਼ਿਕਾਗੋ ਵਿਚ ਹੋ ਰਹੀ ਫਿਲਮ ਦੀ ਸੂਟਿੰਗ ਦੇ ਸੈਟ 'ਤੇ ਮੌਜੂਦ ਫਿਲਮ ਇੰਡਸਟਰੀ ਦੇ ਸ. ਸੁਰਿੰਦਰ ਸਿੰਘ ਭਾਟੀਆ। 2) ਫਿਲਮ ਦੀ ਡਾਇਰੈਕਟਰ ਮਾਰੀਆ ਨਾਲ ਸ. ਸੁਰਿੰਦਰ ਸਿੰਘ ਭਾਟੀਆ।*

### ਬਿਹਤਰੀਨ ਮੌਲਿਕ ਸਕੋਰ

ਬਿਹਤਰੀਨ ਮੌਲਿਕ ਸਕੋਰ ਵਿਚ ਫਿਲਮ 'ਬੁਗੋਨੀਆ'- ਜਰਸਕਿਨ, 'ਫ੍ਰੈਂਕਨਸਟੀਨ'-ਅਲੈਗਜ਼ੇਂਡਰ, 'ਹੈਮਨੇਟ'- ਮੈਕਸ ਰਿਕਟਰ, 'ਵਨ ਬੈਟਲ ਆਫਟਰ ਅਦਰ'- ਜੌਨੀ ਗ੍ਰੀਨਵੁੱਡ, 'ਸਿਨਰਸ'- ਲੁਡਵਿਗ ਹਨ।

### ਬਿਹਤਰੀਨ ਮੌਲਿਕ ਗੀਤ ਸ਼੍ਰੇਣੀ

ਇਸ ਸ਼੍ਰੇਣੀ ਵਿਚ ਗੀਤ 'ਡੀਅਰ ਮੀ' - 'ਗੋਲਡਨ' - 'ਆਈ ਲਾਇਡ ਟੂ ਯੂ' - 'ਸਵੀਟ ਡਰੀਮਜ਼ ਆਫ ਜੋਆਏ' ਤੇ 'ਟਰੇਨ ਡਰੀਮਜ਼' ਹਨ

### ਸਰਵੋਤਮ ਅਭਿਨੇਤਾ

ਸਰਵੋਤਮ ਅਭਿਨੇਤਾ ਦੀ ਦੌੜ ਵਿਚ 'ਟਿਮੋਥੀ ਚੈਲਮੇਟ' (ਮਾਰਟੀ ਸੁਪਰੀਮ), 'ਲਿਓਨਾਰਡੋ ਡੀ ਕੈਪਰੀਓ' (ਵਨ ਬੈਟਲ ਆਫਟਰ ਅਦਰ) 'ਈਥਾਨ ਹਾਕ' (ਬਲੂ ਮੂਨ), 'ਮਾਈਕਲ ਬੀ ਜੌਰਡਨ' (ਸਿਨਰਸ), 'ਵੈਗਨਰ ਮੋਰਾ' (ਦਿ ਸੀਕਰੇਟ ਏਜੰਟ) ਸ਼ਾਮਲ ਹਨ। ਪਰ ਮਾਈਕਲ ਬੀ ਜੌਰਡਨ ਨੂੰ ਅਵਾਰਡ ਮਿਲਣ ਦੀ ਸੰਭਾਵਨਾ ਵੱਧ ਸਮਝੀ ਜਾਂਦੀ ਹੈ।

### ਸਰਵੋਤਮ ਨਿਰਦੇਸ਼ਕ

ਸਰਵੋਤਮ ਨਿਰਦੇਸ਼ਕ ਵਰਗ ਵਿਚ ਕਲੋਏ ਝਾਉ- 'ਹੈਮਨੇਟ', ਜੋਸ਼ ਸ਼ਫਦੀ - 'ਮਾਰਟੀ ਸੁਪਰੀਮ', ਪਾਲ ਐਂਡਰਸਨ -'ਵਨ ਬੈਟਲ ਆਫਟਰ ਅਦਰ', ਜੋਚਿਮ ਟ੍ਰੀਅਰ -'ਸੈਂਟੀਮੈਂਟਲ ਵੈਲਯੂ' ਰਿਆਨ ਕੂਗਲਰ -'ਸਿਨਰਸ' ਹਨ। ਇਸ ਵਾਰ ਕਲੋਏ ਝਾਉ ਨੂੰ ਦਾਅਵੇਦਾਰ ਸਮਝਿਆ ਜਾ ਰਿਹਾ ਹੈ। ਰਿਆਨ ਕੂਗਲਰ ਦੇ ਨਿਰਦੇਸ਼ਨ ਦੀ ਵੀ ਬਹੁਤ ਚਰਚਾ ਹੈ, ਇਸ ਤੋਂ ਇਲਾਵਾ ਤਜਰਬੇਕਾਰ ਪਾਲ ਐਂਡਰਸਨ ਵੀ ਦੌੜ ਵਿਚ ਹੈ ਜੋ ਪਿਛਲੇ ਇਕ ਦਹਾਕੇ ਤੋਂ ਕਈ ਲਾਜਵਾਬ ਫਿਲਮਾਂ ਬਣਾ ਕੇ ਨਾਮਣਾ ਖੱਟ ਚੁਕਾ ਹੈ।

### ਸਰਵੋਤਮ ਅਦਾਕਾਰਾ

ਸਰਵੋਤਮ ਅਦਾਕਾਰਾਂ ਵਿਚ ਜੈਸੀ ਬਕਲੇ ਫਿਲਮ (ਹੈਮਨੇਟ), ਰੋਜ਼ ਬਾਇਰਨ (ਇਫ ਆਈ ਹੈਵ ਏ ਲੈਗ ਆਈ ਵਿਲ ਕਿਕ ਯੂ), ਕੇਟ ਹਡਸਨ (ਸੌਂਗ ਸੰਗ ਬਲੂ), ਰੀਨੇਟ (ਸੈਂਟੀਮੈਂਟਲ ਵੈਲਯੂ) ਤੇ ਐਮਾ ਸਟੋਨ (ਬੁਗੋਨੀਆ) ਹਨ। ਪਰ ਜੈਸੀ ਬਕਲ ਨੇ ਐਨੀ ਦੇ ਰੂਪ ਵਿਚ ਬਹੁਤ ਉਮਦਾ ਅਦਾਕਾਰੀ ਕੀਤੀ ਹੈ। ਇਸ ਦੌੜ ਵਿਚ ਐਮਾ ਸਟੋਨ ਦੀ ਵੀ ਖੂਬ ਚਰਚਾ ਹੈ।

### ਬਿਹਤਰੀਨ ਸਹਾਇਕ ਅਭਿਨੇਤਾ

ਇਸ ਦੌੜ ਵਿਚ ਜੈਕਬ ਐਲਰੋਡੀ, ਡੇਲਰੋਏ ਲਿੰਡੇ, ਬੇਨਕੋ ਡੇਲ ਟੋਰੋ, ਸੀਨ ਪੈਨ, ਸਟੈਲਨ ਸਕਾਰਸਗਾਰਡ ਹਨ। ਜੈਕਬ ਐਲਰੋਡੀ ਨੂੰ ਅਵਾਰਡ ਮਿਲਣ ਦੀ ਸੰਭਾਵਨਾ ਵੱਧ ਸਮਝੀ ਜਾ ਰਹੀ ਹੈ।

### ਸਰਵੋਤਮ ਸਹਾਇਕ ਅਭਿਨੇਤਰੀ

ਇਸ ਵਰਗ ਵਿਚ ਐਲੇ ਫੈਨਿੰਗ, ਫਿਲਮ (ਸੈਂਟੀਮੈਂਟਲ ਵੈਲਯੂ), ਇੰਗਾ ਇਬਸਡੋਟਰ ਲੀਲੀਅਸ (ਸੈਂਟੀਮੈਂਟਲ ਵੈਲਯੂ), ਐਮੀ ਮੇਡੀਗਨ (ਵੈਪਨ), ਵੁਨਮੀ ਮੋਸਾਕੂ (ਸਿਨਰਸ) ਟਿਆਨਾ ਟੇਲਰ (ਵਨ ਬੈਟਲ ਆਫਟਰ ਅਦਰ) ਹਨ। ਪਰ ਇੰਗਾ ਇਬਸਡੋਟਰ ਲੀਲੀਅਸ ਦੇ ਇਨਾਮ ਜਿੱਤਣ ਬਾਰੇ ਚਰਚਾ ਹੈ। ਐਲੇ ਫੈਨਿੰਗ ਵੀ ਪੁਰਸਕਾਰ ਲਈ ਹੱਕਦਾਰ ਸਮਝੀ ਜਾ ਰਹੀ ਹੈ।

### ਕਾਸਟਿੰਗ

ਇਹ ਸ਼੍ਰੇਣੀ ਪਹਿਲੀ ਵਾਰ ਆਸਕਰ ਅਵਾਰਡ ਵਿਚ ਸ਼ਾਮਿਲ ਕੀਤੀ ਗਈ ਹੈ। ਇਸ ਵਰਗ ਵਿਚ ਨੀਨਾ ਗੋਲਡ (ਹੈਮਨੇਟ), ਜੈਨੀਫਰ ਵੈਂਡੀਟੀ (ਮਾਰਟੀ ਸੁਪਰੀਮ), ਕੇਸੈਂਡਰਾ ਕੂਲਕੁੰਡਿਸ (ਵਨ ਬੈਟਲ ਆਫਟਰ ਅਦਰ), ਗੈਬਰੀਅਲ ਡੋਮਿੰਗਿਸ (ਸੀਕਰੇਟ ਏਜੰਟ), ਮੈਸਲਰ (ਸਿਨਰਸ) ਸ਼ਾਮਿਲ ਹਨ ਪਰ ਨੀਨਾ ਗੋਲਡ ਦੀ ਹੈਮਨੇਟ ਦੀ ਕਾਸਟ ਲਈ ਇਨਾਮ ਜਿੱਤਣ ਦੀ ਉਮੀਦ ਹੈ।

### ਬਿਹਤਰੀਨ ਮੌਲਿਕ ਪਟਕਥਾ

ਬਿਹਤਰੀਨ ਮੌਲਿਕ ਪਟਕਥਾ ਵਰਗ ਵਿਚ ਫਿਲਮ 'ਬਲੂ ਮੂਨ' ਦੇ ਰੋਬਰਟ ਕਾਪਲੋ, 'ਇਟ ਵਾਜ਼ ਜਸਟ ਏ ਐਕਸੀਡੈਂਟ,' ਜਫਰ ਪਨਾਹੀ, ਨਾਦਰ ਸਾਈਵਰ, ਸ਼ਾਦਮੇਹਰ, ਮੇਂਹਦੀ ਮਹਿਮੂਦੀਅਨ, 'ਮਾਰਟੀ ਸੁਪਰੀਮ'-ਰੋਨਾਲਡ ਬ੍ਰੌਨਸਟਾਈਨ ਤੇ ਜੋਸ਼, 'ਸੈਂਟੀਮੈਂਟਲ ਵੈਲਯੂ' ਦੇ ਇਸਕਲ ਤੇ ਟਰਾਈਰ ਤੇ 'ਸਿਨਰਸ' ਦੇ ਰਿਆਨ ਕੂਲਗਰ ਨਾਂ ਸ਼ਾਮਲ ਹਨ।

### ਬਿਹਤਰੀਨ ਐਨੀਮੇਸ਼ਨ ਫੀਚਰ ਫਿਲਮ

ਇਸ ਵਰਗ ਵਿਚ 'ਆਰਕੋ', 'ਏਲੀਊ', 'ਕੇ ਪੋਪ..', ਲੀਟਲ ਐਮਲੀ..ਤੇ ਜੂਟੋਪੀਆ 2 ਹਨ। ਜੂਟੋਪੀਆ 2 ਦੇ ਇਨਾਮ ਜਿੱਤਣ ਦੀ ਉਮੀਦ ਹੈ

### ਬੈਸਟ ਐਨੀਮੇਟਡ ਸ਼ਾਰਟ ਫਿਲਮ

ਬੈਸਟ ਐਨੀਮੇਟਡ ਸ਼ਾਰਟ ਫਿਲਮਾਂ ਵਿਚ 'ਬਟਰ ਫਲਾਈ', 'ਫਾਰ ਏਵਰਗਰੀਨ', 'ਰੀਟਾਇਰਮੈਂਟ ਪਲਾਨ', 'ਦਿ ਗਰਲ ਹੂ ਕਰਾਈ ਪਰਲ' ਤੇ 'ਥ੍ਰੀ ਸਿਸਟਰ' ਨਾਮਜ਼ਦ ਹਨ।

### ਬੈਸਟ ਲਾਈਵ ਐਕਸ਼ਨ ਸ਼ਾਰਟ ਮੂਵੀ

ਬੈਸਟ ਲਾਈਵ ਐਕਸ਼ਨ ਸ਼ਾਰਟ ਮੂਵੀ ਵਿਚ 'ਬੂਚਰ ਸਟੇਨ', 'ਫਰੈਂਡ ਆਫ ਏ ਡੋਰਥੀ', 'ਜੇਨ ਆਸਟਨ ਦਾ ਪੀਰੀਅਡ ਡਰਾਮਾ', 'ਦਿ ਸਿੰਗਰ', 'ਟੂ ਪੀਪਲਜ਼' ਨਾਮਜ਼ਦ ਹਨ।

ਬੈਸਟ ਵਿਜ਼ੁਅਲ ਇਫੈਕਟਸ: ਇਸ ਸ਼੍ਰੇਣੀ ਵਿਚ ਫਿਲਮ 'ਅਵਤਾਰ...', 'ਐਫ ਵਨ', 'ਜੁਰਾਸਿਕ ਵਰਲਡ ਰੀਬਰਥ' 'ਦਿ ਲੋਸਟ ਬਸ' ਤੇ 'ਸਿਨਰਸ' ਸ਼ਾਮਲ ਹਨ।

ਬਿਹਤਰੀਨ ਸਿਨੇਮਾਟੋਗ੍ਰਾਫੀ

ਇਸ ਵਰਗ ਵਿਚ ਫਿਲਮ 'ਫ੍ਰੈਂਕਨਸਟੀਨ'- ਡੈਨ ਲੌਸਟਸਨ, 'ਮਾਰਟੀ ਸੁਪਰੀਮ'- ਦਿਉਰਸ ਖਾਂਦਜੀ, 'ਵਨ ਬੈਟਲ ਆਫਟਰ ਅਦਰ'- ਮਾਈਕਲ ਬਾਊਮਨ, 'ਸਿਨਰਸ'- ਆਟੋਮਨ, 'ਟਰੇਨ ਡਰੀਮਜ਼'- ਏਡੋਲਫੋ ਵੇਲੋਸੋ ਹਨ। ਇਨ੍ਹਾਂ ਫਿਲਮਾਂ ਵਿਚੋਂ 'ਟਰੇਨ ਡਰੀਮਜ਼'- ਏਡੋਲਫੋ ਵੇਲੋਸੋ ਦੇ ਮੋਰਚਾ ਮਾਰ ਲੈਣ ਦੀ ਸੰਭਾਵਨਾ ਵੱਧ ਹੈ।

### ਬਿਹਤਰੀਨ ਫਿਲਮ ਐਡਿਟਿੰਗ

ਫਿਲਮਾਂ 'ਐਫ ਫਨ'- ਸਟੀਫਨ ਮਿਰਿਉਨ, 'ਮਾਰਟੀ ਸੁਪਰੀਮ '- ਰੋਨਾਲਡ ਤੇ ਜੋਸ ਸੈਫਡੀ, 'ਵਨ ਬੈਟਲ ਆਫਟਰ ਅਦਰ'- ਐਂਡੀ ਜੁਰਗਨਸਨ

'ਸੈਂਟੀਮੈਂਟਲ ਵੈਲਯੂ'- ਓਲੀਵਰ, 'ਸਿਨਰਸ'- ਮਾਈਕਲ ਪੀ ਸ਼ਾਵਰ ਇਸ ਸ਼੍ਰੇਣੀ ਲਈ ਨਾਮਜ਼ਦ ਹੋਈਆਂ ਹਨ। ਇਸ ਵਰਗ ਵਿਚ ਹਰ ਮੂਵੀ ਇਕ-ਦੂਜੇ 'ਤੇ ਭਾਰੂ ਹੈ। ਸਾਰੇ ਐਡੀਟਰ ਬਹੁਤ ਹੀ ਤਜਰਬੇਕਾਰ ਤੇ ਹਾਲੀਵੁੱਡ ਦੀਆਂ ਕਈ ਹਿੱਟ ਫਿਲਮਾਂ ਵਿਚ ਆਪਣਾ ਯੋਗਦਾਨ ਪਾ ਚੁਕੇ ਹਨ।

### ਪ੍ਰੋਡਕਸ਼ਨ ਡਿਜ਼ਾਈਨ

ਇਸ ਸ਼੍ਰੇਣੀ ਲਈ ਨਾਮਜ਼ਦ ਫਿਲਮਾਂ 'ਫ੍ਰੈਂਕਨਸਟੀਨ', 'ਹੈਮਨੇਟ', 'ਮਾਰਟੀ ਸੁਪਰੀਮ', 'ਸਿਨਰਸ' ਤੇ 'ਵਨ ਬੈਟਲ ਆਫਟਰ ਅਦਰ' ਹਨ।

ਫਿਲਮ 'ਫ੍ਰੈਂਕਨਸਟੀਨ' ਲਈ ਬਹੁਤ ਆਲੀਸ਼ਾਨ ਸੈਟ ਲਾਏ ਗਏ ਹਨ ਅਤੇ ਫਿਲਮ 'ਹੈਮਨੇਟ' ਲਈ ਵੀ ਵਿਸ਼ੇਸ਼ ਸੈਟ ਤਿਆਰ ਕੀਤੇ ਗਏ ਸਨ।

### ਕਾਸਟਿਊਮ ਡਿਜ਼ਾਈਨ:

ਫਿਲਮ ਐਵਟਰ... - ਡੇਬੋਰਾਹ ਐਲ ਸਕੋਟ, 'ਫ੍ਰੈਂਕਨਸਟੀਨ'- ਕੇਟ ਹਾਵਲੇ, 'ਹੈਮਨੇਟ'- ਮਾਲਗੋਸੀਆ, 'ਮਾਰਟੀ ਸੁਪਰੀਮ'- ਮੀਆਕੋ ਬੇਲਜ਼ੀ ਤੇ 'ਸਿਨਰਸ' ਦੇ ਰੂਥ ਈ ਕਾਰਟਰ ਦੇ ਨਾਂ ਇਸ ਸ਼੍ਰੇਣੀ ਲਈ ਨਾਮਜ਼ਦ ਹਨ। ਫਿਲਮ 'ਫ੍ਰੈਂਕਨਸਟੀਨ' ਵਿਚ ਵਿਸ਼ੇਸ਼ ਡਿਜ਼ਾਈਨਰ ਵਲੋਂ ਉਸੇ ਸਟਾਈਲ ਦੇ ਕੱਪੜਿਆਂ ਵਿਚ ਬੜੀ ਮਿਹਨਤ ਕੀਤੀ ਗਈ ਹੈ ਅਤੇ 'ਹੈਮਨੇਟ' ਵਿਚ ਮਾਲਗੋਸੀਆ ਵਲੋਂ ਪਾਤਰਾਂ ਅਨੁਸਾਰ ਡਰੈਸਾਂ ਦੇ ਇਸਤੇਮਾਲ ਕਰਨ ਦੀ ਵਿਸ਼ੇਸ ਚਰਚਾ ਹੈ।

### ਬੈਸਟ ਮੈਕਅਪ ਤੇ ਹੇਅਰ ਸਟਾਈਲ

ਇਸ ਮੁਕਾਬਲੇ ਵਿਚ ਫਿਲਮ 'ਫ੍ਰੈਂਕਨਸਟੀਨ', 'ਸਿਨਰਸ', 'ਸਮੈਸ਼ਿੰਗ ਮਸ਼ੀਨ', 'ਦਿ ਆਗਲੀ ਸਟੈਪ ਸਿਸਟਰ' ਅਤੇ 'ਕੋਕੂਹ' ਸ਼ਾਮਲ ਹਨ।

ਸਾਊਂਡ: ਸਾਊਂਡ ਵਿਚ ਫਿਲਮ 'ਐਫ ਵਨ', 'ਫ੍ਰੈਂਕਨਸਟੀਨ', 'ਸਿਨਰਸ', 'ਸੀਰਤ', 'ਵਨ ਬੈਟਲ ਆਫਟਰ ਅਦਰ' ਨਾਮਜ਼ਦ ਹਨ।

### ਬਿਹਤਰੀਨ ਵਿਦੇਸ਼ੀ ਭਾਸ਼ਾ ਫਿਲਮ

ਇਸ ਵਰਗ ਵਿਚ ਸਰਬੋਤਮ ਅੰਤਰਰਾਸ਼ਟਰੀ ਫੀਚਰ ਫਿਲਮ 'ਦਿ ਸੀਕ੍ਰੇਟ ਏਜੰਟ' (ਬ੍ਰਾਜ਼ੀਲ), 'ਇਟ ਵਾਜ਼ ਜਸਟ ਐਨ ਐਕਸੀਡੈਂਟ' (ਫਰਾਂਸ), 'ਸੈਂਟੀਮੈਂਟਲ ਵੈਲਯੂ (ਨਾਰਵੇ), 'ਸੀਰਤ' (ਸਪੇਨ), 'ਦਿ ਵਾਈਸ ਆਫ ...' (ਟਿਊਨੀਸ਼ੀਆ) ਸ਼ਾਮਲ ਹਨ। ਫਿਲਮ 'ਸੈਂਟੀਮੈਂਟਲ ਵੈਲਯੂ' ਜ਼ੋਰਦਾਰ ਦਾਅਵੇਦਾਰ ਲੱਗ ਰਹੀ ਹੈ।

ਜ਼ਿਕਰਯੋਗ ਹੈ ਕਿ ਆਸਕਰ ਅਵਾਰਡ ਦਾ ਕਰੀਬ 192 ਦੇਸ਼ਾਂ ਵਿਚ ਸਿੱਧਾ ਪ੍ਰਸਾਰਣ ਹੁੰਦਾ ਹੈ ਤੇ ਕਰੋੜਾਂ ਲੋਕ ਇਸ ਪ੍ਰੋਗਰਾਮ ਨੂੰ ਦੇਖਣ ਲਈ ਟੀ. ਵੀ. ਨਾਲ ਜੁੜੇ ਹੁੰਦੇ ਹਨ। 98ਵੇਂ ਆਸਕਰ ਅਵਾਰਡ ਦਾ ਸਿੱਧਾ ਪ੍ਰਸਾਰਣ 15 ਮਾਰਚ, ਐਤਵਾਰ ਨੂੰ ਸ਼ਾਮ 5 (ਪੈਸੇਫਿਕ ਟਾਈਮ) ਅਤੇ ਸ਼ਾਮ 7 ਵਜੇ (ਸੈਂਟਰਲ ਟਾਈਮ) ਏ.ਬੀ.ਸੀ. ਚੈਨਲ 'ਤੇ ਦਿਖਾਇਆ ਜਾਏਗਾ।

# ਮਰਨੋਂ ਬਾਅਦ ਦੇ ਸਵਰਗ ਨਰਕ ਕੀਹਨੇ ਵੇਖੇ..

## ਜ਼ਿੰਦਗੀ ਨਾਮਾ



ਹਰਪ੍ਰੀਤ ਸਿੰਘ ਜਵੰਦਾ

***ਹਰਪ੍ਰੀਤ ਜਵੰਦਾ ਸੱਚਮੁੱਚ ਨਿੱਕੀ ਕਹਾਣੀ ਦਾ ਬਾਦਸ਼ਾਹ ਹੈ। ਆਪਣੇ ਆਲੇ-ਦੁਆਲੇ ਤੋਂ ਬੜੇ ਸੂਖਮ ਜਿਹੇ ਵਿਸ਼ੇ ਲੈ ਕੇ ਕਹਾਣੀ ਲਿਖਦਾ ਹੈ, ਜਿਸ ਵਿਚ ਕੋਈ ਸਾਰਥਕ ਸੁਨੇਹਾ ਵੀ ਹੁੰਦਾ ਹੈ। ਕਹਾਣੀ ਜਾਂ ਅਸਲੀ ਬਿਰਤਾਂਤ ਨੂੰ ਇੰਨੇ ਘੱਟ ਸ਼ਬਦਾਂ ਵਿਚ ਸਮੇਟਣਾ ਆਪਣੇ-ਆਪ ਵਿਚ ਲਾਜਵਾਬ ਹੈ। ਅਸੀਂ ਹਰਪ੍ਰੀਤ ਜਵੰਦਾ ਦਾ 'ਜ਼ਿੰਦਗੀ ਨਾਮਾ' ਕਾਲਮ ਸ਼ੁਰੂ ਕੀਤਾ ਹੈ। ਉਮੀਦ ਹੈ ਪਾਠਕਾਂ ਨੂੰ ਪਸੰਦ ਆ ਰਿਹਾ ਹੋਵੇਗਾ।***

ਮੇਰੇ ਬਾਪੂ ਨੂੰ ਉਸਦੇ ਪੱਕੇ ਰੰਗ ਕਰਕੇ ਅਕਸਰ ਗੱਲਾਂ ਸੁਣਨੀਆਂ ਪੈਂਦੀਆਂ...

ਉਹ ਜੇਠ-ਹਾੜ੍ਹ ਦੀਆਂ ਧੁੱਪਾਂ ਵਿਚ ਕਣਕ ਦੀ ਗਹਾਈ...ਮੁੜ ਕੱਲਾ ਤੂੜੀ ਤੰਦ ਸਾਂਭਦਾ...ਪੋਹ ਮਾਘ ਦੀਆਂ ਰਾਤਾਂ ਨੂੰ ਨੱਕੇ ਮੋੜਦਾ...ਮੰਡੀ ਕਿੰਨੇ-ਕਿੰਨੇ ਦਿਨ ਕੱਲਿਆਂ ਝੋਨੇ ਅਤੇ ਕਣਕ ਦੀ ਰਾਖੀ ਵੀ ਕਰਨੀ ਪੈਂਦੀ!

ਮੇਰੀ ਦੂਜੀ ਮਾਂ ਕਈ ਵਾਰ ਲੜ ਪਿਆ ਕਰਦੀ...ਅਕਸਰ ਮਿਹਣਾ ਦਿੰਦੀ...'ਮੈਨੂੰ ਕਈ ਵਧੀਆ ਰਿਸ਼ਤੇ ਆਉਂਦੇ ਸਨ...ਪਤਾ ਨੀ ਮੇਰੇ ਪੇਕਿਆਂ ਨੂੰ ਇਸ 'ਦੂਹਾਜੂ' ਵਿਚ ਕੀ ਦਿਸਿਆ!

ਦੋਹਾਂ ਦੀ ਉਮਰ ਵਿਚ ਦਸ-ਬਾਰਾਂ ਵਰ੍ਹਿਆਂ ਦਾ ਫਰਕ ਸੀ...ਬਾਪੂ ਅੱਗੋਂ ਚੁੱਪ ਰਹਿੰਦਾ...ਪਰ ਅੰਦਰੋਂ-ਅੰਦਰੀ ਉਸਦੇ ਕਾਲਜੇ ਦੇ ਕਿੰਨੇ ਸਾਰੇ ਰੁੱਗ ਭਰੇ ਜਾਂਦੇ!

ਉਸਨੂੰ ਮੇਰੀ ਪਹਿਲੀ ਮਾਂ ਬੜਾ ਚੇਤੇ ਆਉਂਦੀ...ਉਹ ਹੈ ਵੀ ਬੜੀ ਚੰਗੀ ਸੀ...ਹਮੇਸ਼ਾਂ ਕੰਮ ਹੀ ਕਰਦੀ ਰਹਿੰਦੀ...ਹਰੇਕ ਦਾ ਧਿਆਨ ਰੱਖਦੀ...ਇਕ ਵੇਰ ਦੁਪਹਿਰੇ ਗੋਹਾ ਫੇਰਦੀ ਨੂੰ ਐਸਾ ਦਿਮਾਗੀ ਬੁਖਾਰ ਚੜ੍ਹਿਆ ਕਿ ਮੁੜ ਕਦੀ ਪੈਰਾਂ ਸਿਰ ਨਾ ਹੋ ਸਕੀ!

ਪਿੱਛੇ ਛੱਡ ਗਈ ਦੋ ਧੀਆਂ...ਮੈਂ ਤੇ ਉਦੋਂ ਚਾਰ ਕੁ ਸਾਲ ਦੀ ਹੀ ਹੋਵਾਂਗੀ...ਮੈਨੂੰ ਪਿਓ ਨਾਲ ਸੌਣ ਦੀ ਆਦਤ ਸੀ...ਪਰ ਨਵੀਂ ਆਈ ਨੇ ਮੈਨੂੰ ਵੱਖਰਾ ਪਾਉਣਾ ਸ਼ੁਰੂ ਕਰ ਦਿੱਤਾ...ਮੈਂ ਕਿੰਨਾ ਕਿੰਨਾ ਚਿਰ ਰੋਂਦੀ ਰਹਿੰਦੀ...ਪਿਓ ਨੂੰ ਵਾਜਾਂ ਮਾਰਦੀ...ਇਹ ਸਭ ਵੇਖ ਮੇਰੀ ਵੱਡੀ ਭੈਣ ਮੈਨੂੰ ਥਾਪੜ ਕੇ ਸਵਾਂ ਦਿਆ ਕਰਦੀ...!

ਕਈ ਵੇਰ ਅੱਧੀ ਰਾਤ ਉੱਠ ਕੇ ਜਾ ਪਿਓ ਦਾ ਬੂਹਾ ਖੜਕਾਉਂਦੀ...ਅੱਗੋਂ ਨਵੀਂ ਮੈਨੂੰ ਝਿੜਕਾਂ ਦੇ ਕੇ ਬਾਹਰ ਕੱਢ ਦਿਆ ਕਰਦੀ...ਇੱਕ-ਦੋ ਵੇਰ ਚਪੇੜ ਵੀ ਕੱਢ ਮਾਰੀ ਸੀ...ਮੈਂ ਅੱਖਾਂ ਮਲਦੀ ਹੋਈ ਅੰਦਰ ਪਿਓ ਵੱਲ ਤੱਕਦੀ ਕਿ ਕੁਝ ਆਖੇਗਾ...ਪਰ ਉਹ ਆਪਣਾ ਧਿਆਨ ਦੂਜੇ ਪਾਸੇ ਕਰ ਲਿਆ ਕਰਦਾ!

ਫੇਰ ਇੱਕ ਦਿਨ ਨਵੀਂ ਮਾਂ ਵਿਚੋਂ ਇੱਕ ਮੁੰਡਾ ਹੋਇਆ...ਕਿੰਨੀ ਸਾਰੀ ਖੁਸ਼ੀ ਮਨਾਈ...ਅਸੀਂ ਦੋਵੇਂ ਭੈਣਾਂ ਹੋਰ ਪਿੱਛੇ ਪਾ ਦਿੱਤੀਆਂ ਗਈਆਂ...ਕਈ ਵਾਰ ਨਿੱਕੇ ਵੀਰ ਨੂੰ ਚੁੱਕਣ ਲੱਗਦੀਆਂ ਤਾਂ ਰੋਕ ਦਿੱਤਾ ਜਾਂਦਾ!

ਅਸੀਂ ਆਪਣੇ ਬਾਪ ਵਲ ਵੇਖਦੀਆਂ ਪਰ ਉਹ ਬੇਬੱਸ ਸੀ...ਅੰਦਰੋਂ-ਅੰਦਰ ਸਾਡਾ ਦੁੱਖ ਦਰਦ ਸਮਝਦਾ...ਪਰ ਚੁੱਪ ਰਹਿਣ ਲਈ ਮਜਬੂਰ ਸੀ...!

ਫੇਰ ਵੀ ਕਦੇ ਕਦੇ ਲੁਕ-ਛਿਪ ਕੇ ਸਾਨੂੰ ਦੋਹਾਂ ਨੂੰ ਪਲੋਸ ਜ਼ਰੂਰ ਦਿਆ ਕਰਦਾ...!



ਅਸੀਂ ਦੋਵੇਂ ਪਿੰਡ ਦੇ ਸਕੂਲ ਪੜ੍ਹਿਆ ਕਰਦੀਆਂ...ਪਰ ਵੀਰ ਨੂੰ ਸ਼ਹਿਰੋਂ ਉਚੇਚੀ ਬੱਸ ਲੈਣ ਆਇਆ ਕਰਦੀ...ਬੱਸ ਜਦੋਂ ਸਾਡੇ ਕੋਲੋਂ ਦੀ ਲੰਘਦੀ ਤਾਂ ਕਿੰਨੀ ਦੇਰ ਘੱਟਾ ਉੱਡਦਾ ਰਹਿੰਦਾ...ਅਸੀਂ ਦੋਵੇਂ ਸਕੂਲੋਂ ਪਰਤ ਕੇ ਆਉਂਦੀਆਂ ਤਾਂ ਜੂਠੇ ਭਾਂਡਿਆਂ ਅਤੇ ਗੰਦੇ ਲੀੜਿਆਂ ਦਾ ਵੱਡਾ ਢੇਰ ਸਾਨੂੰ ਉਡੀਕ ਰਿਹਾ ਹੁੰਦਾ!

ਫੇਰ ਇੱਕ ਦਿਨ ਡੈਡੀ ਦਾ ਐਕਸੀਡੈਂਟ ਹੋ ਗਿਆ...ਉਸਨੂੰ ਮੰਜੀ 'ਤੇ ਪਾ ਕੇ ਘਰੇ ਲਿਆਏ...ਮੈਂ ਮੰਜੇ 'ਤੇ ਪਾਏ ਹੋਏ ਨਾਲੋਂ ਵੱਖ ਨਾ ਹੋਵਾਂ...ਲੋਕਾਂ ਜ਼ਬਰਦਸਤੀ ਅੱਡ ਕੀਤਾ...ਸਸਕਾਰ ਕਰਨ ਚੱਲੇ ਤਾਂ ਫੇਰ ਅੱਗੇ ਲੇਟ ਗਈ...ਆਖਿਆ ਮੈਂ ਵੀ ਨਾਲ ਹੀ ਜਾਣਾ ਏ...!

ਫੇਰ ਇੱਕ ਦਿਨ ਫੁਲ ਚੁਗੇ ਗਏ...ਭੋਗ ਵੀ ਪੈ ਗਿਆ ਤੇ ਮਗਰੋਂ ਦੁਨੀਆਂ ਆਪੋ-ਆਪਣੇ ਧੰਦਿਆਂ ਵਿਚ ਰੁਝ ਗਈ...!

ਛੇਤੀ ਮਗਰੋਂ ਨਵੀਂ ਮਾਂ ਜ਼ਮੀਨ ਜਾਇਦਾਦ ਦਾ ਹਿਸਾਬ ਕਰ ਆਪਣੇ ਰਾਹ ਪਈ!

ਭਵਿੱਖ ਸਾਡੇ ਦੋਹਾਂ ਅੱਗੇ ਸਵਾਲੀਆ ਨਿਸ਼ਾਨ ਬਣ ਖਲੋ ਗਿਆ...ਹਰ ਪਾਸੇ ਸਾਡੇ ਚਰਚੇ ਹੁੰਦੇ...ਫੇਰ ਮੈਨੂੰ ਨਾਨਕੇ ਛੱਡ ਆਏ...ਤੇ ਵੱਡੀ ਚਾਚੇ ਹੁਰਾਂ ਰੱਖ ਲਈ...ਨਾਨਕੇ ਜੀ ਨਾ ਲਗਿਆ ਕਰਦਾ...ਮੈਨੂੰ ਥਾਪੜਨ ਵਾਲੀ ਵੱਡੀ ਭੈਣ ਹੁਣ ਮੇਰੇ ਕੋਲ ਜੂ ਨਹੀਂ ਸੀ...ਕਦੀ ਕਦੀ ਉਹ ਮਿਲਣ ਜ਼ਰੂਰ ਆਉਂਦੀ...ਫੇਰ ਹੌਲੀ-ਹੌਲੀ ਮੈਨੂੰ ਉਸਦਾ ਚੇਤਾ ਜਿਹਾ ਭੁੱਲਦਾ ਗਿਆ...!

ਥੋੜ੍ਹੀ ਵੱਡੀ ਹੋਈ ਤਾਂ ਮਾਮਾ ਮੈਨੂੰ ਆਪਣੇ ਨਾਲ ਕਨੇਡਾ ਲੈ ਆਇਆ...!

ਏਨੇ ਉਤਰਾਅ ਚੜ੍ਹਾਅ ਵੇਖੇ ਕੇ ਮਾਮੀ ਦੀਆਂ ਝਿੜਕਾਂ ਮੈਨੂੰ ਹੁਣ ਆਮ ਜਿਹੀ ਗੱਲ ਲੱਗਦੀ...ਕੁਝ ਆਖਦੇ ਮੈਂ ਸਿਰੇ ਦੀ ਢੀਠ ਹੋ ਗਈ ਸਾਂ!

ਮੈਨੂੰ ਉਮਰੋਂ ਪਹਿਲਾਂ ਹੀ ਜ਼ਿੰਦਗੀ ਦੀ ਸਮਝ ਆਉਣੀ ਸ਼ੁਰੂ ਹੋ ਗਈ...ਹੁਣ ਮੇਰੇ ਕੋਲ ਦੋ ਰਾਹ ਸਨ...ਜਾਂ ਤੇ ਆਪਣੇ ਨਾਲ ਹੋਈ ਦਾ ਕਿਸੇ ਹੋਰ ਕੋਲੋਂ ਬਦਲਾ ਲੈਂਦੀ ਤੇ ਜਾਂ ਫੇਰ ਕਿਸੇ ਆਪਣੇ ਵਰਗੇ ਹਾਲਾਤਾਂ ਦੇ ਮਾਰੇ ਦੀ ਸਫ਼ਰਾਂ ਦੀ ਹਾਣ ਬਣ ਉਸਦੀ ਅਧੂਰੀ ਜ਼ਿੰਦਗੀ ਦਾ ਪੂਰਕ ਬਣਦੀ! ਹੁਣ ਮੇਰੇ ਲਈ ਇਨਸਾਨੀ ਚਮੜੀ ਦਾ ਰੰਗ-ਰੂਪ, ਪੈਸੇ, ਜ਼ਮੀਨ-ਜਾਇਦਾਦ ਦੌਲਤ-ਸ਼ੁਹਰਤ, ਦਿਖਾਵਾ, ਬਣਾਉਟੀਪਨ...ਕੋਈ ਚੀਜ਼ ਵੀ ਏਨੇ ਮਾਇਨੇ ਨਹੀਂ ਰੱਖਦੀ...ਫੇਰ ਵੀ ਆਪਣੇ ਆਪ ਨੂੰ ਲੋੜ ਜੋਗੇ ਪੈਸੇ ਕਮਾਉਣ ਦੇ ਕਾਬਿਲ ਬਣਾਇਆ...ਬਹੁਤ ਕੁਝ ਸੋਚਣ-ਸਮਝਣ ਮਗਰੋਂ ਇਕ ਦਿਨ ਫੇਰ ਇੱਕ ਐਸੇ ਦੁਹਾਜੂ ਨਾਲ ਲਾਵਾਂ ਲੈ ਲਈਆਂ, ਜਿਸਦੀ ਪਹਿਲੀ ਹਮਸਫਰ ਇੱਕ ਨਿੱਕਾ ਜਿਹਾ ਬੱਚਾ ਉਸਦੇ ਕੋਲ ਛੱਡ ਕਿਸੇ ਹੋਰ ਨਾਲ ਰਹਿਣ ਚਲੀ ਗਈ ਸੀ...!

ਰੰਗ ਦਾ ਥੋੜਾ ਪੱਕਾ ਏ ਪਰ ਸੁਭਾਅ ਦਾ ਐਸਾ, ਜਿੱਦਾਂ ਤਪਦੇ ਰੇਗਿਸਤਾਨ ਦੀ ਹਿੱਕ 'ਤੇ ਵਗਦਾ ਹਵਾ ਦਾ ਇੱਕ ਠੰਡਾ ਸੀਤ ਬੁੱਲ੍ਹਾ...ਦੁੱਧ ਦਾ ਸੜਿਆ ਅਕਸਰ ਲੱਸੀ ਨੂੰ ਵੀ ਫੂਕਾਂ ਮਾਰ-ਮਾਰ ਪੀਂਦਾ...ਕਦੇ ਝਿੜਕ ਨਹੀਂ ਮਾਰੀ!

'ਦੁਹਾਜੂ' ਹੋਣਾ ਗੁਨਾਹ ਨਹੀਂ...ਗੁਨਾਹ ਏ ਕਿਸੇ ਹਾਲਾਤ ਮਾਰੇ ਜਿਉਂਦੇ ਜਾਗਦੇ ਇਨਸਾਨ ਨੂੰ ਤੋਹਮਤਾਂ ਮੇਹਣਿਆਂ ਟਕੋਰਾਂ ਅਤੇ ਚੁਭਕਾਂ ਦੀ ਪੰਡ ਚੁਕਾ ਉਸਦੀ ਜ਼ਿੰਦਗੀ ਜਿਉਂਦੇ-ਜੀਅ ਹੀ ਨਰਕ ਬਣਾ ਦੇਣੀ...ਮਰਨੋਂ ਬਾਅਦ ਦੇ ਸਵਰਗ ਨਰਕ ਕੀਹਨੇ ਵੇਖੇ...ਇਹ ਵਰਤਾਰੇ ਤੇ ਜਿਉਂਦੇ-ਜੀਅ ਵਾਪਰਦੇ...ਅੱਖੀਆਂ ਸਾਮ੍ਹਣੇ...ਆਲੇ-ਦਵਾਲੇ...!

---

# ਉਧਾਰੇ ਲਫ਼ਜ਼

ਸਿਆਣਿਆਂ ਦੇ ਕਹੇ ਬੋਲ ਸੱਚ ਹਨ ਚਾਹੇ ਗੁੱਸਾ ਲੱਗੇ
ਔਰਤਾਂ ਹੀ ਮਕਾਨ ਨੂੰ ਘਰ 'ਚ ਤਬਦੀਲ ਕਰਦੀਆਂ
ਤੇ ਔਰਤਾਂ ਹੀ ਉਸਨੂੰ ਸ਼ਮਸ਼ਾਨ...

ਬੱਚੇ ਨੂੰ ਸੂਰਮਾ ਮਰਦ ਦਲੇਰ ਅਗਰ ਕੋਈ ਬਣਾ ਸਕਦਾ ਤਾਂ ਸਿਰਫ ਮਾਂ...

ਔਰਤ ਨੂੰ ਰੱਬ ਨੇ ਮਰਦ ਨਾਲੋਂ ਦੁਗਣੀ ਸਮਰੱਥਾ ਦਿੱਤੀ ਹੈ, ਇੱਥੋਂ ਤੱਕ ਕਿ ਚਮੜੀ ਦੀ ਲੇਅਰ ਵੀ ਡਬਲ ਹੈ

ਬੱਸ ਜੇਕਰ ਸਹੀ ਇਸਤੇਮਾਲ ਕਰਨ ਤਾਂ ਘਰ, ਸਮਾਜ, ਕੌਮ ਦੀ ਬੱਲੇ-ਬੱਲੇ, ਜੇਕਰ ਗਲਤ ਇਸਤੇਮਾਲ ਕਰਨ ਤਾਂ ਸਭ ਥੱਲੇ-ਥੱਲੇ...।

ਗੜਬੜ ਇਹ ਹੋ ਰਹੀ ਹੈ ਕਿ ਔਰਤ ਬਹਿਕਾਵੇ, ਉਕਸਾਵੇ ਅਤੇ ਦਿਖਾਵੇ 'ਚ ਆ ਕੇ ਰਾਣੀ ਤੋਂ ਅੱਗੇ ਜਾ ਕੇ ਰਾਜਾ ਬਣਨ ਦੀ ਕੋਸ਼ਿਸ਼ ਕਰ ਰਹੀ ਹੈ।

ਕੁੱਝ ਮਰਦ ਵੀ ਰਾਜੇ ਦੀ ਬਜਾਏ ਰਾਣੀਆਂ ਬਣਨ ਵੱਲ ਆਕਰਸ਼ਿਤ ਹਨ...ਇਸ ਆਪਾ-ਵਿਰੋਧੀ ਰੁਝਾਨ ਨੇ ਸਮਾਜ ਦੀ ਬਣਤਰ ਅਤੇ ਸੰਤੁਲਨ ਦੋਵੇਂ ਵਿਗਾੜ ਦਿੱਤੇ ਹਨ...ਫਲਸਰੂਪ ਘਰ ਮਕਾਨ 'ਚ ਤਬਦੀਲ ਹੋ ਰਹੇ ਹਨ ਅਤੇ ਮਕਾਨਾਂ 'ਚੋਂ ਚੰਗੇ ਮਨੁੱਖ ਨਹੀਂ ਉਪਜਦੇ, ਮਕਾਣਾਂ ਹੀ ਆਉਂਦੀਆਂ ਹਨ...।

ਜਿੰਦਾਂ ਬੱਚੇ ਦੇ ਜਨਮ 'ਚ ਬੰਦੇ ਦੀ 20% ਅਤੇ ਔਰਤ ਦੇ 80% ਜੀਨਜ਼ ਦੀ ਭੂਮਿਕਾ ਹੁੰਦੀ ਹੈ, ਉਵੇਂ ਬੱਚੇ ਦੇ ਨਿਰਮਾਣ 'ਚ ਵੀ ਤੇ ਮਕਾਨ ਨੂੰ ਘਰ ਬਣਾਉਣ ਵਿਚ ਹੀ...ਔਰਤ ਨੂੰ ਬਣਦੀ ਇੱਜ਼ਤ ਮਿਲਣੀ ਚਾਹੀਦੀ ਹੈ ਅਤੇ ਨਾਲ ਹੀ ਜਵਾਬਦੇਹੀ ਵੀ...।

ਜਦੋਂ ਤੋਂ ਬੀਬੀਆਂ ਪੰਜਾਬ ਦੀ ਖੇਤੀ ਤੋਂ ਦੂਰ ਹੋਈਆਂ ਉਨ੍ਹਾਂ ਦੀ ਰਸੋਈ ਅਤੇ ਸਿਹਤ ਦਾ ਕਬਾੜਾ ਤਾਂ ਹੋਇਆ ਹੀ, ਨਾਲ ਹੀ ਖੇਤੀ ਆਰਥਿਕਤਾ ਵੀ ਡੂੰਘੇ ਸੰਕਟ 'ਚ ਗਈ ਹੈ...।

ਸਿੱਖ ਧਰਮ ਦੀਆਂ ਬੀਬੀਆਂ ਕੋਲ ਤਾਂ ਪ੍ਰੇਰਨਾ ਲੈਣ ਲਈ ਭੈਣ ਨਾਨਕੀ, ਮਾਤਾ ਖੀਵੀ, ਬੀਬੀ ਭਾਨੀ, ਮਾਤਾ ਗੁਜਰੀ ਜੀ, ਸਾਹਿਬ ਕੌਰ, ਮਾਈ ਭਾਗੋ, ਬੀਬੀ ਹਰਸ਼ਰਨ ਕੌਰ, ਰਾਣੀ ਸਦਾ ਕੌਰ, ਰਾਣੀ ਜਿੰਦਾਂ ਵਰਗੀਆਂ ਹਜ਼ਾਰਾਂ ਮਿਸਾਲਾਂ ਹਨ ਪਰ ਜੇਕਰ ਬੀਬੀਆਂ ਹੀ ਇਤਿਹਾਸ ਅਤੇ ਸ਼ਬਦ ਤੋਂ ਕੋਰੀਆਂ ਹੋਣ ਤਾਂ ਬੱਚੇ ਕੀ ਬਣਨਗੇ...ਇਕਲੌਤੇ ਬੱਚੇ ਵਾਲੇ ਮਾਪਿਆਂ ਲਈ ਇਕਲਾਪਾ ਹੀ ਸਭ ਤੋਂ ਵੱਡਾ ਸਰਾਪ ਬਣ ਰਿਹਾ ਹੈ...।

ਮਨੁੱਖੀ ਜਾਮਾ ਮਿਲਿਆ ਕਾਹਦੇ ਲਈ ਤੇ ਗਿਆ ਕਾਹਦੇ ਵਿਚ...

ਦੋ ਪਲ ਜ਼ਿੰਦਗੀ ਦੇ ਮਿਲੇ ਸੀ
ਇੱਕ ਜੁਸਤਜੂ 'ਚ ਗਿਆ
ਇੱਕ ਇੰਤਜ਼ਾਰ ਵਿਚ।

***-ਸੁਰਜੀਤ ਸਿੰਘ ਵਿਰਕ***

---

# ਬਦਨਾਮ ਅਗਰ ਹੋਂਗੇ ਤੋ ਕਯਾ ਨਾਮ ਨਾ ਹੋਗਾ

## (ਵਿਅੰਗ)

ਹਰ ਬੰਦਾ ਚਾਹੁੰਦੈ ਕਿ ਉਸ ਦਾ ਨਾਮ ਹੋਵੇ, ਸਿਫਤ-ਸ਼ੁਹਰਤ ਹੋਵੇ। ਨਾਮੀ-ਕਰਾਮੀ ਹੋਣਾ ਤੇ ਪ੍ਰਸ਼ੰਸਾਯੋਗ ਹੋਣਾ ਜੇ ਸਭ ਦੀ ਨਹੀਂ ਤਾਂ ਬਹੁਤਿਆਂ ਦੀ ਲੋਚਾ-ਲਾਲਸਾ ਹੁੰਦੀ ਹੈ।

ਸਿਫਤ ਉਹ ਜੋ ਦੂਸਰਾ ਕਰੇ। ਇਹ ਸ੍ਰੇਸ਼ਟ ਅਤੇ ਹੱਕੀ ਸਿਫਤ ਹੁੰਦੀ ਹੈ। ਪਰ ਇਹ ਤਾਂ ਹੀ ਹੁੰਦੀ ਹੈ ਜੇ ਅਸੀਂ ਕੁਝ ਸਿਫਤ-ਲਾਇਕ ਕੀਤਾ ਹੋਵੇ। ਗੁਰਬਾਣੀ ਦਾ ਫੁਰਮਾਨ ਹੈ ਕਿ 'ਤਖਤਿ ਬਹੈ ਤਖਤੈ ਕੀ ਲਾਇਕ' (ਸ.ਗ.ਗ.ਸ.ਅੰਗ-1039)।

ਪਰ ਜੇ ਕੋਈ ਦੂਸਰਾ ਤੁਹਾਡੀ ਸਿਫਤ ਨਾ ਕਰੇ ਤਾਂ ਉਸ ਨੂੰ ਸਿਫਤ ਕਰਨ ਲਈ ਮਜਬੂਰ ਕਰੋ। ਇਸ ਤਹਿਤ ਦੂਜੇ ਸਾਹਮਣੇ ਆਪਣੇ ਆਪ ਨੂੰ ਰੱਜ ਕੇ ਨਿੰਦੋ, ਭੰਡੋ, ਬੁਰਾ ਭਲਾ ਕਹੋ। ਮਜਬੂਰਨ ਦੂਜਾ ਬੰਦਾ ਤੁਹਾਡੀ ਸਿਫਤ ਕਰਨ ਲਗ ਪਵੇਗਾ। ਤੇ ਜੇ ਦੋਵੇਂ ਰਾਹ ਸੂਤ ਨਾ ਬੈਠਣ ਤਾਂ ਫਿਰ ਆਪਣੀ ਸਿਫਤ ਆਪ ਕਰੋ! ਜਾਣੀ ਆਪਣੇ ਮੂੰਹੋਂ ਮੀਆਂ ਮਿਠੂ! ਭਾਵ ਆਪੇ ਮੈਂ ਰੱਜੀ ਪੁਜੀ ਤੇ ਆਪੇ ਮੇਰੇ ਮਾਪੇ ਜੀਣ! ਘੁਮਿਆਰ ਵਾਂਗ ਆਪਣਾ ਭਾਂਡਾ ਆਪ ਸਲਾਹੋ।



**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: 98766-55055**

ਇਵੇਂ ਹੀ ਨਾਮ ਕਮਾਉਣ ਦੇ ਢੰਗ-ਤਰੀਕੇ ਹਨ। ਕਈ ਆਪਣੇ ਵਡੇਰਿਆਂ ਦੀਆਂ ਨੇਕ ਕਮਾਈਆਂ ਕਾਰਨ ਨਾਮੀ-ਕਰਾਮੀ ਹੋ ਜਾਂਦੇ ਹਨ। ਹਾਂ, ਕਈ ਆਪਣੀਆਂ ਕਰਤੂਤਾਂ ਕਰਕੇ ਅਜਿਹੇ ਨਾਮ ਨੂੰ ਕਲੰਕਿਤ ਵੀ ਕਰ ਦਿੰਦੇ ਹਨ ਤੇ 'ਚੋਰ ਦੀ ਮਾਂ ਭੜੋਲੇ 'ਚ ਮੂੰਹ' ਵਾਲੀ ਸਥਿਤੀ ਪੈਦਾ ਕਰ ਦਿੰਦੇ ਹਨ। ਪਰ ਕਈ ਆਪ ਨਾਮ ਕਮਾਉਂਦੇ ਹਨ। ਕਈਆਂ ਨੂੰ 'ਨਾਮੀ' ਕਰਾਰ ਦੇ ਦਿਤਾ ਜਾਂਦੈ ਕਿਉਂਕਿ ਉਹ ਜਾਂ ਤਾਂ ਪੈਸੇ-ਟਕੇ ਵਾਲੇ ਹੁੰਦੇ ਹਨ ਤੇ ਜਾਂ ਨੇਤਾ, ਉਹ ਵੀ ਸੱਤਾਧਾਰੀ ਖੇਮੇ ਦੇ।

ਪਰ ਜੇ ਉਪਰੋਕਤ ਢੰਗਾਂ ਨਾਲ ਨਾਮ ਨਾ ਮਿਲੇ ਤਾਂ ਇਕ ਢੰਗ ਹੋਰ ਹੈ। ਉਹ ਹੈ ਮੰਦਕਰਮਾਂ ਨਾਲ ਡਰ ਭਾਵਨਾ ਰਾਹੀਂ ਨਾਮੀ-ਕਰਾਮੀ ਬਣਨਾ। ਅੰਗਰੇਜ਼ੀ ਸ਼ਬਦ 'ਨੋਟੋਰੀਅਸ' ਦਾ ਅਰਥ ਵੀ ਮਸ਼ਹੂਰ ਹੀ ਹੈ, ਜਿਵੇਂ 'ਫੇਮਸ' ਸ਼ਬਦ ਦਾ ਹੈ। ਹਾਂ, ਇਹ ਨਾਂਹਵਾਚੀ ਗੱਲਾਂ ਕਾਰਨ ਮਸ਼ਹੂਰ ਹੋਣ ਲਈ ਵਰਤਿਆ ਜਾਂਦਾ ਹੈ, ਕਿਸੇ ਔਗੁਣ ਜਾਂ ਮਾੜੇ ਕੰਮਾਂ ਕਾਰਨ ਮਸ਼ਹੂਰ ਹੋਣ ਲਈ। ਹਿੰਦੀ ਵਿਚ ਇਸ ਨੂੰ 'ਕੁਖਿਆਤ' ਕਹਿੰਦੇ ਹਨ, ਜੋ 'ਵਿਖਿਆਤ' ਦਾ ਵਿਰੋਧਾਰਥਕ ਸ਼ਬਦ ਹੈ। ਪਰ ਕਹਿੰਦੇ ਹਨ ਕਿ 'ਬਦਨਾਮ ਅਗਰ ਹੋਂਗੇ ਤੋ ਕਯਾ ਨਾਮ ਨਾ ਹੋਗਾ'!

ਅਜੋਕੇ ਦੌਰ 'ਚ ਬਦਨਾਮੀ 'ਚ ਬੜਾ ਨਾਮ ਹੈ। ਜਿੰਨੇ ਵੱਡੇ-ਵੱਡੇ ਗੈਂਗ ਹਨ ਉਨ੍ਹਾਂ ਦੇ ਮੁਖੀ ਬੜੇ 'ਮਸ਼ਹੂਰ' ਹਨ। ਚਾਹੇ ਸਾਡੇ ਦੇਸ਼ ਵਿਚਲੇ ਹੋਣ ਜਾਂ ਬਾਹਰਲੇ ਦੇਸ਼ਾਂ ਵਾਲੇ ਅਤੇ ਜਾਂ ਸਾਡੇ ਦੇਸ਼ ਵਾਲੇ ਜੋ ਬਾਹਰ ਬੈਠੇ ਕਾਰਵਾਈਆਂ ਕਰ/ਕਰਵਾ ਰਹੇ ਹਨ।

ਬੌਲੀਵੁੱਡ ਦੀਆਂ ਅਨੇਕਾਂ ਫਿਲਮਾਂ ਡੌਨਾਂ ਦੀ ਟੌਹਰ-ਟਸ਼ਨ ਦਾ ਵਿਖਿਆਨ ਕਰਦੀਆਂ ਹਨ।

ਕ੍ਰਾਂਤੀਕਾਰੀ ਕਵੀ ਅਦਮ ਗੌਂਡਵੀ ਐਵੇਂ ਤਾਂ ਨਹੀਂ ਲਿਖਦਾ-
ਜਿਤਨੇ ਹਰਾਮਖੋਰ ਥੇ ਕੁਰਬੋ-ਜਵਾਰ ਮੇਂ,
ਪ੍ਰਧਾਨ ਬਨ ਕੇ ਆ ਗਏ ਅਗਲੀ ਕਤਾਰ ਮੇਂ"।
ਜਾਣੀ ਲੁੱਚਾ ਲੰਡਾ ਚੌਧਰੀ ਤੇ ਗੁੰਡੀ ਰੰਨ ਪ੍ਰਧਾਨ!

ਬੇਸ਼ਕ ਉਰਦੂ ਸ਼ਾਇਰ ਡਾ. ਬਸ਼ੀਰ ਬਦਰ ਕਹਿੰਦੈ ਕਿ 'ਸ਼ੁਹਰਤ ਕੀ ਬੁਲੰਦੀ ਭੀ ਪਲ ਭਰ ਕਾ ਤਮਾਸ਼ਾ ਹੈ, /ਜਿਸ ਡਾਲ ਪੇ ਬੈਠੇ ਹੋ ਵੋਹ ਟੂਟ ਭੀ ਸਕਤੀ ਹੈ', ਪਰ ਬਹੁਤੇ ਬੰਦਿਆਂ ਅੰਦਰ ਝੂਠੀ/ਫੋਕੀ ਸ਼ੁਹਰਤ ਦੀ ਭੁੱਖ, 'ਵੱਡਾਪਨ' ਦਾ ਭਰਮ ਪਾਲਣ ਦਾ ਕੀੜਾ ਜਾਂ ਆਤਮ ਵਡਿਆਈ ਦਾ ਖਬਤ ਬਹੁਤ ਹੁੰਦੈ। ਅਮਰੀਕਾ ਵਰਗੀ ਸੁਪਰ-ਪਾਵਰ ਦਾ ਮੌਜੂਦਾ ਰਾਸ਼ਟਰਪਤੀ ਡੌਨਲਡ ਟਰੰਪ ਇਸ ਮਹੱਤਵ ਅਨੁਮਾਦ/ਅਹੰਕਾਰ ਦੀ ਸਭ ਤੋਂ ਵਡੀ ਮਿਸਾਲ ਹੈ। ਜੋ ਵੀ ਉਸ ਦੇ ਇਸ ਭਰਮ ਨੂੰ ਚੋਭ ਲਾਉਣ ਦੀ ਹਿਮਾਕਤ ਕਰਦੈ ਉਹ ਉਸ ਉਪਰ ਟੈਰਿਫ ਠੋਕ ਦਿੰਦੈ। ਦੂਸਰੇ ਦੇਸ਼ਾਂ ਦੇ ਇਲਾਕੇ ਮਲਣ ਦੀ ਤਾਕ 'ਚ ਰਹਿੰਦੈ। ਆਪਣੇ ਗੁਆਂਢੀ ਮੁਲਕ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਪ੍ਰਾਂਤ ਬਣਾਉਣ ਦੀ ਗੱਲ ਕਈ ਵਾਰ ਕਹਿ ਚੁੱਕੈ। ਗ੍ਰੀਨਲੈਂਡ ਵਰਗੇ ਖੁਦ-ਮੁਖਤਿਆਰ ਖਿੱਤੇ ਨੂੰ ਹਥਿਆਉਣ ਦੇ ਐਲਾਨ ਕਰ ਚੁਕੈ। ਵੈਨਜ਼ੁਏਲਾ ਦੇ ਰਾਸ਼ਟਪਤੀ ਨਿਕੋਲਸ ਮਾਦੂਰੋ ਅਤੇ ਉਸ ਦੀ ਪਤਨੀ ਸਿਲੀਆ ਫਲੋਰਸ ਨੂੰ ਦੇਸ਼ ਤੋਂ ਚੁੱਕ ਕੇ ਅਮਰੀਕਾ 'ਚ ਕੈਦ ਕਰ ਚੁਕੈ। ਹੁਣ ਉਸ ਨੇ ਇਜ਼ਰਾਈਲ ਨਾਲ ਮਿਲ ਕੇ ਇਰਾਨ ਉਪਰ ਹਮਲਾ ਕਰ ਦਿਤਾ, ਉਥੋਂ ਦੇ ਸੁਪਰੀਮ ਲੀਡਰ (ਪਰੈਜ਼ੀਡੈਂਟ) ਆਇਤਉੱਲਾ ਅਲੀ ਖਾਮਨੇਈ ਨੂੰ ਖਤਮ ਕਰ ਦਿਤੈ ਅਤੇ ਦੁਨੀਆ ਨੂੰ ਤੀਸਰੇ ਵਿਸ਼ਵ ਯੁੱਧ ਦੇ ਕਗਾਰ 'ਤੇ ਖੜ੍ਹਾ ਕਰਨ ਵਾਲੇ ਪਾਸੇ ਤੁਰਿਐ। ਸਮੇਂ ਦੀ ਸਿਫਤਜ਼ਰੀਫੀ ਦੇਖੋ ਕਿ ਸੰਸਾਰ ਦਾ ਸਾਹ ਸੂਤਣ ਵਾਲਾ ਇਹ ਹੰਕਾਰੀ ਡੌਨ ਆਪਣੇ ਆਪ ਲਈ ਨੋਬੇਲ ਸ਼ਾਂਤੀ ਪੁਰਸਕਾਰ ਮੰਗਦੈ ਤੇ ਮੰਗਦਾ ਵੀ ਐਂ ਜਿਵੇਂ ਕੋਈ ਭਿਖਾਰੀ ਵਿਚ ਚੌਰਾਹੇ ਠੂਠਾ ਫੜ ਕੇ ਕਹਿ ਰਿਹਾ ਹੋਵੇ ਕਿ 'ਦੇ ਦਾਤਾ ਕੇ ਨਾਮ ਤੁਝ ਕੋ ਅੱਲਾ ਰੱਖੇ'!

ਇਸ ਤੋਂ ਪਹਿਲਾਂ ਇਹ ਖਬਤੀ ਟਰੰਪ ਇੱਕ ਮੁਲਕ ਦੇ ਪ੍ਰਧਾਨ ਮੰਤਰੀ ਨੂੰ ਆਪਣਾ ਭਾਸ਼ਨ ਸੁਣਾਉਣ ਲਈ ਐਂ ਖੜ੍ਹਾ ਕਰ ਚੁਕੈ ਜਿਵੇਂ ਕੋਈ ਖੜੂਸ ਹੈਡਮਾਸਟਰ ਕਿਸੇ ਨਾਲਾਇਕ ਵਿਦਿਆਰਥੀ ਨੂੰ ਕਲਾਸ 'ਚ ਖੜ੍ਹਾ ਕਰਦਾ ਹੋਵੇ!

ਬਦਨਾਮੀ ਰਾਹੀਂ ਨਾਮ ਕਮਾਉਣ ਦੀ ਇੱਕ ਹੋਰ ਬਹੁਤ ਵਡੀ ਉਦਾਹਰਣ ਪਿਛੇ ਜਿਹੇ ਦਿੱਲੀ ਵਿਚ ਹੋਈ ਏ.ਆਈ. ਸਮਿਟ ਵੇਲੇ ਦੇਖਣ ਨੂੰ ਮਿਲੀ। ਇੱਕ ਨਿੱਜੀ ਵਿਸ਼ਵਵਿਦਿਆਲੇ ਵਲੋਂ ਇੱਕ ਅਜਿਹਾ ਰੋਬੋਟਿਕ ਕੁੱਤਾ ਪੇਸ਼ ਕੀਤਾ ਗਿਆ ਜੋ ਮਾਨਵ ਵਾਂਗ ਗਤੀਵਿਧੀਆਂ ਕਰਦਾ ਸੀ। ਹੱਥ ਮਿਲਾਉਂਦਾ ਤੇ ਝੁਕ-ਝੁਕ ਸਵਾਗਤ ਕਰਦਾ। ਬੜੀ ਖਿੱਚ ਦਾ ਕੇਂਦਰ ਬਣਿਆ ਰਿਹਾ ਇਹ ਮਸ਼ੀਨੀ ਕੁੱਤਾ। ਗਲਗੋਟੀਆ ਯੂਨੀਵਰਸਿਟੀ ਵਾਲਿਆਂ ਦਾਅਵਾ ਕੀਤਾ ਕਿ ਉਨ੍ਹਾਂ ਬਣਾਉਟੀ ਬੁੱਧੀ (ਏਆਈ) ਉਪਰ 350 ਕਰੋੜ ਰੁਪਏ ਨਿਵੇਸ਼ ਕੀਤੇ ਅਤੇ ਇਸ ਲਾਗਤ ਤਹਿਤ ਹੀ ਇਹ ਨਾਯਾਬ 'ਓਰੀਅਨ' ਨਾਮੀ ਰੋਬੋਟਿਕ ਕੁੱਤਾ ਬਣਾਇਆ ਗਿਆ।

ਪਰ ਇਸ ਯੂਨੀਵਰਸਿਟੀ ਦੀ ਉਦੋਂ ਬੜੀ ਲੱਸੀ ਹੋਈ ਜਦ ਸੋਸ਼ਲ ਮੀਡੀਆ ਉਪਰ ਇਸ ਵਰਗੇ ਕੁੱਤੇ ਚੀਨ ਵਿਚ ਬਣਾਏ ਜਾਣ ਦੇ ਹਵਾਲੇ ਮਿਲਣ ਲਗ ਪਏ। ਸੋਸ਼ਲ ਮੀਡੀਆ ਦੇ ਵਰਤੋਂਕਾਰਾਂ ਨੇ ਦਸਿਆ ਕਿ ਚੀਨ ਦੀ ਇੱਕ ਫਰਮ 'ਯੂਨੀਟਰੀ ਰੋਬੋਟਿਕਸ' ਨੇ ਇਸ ਨੂੰ ਯੂਨੀਟਰੀ ਜੀਓ2 ਮਾਡਲ ਤਹਿਤ ਤਿਆਰ ਕੀਤਾ ਹੈ ਅਤੇ ਇਹ ਆਨਲਾਈਨ 2-3 ਲ਼ੱਖ ਰੁਪਏ ਵਿਚ ਉਪਲਬਧ ਹੈ। ਚੀਨ ਨੇ ਵੀ ਤੁਰੰਤ ਦਸਿਆ ਕਿ ਉਸ ਦੁਆਰਾ ਬਣਾਏ ਗਏ ਅਜਿਹੇ ਰੋਬੋਟਿਕ ਕੁੱਤੇ ਆਨਲਾਈਨ ਵਿਕ ਚੁੱਕੇ/ਰਹੇ ਹਨ। ਬੇਸ਼ਕ ਇਸ ਯੂਨੀਵਰਿਸਟੀ ਦੀ ਪ੍ਰੋਫੈਸਰ ਨੇਹਾ ਸਿੰਘ ਨੇ ਬਥੇਰੀ ਕੋਸ਼ਿਸ਼ ਕੀਤੀ ਆਪਣੀ ਸੰਸਥਾ ਦਾ ਪੱਖ ਪੂਰਨ ਦੀ ਤੇ ਇਹ ਵੀ ਦਲੀਲ ਦਿਤੀ ਕਿ ਹਰ ਕਿਸੇ ਦਾ ਆਪੋ ਆਪਣਾ ਦ੍ਰਿਸ਼ਟੀਕੋਣ ਹੁੰਦੈ (ਯੂਅਰ ਸਿਕਸ ਕੈਨ ਬੀ ਮਾਈ ਨਾਈਨ) ਪਰ ਗਲ ਬਣੀ ਨਾ। ਚੀਨੀ ਕੁੱਤੇ ਨੇ ਭਾਰਤੀ ਯੂਨੀਵਰਸਿਟੀ ਦੇ ਚੱਕ ਵਢ ਹੀ ਦਿਤਾ ਅਤੇ ਉਹ ਵੀ ਬੁਰਕ ਭਰ ਕੇ!

ਯੂਨੀਵਰਸਿਟੀ ਨੂੰ ਆਪਣੀ ਟਿੰਡ ਫੌੜੀ ਚੁੱਕ ਕੇ ਏਆਈ ਸਮਿਟ ਦਾ ਪੰਡਾਲ ਛਡਣਾ ਪਿਆ। ਪਰ ਬਾਅਦ 'ਚ ਅਧਿਕਾਰੀਆਂ ਨੇ ਇਸ ਦਾ ਠੀਕਰਾ ਸਬੰਧਤ ਅਧਿਆਪਕ ਸਿਰ ਭੰਨਦਿਆਂ ਕਿਹਾ ਕਿ ਇਹ ਸਭ ਗੱਲ ਦੀ ਸਹੀ ਵਿਆਖਿਆ ਨਾ ਕਰ ਸਕਣ ਕਾਰਨ ਹੋਇਆ।

ਪਰ ਇਸ ਨਕਲ ਨਾਲ ਸਿਰਫ ਸਬੰਧਤ ਯੂਨੀਵਰਸਿਟੀ ਦੀ ਹੀ ਦੁਰਗਤ ਨਹੀਂ ਹੋਈ ਸਗੋਂ ਸਾਡੇ ਦੇਸ਼ ਅਤੇ ਏਆਈ ਵਿਚ ਸਾਡੀ ਭਰੋਸੇਯੋਗਤਾ ਉਪਰ ਵੀ ਸਵਾਲ ਖੜ੍ਹੇ ਹੋਏ। ਆਖਿਰ ਇਸ ਯੂਨੀਵਰਸਿਟੀ ਦੇ ਮਾਲਿਕ ਸਾਡੇ ਦੇਸ਼ ਦੇ ਆਕਾਵਾਂ ਦੇ ਮਨਜ਼ੂਰ-ਏ-ਨਜ਼ਰ ਹੋਣਗੇ ਤਾਂ ਹੀ ਤਾਂ 'ਸਮਿਟ' ਵਿਚਲਾ ਉਨ੍ਹਾਂ ਦਾ ਪੰਡਾਲ ਚਾਰ ਆਈ.ਆਈ.ਟੀਜ਼ ਦੇ ਟੋਟਲ ਪੰਡਾਲ ਨਾਲੋਂ ਵਡਾ ਦਸਿਆ ਗਿਆ ਸੀ।

ਪਰ ਵਿਸ਼ਵ ਵਿਦਿਆਲੇ ਵਾਲੇ ਬਦਨਾਮ ਹੋ ਕੇ ਖੂਬ ਨਾਮ ਖਟ ਗਏ। ਜਿਨ੍ਹਾਂ ਨੇ ਕਦੀ ਇਸ ਦਾ ਨਾਮ ਵੀ ਨਹੀਂ ਸੀ ਸੁਣਿਆ ਉਨ੍ਹਾਂ ਨੂੰ ਵੀ ਇਸ ਦਾ ਪਤਾ ਲਗ ਗਿਆ। ਅਖਬਾਰਾਂ 'ਚ ਦਰਜਨਾਂ ਲੇਖ, ਟੀਵੀ ਚੈਨਲਾਂ 'ਤੇ ਅਨੇਕਾਂ ਚਰਚਾਵਾਂ ਅਤੇ ਸੋਸ਼ਲ ਮੀਡੀਆ ਉਪਰ ਇਸ ਦੇ ਨਿਰੰਤਰ ਜ਼ਿਕਰ ਨੇ ਇਸ ਨੂੰ ਕੁੱਲ ਦੁਨੀਆਂ 'ਚ ਮਸ਼ਹੂਰ ਕਰ ਦਿਤਾ।

ਨਵਾਬ ਮੁਸਤਫਾ ਖਾਂ ਸ਼ੇਫਤਾ ਨੇ ਠੀਕ ਹੀ ਫਰਮਾਇਐ:
'ਹਮ ਤਾਲਿਬ-ਏ-ਸ਼ੁਹਰਤ ਹੈਂ ਹਮੇਂ ਨੰਗ ਸੇ ਕਯਾ ਕਾਮ,
ਬਦਨਾਮ ਅਗਰ ਹੋਂਗੇ ਤੋ ਕਯਾ ਨਾਮ ਨਾ ਹੋਗਾ'!

# ਗੁਰਨਾਮ ਸਿੰਘ ਤੀਰ ਉਰਫ ਚਾਚਾ ਚੰਡੀਗੜ੍ਹੀਆ

ਗੁਰਨਾਮ ਸਿੰਘ ਤੀਰ ਉਰਫ ਚਾਚਾ ਚੰਡੀਗੜ੍ਹੀਆ ਬੜਾ ਰੌਣਕੀ ਜਿਊੜਾ ਸੀ। ਮੈਂ ਉਹਨੂੰ ਪਹਿਲੀ ਵਾਰ ਨਵੀਂ ਦਿੱਲੀ ਕਿਸੇ ਸਮਾਗਮ ਵਿਚ ਮਿਲਿਆ। 1967-68 ਵਿਚ ਮੈਂ ਉਥੋਂ ਦੀ ਪੰਡਾਰਾ ਰੋਡ ਕਾਲੋਨੀ ਵਿਚ ਰਹਿੰਦਾ ਸਾਂ ਤਾਂ ਇੰਡੀਆ ਗੇਟ ਦੇ ਨੇੜੇ ਸਵੇਰ ਦੀ ਸੈਰ ਕਰਦਿਆਂ ਉਹਦੇ ਨਾਲ ਅਕਸਰ ਮੁਲਾਕਾਤ ਹੋ ਜਾਂਦੀ ਤੇ ਉਸ ਦੇ ਜੀਵਨ ਅਨੁਭਵ ਦੀਆਂ ਗੱਲਾਂ ਸੁਣ ਕੇ ਮਜ਼ਾ ਆ ਜਾਂਦਾ। ਉਹ ਚੰਡੀਗੜ੍ਹ



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਤੋਂ ਦੌਰੇ ਉੱਤੇ ਦਿੱਲੀ ਗਿਆ ਸੀ। ਇੰਡੀਆ ਗੇਟ ਦੇ ਆਲੇ-ਦੁਆਲੇ ਕੂਲੇ ਘਾਹ ਵਿਚ ਨੰਗੇ ਪੈਰੀਂ ਸੈਰ ਕਰਦਾ। ਉਸ ਨੇ ਆਪਣੇ ਪੈਰ ਦੀ ਜੁੱਤੀ ਕਾਫੀ ਦੂਰ ਕਿਸੇ ਜੜ੍ਹੀ-ਬੂਟੀ ਦੀਆਂ ਜੜ੍ਹਾਂ ਵਿਚ ਖੋਲ੍ਹੀ ਹੁੰਦੀ। ਬੇਪ੍ਰਵਾਹ ਹਸਤੀ।

ਉਹ 60 ਸਾਲ ਦੀ ਛੋਟੀ ਉਮਰੇ ਵੱਡੀ ਕਮਾਈ ਕਰਕੇ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਿਆ। 'ਅਕਲਦਾੜ', 'ਗੁੜਤੀ', 'ਅੱਧੀ ਰਾਤ ਦੀਆਂ ਹਾਕਾਂ', 'ਛੂਮੰਤਰ', 'ਮੈਨੂੰ ਮੈਥੋਂ ਬਚਾਓ' ਆਦਿ ਨਾਂ ਦੀਆਂ ਦੋ ਦਰਜਨ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਉਣ ਵਾਲਾ ਗੁਰਨਾਮ ਸਿੰਘ ਇੱਕੋ ਤੀਰ ਨਾਲ ਕਈ ਨਿਸ਼ਾਨੇ ਫੁੰਡਣੇ ਜਾਣਦਾ ਸੀ। ਉਸ ਨੇ ਥੋੜ੍ਹੇ ਜੀਵਨ ਵਿਚ ਅਨੇਕਾਂ ਮਾਣ-ਸਨਮਾਨ ਪ੍ਰਾਪਤ ਕੀਤੇ। ਏਨਾ ਬਹੁ-ਪਰਤੀ ਤੇ ਬਹੁ-ਪੱਖੀ ਕੋਈ ਕੋਈ ਹੁੰਦਾ ਹੈ।

2020 ਦੇ ਅਕਤੂਬਰ ਮਹੀਨੇ ਉਸ ਦੀ ਜੀਵਨ ਸਾਥਣ ਤਰਲੋਚਨ ਕੌਰ ਦੇ ਅਕਾਲ ਚਲਾਣੇ ਸਮੇਂ ਉਸ ਦੀ ਬੇਟੀ ਬੱਬੂ ਤੀਰ ਦੀਆਂ ਗੱਲਾਂ ਤੀਰ ਦੇ ਜੀਵਨ ਦੀ ਸੁਹਿਰਦਤਾ ਤੇ ਪਿਆਰ ਭਾਵਨਾ ਉੱਤੇ ਨਵਾਂ ਚਾਨਣ ਪਾਉਣ ਵਾਲੀਆਂ ਸਨ। ਸ੍ਰੀਮਤੀ ਤੀਰ ਨੇ ਅੰਤਿਮ ਸੁਆਸ ਆਪਣੀ ਧੀ ਦੇ ਘਰ ਤਿਆਗੇ ਸਨ। ਅਕਾਲ ਚਲਾਣੇ ਤੋਂ 8-10 ਮਹੀਨੇ ਪਹਿਲਾਂ ਬੱਬੂ ਆਪਣੀ ਮਾਂ ਨੂੰ ਪਿਤਾ ਦੇ 18 ਸੈਕਟਰ ਵਾਲੇ ਘਰ ਤੋਂ ਆਪਣੇ 36 ਸੈਕਟਰ ਵਾਲੇ ਘਰ ਲੈ ਆਈ ਸੀ। ਬੱਬੂ ਨੇ ਮਾਂ ਦੀ ਸੇਵਾ ਲਈ ਦੋ ਨਰਸਾਂ ਰੱਖੀਆਂ ਹੋਈਆਂ ਸਨ। ਮਾਂ ਨੂੰ ਆਪਣਾ ਘਰ ਬਹੁਤ ਚੇਤੇ ਆਉਂਦਾ ਸੀ, ਪਰ ਬੇਟੀ ਕਿਸੇ ਹਾਲਤ ਵਿਚ ਵੀ ਉਸ ਨੂੰ ਇਕੱਲਿਆਂ ਨਹੀਂ ਸੀ ਛੱਡਣਾ ਚਾਹੁੰਦੀ। ਕਈ ਵਾਰੀ ਤੀਰ ਦੇ ਜਨਮ ਸਥਾਨ ਪਿੰਡ ਕੋਟ ਸੁਖੀਆ (ਜ਼ਿਲ੍ਹਾ



ਮੋਗਾ) ਦੀਆਂ ਗੱਲਾਂ ਛੇੜ ਕੇ ਉਦਾਸ ਹੋ ਜਾਂਦੀ।

ਬੱਬੂ ਤੋਂ ਪਤਾ ਲੱਗਿਆ ਕਿ ਉਹ ਤੀਰ ਸਾਹਿਬ ਦੇ ਅਕਾਲ ਚਲਾਣੇ ਪਿਛੋਂ ਤਿੰਨ ਦਹਾਕੇ, ਜਦੋਂ ਤੱਕ ਤੀਰ ਵਾਲੇ ਘਰ ਰਹੀ ਤਾਂ ਉਸ ਪਤੀ ਦੀ ਕੋਈ ਚੀਜ਼ ਏਧਰ-ਓਧਰ ਨਹੀਂ ਹੋਣ ਦਿੱਤੀ-ਕਲਮ ਦਵਾਤ ਤੇ ਹੋਰ ਲਿਖਣ ਸਮੱਗਰੀ ਸਮੇਤ। ਹਰ ਦੂਜੇ-ਤੀਜੇ ਮਹੀਨੇ ਪਤੀ ਦੇ ਪਹਿਨਣ ਵਾਲੇ ਵਸਤਰ ਆਪਣੇ ਹੱਥੀਂ ਧੋਂਦੀ ਤੇ ਉਨ੍ਹਾਂ ਨੂੰ ਇਸਤਰੀ ਕਰਕੇ ਪਹਿਲਾਂ ਵਾਲੀ ਥਾਂ ਉੱਤੇ ਟਿਕਾ ਦਿੰਦੀ। ਅਜਿਹਾ ਕੀਤਿਆਂ ਉਸ ਨੂੰ ਆਪਣੇ ਜੀਵਨ ਸਾਥੀ ਦੀ ਹੋਂਦ ਦਾ ਅਹਿਸਾਸ ਹੁੰਦਾ ਸੀ, ਸ਼ਾਇਦ!

ਬੇਟੀ ਦੇ ਘਰ ਰਹਿੰਦਿਆਂ ਜਦੋਂ ਉਸ ਨੂੰ ਆਪਣਾ ਅੰਤ ਨੇੜੇ ਆਉਂਦਾ ਜਾਪਿਆ ਤਾਂ ਮੁੜ-ਮੁੜ ਬੇਟੀ ਨੂੰ ਕਹਿੰਦੀ ਕਿ ਪਿਛਲੇ ਘਰ ਵਿਚ ਪਏ, ਉਸ ਦੇ ਉਹ ਵਾਲੇ ਵਸਤਰ ਲਿਆ ਦੇਵੇ, ਜੋ ਉਹ ਘਰੋਂ ਬਾਹਰ ਜਾਣ ਸਮੇਂ ਪਹਿਨਿਆ ਕਰਦੀ ਸੀ। ਬੱਬੂ ਕਈ ਦਿਨ ਟਾਲ-ਮਟੋਲ ਕਰਦੀ ਰਹੀ, ਪਰ ਇੱਕ ਦਿਨ ਮਾਂ ਦੇ ਜ਼ਿਦ ਕਰਨ ਉੱਤੇ ਉਸ ਨੂੰ ਲਿਆਉਣੇ ਹੀ ਪਏ। ਵਸਤਰਾਂ ਦੇ ਆਉਣ ਦੀ ਦੇਰ ਸੀ ਕਿ ਇੱਕ ਦਿਨ ਉਸ ਨੇ ਨਰਸ ਨੂੰ ਤੜਕਸਾਰ ਜਗਾ ਕੇ ਸਵੇਰੇ-ਸਵੇਰੇ ਨਹਾਉਣ ਦੀ ਇੱਛਾ ਪ੍ਰਗਟ ਕੀਤੀ। ਇਹ ਵੀ ਕਿ ਇਸ਼ਨਾਨ ਤੋਂ ਪਿਛੋਂ ਉਸ ਨੇ ਘਰੋਂ ਆਏ ਵਸਤਰ ਪਹਿਨਣੇ ਹਨ। ਬੱਬੂ ਨੂੰ ਸਮਝ ਨਾ ਆਏ ਕਿ ਉਹ ਅਜਿਹਾ ਕਿਉਂ ਕਰ ਰਹੀ ਹੈ। ਉਸ ਨੇ ਮਾਂ ਦੀ ਇੱਛਾ ਉਤੇ ਫੁੱਲ ਚੜ੍ਹਾਏ ਤੇ ਆਪ ਕੋਵਿਡ ਦਾ ਟੀਕਾ ਲਵਾਉਣ ਚਲੀ ਗਈ। ਉਸ ਨੂੰ ਘਰੋਂ ਗਿਆਂ ਹਾਲੀ ਥੋੜ੍ਹੀ ਦੇਰ ਹੋਈ ਸੀ ਕਿ ਨਰਸ ਦੇ ਟੈਲੀਫੋਨ ਨੇ ਤੁਰੰਤ ਪਰਤਣ ਦੀ ਤਾਕੀਦ ਕੀਤੀ।

ਬੱਬੂ ਤੀਰ ਘਰ ਪਹੁੰਚੀ ਤਾਂ ਮਾਂ ਪਹਿਲਾਂ ਹੀ ਸਵਾਸ ਤਿਆਗ ਚੁਕੀ ਸੀ। ਨਰਸ ਦੇ ਦੱਸਣ ਅਨੁਸਾਰ ਉਨ੍ਹਾਂ ਦੇ ਅੰਤਿਮ ਸ਼ਬਦ ਸਨ, 'ਮੈਂ ਮੋਗੇ ਜਾ ਰਹੀ ਹਾਂ। ਤੀਰ ਸਾਬ੍ਹ ਕੋਲ।'

ਇਹ ਸਤਰਾਂ ਲਿਖਦੇ ਸਮੇਂ ਮੈਂ ਬੱਬੂ ਨੂੰ ਟੈਲੀਫੋਨ ਕੀਤਾ ਤਾਂ ਉਸ ਦੇ ਬੋਲਾਂ ਵਿਚ ਉਦਾਸੀ ਸੀ। ਸ਼ਾਇਦ ਪਿਤਾ ਦਿਵਸ ਹੋਣ ਸਦਕਾ। ਏਧਰ ਮਿਲਖਾ ਸਿੰਘ ਦੇ ਵਾਰਿਸ ਵੀ ਇੱਕ ਦਿਨ ਪਹਿਲਾਂ ਮਿਲਖਾ ਸਿੰਘ ਦਾ ਸਸਕਾਰ ਕਰ ਚੁਕੇ ਸਨ। ਮੈਂ ਵੀ ਉਦਾਸ ਹੋ ਜਾਂਦਾ ਹਾਂ। ਮੈਨੂੰ ਵਿਦੇਸ਼ਾਂ ਤੋਂ ਮੇਰੇ ਰਿਸ਼ਤੇਦਾਰਾਂ ਦੇ ਟੈਲੀਫੋਨ ਆਉਣ ਲਗਦੇ ਹਨ। ਮੇਰੇ ਫਾਦਰ ਫਿੱਗਰ ਹੋ ਜਾਣ ਸਦਕਾ।

**ਅੰਤਿਕਾ: ਅਜਾਇਬ ਸਿੰਘ ਹੁੰਦਲ**

ਬਾਪ ਦਾ ਕਰਜ਼ਾ ਉਤਾਰਾਂਗਾ ਕਿਵੇਂ, ਇਹ ਸੋਚਦੇ,

ਉਮਰ ਮੇਰੀ ਬਾਪ ਆਪਣੇ ਦੇ ਬਰਾਬਰ ਹੋ ਗਈ।

# ਵਿਆਹ ਵਰਗਾ ਅਖੰਡ ਪਾਠ...

ਪਿਛਲੇ ਸਾਲ ਜਨਵਰੀ-ਫਰਵਰੀ ਮਹੀਨੇ ਅਸੀਂ ਸਾਰਾ ਪਰਿਵਾਰ ਪਿੰਡ ਗਏ। ਸਾਡਾ ਮੁਖ ਮਕਸਦ ਪੋਤਰੇ ਦੀ ਲੋਹੜੀ ਪਿੰਡ ਮਨਾਉਣ ਦਾ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡਪਾਠ ਕਰਵਾ ਕੇ ਸ਼ਰਧਾ ਅਨੁਸਾਰ ਪੁੰਨ ਦਾਨ ਕਰਕੇ, ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਜਾਣ। ਸਾਰੀਆਂ ਤਿਆਰੀਆਂ ਕਰਨ ਲਈ ਮੈਨੂੰ ਬੱਚਿਆਂ ਨੇ ਜਨਵਰੀ ਦੇ ਸ਼ੁਰੂ ਵਿਚ ਹੀ ਪਿੰਡ ਭੇਜ ਦਿੱਤਾ। ਅਖੰਡ ਪਾਠ ਦੀ ਤਰੀਕ ਤਾਂ ਅਸੀਂ ਛੇ ਮਹੀਨੇ ਪਹਿਲਾਂ ਹੀ ਲੈ ਲਈ ਸੀ। ਕਿਉਂਕਿ ਜਨਵਰੀ ਫਰਵਰੀ ਤੇ ਮਾਰਚ ਦੇ ਮਹੀਨੇ ਪਿੰਡ ਵਿਚ ਪ੍ਰੋਗਰਾਮ ਜਿਆਦਾ ਹੁੰਦੇ ਹਨ। ਇਨ੍ਹਾਂ ਦਿਨਾਂ ਵਿਚ ਐਨ ਆਰ ਆਈ ਪਿੰਡਾਂ ਵਿਚ ਇੰਜ ਆਏ ਹੁੰਦੇ ਆ ਜਿਵੇ ਠੰਡ ਤੋਂ ਬਚਣ ਲਈ



**ਮੇਜਰ ਕੁਲਾਰ ਬੋਪਾਰਾਏ ਕਲਾਂ**
**ਫੋਨ: 916-273-2856**

ਪਹਾੜਾਂ ਤੋ ਕਸ਼ਮੀਰੀਏ ਪੰਜਾਬ ਆ ਜਾਂਦੇ ਨੇ। ਹਰੇਕ ਬਾਹਰਲੇ ਬੰਦੇ ਦੇ ਦਿਲ ਵਿਚ ਪਿੰਡ ਦਾ ਮੋਹ ਹੁੰਦਾ ਹੈ। ਫਿਰ ਉਹ ਪਿੰਡ ਜਾ ਕੇ ਲੋਹੜੀ, ਵਿਆਹ, ਕੋਠੀ ਦਾ ਮਹੂਰਤ ਜਾਂ ਅਖੰਡ ਪਾਠ ਜ਼ਰੂਰ ਕਰਵਾਉਂਦਾ ਹੈ। ਸਾਡਾ ਗੇੜਾ ਵੀ ਪੋਤੇ ਦੀ ਲੋਹੜੀ ਮਨਾਉਣ ਵਿਚ ਹੀ ਲੱਗ ਰਿਹਾ ਸੀ। ਛੋਟੇ ਭਰਾ ਨਾਲ ਤਿਆਰੀਆਂ ਦੀ ਰੂਪ ਰੇਖਾ ਤਿਆਰ ਕੀਤੀ। ਸਭ ਤੋਂ ਪਹਿਲਾਂ ਪਤਨੀ ਨੇ ਹੁਕਮ ਸੁਣਾਇਆ ਕਿ, ਕੰਮ ਸ਼ੁਰੂ ਕਰਨ ਤੋਂ ਪਹਿਲਾਂ ਬਾਬੇ ਸ਼ਹੀਦਾਂ ਦੇ ਕੁੜਤੇ ਪਜਾਮੇ ਦਾ ਕੱਪੜਾ ਲਿਆ ਕੇ ਘਰੇ ਰੱਖੇ, ਜੋ ਬਹੁਤ ਜ਼ਰੂਰੀ ਹੈ। ਫਿਰ ਦੋ ਕੁ ਸਾਲ ਪਹਿਲਾਂ ਹੀ ਬਣੀ ਕੋਠੀ ਨੂੰ ਦੁਬਾਰਾ ਬਾਹਰੋਂ ਬਾਹਰ ਰੰਗ ਕਰਕੇ ਸੁੱਚਾ ਕਰ ਲਿਆ ਜਾਵੇ। ਜੇ ਕੋਈ ਚੀਜ਼ ਟੁੱਟ-ਭੱਜ ਗਈ ਹੈ, ਉਸ ਦੀ ਮੁਰੰਮਤ ਕਰਵਾਈ ਜਾਵੇ। ਚੱਲੋ ਜੀ! ਰੰਗ ਵਾਲਾ ਸੱਦ ਲਿਆ, ਉਸ ਨੂੰ ਸਾਰੇ ਕੰਮ ਦਾ ਠੇਕਾ ਦੇ ਦਿੱਤਾ। ਲੋੜੀਂਦਾ ਰੰਗ ਰੋਗਣ ਤੇ ਬਾਕੀ ਸਮਾਨ ਲਿਖ ਲਿਆ ਤੇ ਦਸ ਦਿਨ ਬਾਅਦ ਆਉਣ ਲਈ ਆਖ ਕੇ ਤੁਰ ਗਿਆ। ਫਿਰ ਲੁਧਿਆਣੇ ਸ਼ਹਿਰ 'ਤੋਂ ਘਰ ਵਾਸਤੇ ਸਮਾਨ ਖਰੀਦ ਲਿਆਂਦਾ। ਇੱਕ ਗੱਲ ਮੈ ਹੋਰ ਦੇਖੀ ਉੱਥੇ ਜਾ ਕੇ ਸ਼ਾਇਦ ਤੁਸੀਂ ਵੀ ਨੋਟਿਸ ਕੀਤੀ ਹੋਣੀ। ਜਿਹੜਾ ਆਪਣਾ ਪੇਂਡੂ ਬੰਦਾ ਜਾਂ ਤੀਵੀਂ ਦੇ ਰਿਸ਼ਤੇਦਾਰੀ ਵਿਚੋਂ ਸਾਡੇ ਨਾਲ ਸ਼ਹਿਰ ਜਾਂਦੇ ਸਮਾਨ ਬਗੈਰਾ ਖਰੀਦਣ, ਉਹ ਸਾਨੂੰ ਦੁਕਾਨ 'ਤੇ ਬੈਠੇ ਹੀ ਕਹਿਣਗੇ- ਉਹ ਥੋਨੂੰ ਨਹੀਂ ਪਤਾ ਇੱਥੇ ਦੀ ਖਰੀਦਦਾਰੀ ਦਾ ਤੁਸੀਂ ਤਾਂ ਕਦੋ ਦੇ ਪਿੰਡੋ ਨਿਕਲੇ ਹੋ। ਭੁੱਖੇ ਟਿੱਡ ਰਹਿ ਕੇ ਜੋੜੇ ਡਾਲਰ ਉਨ੍ਹਾਂ ਨੂੰ ਇੰਝ ਲੱਗਦੇ ਹਨ, ਜਿਵੇਂ ਅਸੀਂ ਰੁੱਖਾਂ ਤੋਂ ਤੋੜ ਕੇ ਲੈ ਕੇ ਗਏ ਹੁੰਦੇ ਹਾਂ। ਪਤਾ ਨਹੀਂ ਲੱਗਦਾ ਕਿ ਉਹ ਸਾਡਾ ਪੱਖ ਪੂਰਦੇ ਹਨ ਜਾਂ ਦੁਕਾਨਦਾਰ ਦਾ। ਜਿਸ ਦਿਨ ਲੁਧਿਆਣੇ ਗਏ। ਉਸ ਦਿਨ ਮੈਂ ਤੇ ਮੇਰਾ ਸਵਰਗਵਾਸੀ ਸ਼ਾਂਢੂ ਤੇ ਦੋਵਾਂ ਦੀਆਂ ਪਤਨੀਆਂ, ਬੱਸ ਚਾਰੇ ਵੜ ਗਏ ਬਜ਼ਾਰ ਵਿਚ, ਪਤਨੀ ਕਹਿੰਦੀ ਦਸ ਕੰਬਲ ਚਾਹੀਦੇ ਨੇ, ਆਏ-ਗਏ ਵਾਸਤੇ। ਵਧੀਆ ਕੰਬਲ ਤਿੰਨ ਹਜ਼ਾਰ ਤੱਕ ਮਿਲਦਾ ਸੀ। ਇੱਕ ਦੁਕਾਨ 'ਤੇ ਕੰਬਲ, ਕੁਆਲਿਟੀ ਤੇ ਰੰਗ ਸਾਨੂੰ ਜੱਚ ਗਏ। ਭਾਅ ਪੁੱਛਿਆ ਤਾ ਉਸ ਨੇ ਚੌਵੀ ਸੌ ਰੁਪੈ ਇੱਕ ਕੰਬਲ ਦਾ ਮੰਗਿਆ। ਮੈ ਕਿਹਾ! ਸੇਠ ਜੀ! ਮੈ ਅਗਾਂਹ ਵੀ ਵੇਚਣੇ ਹਨ, ਠੀਕ ਠੀਕ ਲਾਵੋ। ਲੈਣੇ ਕਿੰਨੇ ਨੇ? ਸੇਠ ਨੇ ਪੁੱਛਿਆ, ਜੀ ਇੱਕ ਗੱਠ ਲੈ ਲਵਾਂਗੇ। ਇੱਕ ਗੱਠ ਵਿਚ ਅੱਠ ਕੰਬਲ ਹੁੰਦੇ ਹਨ। ਸੇਠ ਮੇਰੀ ਦੁਕਾਨਦਾਰੀ ਵਾਲੀ ਬੋਲੀ ਸੁਣ ਕੇ ਮੰਨ ਗਿਆ ਕਿ ਮੈਂ ਕੰਬਲ ਵੇਚਣ ਵਾਸਤੇ ਹੀ ਖਰੀਦ ਰਿਹਾ ਹਾਂ। ਚੱਲੋ ਤੁਸੀਂ ਦੋ ਹਜ਼ਾਰ ਪਰ ਕੰਬਲ ਦੇ ਦਿਓ। ਸੱਚ ਮੰਨਿਓ, ਅਸੀਂ ਸੋਲਾਂ ਸੋ ਦੇ ਹਿਸਾਬ ਨਾਲ ਅੱਠ ਕੰਬਲ ਲੈ ਲਏ। ਅਸੀਂ ਫਿਰ ਵੀ ਕਹਿ ਰਹੇ ਸੀ ਕਿ ਇਸਨੇ ਘੱਟੋ ਘੱਟੋ-ਘੱਟ ਪੰਜ ਸੋ ਰੁਪੈਂ ਪਰ ਕੰਬਲ ਮੁਨਾਫ਼ਾ ਲਿਆ ਹੋਵੇਗਾ। ਸਾਂਢੂ ਕਹਿੰਦਾ ਆਪਾ ਨੂੰ ਕੀ, ਆਪਾਂ ਤਾਂ ਅੱਠ ਸੋ ਰੁਪੈ ਪਰ ਕੰਬਲ ਬਚਾ ਲਿਆ।

ਮੈਂ ਪਿੰਡ ਜਾ ਕੇ ਬਾਹਰਲਿਆਂ ਵਾਲੀ ਲੁੱਕ ਘੱਟ ਰੱਖਦਾ ਹਾਂ। ਪੇਂਡੂ ਪਹਿਰਾਵਾ ਪਾ ਕੇ ਮੈਨੂੰ ਪੇਂਡੂ ਹੋਣ ਤੇ ਬਾਹਲਾ ਮਾਣ ਹੁੰਦਾ ਹੈ। ਪਿੰਡ ਹਰੇਕ ਹੀ ਕਹਿ ਦਿੰਦਾ ਸੀ ਕਿ 'ਕੁਲਾਰਾ' ਤੂੰ ਬਿਲਕੁਲ ਨਹੀਂ ਬਦਲਿਆ। ਬਦਲਣਾ ਵੀ ਨਹੀਂ ਚਾਹੀਦਾ, ਅਤੀਤ ਨਾਲ ਜੁੜੇ ਰਹੋ, ਅੱਜ ਨੂੰ ਮਾਣੋ ਤੇ ਭੱਵਿਖ ਪਰਮਾਤਮਾ ਤੇ ਛੱਡ ਦਿਉ। ਜ਼ਿੰਦਗੀ ਵਧੀਆ ਲੰਘੇਗੀ। ਹਲਵਾਈ ਵੀ ਪੱਕਾ ਕਰ ਲਿਆ। ਉਹ ਵੀ ਸਮਾਨ ਲਿਖਾ ਗਿਆ। ਟੈਂਟ ਵਾਲਾ ਵੀ ਵਿਹੜੇ ਦੀ ਮਿਣਤੀ ਕਰਕੇ ਰੂਪੈ ਦਾ ਹਿਸਾਬ ਕੱਢ ਕੇ ਸਾਈ ਪੱਕੀ ਕਰ ਗਿਆ। ਲਾਊਡ ਸਪੀਕਰ ਵਾਲਾ ਡਾਇਰੀ 'ਤੇ ਪੱਕੀ ਤਰੀਖ ਦੀ ਮੋਹਰ ਲਗਾ ਗਿਆ। ਸਭ ਕੁਝ ਹੁੰਦਾ ਦੇਖ ਮੈਨੂੰ ਇੰਜ ਲੱਗਦਾ, ਜਿਵੇਂ ਅਖੰਡ ਪਾਠ ਦੀ ਤਿਆਰੀ ਨਹੀਂ ਬਲਕਿ ਵਿਆਹ ਦੀ ਤਿਆਰੀ ਹੋ ਰਹੀ ਹੈ। ਭੋਗ ਵਾਲੇ ਦਿਨ ਰੋਟੀਆਂ ਲਹਾਉਣ ਵਾਲੀਆਂ ਬੀਬੀਆਂ ਵਿਹੜਿਓਂ ਪੱਕੀਆ ਕਰ ਲਈਆਂ। ਮੂਲ ਦੀਆਂ ਲੱਕੜਾਂ ਤੇ ਪਾਥੀਆਂ ਖਰੀਦ ਲਿਆਂਦੀਆਂ। ਕਾਰਡ ਛਪ ਗਏ। ਪਿੰਡ ਦੇ ਵਿਚ ਸੱਦਾ ਪੱਤਰ ਦੇਣ ਲਈ ਤਿੰਨ ਕੈਟਾਗਰੀ ਬਣੀਆਂ। ਇੱਕ ਇੱਕਲਾ ਭੋਗ ਵਾਲੇ ਦਿਨ ਭੋਗ ਦਾ ਸੱਦਾ, ਦੂਜਾ ਭੋਗ ਵਾਲੇ ਦਿਨ ਸਾਰੇ ਟੱਬਰ ਨੂੰ ਚੁੱਲ੍ਹੇ ਨਿਉਂਦਾ, ਤੀਜਾ ਤਿੰਨੇ ਦਿਨ ਸਾਰੇ ਟੱਬਰ ਨੂੰ ਚੁੱਲ੍ਹੇ ਨਿਉਂਦਾ, ਜਦੋਂ ਕਾਰਡਾਂ ਤੇ ਨਾਮ ਲਿਖੇ ਜਾ ਰਹੇ ਸਨ, ਤਾਂ ਮੈ ਹੈਰਾਨ ਹੋ ਕੇ ਪੁੱਛਿਆ ਕਿ ਬਹੁਤੇ ਇਨ੍ਹਾਂ ਘਰਾਂ ਨਾਲ ਤਾਂ ਆਪਣਾ ਸੱਦ-ਸਦੱਈਆ ਨਹੀਂ ਸੀ। ਮੇਰਾ ਭਰਾ ਕਹਿੰਦਾ, ਬਾਈ! ਹੁਣ ਹੈਗਾ ਵਾ। ਫਿਰ ਮੈਨੂੰ ਯਾਦ ਆਇਆ ਕਿ ਪਰਸੂ, ਪਰਸਾ, ਪਰਸ ਰਾਮ ਹੋਈ ਪਈ ਆ। ਜੇ ਮੈਂ ਪਿੰਡ ਹੀ ਹੁੰਦਾ, ਸ਼ਾਇਦ ਸ਼ਰੀਕੇ ਵਾਲੇ ਵੀ ਨਾ ਸੱਦਦੇ ਵਿਆਹ-ਸ਼ਾਦੀਆਂ ਵਿਚ। ਹੁਣ ਪਿੰਡ ਦੇ ਦੂਜੇ ਪਾਸੇ ਤੋਂ ਵੀ ਵਿਆਹਾਂ ਦੇ ਕਾਰਡ ਆਉਣੇ-ਜਾਣੇ ਸ਼ੁਰੂ ਹੋ ਗਏ ਸਨ। ਇਹ ਵੀ ਪਰਮਾਤਮਾ ਦੀ ਹੀ ਦੇਣ ਹੈ ਕਿ ਸਾਨੂੰ ਪਿੰਡ ਵਿਚ ਅਮਰੀਕਾ ਵਾਲਿਆਂ ਦਾ ਰੁਤਬਾ ਮਿਲਿਆ। ਦੁੱਧ ਲਈ ਵੇਰਕਾ ਡੇਅਰੀ ਵਾਲਿਆਂ ਨੂੰ ਕਹਿ ਦਿੱਤਾ ਕਿਉਂਕਿ ਬਰਫ਼ੀ ਤੇ ਗੁਲਾਬ ਜਾਮਣ ਘਰ ਦੀ ਬਣਾਉਣੀ ਸੀ। ਪਨੀਰ ਹਲਵਾਈ ਨੇ ਆਪ ਖਾਲਸ ਲਿਆਉਣਾ ਸੀ। ਸਾਰਾ ਸੌਦਾ-ਪੱਤਾ ਪਿੰਡ ਦੀ ਸੁਸਾਇਟੀ ਵਿਚ ਖੁੱਲ੍ਹੇ ਹੋਏ ਗਰੋਸਰੀ ਸਟੋਰ 'ਤੋਂ ਲੈਣਾ ਸੀ। ਘਰ ਦਾ ਲਾਣੇਦਾਰ ਛੋਟਾ ਭਰਾ ਸੀ, ਉਹ ਸਭ ਕੁੱਝ ਕਰ ਰਿਹਾ ਸੀ। ਮੈਂ ਤਾਂ ਸਭ ਕੁੱਝ ਪੋਹ-ਮਾਘ ਵਿਚ ਸ਼ਾਂਤ ਹੋਏ ਸਰੋਵਰ ਵਾਂਗ ਦੇਖ ਰਿਹਾ ਸੀ।

ਇੱਕੀ ਫਰਵਰੀ ਦਾ ਦਿਨ ਆ ਗਿਆ। ਜਦੋਂ ਤੜਕੇ ਹੀ ਸਾਰਾ ਟੱਬਰ ਕੇਸੀ ਇਨਸਾਨ ਕਰਨ ਲਈ ਉੱਠ ਪਿਆ। ਕੋਠੀ ਦੇ ਉਪਰਲੇ ਕਮਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨਾ ਸੀ। ਉਸ ਦੀ ਤਿਆਰੀ ਪਹਿਲੀ ਰਾਤ ਨੂੰ ਕਰ ਦਿੱਤੀ ਗਈ ਸੀ। ਦਿਨ ਚੜ੍ਹਦੇ ਸਾਰ ਆਂਢ-ਗੁਆਂਢ ਘਰ ਆਉਣਾ ਸ਼ੁਰੂ ਹੋ ਗਿਆ। ਨੌਂ ਵਜੇ ਅਸੀਂ ਦੋ ਗੱਡੀਆਂ ਬੰਦਿਆਂ ਦੀਆਂ ਭਰ ਕੇ ਗੁਰਦੁਆਰੇ ਪਹੁੰਚ ਗਏ। ਗੁਰੂਘਰ ਵਾਲਿਆਂ ਨੇ ਵੀ ਇੱਕ ਵੈਨ ਤਿਆਰ ਕਰਵਾਈ ਹੈ, ਗੁਰੂ ਗ੍ਰੰਥ ਸਾਹਿਬ ਲਿਜਾਣ ਵਾਸਤੇ, ਅੱਜ-ਕੱਲ ਉਹ ਸ਼ਰਧਾ ਭਾਵਨਾ ਨਹੀਂ ਰਹਿ ਗਈ, ਜਦੋਂ ਦਸ ਬਾਰਾਂ ਬੰਦੇ ਤੁਰ ਕੇ ਗੁਰਦੁਆਰਾ ਸਾਹਿਬ ਜਾਂਦੇ ਸੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਲਿਆਉਂਦੇ ਸੀ। ਹੁਣ ਸਭ ਕੁੱਝ ਕਾਰਾ ਗੱਡੀਆਂ ਦੇ ਹਵਾਲੇ ਹੋ ਗਿਆ। ਸਵਾ ਗਿਆਰਾਂ ਵਜੇ ਸ੍ਰੀ ਅਖੰਡਪਾਠ ਆਰੰਭ ਹੋ ਗਿਆ। ਆਂਢ-ਗੁਆਂਢ ਦੇ ਕੁੱਲ ਚਾਲੀ ਪੰਜਾਹ ਬੰਦੇ ਤੇ ਬੀਬੀਆਂ ਹੋਣਗੀਆਂ। ਜਦੋਂ ਪਾਠੀ ਸਿੰਘ ਨੇ ਜੁਪ ਜੀ ਸਾਹਿਬ ਦਾ ਪਾਠ ਪੂਰਾ ਕੀਤਾ ਤਾ ਦੇਗ ਵਰਤਾਈ ਗਈ। ਬਸ ਦੇਗ ਲੈਣ ਤੋਂ ਬਾਅਦ ਸਾਰੇ ਥੱਲੇ ਆ ਗਏ। ਮੈਂ ਤੇ ਦੋ ਜਣੇ ਹੀ ਕਮਰੇ ਵਿਚ ਰਹਿ ਗਏ। ਥੱਲੇ ਰੋਲਾ ਪੈਣ ਲੱਗ ਗਿਆ। 'ਕੁੜੇ! ਬੰਦਿਆਂ ਨੂੰ ਪਹਿਲਾਂ ਪ੍ਰਸ਼ਾਦਾ ਛਕਾਉਣਾ ਹੈ।' ਕੋਈ ਬੀਬੀ ਕਹਿ ਰਹੀ। 'ਲੈ ਵੀਰ! ਪਹਿਲਾਂ ਥਾਲ਼ੀਆਂ ਲੈ ਜਾਵੋ, ਇੱਕ ਜਾਣਾ ਸਬਜ਼ੀ ਤੇ ਦੂਜਾ ਦਾਲ ਵਾਲੀ ਬਾਲਟੀ ਲੈ ਜਾਵੋ।' ਕਿਸੇ ਦੂਜੀ ਬੀਬੀ ਨੇ ਸੇਵਾਦਾਰ ਮੁੰਡਿਆ ਨੂੰ ਕਿਹਾ। ਗੱਲ ਕੀ ਬੱਸ ਰੋਲਾ-ਰੱਪਾ ਪੈ ਰਿਹਾ ਸੀ। ਆਏ ਹੋਏ ਬੰਦੇ ਪ੍ਰਸ਼ਾਦਾ-ਪਾਣੀ ਛੱਕ ਕੇ ਤੁਰ ਗਏ। ਦੋ-ਚਾਰ ਜਾਣੇ ਪਿਆਜ਼ ਕੱਟਣ ਲੱਗ ਗਏ। ਨਾਲੇ ਆਲੂਆਂ ਦੀਆਂ ਗੱਲਾਂ ਸਿਆਸਤ ਤੇ ਇਧਰ-ਉਧਰ ਦੀਆਂ ਮਾਰਦੇ ਰਹੇ। ਮੈਂ ਵੀ ਦੋ ਘੰਟੇ ਬਾਅਦ ਥੱਲੇ ਆ ਗਿਆ। ਰੋਟੀ ਖਾ ਕੇ ਮੈਂ ਵੀ ਆਲੂਆਂ ਵਿਚ ਗਧਾ ਵਾੜ ਦਿੱਤਾ। ਮੈ ਕਈ ਵਾਰ ਪਤਨੀ ਨੂੰ ਕਿਹਾ ਕਿ ਦੋ ਘੰਟੇ ਪਾਠ ਸੁਣ ਲਵੋ। ਉਹ ਕਹਿੰਦੀ ਅਸੀਂ ਤਾਂ ਰਾਤ ਦੀ ਰੋਟੀ ਦੀ ਤਿਆਰੀ ਕਰਨੀ ਹੈ। ਬਿਰਧ ਹੋਏ ਬਾਪੂ ਜੀ ਨੂੰ ਕਿਹਾ ਕਿ ਬਾਪੂ ਜੀ! ਤੁਸੀਂ ਬੈਠ ਜਾਓ ਉੱਪਰ ਜਾ ਕੇ ਨਾਲੇ ਪਾਠ ਸੁਣਿਓ ਤੇ ਮੱਥਾ ਟੇਕਣ ਵਾਲੇ ਨੂੰ ਪ੍ਰਸ਼ਾਦ ਦੇਈ ਜਾਇਓ। ਬਾਪੂ ਜੀ ਵੀ ਨਾ ਮੰਨੇ। ਮੈਂ ਫਿਰ ਦੋ ਘੰਟੇ ਬੈਠ ਕੇ ਪਾਠ ਸੁਣਿਆ। ਨਾਲੇ ਪ੍ਰਸ਼ਾਦ ਦੀ ਸੇਵਾ ਨਿਭਾਈ। ਪਾਠੀ ਸਿੰਘ ਆਪਣੇ ਟਾਈਮ ਨਾਲ ਆਉਂਦੇ ਸੀ। ਜਲ-ਪਾਣੀ ਛੱਕ ਕੇ ਰੌਲ 'ਤੇ ਬੈਠ ਜਾਂਦੇ ਸੀ। ਰੌਲ 'ਤੋਂ ਉੱਠਣ ਵਾਲੇ ਪ੍ਰਸ਼ਾਦਾ ਛੱਕ ਕੇ ਜਾਂਦੇ ਸੀ। ਥੱਲੇ ਰੋਲਾ ਪੈ ਰਿਹਾ ਸੀ ਕਿ ਭਾਈ ਰਾਤ ਨੂੰ ਗੋਭੀ ਬਣਾਉਣੀ ਹੈ, ਜੋ ਥੋੜੀ ਲੱਗਦੀ ਹੈ। ਮੈਂ ਤੇ ਮੇਰੇ ਚਾਚੇ ਦਾ ਪੁੱਤ ਅਸੀਂ ਪਿੰਡ ਵਿਚੋਂ ਗੋਭੀ ਲੈਣ ਚਲੇ ਗਏ। ਪਿੰਡੋਂ ਗੋਭੀ ਮਿਲੀ ਨਾ ਫਿਰ ਅਸੀਂ ਸੁਧਾਰੋਂ ਗੋਭੀ ਲਿਆਏ ਸੀ। ਰਾਤ ਨੂੰ ਅੱਧਿਓਂ-ਵੱਧ ਦੇਗਾ ਗੋਭੀ ਦੀ ਸਬਜ਼ੀ ਦਾ ਬਚਿਆ ਪਿਆ ਸੀ। ਕਹਿਣ ਦਾ ਮਤਲਬ ਬੀਬੀਆ ਉਂਝ ਹੀ ਭਾਜੜ ਪਾਈ ਰੱਖਦੀਆਂ ਨੇ। ਮਿੰਨਤਾਂ ਕਰ ਕਰ ਕੇ ਕਿਸੇ ਨਾ ਕਿਸੇ ਨੂੰ ਦੇਗ ਦੀ ਸੇਵਾ ਲਈ ਬਿਠਾਉਂਦੇ ਸੀ। ਪਾਠ ਸੁਣਨ ਦੀ ਨਾ ਕਿਸੇ ਘਰ ਦੇ ਜੀਅ ਨੂੰ ਸ਼ਰਧਾ ਸੀ ਤੇ ਨਾ ਕਿਸੇ ਆਂਢ-ਗੁਆਂਢ ਦੇ ਕਿਸੇ ਬੰਦੇ-ਜਨਾਨੀ ਨੂੰ। ਸਾਡਾ ਪਿੰਡ ਟਕਸਾਲੀ ਹੋਣ ਦੇ ਬਾਵਜੂਦ ਵੀ ਪਿੰਡ ਦੇ ਪਾਠੀ ਸਿੰਘਾਂ ਦੀ ਗਿਣਤੀ ਵਧਾ ਨਹੀਂ ਸਕਿਆ। ਜ਼ਿਮੀਂਦਾਰਾਂ ਦਾ ਤਾਂ ਇੱਕ ਵੀ ਮੁੰਡਾ ਪਾਠੀ ਨਹੀਂ ਹੈ। ਪਹਿਲਾਂ ਦਿਨ ਫਿਰ ਰਾਤ ਨੂੰ ਰੌਲਾ ਪੈਂਦਾ ਰਿਹਾ। ਪਰ ਮੈਂ ਸੁਖਮਨੀ ਸਾਹਿਬ ਦੀ ਬਾਣੀ ਬੜੇ ਪਿਆਰ-ਸਤਿਕਾਰ ਨਾਲ ਸੁਣੀ।

ਪਾਠੀ ਸਿੰਘ ਮੇਰਾ ਜਮਾਤੀ ਸੀ। ਪਰਮਾਤਮਾ ਨੇ ਉਸ ਨੂੰ ਬੜੀ ਵਧੀਆ ਆਵਾਜ਼ ਬਖਸ਼ੀ ਹੈ। ਪਰ ਉਹ ਵੀ ਪੂਰੇ ਅੱਠ ਵਜੇ ਆਪਣੀ ਰੌਲ ਪੂਰੀ ਕਰ ਕੇ ਉੱਠ ਗਿਆ। ਸਿਰਫ਼ ਤਿੰਨ ਅਸ਼ਟਪਦੀਆਂ ਰਹਿੰਦੀਆਂ ਸਨ। ਨਵੇਂ ਪਾਠੀ ਨੇ ਆਪਣੀ ਲੈਅ ਬਣਾਉਂਦਿਆਂ ਸੁਖਮਨੀ ਸਾਹਿਬ ਸੰਪੂਰਨ ਕਰ ਦਿੱਤਾ। ਸਵੇਰੇ ਤੜਕੇ ਮੈਂ ਤੇ ਸਾਂਢੂ (ਹੁਣ ਸਵਰਗਵਾਸੀ) ਜਗਰਾਉਂ ਤਾਜ਼ੀ ਸਬਜ਼ੀ ਲੈਣ ਚਲੇ ਗਏ। ਉੱਥੇ ਜਾ ਕੇ ਕਿਸਾਨਾਂ ਦੀ ਮਿਹਨਤ ਨਾਲ ਉਗਾਈਆਂ ਸਬਜ਼ੀਆਂ ਦੀ ਕੀਮਤ ਦੇਖ ਕੇ ਹੈਰਾਨੀ ਹੋਈ। ਜਿਹੜੀ ਗੋਭੀ ਸੁਧਾਰੋ ਵੀਹ ਰੁਪੈ ਕਿਲੋ ਖਰੀਦੀ ਸੀ, ਉਹ ਇਥੇ ਇਕ ਰੁਪਈਏ ਕਿਲੋ ਮਿਲ ਰਹੀ ਸੀ। ਐਨੀ ਜ਼ਿਆਦਾ ਠੰਢ ਵਿਚ ਕਿਸਾਨ ਸਬਜ਼ੀ ਵੇਚ ਰਹੇ ਸਨ ਤੇ ਖਰੀਦਣ ਵਾਲੇ ਭਈਏ ਸਨ, ਜਿਨ੍ਹਾਂ ਵੀਹ ਗੁਣਾ ਜ਼ਿਆਦਾ ਭਾਅ 'ਤੇ ਵੇਚਣੀ ਸੀ। ਮੈਂ ਸੋਚਿਆ ਐਵੇਂ ਨਹੀਂ ਕਿਸਾਨ ਫਾਹੇ ਲੈਂਦਾ। ਕਿਸਾਨਾਂ ਦੀ ਸਬਜ਼ੀ ਦੀ ਕੁਆਲਿਟੀ ਦੇਖ ਕੇ ਲੱਗਦਾ ਸੀ ਕਿ ਇਨ੍ਹਾਂ ਨੇ ਮਿਹਨਤ ਪੂਰੀ ਕੀਤੀ ਹੋਈ ਹੈ ਪਰ ਪੂਰਾ ਮੁੱਲ ਨਹੀਂ ਮਿਲ ਰਿਹਾ।

ਖੈਰ! ਅਸੀਂ ਸਬਜ਼ੀਆਂ ਖਰੀਦ ਕੇ ਵਾਪਸ ਆ ਗਏ। ਵਿਹੜੇ ਵਿਚ ਟੈਂਟ ਲੱਗ ਚੁੱਕਾ ਸੀ ਘਰ ਦੇ ਮਹੌਲ ਤੋਂ ਲੱਗਦਾ ਸੀ ਕਿ ਵਿਆਹ ਦਾ ਫ਼ੰਕਸ਼ਨ ਹੋ ਰਿਹਾ ਹੈ। ਅੰਦਰ ਪਾਠ ਚੱਲ ਰਿਹਾ ਹੈ ਬਾਹਰ ਮੰਗਣ ਵਾਲੀਆਂ ਢੋਲਕੀ ਕੁੱਟ ਕੇ ਗੀਤ ਗਾਉਣ ਲੱਗੀਆਂ ਹੋਈਆਂ ਸਨ। ਜਗਰਾਉਂ ਵਾਲੇ ਭੰਡ ਆਪਣਾ ਜੌਹਰ ਦਿਖਾ ਰਹੇ ਸਨ। ਸ਼ਾਮ ਤੱਕ ਪੂਰਾ ਘਰ ਵਿਆਹ ਵਾਲੇ ਘਰ ਦਾ ਰੂਪ ਲੈ ਚੁੱਕਾ ਸੀ। ਸ਼ਾਮ ਦੀ ਰੌਲ ਵਿਚ ਮਾਰੂ ਰਾਗ ਦੇ ਸੋਹਿਲੇ ਆਉਂਦੇ ਹਨ ਜੋ ਸੁਨਣ ਵਾਲੇ ਨੂੰ ਬਹੁਤ ਅਨੰਦ ਦਿੰਦੇ ਹਨ। ਮਜਾਲ ਕੇ ਕਿਸੇ ਨੇ ਸੁਣੇ ਹੋਣ, ਸ਼ਿਰਫ ਮੈ ਸ਼ੁਨਣ ਦਾ ਅਨੰਦ ਲਿਆ। ਬਸ ਥੱਲੇ ਤਾ ਰੌਲਾ ਇਹੀ ਹੀ ਸੀ ਕਿ ਕਿਸ ਨੇ ਰੋਟੀ ਖਾ ਲਈ ਤੇ ਕੌਣ ਰਹਿੰਦਾ ਹੈ। ਪਾਠ ਸੁਣਨਾ ਕਿਸੇ ਨੇ ਜ਼ਰੂਰੀ ਨਹੀਂ ਸਮਝਿਆ। ਹਲਵਾਈ ਆਪਣੇ ਕੰਮ ਵਿਚ ਵਿਅਸਤ ਸਨ। ਲੱਡੂ, ਬਰਫੀ, ਰਸਗੁੱਲੇ ਤੇ ਗੁਲਾਬ ਜਾਮਣ, ਬੂੰਦੀ, ਸੇਵੀਆਂ ਬਣਾ ਰਹੇ ਸਨ। ਜਿਵੇਂ ਸਵੇਰੇ ਜੰਝ ਨੇ ਆਉਣਾ ਹੋਵੇ। ਭੋਗ ਵਾਲੇ ਦਿਨ ਦੀ ਬਾਣੀ ਕਬੀਰ ਜੀ ਦੇ ਸਲੋਕ, ਫ਼ਰੀਦ ਜੀ ਦੇ ਸਲੋਕ ਜੋ ਧੁਰ ਆਤਮਾ ਤੱਕ ਸਕੂਨ ਦਿੰਦੇ ਹਨ। ਉਹ ਵੀ ਕਿਸੇ ਨੇ ਨਹੀਂ ਸੁਣੇ। ਥੱਲੇ ਤਾ ਰੌਲਾ ਤਿਆਰ ਹੋ ਕੇ ਸੋਹਣੇ ਲੱਗਣ ਦੀ ਹੀ ਤਿਆਰੀ ਹੋ ਰਹੀ ਸੀ। ਉੱਪਰ ਗੁਰਬਾਣੀ ਪੜ੍ਹੀ ਜਾ ਰਹੀ ਹੈ ਕਿਸੇ ਨੂੰ ਕੋਈ ਮਤਲਬ ਨਹੀਂ ਸੀ। ਭੋਗ ਪੈਣ ਦੀ ਤਿਆਰੀ ਸੀ। ਲੋਕਾਂ ਲਈ ਵੱਡੇ-ਵੱਡੇ ਮੇਜ਼ ਲਾ ਕੇ ਪੰਜ ਪ੍ਰਕਾਰ ਦੀ ਬਰਫੀ ਪੰਜ ਪ੍ਰਕਾਰ ਦੇ ਪਕੌੜੇ ਸਜਾਏ ਹੋਏ ਸਨ। ਆਇਆ-ਗਿਆ ਵਧਾਈਆਂ ਭਾਈ ਵਧਾਈਆਂ ਦੇ ਰਿਹਾ ਸੀ। ਬਹੁਤੇ ਮੱਥਾ ਟੇਕ ਕੇ ਥੱਲੇ ਆ ਕੇ ਰਾਹ ਵਿਚ ਗੱਲਾਂ ਕਰਨ ਲੱਗੇ ਸਨ। ਰਿਸ਼ਤੇਦਾਰੀ ਵਾਲੇ ਵੀ ਬਹੁਤੇ ਗੱਲਾਂ ਵਿਚ ਹੀ ਵਿਅਸਤ ਸਨ। ਕਦੋਂ ਕੀਰਤਨ ਹੋਇਆ, ਕਦੋ ਕਥਾ ਹੋਈ ਬਹੁਤਿਆਂ ਨੂੰ ਪਤਾ ਹੀ ਨਹੀਂ ਲੱਗਿਆ। ਬਸ ਜਦੋਂ ਮੇਜ਼ਾਂ ਤੇ ਰੋਟੀ ਪਰੋਸੀ ਗਈ ਤੇ ਬਾਬਾ ਜੀ ਨੇ ਕਿਹਾ ਕੇ ਮਾਈ ਭਾਈ ਕੋਈ ਵੀ ਪ੍ਰਸ਼ਾਦੇ ਤੋ ਬਿਨਾਂ ਨਾ ਜਾਵੇ, ਕੀ ਦੇਖਿਆ ਵੀਹ ਕੁ ਮਿੰਟਾਂ ਵਿਚ ਸੰਗਤ ਨੇ ਮੇਲੇ ਦਾ ਰੂਪ ਧਾਰਨ ਕਰ ਲਿਆ। ਇੱਕ ਦੂਜੇ ਤੋਂ ਮੂਹਰੇ, ਪ੍ਰਸ਼ਾਦੇ ਦੀ ਦੌੜ, ਕਿਆ ਮਾਹੌਲ ਸੀ। ਵਾਹਿਗੁਰੂ ਮਾਫ਼ ਕਰਨ ਅਖੰਡ ਪਾਠ ਕਰਵਾ ਕੇ ਗੁਰਬਾਣੀ ਦਾ ਲਾਹਾ ਤਾਂ ਨਹੀ ਲੈ ਸਕੇ, ਪਰ ਲੋਕਾਂ ਵਿਚ ਟੌਹਰ ਬਣਾ ਲਈ ਕਿ ਅਸੀਂ ਵੀ ਅਖੰਡਪਾਠ ਕਰਵਾ ਲਿਆ। ਢਾਈ ਲੱਖ ਰੁਪੈ ਲੱਗ ਜਾਣ 'ਤੇ ਵੀ ਮਨ ਨੂੰ ਭੋਰਾ ਖੁਸ਼ੀ ਨਹੀਂ ਹੋਈ, ਜੋ ਲਾਹਾ ਲੈਣਾ ਸੀ ਉਹ ਨਹੀਂ ਲਿਆ ਗਿਆ। ਸਾਡੇ ਬਹੁਤੇ ਲੋਕ ਇੰਜ ਹੀ ਕਰਦੇ ਹਨ ਪਰ ਇੰਝ ਨਹੀਂ ਕਰਨਾ ਚਾਹੀਦਾ। ਲੰਗਰਾਂ ਨਾਲ ਨਹੀਂ, ਗੁਰਬਾਣੀ ਨਾਲ ਜੁੜਨਾ ਚਾਹੀਦਾ ਹੈ। ਰੱਬ ਰਾਖਾ ॥

# ਰੰਗ ਤਾਂ ਬਦਲੇ ਨੇ ਪੰਨੂ ਸਾਬ੍ਹ, ਮੁੱਕਰੋ ਨਾ...

ਪਿਛਲੇ ਦਿਨੀਂ ਸ. ਸੁਖਬੀਰ ਸਿੰਘ ਬਾਦਲ ਨੇ ਮਾਨ ਸਰਕਾਰ ਖ਼ਿਲਾਫ ਰੋਸ ਪ੍ਰਗਟ ਕਰਦਿਆਂ ਕਿਹਾ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਬੱਸਾਂ ਦੇ ਰੰਗ ਬਦਲ ਦਿੱਤੇ ਹਨ।

ਦੂਜੇ ਪਾਸੇ ਆਮ ਆਦਮੀ ਪਾਰਟੀ ਦੇ ਜਨਰਲ ਸਕੱਤਰ ਤੇ ਮੁੱਖ ਬੁਲਾਰੇ ਬਲਤੇਜ ਪੰਨੂ ਦਾ ਕਹਿਣਾ ਹੈ ਕਿ ਰੰਗਾਂ ਵਿਚ ਕੋਈ ਬਦਲਾਅ ਨਹੀਂ ਹੈ, ਓਹੀ ਸੁਖਬੀਰ ਬਾਦਲ ਦੇ ਘੜੂੱਕੇ ਵਾਲਾ ਰੰਗ ਹੈ, ਬੱਸ ਬਾਦਲ ਸਾਬ੍ਹ ਦੀ ਹੀ ਯਾਦਾਸ਼ਤ ਕਮਜ਼ੋਰ ਹੋ ਗਈ ਹੈ।

ਬਲਤੇਜ ਪੰਨੂ ਅਕਸਰ ਆਪਣੀ ਇਮਾਨਦਾਰੀ ਤੇ ਪਾਰਦਰਸ਼ਤਾ ਲਈ ਜਾਣੇ ਜਾਂਦੇ ਹਨ, ਪਰ ਇੱਥੇ ਬਦਲੇ ਰੰਗਾਂ ਵਾਲੇ ਮਸਲੇ 'ਤੇ ਉਹ ਸ਼ਰ੍ਹੇਆਮ ਝੂਠ ਬੋਲਦੇ ਨਜ਼ਰ ਆ ਰਹੇ ਹਨ, ਬਦਲੇ ਰੰਗਾਂ ਨਾਲ ਮਿਲਦੇ-ਜੁਲਦੇ ਤੱਥ ਹੇਠਾਂ ਪੇਸ਼ ਕਰ ਰਿਹਾ ਹਾਂ।

1. ਕੀ ਪੰਨੂ ਸਾਬ੍ਹ, ਮਾਨ ਸਰਕਾਰ ਨੇ ਅਕਾਲੀਆਂ ਦੇ ਰੰਗ ਨਹੀਂ ਬਦਲੇ ਹਨ? ਜਿਹੜੇ ਅਕਾਲੀ ਮੁੱਛਾਂ ਤਾਣ ਕੇ ਮੜ੍ਹਕ ਨਾਲ ਰਾਜਿਆਂ ਵਰਗੀ ਜ਼ਿੰਦਗੀ ਜਿਉਂਦੇ ਸਨ, ਅੱਜ ਉਹ ਪੰਜਾਬ ਨਾਲ ਕੀਤੇ ਧੱਕੇ ਦੀਆਂ ਪਰਤਾਂ ਢਕਣ ਲਈ ਦਰ-ਦਰ ਭਟਕਦੇ ਫਿਰਦੇ ਹਨ ਤੇ ਆਮ ਲੋਕਾਂ ਨੂੰ ਜੱਫੀਆਂ ਪਾਉਂਦੇ ਫਿਰਦੇ ਹਨ। ਕੀ ਤੁਹਾਡੀ ਸਰਕਾਰ ਦੁਆਰਾ ਅਕਾਲੀਆਂ ਦੇ ਇਸ ਬਦਲਾਏ ਰੰਗ ਨਾਲ ਤੁਸੀਂ ਸਹਿਮਤ ਨਹੀਂ ਹੋ?

2. ਆਪਣੇ ਆਪ ਨੂੰ ਸਿੱਖਾਂ ਦੇ ਹਿਮਾਇਤੀ ਕਹਾਉਣ ਵਾਲੇ ਅਕਾਲੀ ਦਲ ਵੱਲੋਂ ਸ਼ਰੋਮਣੀ ਕਮੇਟੀ 'ਚ ਕੀਤੀ ਨਾਜਾਇਜ਼ ਦਖਲ-ਅੰਦਾਜ਼ੀ ਤੇ ਸੁੱਕੀਆਂ ਰੋਟੀਆਂ ਹਜ਼ਮ ਕਰਦਿਆਂ ਆਦਿ ਗੋਰਖਧੰਦਿਆਂ ਨੂੰ ਨੰਗਾ ਕਰਕੇ ਤੁਸੀਂ ਅਕਾਲੀ ਦਲ ਦੀ ਚੜ੍ਹਤ ਨੂੰ ਪੰਜਾਬੀਆਂ ਸਾਹਮਣੇ ਫਿੱਕਾ ਪਾ ਦਿੱਤਾ ਹੈ। ਅਕਾਲੀ ਦਲ ਵਿਚਾਰਾ ਫਿੱਕਾ-ਫਿੱਕਾ ਨਜ਼ਰ ਆਉਣ ਲਾ ਦਿੱਤਾ, ਕੀ ਇਹ ਰੰਗਾਂ ਦਾ ਬਦਲਾਅ ਨਹੀਂ ਹੈ?

3. ਗਲਗਲ ਵਰਗੇ ਲਾਲ ਸੂਹੇ ਚਿਹਰਿਆਂ ਨਾਲ ਵੀ ਤੁਸੀਂ ਘੱਟ ਨਹੀਂ ਕਰੀ। ਕਹਿੰਦੇ ਕਹਾਉਂਦੇ ਜਰਨੈਲਾਂ ਨੂੰ ਕਾਲੇ ਵਾਲਾਂ ਨਾਲ ਅੰਦਰ ਭੇਜਦੇ ਹੋ ਤੇ ਚਿੱਟੇ ਧੌਲੇ ਕਰਕੇ ਬਾਹਰ ਕੱਢਦੇ ਹੋ, ਕੀ ਇਹ ਰੰਗਾਂ ਨਾਲ ਸ਼ਰ੍ਹੇਆਮ ਹੇਰ-ਫੇਰ ਨਹੀਂ ਹੈ ਪੰਨੂ ਸਾਬ੍ਹ?

4. ਹੋਰ ਤਾਂ ਹੋਰ, ਤੁਹਾਡੀ ਸਰਕਾਰ ਨੇ ਤਾਂ ਪੰਜਾਬ ਦਾ ਹੀ ਰੰਗ ਬਦਲ ਕੇ ਰੱਖ ਦਿੱਤਾ ਹੈ। ਮੁਫਤ ਮੈਡੀਕਲ ਸਹੂਲਤ, ਮੋਟਰਾਂ ਦੇ ਕੱਟ ਖਤਮ, ਸਿੱਖਿਆ 'ਚ ਸੁਧਾਰ, ਸੜਕਾਂ 'ਤੇ ਸੁਰੱਖਿਆ ਫੋਰਸ, ਰਜਬਾਹੇ ਪੱਕੇ, ਸੜਕਾਂ ਦਾ ਜਾਲ, ਟੌਲ ਪਲਾਜ਼ੇ ਬੰਦ...ਪਤੰਦਰੋ ਤੁਸੀਂ ਤਾਂ ਪੰਜਾਬ, ਅਕਾਲੀ-ਕਾਂਗਰਸੀਆਂ ਦੇ ਸਿਆਣ ਆਉਣੋਂ ਹੀ ਹਟਾ ਦਿੱਤਾ। ਹੁਣ ਬਾਦਲ ਸਾਬ੍ਹ ਹੋਰੀਂ ਵਿਚਾਰੇ ਇਹ ਵੀ ਨਾ ਕਹਿਣ ਕੇ ਰੰਗ ਬਦਲ ਗਏ ਹਨ, ਇਸ ਵਿਚ ਗਲਤ ਕੀ ਹੈ ਪੰਨੂ ਸਾਬ੍ਹ?

5. ਰੰਗ ਇਕੱਲੇ ਬਦਲੇ ਨਹੀਂ ਪੰਨੂ ਸਾਬ੍ਹ, ਤੁਹਾਡੀ ਸਰਕਾਰ ਨੇ ਰੰਗ ਬੰਨ੍ਹ ਵੀ ਦਿੱਤੇ ਹਨ। ਭਲਾ ਬਿਨਾਂ ਰਿਸ਼ਵਤ ਜਾਂ ਹੇਰਾ-ਫੇਰੀ ਦੇ ਆਮ ਘਰਾਂ ਦੇ ਜਵਾਕਾਂ ਨੂੰ ਪੰਜਾਬ 'ਚ ਕਦੇ ਨੌਕਰੀ ਮਿਲੀ ਸੀ? ਤੁਸੀਂ ਸਾਰਾ ਚੱਕਰ ਹੀ ਉਲਟਾ ਕਰ ਦਿੱਤਾ, ਸਰਕਾਰੀ ਨੌਕਰੀ ਲੈਣ ਲਈ ਅਕਾਲੀ-ਕਾਂਗਰਸੀ ਸਰਕਾਰਾਂ ਵਿਚ ਲੋਕ ਟੈਚੀਆਂ 'ਚ ਪੈਸੇ ਢੋਂਦੇ ਰਹੇ ਨੇ। ਤੁਸੀਂ ਹੋਰ ਹੀ ਰੰਗ ਬੰਨ੍ਹ ਦਿੱਤੇ।

6. ਮਸਾਂ ਵਿਚਾਰੇ ਕਹਿੰਦੇ ਕਹਾਉਂਦੇ ਲੀਡਰ ਮਾੜੀ-ਮੋਟੀ ਗਲ਼ੀ ਰੋਕ ਕੇ ਆਪਣੇ-ਆਪ ਨੂੰ ਆਸ-ਪਾਸ ਦੇ ਲੋਕਾਂ 'ਚ ਤਾਨਾਸ਼ਾਹ ਦਿਖਾਉਂਦੇ ਸਨ। ਤੁਸੀਂ ਪੀਲਾ ਪੰਜਾ ਫੇਰ ਕੇ ਉਹ ਵੀ ਬੇਘਰ ਕਰ ਦਿੱਤੇ। ਦੱਸੋ! ਅਗਲੇ ਹੁਣ ਕਹਿਣ ਨਾ ਕਿ ਭਾਈ ਇਸ ਸਰਕਾਰ ਨੇ ਤਾਂ ਸਾਡੇ ਧੱਕਾ ਕਰਨ ਵਾਲੇ ਪੁਰਾਣੇ ਰਾਗ-ਰੰਗ ਹੀ ਬਦਲ ਦਿੱਤੇ ਹਨ?

7. ਰਹਿੰਦੀ ਗੱਲ, ਜਿਹੜੇ ਅਖੌਤੀ ਵਿਦਵਾਨ ਸਾਰੇ ਵਿਸ਼ਵ ਦਾ ਗਿਆਨ ਚੁੱਕੀ ਫਿਰਦੇ ਸਨ ਤੇ ਪੰਜਾਬ ਹਿਮਾਇਤੀ ਹੋਣ ਦਾ ਢੌਂਗ ਰਚਾਉਂਦੇ ਸਨ। ਉਨ੍ਹਾਂ ਦਾ ਰੰਗ ਵੀ ਤੁਸੀਂ ਨਵੀਂ ਜੀਨ ਦੇ ਪਹਿਲੇ ਧੋਅ ਵਾਂਗੂੰ ਫਿੱਕਾ ਜਿਹਾ ਕਰ ਦਿੱਤੈ ਤੇ ਉਨ੍ਹਾਂ ਦਾ ਅਸਲੀ ਰੰਗ ਲੋਕਾਂ ਸਾਹਮਣੇ ਲਿਆ ਦਿੱਤਾ ਹੈ। ਕੀ ਇਹ ਰੰਗਾਂ ਦਾ ਬਦਲਾਅ ਨਹੀਂ ਹੈ?

ਖ਼ੈਰ, ਮੈਂ ਪਹਿਲੀ ਵਾਰ ਬਾਦਲ ਸਾਬ੍ਹ ਦੇ ਕਿਸੇ ਬਿਆਨ ਨਾਲ ਸਹਿਮਤ ਹੋਇਆ ਹਾਂ। ਪੰਨੂ ਸਾਬ੍ਹ, ਜਨਤਕ ਤੌਰ 'ਤੇ ਮੁਆਫੀ ਮੰਗ ਕੇ ਸਵੀਕਾਰ ਕਰੋ ਕਿ ਤੁਹਾਡੀ ਸਰਕਾਰ ਨੇ ਸਚਮੁੱਚ ਪੰਜਾਬ ਦੇ ਰੰਗ ਬਦਲ ਦਿੱਤੇ ਹਨ ਤੇ ਪੰਜਾਬ ਖੁਸ਼ਹਾਲੀ ਦੇ ਰਾਹ 'ਤੇ ਤੋਰ ਲਿਆ ਹੈ।

ਤੁਹਾਡੀ ਮੁਆਫੀ ਦੇ ਇੰਤਜ਼ਾਰ ਵਿਚ,

***-ਰੰਧਾਵਾ ਅਮਰਜੀਤ***

# 'ਪਾੜੋ ਅਤੇ ਮਾਰੋ' ਵਾਲੀ ਚਾਣਕਿਆ ਨੀਤੀ!

> ਬਜ਼ੁਰਗਾਂ ਮੂੰਹੋਂ ਇਹ ਗੱਲ ਮੈਂ ਉਨ੍ਹਾਂ ਪੁਰਾਣੇ ਸਮਿਆਂ ਦੀ ਸੁਣੀ ਹੋਈ ਹੈ, ਜਦ ਪੇਂਡੂ ਸੱਥਾਂ ਵਿਚ ਜਾਤ-ਬਰਾਦਰੀਆਂ ਦੇ ਨਾਂ ਲੈ-ਲੈ ਕੇ ਲੋਕੀਂ ਆਪਸ ਵਿਚੀਂ ਹਾਸੇ-ਮਸ਼ਕੂਲੇ ਵਾਲ਼ੇ ਕਿੱਸੇ ਸੁਣਦੇ-ਸੁਣਾਉਂਦੇ ਰਹਿੰਦੇ ਸਨ।

> ਗ਼ੈਰ-ਕਾਸ਼ਤਕਾਰ ਚਾਰ ਬੰਦਿਆਂ ਨੇ ਪਿੰਡ ਦੇ ਬਾਹਰਵਾਰ ਤੁਰੇ ਜਾਂਦਿਆਂ ਕਮਾਦ ਵਿੱਚੋਂ ਗੰਨੇ ਭੰਨ ਲਏ। ਉੱਤੋਂ ਆ ਗਿਆ ਖੇਤ ਦਾ ਮਾਲਕ ਜ਼ਿਮੀਂਦਾਰ। ਚੌਹਾਂ ਜਣਿਆਂ ਦੇ ਡੀਲ-ਡੌਲ ਵਾਲ਼ੇ ਤਕੜੇ ਜੁੱਸੇ ਦੇਖ ਕੇ ਜ਼ਿਮੀਂਦਾਰ ਨੇ ਸੋਚਿਆ ਕਿ ਜੇ ਮੈਂ ਇਨ੍ਹਾਂ ਨੂੰ ਮਾੜਾ-ਚੰਗਾ ਬੋਲਿਆ ਜਾਂ ਧੌਲ਼-ਧੱਫਾ ਕੀਤਾ ਤਾਂ ਇਹ ਇਕੱਠੇ ਹੋ ਕੇ ਮੇਰੇ ਗਲ਼ ਪੈ ਸਕਦੇ ਹਨ, ਸੋ ਉਸਨੇ ਇਕ 'ਸਕੀਮ' ਸੋਚੀ!



> ਬੜੇ ਸਹਿਜ ਭਾਅ ਨਾਲ ਉਹ ਗੰਨੇਂ ਚੂਪਣ ਲੱਗੇ ਹੋਏ ਚੌਹਾਂ ਜਣਿਆਂ ਕੋਲ ਜਾ ਕੇ 'ਕੱਲੇ 'ਕੱਲੇ ਦੇ ਜੱਦੀ-ਪੁਸ਼ਤੀ ਕੰਮ ਗਿਣਨ ਲੱਗਾ-

**ਤਰਲੋਚਨ ਸਿੰਘ ਦੁਪਾਲ ਪੁਰ**
**ਫੋਨ: 001-408-905-5517**

> 'ਥੋਡਾ ਈ ਕਮਾਦ ਐ ਬਾਈ ਕੋਈ ਗੱਲ ਨੀ ਤੁਸੀਂ ਗੰਨੇਂ ਭੰਨ ਲਏ...ਤੁਸੀਂ ਵੀ 'ਸਾਡੇ ਆਪਣੇ' ਈ ਤਾਂ ਹੋ! ਆਹ ਭਰਾ ਦੇ ਵੱਡੇ-ਵਡੇਰੇ ਸਭ ਲਈ ਜੁੱਤੀਆਂ ਬਣਾਉਂਦੇ ਰਹੇ ਨੇ...ਆਹ ਦੂਜਾ ਭਾਈ ਘਰਾਂ ਵਿਚ ਪਾਣੀ ਦੇ ਘੜੇ ਭਰਦਾ ਹੁੰਦਾ ਐ...! ਆਹ ਤੀਸਰਾ ਭਾਈ ਵੀ ਸਾਡੇ ਲਈ ਹਲ਼-ਪੰਜਾਲ਼ੀ ਜਾਂ ਗੱਡੇ ਵਗੈਰਾ ਬਣਾਉਂਦਾ ਐ ਤੇ ਔਹ ਚੌਥਾ, ਖੁਸ਼ੀਆਂ-ਗਮੀਆਂ ਮੌਕੇ ਮੋਹਰੇ ਹੋ ਕੇ ਸਾਰੇ ਕਾਰ-ਵਿਹਾਰ ਕਰਦਾ ਕਰਾਉਂਦਾ ਹੁੰਦਾ ਐ...!'

> ਆਪਣੀਆਂ ਸਿਫਤਾਂ ਸੁਣ-ਸੁਣ ਚਾਰੇ ਭੋਲ਼ੇ ਪੰਛੀ ਹਾਲੇ ਖੁਸ਼ ਹੀ ਹੋ ਰਹੇ ਸਨ ਕਿ ਜ਼ਿਮੀਂਦਾਰ ਉਨ੍ਹਾਂ ਚੌਹਾਂ 'ਚੋਂ ਇੱਕ ਜਣੇ 'ਤੇ ਕੁਣੱਖੀ ਜਿਹੀ ਅੱਖ ਰੱਖ ਕੇ ਬੋਲਿਆ-

> 'ਭਾਈ ਅਹਿ ਤਿੰਨ ਜਣੇ ਤਾਂ ਸਾਡੇ ਮਿੱਤਰ ਈ ਸਮਝੋ



ਪਰ ਆਹ ਫਲਾਣੇ ਦੇ ਕੰਮ ਦੀ ਤਾਂ ਹੁਣ ਕੋਈ ਲੋੜ ਹੀ ਨਹੀ ਰਹੀ, ਬਣੇ-ਬਣਾਏ ਬੂਟ ਗੁਰਗਾਬੀਆਂ ਹੁਣ ਸ਼ਹਿਰੋਂ ਮਿਲ ਜਾਂਦੀਆਂ! ਭਰਾਵੋ ਤੁਸੀਂ ਤਿੰਨੇਂ ਤਾਂ ਭਾਵੇਂ ਰੋਜ ਗੰਨੇਂ ਲੈ ਜਾਇਆ ਕਰੋ ਪਰ ਇਹਨੇ ਗੰਨਾਂ ਕਿਉਂ ਭੰਨਿਆਂ?... ਆਓ ਮੇਰੇ ਨਾਲ ਇਹਦੀ ਭੁਗਤ ਸਵਾਰੀਏ!'

> ਰੋਜ ਗੰਨੇ ਲਿਜਾਣ ਵਾਲ਼ੀ 'ਪੇਸ਼ਕਸ਼' ਦਾ ਸ਼ਿਕਾਰ ਹੋ ਕੇ ਤਿੰਨ ਜਣੇ ਜਿਮੀਂਦਾਰ ਨਾਲ਼ ਰਲ ਕੇ ਆਪਣੇ ਸਾਥੀ ਨਾਲ ਧੌਲ-ਧੱਫਾ ਕਰਨ ਲੱਗ ਪਏ!

> ਕੁੱਟ-ਫਾਂਟ ਨਾਲ ਜਦ ਉਹ ਵਿਚਾਰਾ ਨਿੱਸਲ ਜਿਹਾ ਹੋ ਗਿਆ ਤਾਂ ਜ਼ਿਮੀਂਦਾਰ ਬਾਕੀ ਤਿੰਨ ਜਣਿਆਂ 'ਚੋਂ ਇਕ ਨੂੰ ਕਹਿੰਦਾ ਕਿ ਓ ਭਾਈ ਘੜੇ ਭਰਨ ਵਾਲ਼ਾ ਕੰਮ ਤਾਂ ਹੁਣ ਘਰ ਘਰ ਬਣੀਆਂ ਪਾਣੀ ਦੀਆਂ ਟੈਂਕੀਆਂ ਨੇ ਮੁਕਾ'ਤਾ ਐ...ਤੇਰੀ ਲੋੜ ਵੀ ਖਤਮ ਹੋ ਗਈ! ਫਲਾਣਿਓਂ ਆ ਜਾਓ ਤੁਸੀਂ ਤੇ ਮੈਂ ਇਹਨੂੰ ਗੰਨੇਂ ਭੰਨਣ ਦੀ ਸਜ਼ਾ ਦੇਈਏ! ਜ਼ਿਮੀਂਦਾਰ ਦੀ ਚੁਸਤੀ-ਚਲਾਕੀ ਬਿਨਾਂ ਸਮਝੇ-ਵਿਚਾਰੇ, ਵਿਆਹ ਸ਼ਾਦੀਆਂ ਵੇਲੇ ਕੰਮ ਆਉਣ ਵਾਲਾ ਵੀ ਕੁੱਟਣ ਲੱਗ ਪਿਆ ਆਪਣੇ ਹੀ ਨਾਲਦਿਆਂ ਨੂੰ!

> ਉਹਦਾ ਵੀ ਪਹਿਲੇ ਵਰਗਾ ਹਾਲ ਕਰਕੇ ਜ਼ਿਮੀਂਦਾਰ ਨੇ ਬਾਕੀ ਬਚੇ ਦੋਹਾਂ 'ਚੋਂ ਇੱਕ ਜਣੇ 'ਤੇ ਵੀ ਪਹਿਲੇ ਵਾਲਾ 'ਫਾਰਮੂਲਾ' ਵਰਤ ਕੇ ਅਖੀਰਲੇ ਨੂੰ 'ਆਪਣਾ ਸਾਥੀ' ਬਣਾ ਕੇ ਕੁੱਟਣ ਲਾ ਲਿਆ! ਆਖਰ ਬਚ ਗਏ ਚੌਥੇ ਨੂੰ ਧੌਣੋ ਫੜਕੇ ਕਹਿੰਦਾ-

> 'ਆ ਜਾ ਬੱਚੂ...ਤੇਰੇ ਲਈ ਹੁਣ ਮੈਂ 'ਕੱਲਾ ਈ ਬਥੇਰਾ ਹਾਂ...!'

## ਕਾਵਿ-ਕਿਆਰੀ

### ਜ਼ਜਬਾਤੀ ਬੰਦੇ

ਇਸ਼ਕ ਡਮਰੂ ਸਹੀ ਮਨ ਜਮੂਰਾ ਸਹੀ
ਤੂੰ ਮਦਾਰੀ ਸਹੀ ਇਹ ਤਮਾਸ਼ਾ ਸਹੀ

ਮੈਂ ਦੀਵਾਨਾ ਤੇਰਾ, ਤੇਰੀ ਦੁਨੀਆਂ ਲਈ
ਇਸ਼ਕ ਮੇਰਾ ਜੇ ਹਾਸਾ ਤਾਂ ਹਾਸਾ ਸਹੀ

ਏਸ ਅਕਲਾਂ ਦੇ ਪੱਥਰ ਨੂੰ ਪਾਸੇ ਹਟਾ
ਮੌਜ ਮੇਰੀ ਨੂੰ ਅਪਣਾ ਨਾ ਰਸਤਾ ਵਿਖਾ

ਤੇਰੇ ਇਲਮਾਂ ਨੂੰ ਕੀ ਜਾਣਦੀ ਆਸ਼ਕੀ
ਜਾਹ ਤੂੰ ਤੋਲਾ ਸਹੀ ਤੇ ਮੈਂ ਮਾਸਾ ਸਹੀ

ਤੇਰੇ ਨੇਮਾਂ ਦੀ ਮੈਨੂੰ ਗੁਲਾਮੀ ਨਹੀਂ
ਤੇਰੀ ਜੰਨਤ ਦਾ ਭੋਰਾ ਵੀ ਲਾਲਚ ਨਹੀਂ

ਮੈਂ ਮੁਹੱਬਤ ਦੇ ਦਰ ਤੋਂ ਫ਼ਕੀਰੀ ਲਈ
ਮੇਰੇ ਹੱਥਾਂ 'ਚ ਚਿਮਟਾ ਤੇ ਕਾਸਾ ਸਹੀ

ਮੇਰੀ ਤਕਦੀਰ ਵਿਚ ਕਰਬਲਾ ਰਹਿਣ ਦੇ
ਗੀਤ ਮੇਰੇ ਨੂੰ ਤੂੰ ਕਰਹਲਾ ਰਹਿਣ ਦੇ

ਤੈਨੂੰ ਤਸਨੀਮ-ਓ-ਕੌਸਰ ਮੁਬਾਰਕ ਮੀਆਂ
ਮੈਂ ਜੇ ਕਾਫ਼ਰ ਹਾਂ, ਪਿਆਸਾ ਹਾਂ, ਪਿਆਸਾ ਸਹੀ

***-ਸੁਖਵਿੰਦਰ ਅੰਮ੍ਰਿਤ***

---

### ਬਾਬਰਵਾਣੀ

ਇਨਸਾਨ ਤੜਫ਼ ਰਿਹਾ ਹੈ, ਤੇ ਜੰਗ ਦੀ ਭਰਮਾਰ ਹੈ,
ਅਫ਼ਸੋਸ ਹੈ ਕਿ ਜੰਗਬਾਜ਼, ਨਾ ਹਜੇ ਸ਼ਰਮਸਾਰ ਹੈ।
ਨਿੱਤ ਬੰਦੂਕਾਂ ਚੱਲਦੀਆਂ, ਅੰਬਰਾਂ ਤੋਂ ਬੰਬ ਬਰਸਦੇ,
ਪਿਆਰੇ ਜਿਨ੍ਹਾਂ ਦੇ ਵਿੱਛੜੇ, ਭਰ ਨੈਣ ਦੇਖੋ ਛਲਕਦੇ।

ਪਰਲੋ ਜਿਹੀ ਆਈ ਦਿਸੇ, ਥਾਵਾਂ ਸੁੰਨੀਆਂ ਵੀਰਾਨ ਹੈ,
ਪਸ਼ੂ-ਪੰਛੀ ਬਨਸਪਤੀ ਦਾ, ਮਿਟਿਆ ਨਾਮੋ-ਨਿਸ਼ਾਨ ਹੈ।
ਨਿਕਾਰਾ ਹੋ ਗਿਆ ਕੋਈ, ਉਡਿਆ ਧੜ ਕਿਸੇ ਦਾ ਹੈ,
ਬਾਰੂਦ ਦੇ ਧਮਾਕਿਆਂ ਨੇ, ਪੁੱਟਿਆ ਜੜ੍ਹ ਕਿਸੇ ਦਾ ਹੈ।

ਇਮਾਰਤਾਂ ਢਹਿ ਢੇਰੀ ਨੇ, ਮੱਚ ਗਿਆ ਕੋਹਰਾਮ ਹੈ,
ਇਰਾਨ, ਇਜ਼ਰਾਈਲ, ਯੂਕਰੇਨ, ਹੋਏ ਜੀਣਾ ਹਰਾਮ ਹੈ।
ਬੱਚੇ ਅਨਾਥ ਹੋ ਰਹੇ ਦੇਖੋ, ਗਾਜ਼ਾ ਹੋਇਆ ਹਲਾਲ ਹੈ,
ਕਾਫ਼ਰਾਂ ਨੂੰ ਤਰਸ ਨਹੀਂ, ਵਕਤ ਹੋਇਆ ਬਦਹਾਲ ਹੈ।

ਹੈ ਕੋਈ ਹਮਦਰਦ ਨਹੀਂ, ਸਿਸਕੀਆਂ ਸੁਣਦੈ ਨ ਕੋਈ,
ਹੋਏ ਮਾਨਵਤਾ ਦਾ ਘਾਣ, ਜਾਪਦਾ ਹੈ ਅੱਧਮੋਈ ਹੋਈ।
ਚੁਫ਼ੇਰੇ ਹੈ ਹਨ੍ਹੇਰ ਗਰਦੀ, ਗੁੰਡੀ ਰੰਨ ਪਰਧਾਨ ਫਿਰੇ,
ਹੈਵਾਨੀਅਤ ਦਾ ਰਾਜ ਹੈ, ਨਾ ਲੋਹੇ ਦੀ ਅੱਖੋਂ ਹੰਝੂ ਕਿਰੇ।

ਅੱਜ ਦੀ ਬਾਬਰਬਾਣੀ ਹੈ, ਦੇਖ ਰਿਹਾ ਸੱਚਾ ਕਰਤਾਰ,
'ਤੈਂ ਕੀ ਦਰਦ ਦਾ ਅਲਾਪ', ਨ ਗਾਵੇ ਬੰਦਾ ਮੁਰਦਾਰਲ
ਸ਼ਾਲਾ! ਕੋ' ਬਣ 'ਘੱਨਈਆ', ਜ਼ਖਮਾਂ 'ਤੇ ਮਲ੍ਹੰਮ ਕਰੇ,
ਜੀਵੇ ਮਰੀ ਇਨਸਾਨੀਅਤ, ਠੰਢੇ ਫੈਹੇ ਸ਼ਾਂਤੀ ਦੇ ਧਰੇ !

***-ਸੇਵਾ ਸਿੰਘ 'ਨੂਰਪੁਰੀ'***

---

### ਨਜ਼ਾਰੇ ਕੁਝ ਹੋਰ ਨੇ

ਰਜ਼ਾ ਵਿਚ ਰਹਿਣ ਦੇ, ਨਜ਼ਾਰੇ ਕੁਝ ਹੋਰ ਨੇ
ਵਹਿਣਾਂ ਵਿਚ ਵਹਿਣ ਦੇ, ਨਜ਼ਾਰੇ ਕੁਝ ਹੋਰ ਨੇ
ਹਾਏ ਹਾਏ ਕਰ ਕਰ, ਫ਼ਿਕਰਾਂ 'ਚ ਸੌਣ ਤੋਂ
ਸ਼ੁਕਰਾਂ 'ਚ ਪੈਣ ਦੇ, ਨਜ਼ਾਰੇ ਕੁਝ ਹੋਰ ਨੇ

ਮਾੜ੍ਹੇ ਸਮੇਂ, ਔਕੜਾਂ ਤੇ ਦੁੱਖ ਤਕਲੀਫ਼ਾਂ ਨੂੰ
ਸਬਰਾਂ 'ਚ ਸਹਿਣ ਦੇ, ਨਜ਼ਾਰੇ ਕੁਝ ਹੋਰ ਨੇ
ਨਿੱਤ ਵਾਲੀ ਦੌੜ ਭੱਜ, ਦੂਰ ਹੋ ਕੇ ਸ਼ੋਰ ਤੋਂ
ਚੁੱਪ ਹੋ ਕੇ ਬਹਿਣ ਦੇ, ਨਜ਼ਾਰੇ ਕੁਝ ਹੋਰ ਨੇ

ਜਿੱਤਾਂ ਦੇ ਅਖਾੜਿਆਂ 'ਚ, ਹਾਰਾਂ ਨਾਲ ਘੁਲ ਕੇ
ਕਦੇ-ਕਦੇ ਢਹਿਣ ਦੇ, ਨਜ਼ਾਰੇ ਕੁਝ ਹੋਰ ਨੇ
ਬਾਣ ਵਾਲਾ ਮੰਜਾ ਲੈ ਕੇ, ਤੂਤਾਂ ਥੱਲੇ ਪੈਣ ਦੇ
ਵਿਹੜੇ 'ਚ ਡਕੈਣ ਦੇ, ਨਜ਼ਾਰੇ ਕੁਝ ਹੋਰ ਨੇ

'ਸਹੋਤਿਆ' ਸਿਆਣੇ ਕਹਿੰਦੇ, ਮੈਂ ਮੇਰੀ ਛੱਡ ਕੇ
ਰੱਬ ਰੱਬ ਕਹਿਣ ਦੇ, ਨਜ਼ਾਰੇ ਕੁਝ ਹੋਰ ਨੇ

***-ਕੁਲਵੀਰ ਸਿੰਘ ਡਾਨਸੀਵਾਲ***

---

### ਮਦਦਗਾਰ ਹੈ ਨਾਰੀ

ਹੋਇਆ ਭਾਵੇਂ ਖ਼ੁਦਗਰਜ਼ ਜ਼ਮਾਨਾ
ਪਰ ਹਰ ਥਾਂ ਮਦਦਗਾਰ ਹੈ ਨਾਰੀ।
ਕੋਈ ਆਖੇ ਅਬਲਾ ਇਸਨੂੰ
ਕੋਈ ਆਖੇ ਕਿਸਮਤ ਮਾਰੀ,
ਨਾਲ ਮਿਹਨਤ ਦੇ ਨਾਮ ਕਮਾਇਆ
ਜਿੱਤ ਲਈ ਦੁਨੀਆਂ ਸਾਰੀ।

ਝਾਂਸੀ ਦੀ ਰਾਣੀ ਬਣ ਕੇ
ਅਧਿਕਾਰਾਂ ਦੇ ਲਈ ਲੜਦੀ ਹੈ,
ਲਿਖਦਾ ਕੋਈ ਜਦੋਂ ਬੇਦਾਵਾ
ਮਾਈ ਭਾਗੋ ਬਣ ਕੇ ਖੜ੍ਹਦੀ ਹੈ।
ਰੂਪ ਧਾਰ ਕੇ ਦੁਰਗਾ ਦਾ
ਪਾ ਦਿੰਦੀ ਠੱਲ੍ਹ ਤੂਫ਼ਾਨਾਂ ਨੂੰ,
ਕਲਪਨਾ ਚਾਵਲਾ ਬਣ ਜਾਂਦੀ ਜਦ
ਜਿੱਤ ਲੈਂਦੀ ਅਸਮਾਨਾਂ ਨੂੰ।

ਬਾਣੀ ਦੇ ਵਿਚ ਮਹਿਮਾ ਇਸਦੀ
ਇਸ ਨਾਲ ਚਲਦੀ ਦੁਨੀਆਂ ਸਾਰੀ,
ਮਦਰ ਟਰੇਸਾ ਬਣ ਕੇ ਇਸਨੇ
ਕੰਮ ਹੈ ਕੀਤਾ ਪਰਉਪਕਾਰੀ।

ਇਸਦੇ ਨਾਲ ਨੇ ਰਿਸ਼ਤੇ ਸਾਰੇ
ਇਸਦੇ ਹਨ ਰੂਪ ਅਨੇਕ,
ਕਿਸੇ ਉੱਪਰ ਨਾ ਅਹਿਸਾਨ ਜਤਾਵੇ
ਧੁਰੋਂ ਲਿਖਾ ਕੇ ਲਿਆਵੇ ਲੇਖ।

ਫਰਜ਼ਾਂ ਪ੍ਰਤੀ ਸੁਹਿਰਦ ਹੈ ਰਹਿੰਦੀ
ਬੋਲੇ ਕਾਰਗੁਜ਼ਾਰੀ,
ਧਰਮਿੰਦਰ ਨੇ ਕੇਵਲ ਸੱਚ ਹੈ ਲਿਖਿਆ
ਕਲਪਨਾ ਦੀ ਨਾ ਲਾਈ ਉਡਾਰੀ।
ਹੋਇਆ ਭਾਵੇਂ ਖ਼ੁਦਗਰਜ਼ ਜ਼ਮਾਨਾ
ਪਰ ਹਰ ਥਾਂ ਮਦਦਗਾਰ ਹੈ ਨਾਰੀ।

***-ਧਰਮਿੰਦਰ ਸਿੰਘ***

---

### ਹਾਲ ਰੁਬਾਈਆਂ ਨਾਲ

ਹੈ ਯਾਦ ਉਹ ਘੜੀ ਜਦ ਪਿਆਰ ਤੇਰਾ,
ਇੱਛਿਆ ਬਣ ਫੁੱਟਿਆ ਸੀ।
ਅੱਖੀਆਂ ਰਾਹੀਂ ਜਦ ਵੇਖ ਤੈਨੂੰ,
ਅਸਾਂ ਜਿਗਰ ਆਪਣਾ ਘੁੱਟਿਆ ਸੀ।

ਯਾਦਾਂ, ਖ਼ਾਬ ਸਭ ਸਨ ਹੋਏ ਭਾਰੇ,
ਹਿਜਰ ਭਾਰੀ ਕੀਤਾ ਸੀ ਜਿੰਦ ਨੂੰ।
ਭੁੱਲੇ ਭਲਾ ਕਿੰਜ ਉਹ ਹਸ਼ਰ ਸਾਨੂੰ,
ਜਦ ਦਿਲ ਅਸਾਡਾ ਟੁੱਟਿਆ ਸੀ।

ਆਸ ਹੀ ਸੀ ਇਕ ਆਸਰਾ,
ਬਸ ਇਕ ਵਸੀਲਾ ਜੀਣ ਦਾ।
ਜਿਉਂ ਦਮ-ਨਿਕਲਦੇ ਪਿਆਸਿਆਂ ਨੂੰ
ਚੂਲੀ ਕੁ ਪਾਣੀ ਪੀਣ ਦਾ।

ਮੱਲ੍ਹਮ ਰਤਾ ਜਿਉਂ ਕੰਮ ਆਂਵਦਾ ਹੈ,
ਫੱਟ-ਜ਼ਖ਼ਮ ਡਾਢੇ ਸੀਣ ਲਈ;
ਵੱਸਲ ਤੇਰੇ ਦੀ ਆਸ ਸੀ ਬਸ,
ਕਾਰਨ ਰਿਹਾ ਮੇਰੇ ਜੀਣ ਦਾ।

ਹੰਝੂਆਂ ਸੰਗ ਸਿੰਜ ਪਿਆਰੇ,
ਮੈਂ ਯਾਦ ਗਹਿਰੇ ਤੇਰੇ ਪਿਆਰ ਦੀ।
ਧੁੰਦਲੀਆਂ ਲੀਕਾਂ ਗੂਹੜ੍ਹ ਲਈਆਂ,
ਜਿੰਦ ਜੀਣ ਨੂੰ ਦਿਨ ਚਾਰ ਦੀ।
ਇੰਜ ਹੀ ਗ਼ਮ ਵਿਚ ਗੁੰਮ ਹੋਇਆਂ,
ਜੇ ਗੁਜ਼ਰ ਜਾਏ ਇਹ ਜ਼ਿੰਦਗੀ;
'ਨਾਕਾਮ' ਤਾਂ ਫਿਰ ਲੋੜ ਹੀ ਕੀ,
ਇਸ ਸਮਾਜ ਬੇ-ਢਬੇ, ਸੰਸਾਰ ਦੀ।

***-ਗੁਰਬਖਸ਼ ਸਿੰਘ 'ਨਾਕਾਮ'***

---

### ਸੂਲੀ

ਮੇਰੇ ਚਾਵਾਂ ਨੂੰ ਸੂਲੀ ਉੱਤੇ ਚਾੜ੍ਹ ਕੇ,
ਵੇ ਤੈਨੂੰ ਦੱਸ ਕੀ ਮਿਲਿਆ।
ਮੈਨੂੰ ਗ਼ਮਾਂ ਦੀ ਭੱਠੀ ਦੇ ਵਿਚ ਸਾੜ ਕੇ,
ਵੇ ਤੈਨੂੰ ਦੱਸ ਕੀ ਮਿਲਿਆ।
ਮੇਰੇ ਸਾਹਾਂ ਵਿਚ ਲੈਂਦਾ ਸੀ ਤੂੰ ਸਾਹ ਵੇ।
ਘੜੀ ਪਲ ਦਾ ਨਾ ਖਾਂਦਾ ਸੀ ਵਸਾਹ ਵੇ।
ਮੇਰੇ ਆਸਾਂ ਵਾਲੇ ਮਹਿਲ ਨੂੰ ਉਖਾੜ ਕੇ,
ਵੇ ਤੈਨੂੰ ਦੱਸ ਕੀ ਮਿਲਿਆ।
ਮੇਰੇ ਚਾਵਾਂ ਨੂੰ...।
ਆਪੇ ਅੱਖੀਆਂ ਮਿਲਾ ਕੇ ਹੋਇਆ ਦੂਰ ਵੇ।
ਮੈਨੂੰ ਦੱਸਿਆ ਨਾ ਮੇਰਾ ਕੀ ਕਸੂਰ ਵੇ।
ਮੈਨੂੰ ਚੰਗਾ ਭਲਾ ਵੱਸਦਾ ਉਜਾੜ ਕੇ,
ਵੇ ਤੈਨੂੰ ਦੱਸ ਕੀ ਮਿਲਿਆ।
ਮੇਰੇ ਚਾਵਾਂ ਨੂੰ...।
ਤੇਰੇ ਨੈਣਾਂ ਨੂੰ ਵੀ ਕਿਤੇ ਰੋਣਾ ਪੈਣਾ ਏ।
ਬੋਝ ਦਿਲ ਉੱਤੇ ਪਿਆ ਤਾਂ ਹੀ ਲਹਿਣਾ ਏ।
ਮੈਨੂੰ ਦੁੱਖਾਂ ਦੇ ਤੰਦੂਰ ਵਿਚ ਰਾੜ੍ਹ ਕੇ,
ਵੇ ਤੈਨੂੰ ਦੱਸ ਕੀ ਮਿਲਿਆ।
ਮੇਰੇ ਚਾਵਾਂ ਨੂੰ...।
ਕਿਤੇ ਰੁੱਸ ਜਾਣਾ ਕਿਤੇ ਮੰਨ ਜਾਣਾ ਵੇ।
ਚੱਲੀ ਜਾਂਦਾ ਦਸਤੂਰ ਇਹ ਪੁਰਾਣਾ ਏ।
ਨਾਲ 'ਨਾਗਰੇ' ਦੇ ਸੱਜਣਾ ਵਿਗਾੜ ਕੇ,
ਵੇ ਤੈਨੂੰ ਦੱਸ ਕੀ ਮਿਲਿਆ।

***-ਜਸਪਾਲ ਸਿੰਘ ਨਾਗਰਾ (ਮਹਿੰਦਪੁਰੀਆ)***

# ਬੰਦਾ ਇੰਝ ਕਿਉਂ ਹੈ?

## ਸ਼ਬਦ ਜੋਤ



ਡਾ. ਗੁਰਬਖ਼ਸ਼ ਸਿੰਘ ਭੰਡਾਲ
ਫੋਨ: 216-556-2080

ਸੋਚਵਾਨ ਬੰਦਾ ਅਕਸਰ ਹੀ ਸੋਚਦਾ ਕਿ ਮੈਂ ਇੰਝ ਕਿਉਂ ਹਾਂ? ਮੈਂ ਇੰਝ ਕਿਉਂ ਕੀਤਾ? ਮੈਨੂੰ ਇੰਝ ਕਰਨਾ ਚਾਹੀਦਾ ਸੀ। ਮੈਂ ਇਹ ਕਿਉਂ ਬੋਲਿਆ? ਇੰਝ ਕਿਉਂ ਸੋਚਿਆ? ਕੀ ਕਾਰਨ ਸਨ ਕਿ ਮੈਂ ਖ਼ੁਦ 'ਤੇ ਕਾਬੂ ਨਾ ਪਾ ਸਕਿਆ? ਮੈਂ ਜਲਦਬਾਜ਼ੀ ਕਿਉਂ ਕੀਤੀ?

ਬੰਦੇ ਦਾ ਮਨ ਖ਼ਾਬਾਂ, ਖ਼ਿਆਲਾਂ, ਖ਼ਬਤਾਂ, ਖ਼ਲਬਲੀ, ਖਿਚੋਤਾਣ, ਅਤੇ ਖ਼ੁਦਗਰਜ਼ੀ ਨਾਲ ਭਰਿਆ। ਪਤਾ ਨਹੀਂ ਕਿਹੜੇ ਵਕਤ ਕੀ ਸੋਚਦਾ, ਕੀ ਕਿਆਸਦਾ ਅਤੇ ਕੀ ਕਰ ਬੈਠਦਾ? ਕਈ ਵਾਰ ਤਾਂ ਕੋਝੀਆਂ ਹਰਕਤਾਂ ਕਰਨ ਤੋਂ ਬਾਅਦ ਸੋਚਦਾ ਕਿ ਮੈਂ ਇਹ ਕਿਉਂ ਕੀਤਾ?

ਬੰਦਾ ਅਕਸਰ ਕਮੀਨਗੀਆਂ, ਕਮੀਆਂ, ਕੂੜ ਅਤੇ ਕੁਲਹਿਣੇ ਵਕਤਾਂ ਦਾ ਗ਼ੁਲਾਮ। ਉਸਨੂੰ ਇਹ ਤਾਂ ਪਤਾ ਹੀ ਨਹੀਂ ਲੱਗਦਾ ਕਿ ਸਰੀਰਕ ਗ਼ੁਲਾਮੀ ਨਾਲੋਂ ਮਾਨਸਿਕ ਗ਼ੁਲਾਮੀ ਬਹੁਤ ਖ਼ਤਰਨਾਕ। ਅਸੀਂ ਸਾਰੇ ਇਸ ਮਾਨਸਿਕ ਗ਼ੁਲਾਮੀ ਦਾ ਘੱਟ ਜਾਂ ਵੱਧ ਸ਼ਿਕਾਰ ਕਿਉਂ ਹਾਂ? ਜਦ ਬੰਦਾ ਖ਼ੁਦ ਸੋਚਣ ਦੀ ਬਜਾਏ ਕਿਸੇ ਦੀ ਸੋਚ ਅਨੁਸਾਰ ਖ਼ੁਦ ਦੀਆਂ ਤਰਜੀਹਾਂ ਨਿਰਧਾਰਤ ਕਰਨ ਲੱਗ ਪਵੇ ਤਾਂ ਫਿਰ ਉਸਨੂੰ ਆਪਣੇ ਰਾਹ ਖ਼ੁਦ ਸਿਰਜਣ ਦਾ ਵੱਲ ਕਿੰਝ ਆਵੇ?

ਕਈ ਵਾਰ ਬੰਦਾ ਇਹ ਸੋਚਦਾ ਕਿ ਫਲਾਣਾ ਵਿਅਕਤੀ ਬੜੀ ਜਲਦੀ ਅਮੀਰ ਹੋ ਗਿਆ। ਮੈਂ ਕਿਉਂ ਨਹੀਂ ਉਸ ਵਾਂਗ ਅਮੀਰ ਹੁੰਦਾ? ਪਰ ਇਹ ਸਮਝਣ ਤੋਂ ਆਕੀ ਕਿ ਉਸ ਵਿਅਕਤੀ ਨੇ ਕਿਹੜੀਆਂ ਜਾਇਜ਼ ਜਾਂ ਨਾਜਾਇਜ਼ ਤਰਕੀਬਾਂ ਵਰਤੀਆਂ? ਕੀ ਉਹ ਵੀ ਅਜੇਹੀ ਵਰਤਾਰੇ ਵਿਚੋਂ ਅਮੀਰੀ ਭਾਲਦਾ ਹੈ? ਬੰਦਿਆ! ਕਦੇ ਸੋਚੀਂ ਕਿ ਤੂੰ ਜਿਹੜੀਆਂ ਲਾਸ਼ਾਂ ਨੂੰ ਨੀਹਾਂ ਹੇਠ ਦੱਬ ਕੇ ਮਹਿਲ-ਮੁਨਾਰੇ ਖੜ੍ਹੇ ਕੀਤੇ ਨੇ ਜਦ ਇਹ ਲਾਸ਼ਾਂ ਬੋਲ ਪਈਆਂ ਤਾਂ ਇਨ੍ਹਾਂ ਨੇ ਮਹਿਲਾਂ ਨੂੰ ਤਹਿਸ-ਨਹਿਸ ਕਰਨ ਲੱਗਿਆਂ ਪਲ ਵੀ ਨਹੀਂ ਲਾਉਣਾ?

ਕਈ ਵਾਰ ਬੰਦੇ ਦਾ ਅਫ਼ਲਾਤੂਨੀ ਮਨ ਸੋਚਦਾ ਕਿ ਮੈਂ ਫਲਾਣੇ ਲੇਖਕ, ਕਲਾਕਾਰ ਵਾਂਗ ਮਹਾਨ ਹਸਤੀ ਬਣਾਂ, ਮਸ਼ਹੂਰ ਹੋਵਾਂ ਪਰ ਉਸਨੂੰ ਇਹ ਸਮਝ ਕੌਣ ਦੇਵੇ ਕਿ ਕੋਈ ਵੀ ਸ਼ੁਹਰਤ ਇਕ ਦਿਨ ਵਿਚ ਨਹੀਂ ਕਮਾਈ ਜਾਂਦੀ। ਉਮਰਾਂ ਲੱਗ ਜਾਂਦੀਆਂ ਕਿਸੇ ਮੁਕਾਮ 'ਤੇ ਪਹੁੰਚਣ ਲਈ। ਵੈਸੇ ਇਹ ਵੀ ਕੇਹਾ ਹਾਸੋ-ਹੀਣਾ ਵਰਤਾਰਾ ਕਿ ਕਈ ਵਾਰ ਬੰਦਾ ਕਿਸੇ ਨੂੰ ਵੱਕਾਰੀ ਇਨਾਮ ਮਿਲਣ 'ਤੇ ਤਿਲਮਿਲਾਂਦਾ। ਆਖ਼ਰ ਨੂੰ ਉਸਦਾ ਇਨਾਮ ਝਪਟਣ ਤੀਕ ਵੀ ਨੀਵਾਂ ਗਿਰਨ ਲੱਗਿਆਂ ਸ਼ਰਮਿੰਦਗੀ ਮਹਿਸੂਸ ਨਹੀਂ ਕਰਦਾ। ਬੰਦੇ ਦੀ ਫਿਤਰਤ ਜੁ ਹੋਈ ਸਭ ਕੁਝ ਹੜੱਪ ਕਰ ਲੈਣ ਦੀ।

ਬੰਦਾ ਸੋਚਦਾ ਕਿ ਮੈਂ ਸਟੇਜ 'ਤੇ ਹੋਵਾਂ। ਹਰ ਸਰੋਤਾ ਬੜੇ ਧਿਆਨ ਨਾਲ ਮੈਨੂੰ ਸੁਣੇ, ਤਾੜੀਆਂ ਵੱਜਣ ਅਤੇ ਮੇਰੀ ਬੱਲੇ-ਬੱਲੇ ਹੋਵੇ, ਪਰ ਇਸ ਲਈ ਕੀ ਜ਼ਰੂਰੀ ਹੈ, ਇਸ ਬਾਰੇ ਤਾਂ ਕਦੇ ਸੋਚਦਾ ਹੀ ਨਹੀਂ ਕਿ ਲੋਕਾਂ ਨੂੰ ਸੰਬੋਧਨ ਕਿੰਝ ਕਰਨਾ? ਕੀ ਉਸਦੇ ਬੋਲਾਂ ਵਿਚ ਸਹਿਜਤਾ ਤੇ ਸਿਆਣਪ ਹੈ? ਕੀ ਉਸਦੇ ਮੁਖ਼ਾਰਬਿੰਦ ਤੋਂ ਫੁੱਲ ਕਿਰਦੇ? ਕੀ ਉਸਦੇ ਬੋਲਾਂ ਵਿਚ ਮਿਠਾਸ ਹੈ? ਕੀ ਉਸਨੂੰ ਬੋਲਣ ਦੀ ਤਮੀਜ਼ ਵੀ ਹੈ ਕਿ ਕਿਥੇ ਕੀ ਬੋਲਣਾ, ਕਿੰਝ ਬੋਲਣਾ, ਕਿੰਨਾ ਬੋਲਣਾ ਅਤੇ ਕਿਹੜੇ ਪਾਠਕ ਵਰਗ ਨੂੰ ਮੁਖ਼ਾਤਬ ਹੋ ਰਹੇ ਹੋ ਜਾਂ ਸਰੋਤੇ ਤੁਹਾਥੋਂ ਕੀ ਸੁਣਨਾ ਪਸੰਦ ਕਰਦੇ?

ਕਈ ਵਾਰ ਤਾਂ ਇੰਝ ਵੀ ਹੁੰਦਾ ਕਿ ਘਸੀਆਂ-ਪਿਟੀਆਂ ਗੱਲਾਂ ਨੂੰ ਦੁਹਰਾਉਣ ਵਾਲਾ ਵਿਅਕਤੀ ਤਿਲਮਿਲਾ ਕੇ ਰਹਿ ਜਾਂਦਾ ਕਿ ਮੇਰੇ ਬੋਲ ਅਸਰ-ਅੰਦਾਜ਼ ਕਿਉਂ ਨਹੀਂ। ਸ਼ਾਇਦ ਉਸਨੂੰ ਇਹ ਗਿਆਨ ਹੀ ਨਹੀਂ ਕਿ ਲੋਕ ਕੁਝ ਨਵਾਂ, ਨਿਵੇਕਲਾ, ਲੀਕ ਤੋਂ ਹਟ ਕੇ, ਨਵੇਂ ਸਰੋਕਾਰਾਂ ਤੇ ਸੰਵੇਦਨਾਵਾਂ ਬਾਰੇ ਸੁਣਨ ਦੇ ਇੱਛਕ ਹੁੰਦੇ। ਪੁਰਾਣੀਆਂ ਦਲੀਲਾਂ, ਤਰਕ ਅਤੇ ਉਦਾਹਰਣਾਂ ਵਿਚੋਂ ਨਵੇਂ ਅਰਥ ਨਹੀਂ ਸਿਰਜ ਸਕਦੇ। ਕੁਝ ਤਾਂ ਖ਼ੁਦ ਨੂੰ ਵੀ ਸਿਰਜਣਾ ਪੈਣਾ।

ਬੰਦਾ ਇਹ ਵੀ ਅਕਸਰ ਸੋਚਦਾ ਕਿ ਮੈਂ ਫ਼ਸਲ ਬੀਜੀ ਪਰ ਮੇਰੇ ਖੇਤ ਵਿਚ ਫ਼ਸਲ ਉੱਝ ਨਹੀਂ ਲਹਿਰਾਉਂਦੀ ਜਿਵੇਂ ਗਵਾਂਢੀ ਦੀ ਹਰੀ-ਭਰੀ ਹੈ। ਪਰ ਉਹ ਇਹ ਸਮਝਣ ਤੋਂ ਅਸਮਰੱਥ ਕਿ ਪੁੱਤਾਂ ਵਾਂਗ ਫ਼ਸਲਾਂ ਨੂੰ ਪਾਲਣ ਵਾਲਿਆਂ ਦੇ ਖੇਤਾਂ ਵਿਚ ਬੋਹਲ ਉਗਦੇ ਜਦ ਕਿ ਫ਼ਸਲਾਂ ਨੂੰ ਬਿਗਾਨਿਆਂ ਵਾਂਗ ਓਪਰੀ ਨਜ਼ਰ ਨਾਲ ਦੇਖਭਾਲ ਕਰਨ ਵਾਲਿਆਂ ਦੇ ਖੇਤਾਂ ਵਿਚ ਸਿਰਫ਼ ਮਾਯੂਸੀ ਹੀ ਪੈਦਾ ਹੋ ਸਕਦੀ।

ਕੁਝ ਬੰਦੇ ਤਾਂ ਸੋਚਣ ਵਿਚ ਹੀ ਆਪਣੀ ਉਮਰ ਗਵਾ ਲੈਂਦੇ ਕਿਉਂਕਿ ਉਨ੍ਹਾਂ ਨੂੰ ਇਹ ਯਾਦ ਹੀ ਨਹੀਂ ਰਹਿੰਦਾ ਕਿ ਸੋਚਣ ਨਾਲੋਂ ਕੁਝ ਕਰਨਾ, ਮੱਤਾਂ 'ਤੇ ਅਮਲ ਕਰਨਾ ਅਤੇ ਉਸਾਰੂ ਬਿਰਤੀਆਂ ਨੂੰ ਆਪਣੀ ਕਰਮ-ਸ਼ੈਲੀ ਵਿਚ ਲਿਆਉਣਾ ਹੀ ਦਰਅਸਲ ਸ਼ੁੱਭ-ਕਰਮਨ ਲਈ ਸ਼ੁੱਭ ਆਰੰਭ ਹੁੰਦਾ। ਵਰਨਾ ਤਾਂ 'ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ' ਵਰਗੀ ਸਥਿਤੀ ਬੰਦੇ ਦੀ ਬਣੀ ਰਹਿੰਦੀ ਤਾਅ-ਉਮਰ।

ਬੰਦਾ ਸੋਚਦਾ ਮੈਂ ਰਾਜਾ ਹੋਵਾਂ ਤਾਂ ਤਖ਼ਤ 'ਤੇ ਬਹਿ ਕੇ ਹੁਕਮ ਚਲਾਵਾਂ। ਮਨਮਰਜ਼ੀ ਦਾ ਰਾਜ ਚਲਾਵਾਂ। ਜੋ ਚਾਹਵੇਂ ਸੋ ਪਾਵਾਂ। ਨਾ ਕੋਈ ਮੈਨੂੰ ਪੁੱਛਣ ਵਾਲਾ, ਨਾ ਕੋਈ ਜ਼ਿੰਮੇਵਾਰੀ। ਖ਼ਲਕਤ ਮੇਰੇ ਸਾਹਵੇਂ ਕਰੇ ਤਾਬਿਆਦਾਰੀ। ਕੋਈ ਨਾ ਮੈਨੂੰ ਹਟਕੇ। ਮੈਂ ਹੀ ਮੈਂ ਦਾ ਰਾਗ ਸੁਣਾਂ ਤੇ ਮੈਂ ਹੀ ਮੈਂ ਅਲਾਪਾਂ। ਮੈਂ ਹੀ ਮੈਂ ਨਾਲ ਖ਼ੁਦ ਨੂੰ ਪੂਜਾਂ ਤੇ ਖ਼ੁਦ ਦਾ ਰੂਪ ਹੀ ਜਾਪਾਂ। ਪਰ ਬੰਦਾ ਭੁੱਲ ਹੀ ਜਾਂਦਾ ਕਿ ਸੋਚਣ ਨਾਲੋਂ ਕਰਨਾ ਚੰਗਾ ਅਤੇ ਬਹਿਣ ਦੇ ਨਾਲੋਂ ਤੁਰਨਾ। ਦੇਖਣ ਦੇ ਨਾਲ ਕੁਝ ਨਹੀਂ ਹੁੰਦਾ। ਪੈਂਦਾ ਏ ਹਰ ਪਲ ਕੁਝ ਨਾ ਕੁਝ ਭੁਰਨਾ।

ਕਈ ਵਾਰ ਮਾਵਾਂ ਸੋਚਦੀਆਂ ਕਿ ਮੇਰਾ ਪੁੱਤ ਤਾਂ ਮੁਲਕਾਂ ਦਾ ਰਾਜਾ ਬਣੇਗਾ। ਪਰ ਉਸਦੀ ਪਰਵਰਿਸ਼ ਵੱਲ ਧਿਆਨ ਦੇਣ ਦੀ ਬਜਾਏ, ਉਸਦੀ ਸੋਚ ਵਿਚ ਕੁਝ ਚੰਗੇਰਾ ਬਨਣ ਦੀ ਤਮੰਨਾ ਪੈਦਾ ਕਰਨ ਜਾਂ ਉਸਨੂੰ ਸੁਪਨਾ ਦੇਣ ਦੀ ਜ਼ਹਿਮਤ ਹੀ ਨਹੀਂ ਕਰਦੀਆਂ। ਤਦ ਵੱਡਾ ਹੋ ਕੇ ਪੁੱਤ ਨੇ ਰਾਜਾ ਨਹੀਂ ਸਗੋਂ ਨੌਕਰ ਹੀ ਬਣਨਾ। ਅਮੀਰ ਨਹੀਂ ਸਗੋਂ ਕੰਗਾਲ। ਝੋਲੀਆਂ ਮਾਵਾਂ ਦੇ ਦਾਈਏ ਦੀ ਪੂਰਨਤਾ ਤਾਂ ਪੁੱਤ ਦੇ ਸੁਪਨੇ, ਉਦਮ, ਹਿੰਮਤ, ਹੌਂਸਲੇ, ਸਿਰੜ ਅਤੇ ਸਾਧਨਾ ਨੇ ਕਰਨੀ ਜਿਸਦੀ ਗੁੜ੍ਹਤੀ ਮਾਵਾਂ ਨੇ ਦਿੱਤੀ ਹੀ ਨਹੀਂ ਹੁੰਦੀ। ਬੰਦਾ ਜੋ ਮਰਜ਼ੀ ਖ਼ਿਆਲੀ ਖ਼ਾਬ ਲੈਂਦਾ ਰਹੇ ਪਰ ਬਣਨਾ ਉਸ ਨੇ ਉਹੀ ਜਿਸਦੇ ਉਹ ਯੋਗ ਹੁੰਦਾ। ਮਿਲਣੀ ਉਹੀ ਸ਼ੁਹਰਤ ਜਾਂ ਬਦਨਾਮੀ ਜੋ ਉਸਦੀ ਕਾਰਜ-ਸ਼ੈਲੀ ਜਾਂ ਆਦਤਾਂ 'ਤੇ ਨਿਰਭਰ।

ਬੰਦਾ ਸੁਪਨੇ ਬਹੁਤ ਲੈਂਦਾ। ਪਰ ਸੁਪਨਿਆਂ ਦੇ ਸੱਚ ਲਈ ਬੰਦੇ ਨੂੰ ਹੀ ਜੱਦੋ-ਜਹਿਦ ਕਰਨੀ ਪੈਣੀ। ਆਪਣੇ ਮਨ ਵਿਚ ਤਰਕੀਬਾਂ ਪੈਦਾ ਕਰਨੀਆਂ ਪੈਣੀਆਂ, ਤਰਜੀਹਾਂ ਸਿਰਜਣੀਆਂ ਅਤੇ ਫਿਰ ਇਨ੍ਹਾਂ 'ਤੇ ਪਹਿਰਾ ਦਿੰਦਿਆਂ ਖ਼ੁਦ ਨੂੰ ਮਿਹਨਤ ਦੀ ਭੱਠੀ ਵਿਚ ਝੋਕ ਕੇ ਕੁਝ ਅਜ਼ੀਮ ਪ੍ਰਾਪਤੀਆਂ ਦਾ ਫਲ ਮਿਲਦਾ। ਕੁਝ ਨਹੀਂ ਮਿਹਨਤ ਬਿਨਾਂ ਮਿਲਦਾ। ਤੁਰਦਿਆਂ ਹੀ ਸਫ਼ਰ ਮੁੱਕਦਾ। ਮੰਜ਼ਲਾਂ ਦਾ ਸਿਰਨਾਵਾਂ ਮੱਥਿਆਂ ਵਿਚ ਹੋਵੇ ਤਾਂ ਮੰਜ਼ਲ ਪ੍ਰਾਪਤੀ ਬਹੁਤ ਸਹਿਜੇ ਮਿਲ ਜਾਂਦੀ।

ਵੱਡੀਆਂ ਪ੍ਰਾਪਤੀਆਂ ਲਈ ਉਚੇਰੇ ਸੁਪਨੇ ਲੈਣੇ ਜ਼ਰੂਰੀ। ਇਹ ਸੁਪਨੇ ਹਰ ਪਲ ਮਨ ਵਿਚ ਖ਼ਲਬਲੀ ਪੈਦਾ ਕਰਦੇ ਰਹਿਣ ਅਤੇ ਬੰਦੇ ਦਾ ਟੀਚਾ ਸਪੱਸ਼ਟ ਹੋਵੇ। ਉਸਦੀ ਨੀਅਤ ਸਾਫ਼ ਹੋਵੇ। ਉਸ ਨੂੰ ਮਿਹਨਤ ਕਰਨ ਦਾ ਵੱਲ ਹੋਵੇ ਤਾਂ ਸਾਰੀਆਂ ਨਿਆਮਤਾਂ ਝੋਲੀ ਪੈਂਦੀਆਂ।

ਬੰਦਾ ਸੋਚਦਾ ਮੇਰੀਆਂ ਰਾਹਾਂ ਨੂੰ ਮੰਜ਼ਲ ਮਿਲੇ। ਮੇਰੀਆਂ ਤਮੰਨਾਵਾਂ ਦੀ ਤ੍ਰਿਪਤੀ ਹੋਵੇ। ਮੇਰੀਆਂ ਉਮੀਦਾਂ ਨੂੰ ਆਸ ਮਿਲੇ। ਮੇਰੀਆਂ ਭਾਵਨਾਵਾਂ ਨੂੰ ਹਾਸਲਤਾ ਮਿਲੇ। ਮੇਰੀ ਭਟਕਣ ਨੂੰ ਸਹਿਜ ਮਿਲੇ। ਮੇਰੀ ਦੌੜ ਨੂੰ ਵਿਰਾਮ ਮਿਲੇ। ਮੇਰੀਆਂ ਤਰਜੀਹਾਂ ਨੂੰ ਸਮਰਪਣ ਮਿਲੇ। ਮੇਰੇ ਅੱਖਰਾਂ ਨੂੰ ਸ਼ਬਦ ਮਿਲਣ। ਮੇਰੇ ਸ਼ਬਦਾਂ ਵਿਚ ਅਰਥਾਂ ਦੇ ਚਿਰਾਗ ਜਗਣ। ਮੇਰੀਆਂ ਲਿਖਤਾਂ ਵਿਚੋਂ ਸੱਚ ਉਦੈ ਹੋਵੇ। ਮੇਰੀ ਕਲਮ ਨੂੰ ਹਰਫ਼ਾਂ ਦਾ ਵਰਦਾਨ ਮਿਲੇ। ਪਰ ਇਹ ਸਭ ਕੁਝ ਆਪਣੇ ਆਪ ਨਹੀਂ ਹੋਣਾ। ਇਸ ਲਈ ਖ਼ੁਦ ਵੀ ਹੰਭਲਾ ਤਾਂ ਮਾਰਨਾ ਹੀ ਪੈਣਾ। ਕੁਝ ਉਦਮ ਤਾਂ ਕਰਨਾ ਹੀ ਪੈਣਾ। ਕਲਮ ਤਾਂ ਚੁੱਕਣੀ ਪੈਣੀ। ਬੰਦ ਕਿਤਾਬ ਵਿਚਲੇ ਹਰਫ਼ਾਂ ਨੂੰ ਜਗਾਉਣਾ ਪੈਣਾ। ਦਿਲ-ਦਿਮਾਗ ਨੂੰ ਚੰਗੇ ਆਹਰੇ ਲਾਉਣਾ ਪੈਣਾ ਅਤੇ ਖ਼ੁਦ ਨੂੰ ਅਮਲਾਂ ਦੇ ਰਾਹ ਪਾਉਣਾ ਪੈਣਾ ਤਾਂ ਹੀ ਬੰਦਾ ਮਨਚਾਹੀ ਪ੍ਰਾਪਤੀ ਦੀ ਆਸ ਰੱਖ ਸਕਦਾ।

ਕਈ ਵਾਰ ਤਾਂ ਆਸ ਵੀ ਨਿਰਾਸ਼ ਕਰਦੀ ਪਰ ਨਿਰਾਸ਼ਾ ਵਿਚੋਂ ਆਸ ਨੂੰ ਦੇਖਣਾ। ਅਸਫਲਤਾ ਵਿਚੋਂ ਸਫਲਕਾਰੀ ਨੂੰ ਕਿਆਸਣਾ। ਟੋਇਆਂ ਅਤੇ ਟਿਬਿਆਂ ਵਿਚੋਂ ਆਪਣੀਆਂ ਪੈੜਾਂ ਦੇ ਨਿਸ਼ਾਨ ਸਿਰਜਣ ਵਾਲੇ ਹੀ ਨਵੇਂ ਰਾਹਾਂ ਦੇ ਪਾਂਧੀ ਹੁੰਦੇ। ਬੰਦਿਆ! ਸੋਚ ਜ਼ਰੂਰ ਪਰ ਸੋਚਦਾ ਹੀ ਨਾ ਰਹੀਂ। ਉਠ, ਆਲਸ ਦੀ ਲੋਈ ਲਾਹ, ਕਦਮਾਂ ਵਿਚ ਪੈਂਡਾ ਉਗਾ, ਤੇਰੀ ਮੰਜ਼ਲ ਤੈਨੂੰ ਉਡੀਕੇ। ਤੇਰਾ ਰਾਹ ਤੱਕਦੀ ਹੈ, ਉਸਨੂੰ ਨਿਰਾਸ਼ ਨਾ ਕਰੀਂ। 'ਕੇਰਾਂ ਉਹ ਹਤਾਸ਼ ਹੋ ਗਈ ਤਾਂ ਖ਼ਾਲੀ ਹੱਥਾਂ ਵਿਚ ਉਕਰੀ ਤੇਰੀ ਨਿਮੋਝੂਣਤਾ ਨੇ ਤੈਨੂੰ ਹੀ ਹਜ਼ਮ ਜਾਣਾ।

ਕਈ ਵਾਰ ਬੰਦਾ ਸੋਚਦਾ ਜੇ ਇੰਜ ਹੋ ਜਾਂਦਾ ਤਾਂ ਮੇਰੇ ਲਈ ਸਭ ਕੁਝ ਆਸਾਨ ਹੋ ਜਾਂਦਾ। ਪਰ ਇਹ 'ਜੇ' ਹੀ ਹੁੰਦੀ ਜਿਸਦੀਆਂ ਮੁਹਾਰਾਂ ਮੋੜਨ ਅਤੇ ਇਸਨੂੰ ਆਪਣੇ ਹਿੱਤ ਵਿਚ ਭੁਗਤਾਉਣ ਵਾਲੇ ਹੀ ਦਰਅਸਲ ਕੁਝ ਪ੍ਰਾਪਤੀ ਦਾ ਮਾਣ ਹੁੰਦੇ। 'ਜੇ' ਵਿਚ ਝੂਰਦੇ ਰਹਿਣ ਵਾਲੇ ਸਿਰਫ਼ 'ਜੇ' ਵਿਚੋਂ ਜ਼ਿਲਤ, ਜਹੰਨਮ, ਜ਼ਹਾਲਤ ਅਤੇ ਜ਼ਰਜ਼ਰੀ ਜਹੀ ਜ਼ਿੰਦਗੀ ਦੇ ਖੋਖ਼ਲੇ ਅਹਿਸਾਸ ਦਾ ਭਰਮ ਹੀ ਪਾਲਦੇ।

ਕਈ ਵਾਰ ਤਾਂ ਬੰਦਾ ਇਹ ਵੀ ਸੋਚਦਾ ਕਿ ਜੇ ਸਮੇਂ ਸਿਰ ਮੈਂ ਸਹੀ ਫੈਸਲਾ ਕਰ ਲੈਂਦਾ ਤਾਂ ਗਲਤ ਰਾਹਾਂ 'ਤੇ ਜਾਣ ਤੋਂ ਬਚ ਜਾਂਦਾ। ਪਰ ਇਹੀ ਤਾਂ ਬੰਦੇ ਦੇ ਮਨ ਦੀ ਤਰਾਸਦੀ ਕਿ ਜੀਵਨ-ਰਾਹ ਦੇ ਚੌਰਾਹੇ ਵਿਚ ਕੀਤੀ ਹੋਈ ਕੁਤਾਹੀ ਤੁਹਾਡੀ ਸਮੁੱਚੀ ਜ਼ਿੰਦਗੀ ਨੂੰ ਗਲਤ ਮੋੜ ਦੇ ਸਕਦੀ ਹੈ। ਪਰ ਫਿਰ ਵੀ ਜੇਕਰ ਆਪਣੀ ਗਲਤੀ ਨੂੰ ਮੰਨ ਕੇ ਸਹੀ ਮੋੜ ਕੱਟ ਲਈਏ ਤਾਂ ਗਲਤੀ ਦਾ ਸੁਧਾਰ ਹੋ ਜਾਂਦਾ ਅਤੇ ਬੰਦਾ ਦੇਰ-ਅਵੇਰ ਮੰਜ਼ਲ 'ਤੇ ਪਹੁੰਚ ਹੀ ਜਾਂਦਾ। ਪਰ ਜੇ ਬੰਦਾ ਗਲਤੀ ਕਰਕੇ ਵੀ ਗਲਤੀ ਨਹੀਂ ਮੰਨਦਾ। ਉਸਦੇ ਮਨ ਵਿਚ ਭੋਰਾ ਵੀ ਪਛਤਾਵਾ ਨਹੀਂ ਤਾਂ ਫਿਰ ਪੱਲੇ ਨਿਰਾਸ਼ਾ ਹੀ ਪੈਣੀ। ਭਾਵੇਂ ਬੰਦਾ ਕਿੰਨੇ ਵੀ ਵੱਡੇ ਦਾਈਏ ਕਰੇ, ਅਸਲੀਅਤ ਨੇ ਜੱਗ-ਜ਼ਾਹਰ ਹੋ ਹੀ ਜਾਣਾ ਹੁੰਦਾ।

ਬੰਦਾ ਸੋਚਦਾ ਜੇ ਮੇਰੀਆਂ ਰਾਹਾਂ ਵਿਚ ਕੰਡੇ ਨਾ ਹੁੰਦੇ। ਮੇਰੇ ਮਨ ਵਿਚ ਲੋੜਾਂ ਤੇ ਥੋੜ੍ਹਾਂ ਦਾ ਬੋਝ ਨਾ ਹੁੰਦਾ। ਮੈਨੂੰ ਪਰਿਵਾਰਕ ਤੰਗੀਆਂ-ਤੁਰਸ਼ੀਆਂ ਨਾਲ ਯੁੱਧ ਨਾ ਕਰਨਾ ਪੈਂਦਾ। ਦੀਵੇ ਵਿਚ ਮੁੱਕ ਰਹੇ ਤੇਲ ਦੀ ਚਿੰਤਾ ਨਾ ਹੁੰਦੀ। ਮੈਨੂੰ ਬਾਪ ਨਾਲ ਖੇਤੀ ਦੇ ਕੰਮ ਨਾ ਕਰਵਾਉਣੇ ਪੈਂਦੇ ਜਾਂ ਦਿਨ ਭਰ ਖੇਤਾਂ ਵਿਚ ਬਾਪ ਨਾਲ ਹੱਥ ਨਾ ਵਟਾਉਣਾ ਹੁੰਦਾ ਤਾਂ ਸ਼ਾਇਦ ਮੇਰੀਆਂ ਪ੍ਰਾਪਤੀਆਂ ਹੋਰ ਵੱਡੀਆਂ ਹੁੰਦੀਆਂ। ਪਰ ਬੰਦਾ ਇਹ ਭੁੱਲ ਹੀ ਜਾਂਦਾ ਕਿ ਜਿਸ ਨੇ ਔਕੜਾਂ ਨਾਲ ਮੱਥਾ ਲਾ ਕੇ ਆਪਣੇ ਪੈਰਾਂ ਹੇਠਲੀ ਧਰਤੀ ਲੱਭ ਲਈ, ਆਪਣੇ ਸਿਰ ਉਪਰਲੇ ਅੰਬਰ ਦੀ ਨਿਸ਼ਾਨਦੇਹੀ ਕਰ ਲਈ, ਜਿਸਨੇ ਜ਼ਿੰਦਗੀ ਨਾਲ ਖਹਿ ਕੇ ਇਸਦੇ ਸੱਚ ਨੂੰ ਨਿੰਠ ਕੇ ਦੇਖਿਆ ਅਤੇ ਹੰਢਾਇਆ ਹੈ, ਉਸਨੇ ਹੀ ਜੀਵਨ ਨੂੰ ਹੀਰਾ ਬਣਾਇਆ ਹੈ। ਜੀਵਨ ਦੇ ਸੱਚ ਤੋਂ ਅਣਗੌਲੇ ਲੋਕ, ਦਰਅਸਲ ਭਰਮ-ਭੁਲੇਖਿਆਂ ਵਿਚ ਹੀ ਜ਼ਿੰਦਗੀ ਗਵਾ ਦਿੰਦੇ। ਜਦ ਉਸਦਾ ਸਾਹਮਣਾ ਜੀਵਨੀ ਤਲਖ਼ੀਆਂ ਅਤੇ ਕੁੜੱਤਣਾਂ ਨਾਲ ਹੁੰਦਾ ਤਾਂ ਉਹ ਬੜੀ ਜਲਦੀ ਥਿੜਕ ਜਾਂਦਾ ਅਤੇ ਖਿਸਕ ਜਾਂਦੀ ਉਨ੍ਹਾਂ ਦੇ ਪੈਰਾਂ ਹੇਠਲੀ ਜ਼ਮੀਂ। ਸਾਬਤ ਕਦਮੀ ਆਪਣੀਆਂ ਰਾਹਾਂ ਸਿਰਜਣ ਵਾਲੇ ਅਤੇ ਹਰ ਮੁਸ਼ਕਲ ਵਿਚੋਂ ਸਾਬਤ ਨਿਕਲਣ ਵਾਲੇ ਹੀ ਜੀਵਨ ਰਾਹਾਂ ਦੇ ਮਾਰਗ-ਦਰਸ਼ਕ ਹੁੰਦੇ। ਉਹ ਤਵਾਰੀਖ਼ ਨੂੰ ਨਵੀਂ ਦਸ਼ਾ ਤੇ ਦਿਸ਼ਾ ਦਿੰਦੇ। ਦਰਅਸਲ ਬੰਦੇ ਨੇ ਡਾ. ਅਬਦੁਲ ਕਲਾਮ, ਅਬਰਾਹਮ ਲਿੰਕਨ, ਨੈਲਸਨ ਮੰਡੇਲਾ ਵਰਗੇ ਮਹਾਨ ਵਿਅਕਤੀਆਂ ਦੀਆਂ ਜੀਵਨੀਆਂ ਦਾ ਤੱਥ ਸਾਰ ਤਾਂ ਜਾਣਿਆ ਹੀ ਨਹੀਂ ਹੁੰਦਾ। ਸੋਨੇ ਦਾ ਚਮਚਾ ਮੂੰਹ ਵਿਚ ਰੱਖਣ ਵਾਲੇ ਲੋਕ ਕਿੰਝ ਸਮਝ ਸਕਦੇ ਕਿ ਬੇਹਾ ਟੁੱਕਰ ਖਾਣ ਵਾਲੇ ਕਿੰਝ ਆਪਣੇ ਮੱਥਿਆਂ 'ਤੇ ਮੰਜ਼ਲਾਂ ਦਾ ਸਿਰਨਾਵਾਂ ਉਕਰਾਉਂਦੇ।

ਬੰਦਾ ਬਹੁਤੀ ਵਾਰ ਅਣਭੋਲ ਹੋ ਜਾਂਦਾ। ਉਹ ਸੋਚਦਾ ਹੈ ਕਿ ਜਿਵੇਂ ਮੈਂ ਸੋਚਦਾਂ, ਸ਼ਾਇਦ ਇੰਜ ਹੀ ਹੋਵੇ। ਜਿਵੇਂ ਮੈਂ ਚਾਹੁੰਦਾ ਇੰਝ ਹੀ ਹੋਵੇ। ਜਿਵੇਂ ਮੇਰਾ ਮਸਕਦ ਹੈ ਇਹ ਹੀ ਪੂਰਾ ਹੋਵੇ। ਪਰ ਉਹ ਇਹ ਸਮਝਣ ਤੋਂ ਅਸਮਰੱਥ ਕਿ ਸੋਚਣ ਅਤੇ ਹੋਣ ਵਿਚ ਬਹੁਤ ਵੱਡਾ ਫ਼ਾਸਲਾ। ਇਸ ਦੂਰੀ ਨੂੰ ਤੈਅ ਕਰਨ ਲਈ, ਇਸ ਫ਼ਾਸਲੇ ਨੂੰ ਮਿਟਾਉਣ ਦਾ ਹਾਣੀ ਹੋਣ ਦੀ ਲੋੜ। ਸੋਚਣ, ਕਰਨ ਤੇ ਹੋਣ ਆਦਿ ਪੜਾਵਾਂ ਨੂੰ ਪਾਰ ਕਰਕੇ ਹੀ ਬੰਦਾ ਕੁਝ ਪ੍ਰਾਪਤੀ ਦਾ ਹਾਣੀ ਬਣ ਸਕਦਾ।

ਐ ਬੰਦੇ! ਯਾਦ ਰੱਖ ਕਿ ਸਿਰਫ਼ ਸੋਚਣ ਨਾਲ ਕੁਝ ਨਹੀਂ ਹੋਣਾ। ਕੁਝ ਪ੍ਰਾਪਤ ਨਹੀਂ ਹੋਣਾ। ਕੁਝ ਵੀ ਹਾਸਲ ਨਹੀਂ ਹੋਣਾ ਅਤੇ ਨਾ ਹੀ ਕੁਝ ਤੇਰੇ ਹੱਥ ਲੱਗਣਾ। ਖ਼ਾਬੀ ਖ਼ਿਆਲਾਂ ਤੋਂ ਬਾਹਰ ਆ। ਸੱਚ ਦਾ ਸਾਹਮਣਾ ਕਰ। ਕੁਝ ਕਰਨ ਦੀ ਹਿੰਮਤ ਜੁਟਾ। ਆਪਣੇ ਹੌਂਸਲੇ ਅਤੇ ਸਿਰੜ ਨੂੰ ਸਾਥੀ ਬਣਾ। ਔਝੜ ਰਾਹਾਂ 'ਤੇ ਆਪਣੇ ਪੈਰਾਂ ਦੀ ਨਿਸ਼ਾਨਦੇਹੀ ਕਰ। ਇਨ੍ਹਾਂ ਰਾਹਾਂ ਨੂੰ ਪ੍ਰਾਪਤੀਆਂ ਦਾ ਮਾਰਗ ਬਣਾ, ਤੇਰੇ ਸੁਪਨਿਆਂ ਦਾ ਸੱਚ ਤੂੰ ਹੋਵੇਂਗਾ। ਤੇਰਾ ਚੌਗਿਰਦਾ ਦੇਖੇਗਾ ਕਿ ਤੂੰ ਹੀ ਸਾਰੀਆਂ ਪ੍ਰਾਪਤੀਆਂ ਦਾ ਸੱਚ ਤੇ ਸਿਰਨਾਵਾਂ ਏਂ।

# ਨਵੇਂ ਇਤਿਹਾਸ ਦੀ ਰਚਨਾ-ਟੀ20 ਵਿਸ਼ਵ ਕੱਪ 2026



ਸੰਦੀਪ ਕੁਮਾਰ
ਫੋਨ: 70098-07121

8 ਮਾਰਚ 2026 ਦੀ ਰਾਤ, ਕ੍ਰਿਕਟ ਦੀ ਦੁਨੀਆ ਵਿਚ ਇੱਕ ਨਵਾਂ ਇਤਿਹਾਸ ਰਚਿਆ ਗਿਆ ਹੈ। ਟੀ20 ਵਿਸ਼ਵ ਕੱਪ 2026 ਦੇ ਫਾਈਨਲ ਵਿਚ ਭਾਰਤ ਨੇ ਨਿਊਜ਼ੀਲੈਂਡ ਨੂੰ ਹਰਾ ਕੇ ਆਪਣਾ ਤੀਜਾ ਖਿਤਾਬ ਜਿੱਤ ਲਿਆ ਹੈ। ਨਰਿੰਦਰ ਮੋਦੀ ਸਟੇਡੀਅਮ, ਅਹਿਮਦਾਬਾਦ ਵਿਚ ਖੇਡੇ ਗਏ ਇਸ ਮੈਚ ਵਿਚ ਭਾਰਤ ਨੇ ਨਿਊਜ਼ੀਲੈਂਡ ਨੂੰ 96 ਰਨਾਂ ਨਾਲ ਹਰਾਇਆ, ਜੋ ਕਿ ਟੀ20 ਵਿਸ਼ਵ ਕੱਪ ਦੇ ਇਤਿਹਾਸ ਵਿਚ ਭਾਰਤ ਦੀ ਸਭ ਤੋਂ ਵੱਡੀ ਜਿੱਤਾਂ ਵਿਚੋਂ ਇੱਕ ਹੈ। ਇਸ ਜਿੱਤ ਨਾਲ ਭਾਰਤ ਇਕਲੌਤੀ ਟੀਮ ਬਣ ਗਈ ਹੈ ਜਿਸ ਨੇ ਟੀ20 ਵਿਸ਼ਵ ਕੱਪ ਤਿੰਨ ਵਾਰ ਜਿੱਤਿਆ ਹੈ, 2007 ਵਿਚ ਐਮ.ਐਸ. ਧੋਨੀ ਦੀ ਅਗਵਾਈ ਵਿਚ, 2024 ਵਿਚ ਰੋਹਿਤ ਸ਼ਰਮਾ ਦੀ ਅਗਵਾਈ ਵਿਚ ਅਤੇ ਹੁਣ 2026 ਵਿਚ ਸੂਰਿਆ ਕੁਮਾਰ ਯਾਦਵ ਦੀ ਕਪਤਾਨੀ ਹੇਠ ਟੀ20 ਵਿਸ਼ਵ ਕੱਪ ਜਿੱਤਿਆ ਹੈ। ਇਹ ਪਹਿਲੀ ਵਾਰ ਹੈ ਜਦੋਂ ਕਿਸੇ ਟੀਮ ਨੇ ਟਾਈਟਲ ਡਿਫੈਂਡ ਕੀਤਾ ਹੈ ਅਤੇ ਘਰੇਲੂ ਮੈਦਾਨ 'ਤੇ ਜਿੱਤਿਆ ਹੈ।

ਟੂਰਨਾਮੈਂਟ ਦੀ ਸ਼ੁਰੂਆਤ ਫਰਵਰੀ 2026 ਵਿਚ ਹੋਈ ਸੀ ਅਤੇ ਭਾਰਤ ਨੇ ਪੂਰੇ ਸਫ਼ਰ ਵਿਚ ਅਸਾਧਾਰਣ ਪ੍ਰਦਰਸ਼ਨ ਕੀਤਾ। ਓਪਨਿੰਗ ਮੈਚ ਵਿਚ ਅਮਰੀਕਾ ਵਿਰੁੱਧ ਸੂਰਿਆ ਕੁਮਾਰ ਯਾਦਵ ਨੇ 84 ਰਨਾਂ ਦੀ ਸ਼ਾਨਦਾਰ ਪਾਰੀ ਖੇਡ ਕੇ ਟੀਮ ਨੂੰ ਮਜ਼ਬੂਤ ਅਧਾਰ ਦਿੱਤਾ। ਗਰੁੱਪ ਸਟੇਜ ਅਤੇ ਸੁਪਰ 8 ਵਿਚ ਭਾਰਤ ਨੇ ਆਪਣੀ ਬੱਲੇਬਾਜ਼ੀ ਅਤੇ ਗੇਂਦਬਾਜ਼ੀ ਦੋਵਾਂ ਵਿਚ ਦਬਦਬਾ ਬਣਾਇਆ। ਵੈਸਟ ਇੰਡੀਜ਼, ਇੰਗਲੈਂਡ ਅਤੇ ਹੋਰ ਮਜ਼ਬੂਤ ਟੀਮਾਂ ਵਿਰੁੱਧ ਜਿੱਤਾਂ ਨੇ ਭਾਰਤ ਨੂੰ ਸੈਮੀਫਾਈਨਲ ਤੱਕ ਪਹੁੰਚਾਇਆ। ਸੈਮੀਫਾਈਨਲ ਵਿਚ ਇੰਗਲੈਂਡ ਵਿਰੁੱਧ ਵੀ ਭਾਰਤ ਨੇ ਆਪਣੀ ਫਾਰਮ ਨੂੰ ਬਰਕਰਾਰ ਰੱਖਿਆ ਅਤੇ ਫਾਈਨਲ ਵਿਚ ਜਗ੍ਹਾ ਬਣਾਈ। ਪੂਰੇ ਟੂਰਨਾਮੈਂਟ ਵਿਚ ਭਾਰਤ ਦੀ ਬੱਲੇਬਾਜ਼ੀ ਨੇ ਰਿਕਾਰਡ ਤੋੜੇ, ਕਈ ਵਾਰ 250 ਤੋਂ ਵੱਧ ਸਕੋਰ ਬਣਾਏ ਅਤੇ ਗੇਂਦਬਾਜ਼ੀ ਵਿਚ ਜਸਪ੍ਰੀਤ ਬੁਮਰਾਹ, ਅਕਸ਼ਰ ਪਟੇਲ ਅਤੇ ਹੋਰਾਂ ਨੇ ਅਹਿਮ ਭੂਮਿਕਾ ਨਿਭਾਈ। ਇਹ ਸਫ਼ਰ ਭਾਰਤੀ ਟੀਮ ਦੀ ਡੂੰਘਾਈ, ਯੋਜਨਾਬੱਧੀ ਅਤੇ ਜੇਤੂ ਮਾਨਸਿਕਤਾ ਨੂੰ ਦਰਸਾਉਂਦਾ ਹੈ।

ਫਾਈਨਲ ਮੈਚ ਵਿਚ ਨਿਊਜ਼ੀਲੈਂਡ ਨੇ ਟਾਸ ਜਿੱਤ ਕੇ ਭਾਰਤ ਨੂੰ ਪਹਿਲਾਂ ਬੱਲੇਬਾਜ਼ੀ ਲਈ ਸੱਦਾ ਦਿੱਤਾ। ਭਾਰਤ ਨੇ ਇਸ ਮੌਕੇ ਨੂੰ ਸ਼ਾਨਦਾਰ ਤਰੀਕੇ ਨਾਲ ਵਰਤਿਆ ਅਤੇ 20 ਓਵਰਾਂ ਵਿਚ 255/5 ਦਾ ਵਿਸ਼ਵ ਰਿਕਾਰਡ ਸਕੋਰ ਬਣਾਇਆ, ਜੋ ਕਿ ਟੀ20 ਵਿਸ਼ਵ ਕੱਪ ਫਾਈਨਲ ਵਿਚ ਸਭ ਤੋਂ ਵੱਡਾ ਸਕੋਰ ਹੈ। ਓਪਨਰ ਅਭਿਸ਼ੇਕ ਸ਼ਰਮਾ ਨੇ ਤੇਜ਼ੀ ਨਾਲ 52 ਰਨ ਬਣਾਏ, ਜਿਸ ਵਿਚ ਉਸ ਨੇ ਟੂਰਨਾਮੈਂਟ ਦਾ ਸਭ ਤੋਂ ਤੇਜ਼ ਅੱਰਧ ਸੈਂਕੜਾ ਲਗਾਇਆ। ਸੰਜੂ ਸੈਮਸਨ ਨੇ 46 ਗੇਂਦਾਂ 'ਤੇ 89 ਰਨਾਂ ਦੀ ਸ਼ਾਨਦਾਰ ਪਾਰੀ ਖੇਡੀ, ਜੋ ਫਾਈਨਲ ਵਿਚ ਕਿਸੇ ਵਿਅਕਤੀਗਤ ਸਕੋਰ ਵਜੋਂ ਸਭ ਤੋਂ ਵੱਡੀ ਸੀ। ਈਸ਼ਾਨ ਕਿਸ਼ਨ ਨੇ 25 ਗੇਂਦਾਂ 'ਤੇ 54 ਰਨ ਬਣਾ ਕੇ ਤੇਜ਼ ਰਫ਼ਤਾਰ ਬਣਾਈ ਰੱਖੀ। ਸੂਰਿਆ ਕੁਮਾਰ ਯਾਦਵ ਨੂੰ ਗੋਲਡਨ ਡੱਕ ਮਿਲਿਆ ਪਰ ਟੀਮ ਨੇ ਇਸ ਨੂੰ ਪ੍ਰਭਾਵਿਤ ਨਹੀਂ ਹੋਣ ਦਿੱਤਾ। ਅੰਤ ਵਿਚ ਸ਼ਿਵਮ ਦੂਬੇ ਨੇ 8



ਗੇਂਦਾਂ 'ਤੇ 26 ਰਨ ਬਣਾ ਕੇ ਆਖ਼ਰੀ ਓਵਰਾਂ ਵਿਚ ਤੂਫ਼ਾਨ ਲਿਆਂਦਾ ਅਤੇ ਟੀਮ ਨੂੰ 250 ਦੇ ਪਾਰ ਲੈ ਗਿਆ। ਨਿਊਜ਼ੀਲੈਂਡ ਵੱਲੋਂ ਜੇਮਜ਼ ਨੀਸ਼ਮ ਨੇ 3 ਵਿਕਟਾਂ ਲਈਆਂ ਪਰ ਭਾਰਤੀ ਬੱਲੇਬਾਜ਼ਾਂ ਨੂੰ ਇਸ ਦਾ ਕੋਈ ਫਰਕ ਨਹੀਂ ਪਿਆ।

ਟੀਚੇ ਦਾ ਪਿਛਾ ਕਰਨ ਉਤਰੀ ਨਿਊਜ਼ੀਲੈਂਡ ਨੂੰ ਭਾਰਤੀ ਗੇਂਦਬਾਜ਼ਾਂ ਨੇ ਬਿਲਕੁਲ ਵੀ ਮੌਕਾ ਨਹੀਂ ਦਿੱਤਾ। ਟਿਮ ਸੇਫਰਟ ਨੇ 52 ਰਨ ਬਣਾਏ ਪਰ ਬਾਕੀ ਬੱਲੇਬਾਜ਼ ਲੜਖੜਾਏ। ਜਸਪ੍ਰੀਤ ਬੁਮਰਾਹ ਨੇ 4 ਵਿਕਟਾਂ ਲੈ ਕੇ ਮੈਚ ਵਿਚ ਸਭ ਤੋਂ ਵੱਡੀ ਭੂਮਿਕਾ ਨਿਭਾਈ ਅਤੇ ਆਪਣੀ ਕਲਾਸ ਨੂੰ ਸਾਬਤ ਕੀਤਾ। ਅਕਸ਼ਰ ਪਟੇਲ ਨੇ 3 ਵਿਕਟਾਂ ਨਾਲ ਮਿਡਲ ਓਵਰਾਂ ਵਿਚ ਦਬਦਬਾ ਬਣਾਇਆ। ਹਾਰਦਿਕ ਪੰਡਿਆ ਅਤੇ ਅਭਿਸ਼ੇਕ ਸ਼ਰਮਾ ਨੇ ਵੀ ਵਿਕਟਾਂ ਲਈਆਂ। ਨਿਊਜ਼ੀਲੈਂਡ 19 ਓਵਰਾਂ ਵਿਚ 159 ਰਨਾਂ 'ਤੇ ਆਲ ਆਊਟ ਹੋ ਗਿਆ। ਇਹ ਜਿੱਤ ਭਾਰਤੀ ਟੀਮ ਦੇ ਸੰਪੂਰਨ ਪ੍ਰਦਰਸ਼ਨ ਦਾ ਨਤੀਜਾ ਸੀ ਜਿੱਥੇ ਹਰ ਖਿਡਾਰੀ ਨੇ ਆਪਣੀ ਭੂਮਿਕਾ ਨਿਭਾਈ। ਬੱਲੇਬਾਜ਼ਾਂ ਨੇ ਰਨ ਬਣਾਏ, ਗੇਂਦਬਾਜ਼ਾਂ ਨੇ ਰੋਕਿਆ ਅਤੇ ਫੀਲਡਿੰਗ ਵਿਚ ਵੀ ਕੋਈ ਕਮੀ ਨਹੀਂ ਰਹੀ।

ਇਸ ਜਿੱਤ ਨਾਲ ਭਾਰਤ ਨੇ ਨਾ ਸਿਰਫ਼ ਤੀਜਾ ਟੀ20 ਵਿਸ਼ਵ ਕੱਪ ਜਿੱਤਿਆ ਸਗੋਂ ਕ੍ਰਿਕਟ ਇਤਿਹਾਸ ਵਿਚ ਆਪਣਾ ਨਾਂ ਅਮਰ ਕਰ ਲਿਆ। ਸੂਰਿਆ ਕੁਮਾਰ ਯਾਦਵ ਦੀ ਅਗਵਾਈ ਵਿਚ ਟੀਮ ਨੇ ਡਿਫੈਂਸਿਵ ਖਿਤਾਬ ਅਤੇ ਘਰੇਲੂ ਜਿੱਤ ਦੇ ਰਿਕਾਰਡ ਬਣਾਏ। ਪੂਰੇ ਦੇਸ਼ ਵਿਚ ਜਸ਼ਨ ਮਨਾਏ ਜਾ ਰਹੇ ਹਨ ਅਤੇ ਇਹ ਪਲ ਹਰ ਭਾਰਤੀ ਲਈ ਗਰਵ ਵਾਲਾ ਹੈ। ਟੀ20 ਵਿਸ਼ਵ ਕੱਪ 2026 ਦਾ ਇਹ ਫਾਈਨਲ ਭਾਰਤੀ ਕ੍ਰਿਕਟ ਦੇ ਸੁਨਹਿਰੀ ਅਧਿਆਇ ਵਜੋਂ ਯਾਦ ਰੱਖਿਆ ਜਾਵੇਗਾ। ਜੈ ਹਿੰਦ! ਜੈ ਭਾਰਤ!

# ਨਵਾਂ ਸਿੱਖ ਸਾਲ ਨਵੀਂ ਆਸ ਨਾਲ

ਨਾਨਕਸ਼ਾਹੀ ਸੰਮਤ 557 ਵਿਚ ਪੰਥਕ ਮਸਲੇ ਗੁੰਝਲਦਾਰ ਹੁੰਦੇ ਵੇਖੇ ਗਏ ਹਨ। ਕੋਈ ਵੀ ਧਰਮ, ਸਮਾਜ, ਸੰਸਥਾ ਮਸਲਿਆਂ ਤੋਂ ਮੁਕਤ ਨਹੀਂ। ਅਸਹਿਮਤੀ ਜਾਗਰੂਕ ਚੇਤਨਾ ਦੀ ਨਿਸ਼ਾਨੀ ਹੁੰਦੀ ਹੈ। ਵਿਚਾਰਸ਼ੀਲਤਾ ਹੈ ਤਾਂ ਸਹਿਮਤੀ-ਅਸਹਿਮਤੀ ਹੋਣਾ ਸੁਭਾਵਕ ਹੈ। ਅਸਹਿਮਤੀ ਚਿੰਤਾ ਦਾ ਕਾਰਨ ਨਹੀਂ ਹੁੰਦੀ, ਚਿੰਤਾ ਤਾਂ ਹੁੰਦੀ ਹੈ ਜਦੋਂ 'ਅਸਹਿਮਤੀ' ਨੂੰ ਸਵੀਕਾਰ ਨਹੀਂ ਕੀਤਾ ਜਾਂਦਾ ਤੇ ਗੰਭੀਰਤਾ ਨਾਲ ਉਸ ਦੇ ਨਿਦਾਨ ਲਈ ਯਤਨ ਨਹੀਂ ਕੀਤੇ ਜਾਂਦੇ। ਵਿਵੇਕ ਹੋਵੇ ਤਾਂ ਮਸਲੇ ਸਮੱਸਿਆ ਨਹੀਂ ਰਹਿੰਦੇ। ਸਿੱਖ ਪੰਥ ਦੇ ਮਸਲੇ ਸਮੱਸਿਆ ਬਣਦੇ ਜਾ ਰਹੇ ਹਨ। ਸਿੱਖ ਨਿਤ ਅਰਦਾਸ ਕਰਦਾ ਹੈ ਵਿਵੇਕ ਦਾਨ ਦੀ ਪਰ ਵਿਵੇਕ ਜਾਗ੍ਰਤ ਨਹੀਂ ਹੋ ਰਿਹਾ। ਚੇਤ ਤੋਂ ਆਰੰਭ ਹੋਣ ਵਾਲੇ ਨਵੇਂ ਸਾਲ ਵਿਚ ਆਸ ਕੀਤੀ ਜਾਣੀ ਚਾਹੀਦੀ ਹੈ ਕਿ ਅਕਾਲ ਪੁਰਖ ਸਿੱਖ ਕੌਮ ਨੂੰ ਵਿਵੇਕ ਦਾਨ ਬਖਸ਼ੇ। ਮਸਲੇ ਹੱਲ ਕਰਨ ਲਈ ਹਿੰਮਤ ਚਾਹੀਦੀ ਹੈ। ਵਿਵੇਕ ਦੀ ਘਾਟ ਨੇ ਮਸਲਿਆਂ ਨੂੰ ਅਣਦੇਖਿਆਂ ਕਰਨ ਤੇ ਸਵਾਲਾਂ ਤੋਂ ਬਚਣ ਦੀ ਪ੍ਰਵਿਰਤੀ ਨੂੰ ਜਨਮ ਦਿੱਤਾ ਹੈ। ਸੰਨ 1936 ਵਿਚ



ਡਾ. ਸਤਿੰਦਰ ਪਾਲ ਸਿੰਘ, ਸਿਡਨੀ
akaalpurkh.7@gmail.com

ਸਿੱਖ ਰਹਿਤ ਮਰਯਾਦਾ ਪ੍ਰਵਾਨ ਕਰਨ ਤੋਂ ਬਾਅਦ ਅੱਜ ਤੱਕ ਪੰਥਕ ਸਵਾਲਾਂ ਪ੍ਰਤੀ ਨਿਰੰਤਰ ਉਦਾਸੀਨਤਾ ਵਰਤੀ ਗਈ ਹੈ। ਵਿਵੇਕ ਧਾਰਕ ਹੀ ਸਵਾਲਾਂ ਨਾਲ ਆਰ-ਪਾਰ ਕਰ ਸਕਦਾ ਹੈ। ਕੋਈ ਪੱਖ ਸੰਤੁਸ਼ਟ ਕੋਈ ਅਸੰਤੁਸ਼ਟ ਹੋ ਸਕਦਾ ਹੈ ਪਰ ਅੰਤਮ ਨਿਦਾਨ ਭਵਿੱਖ ਦੀਆਂ ਬਹੁਤ ਸਾਰੀਆਂ ਪੀੜਾਂ ਤੋਂ ਬਚਾ ਲੈਂਦਾ ਹੈ। ਦਸਮ ਗ੍ਰੰਥ ਦੀ ਪ੍ਰਮਾਣਿਕਤਾ, ਤਖਤਾਂ ਦੀ ਭਿੰਨ-ਭਿੰਨ ਮਰਿਆਦਾ, ਸਿੱਖ ਇਤਿਹਾਸ ਦੇ ਅੰਤਰ ਵਿਰੋਧ, ਸਾਖੀਆਂ ਵਿਚ ਗੁਰ ਸ਼ਬਦ ਦੇ ਵਿਪਰੀਤ ਭਾਵਨਾ, ਸਿੱਖ ਸੰਸਥਾਵਾਂ ਦੀ ਸੰਗਠਨ ਰਚਨਾ ਤੇ ਕਾਰਜ ਸ਼ੈਲੀ, ਪੁਰਾਤਨ ਰਹਿਤਨਾਮੇ ਤੇ ਸਿੱਖ ਰਹਿਤ ਮਰਯਾਦਾ ਵਿਚ ਅੰਤਰ ਸਬੰਧ, ਸਰਬਤ ਖਾਲਸਾ ਦਾ ਸਵਰੂਪ ਤੇ ਅਜੋਕੇ ਸਮੇਂ ਵਿਚ ਮਹੱਤਤਾ ਆਦਿਕ ਕਈ ਸਵਾਲ ਹਨ ਜਿਨ੍ਹਾਂ ਤੋਂ ਸਦਾ ਹੀ ਬਚਿਆ ਗਿਆ ਹੈ। ਅੱਜ ਇਹ ਸਵਾਲ ਵੱਡੀ ਚੁਣੌਤੀ ਬਣ ਗਏ ਹਨ। ਨਵੀਂ ਪੀੜ੍ਹੀ ਕੋਲ ਨਾ ਪੜ੍ਹਨ ਦਾ ਸਮਾਂ ਹੈ ਨਾ ਹੀ ਵਿਚਾਰਨ ਦਾ। ਸਿੱਖ ਕੌਮ ਦੇ ਅਖੌਤੀ ਹਿੱਤ ਚਿੰਤਕ ਤੇ ਪੱਖ ਕਾਰ ਆਪੋ ਆਪਣੀ ਵਿਆਖਿਆ ਕਰੀ ਜਾ ਰਹੇ ਹਨ ਜਿਸ ਨਾਲ ਭਰਮ ਦੇ ਸੰਘਣੇ ਬੱਦਲ ਛਾ ਰਹੇ ਹਨ। ਪੰਥ ਵਿਚ ਧੜੇਬੰਦੀ ਤੇ ਵਿਅਕਤੀਗਤ ਵੈਰ ਵਿਰੋਧ ਦਾ ਮਾਹੌਲ ਬਣ ਗਿਆ ਹੈ। ਵਿਵੇਕ ਦਾਨ ਦੇ ਨਾਲ ਹੀ ਵਿਸਾਹ ਦਾਨ ਤੇ ਭਰੋਸਾ ਦਾਨ ਮੰਗਣ ਵਾਲੀ ਕੌਮ ਅੰਦਰ ਇਹ ਸਥਿਤੀ ਸ਼ਰਮਸਾਰ ਕਰਨ ਵਾਲੀ ਹੈ। ਅਕਾਲ ਪੁਰਖ ਅੱਗੇ ਅਰਦਾਸ ਹੈ ਕਿ ਨਵੇਂ ਸਿੱਖ ਸੰਮਤ 558 ਵਿਚ ਸਥਿਤੀਆਂ ਬਦਲਣੀਆਂ ਸ਼ੁਰੂ ਹੋਣ। ਵਿਵੇਕ ਨਾਲ ਮਸਲੇ ਹੱਲ ਹੁੰਦੇ ਹਨ ਪਰ ਇਸ ਲਈ ਵਿਸਾਹ ਤੇ ਭਰੋਸਾ ਹੋਣਾ ਪਹਿਲੀ ਲੋੜ ਹੈ।

ਸਵਾਲ ਹੈ ਕਿ ਅੱਜ ਕਿਸ 'ਤੇ ਭਰੋਸਾ ਕੀਤਾ ਜਾਵੇ। ਜਿਸ ਤੋਂ ਵੀ ਆਸ ਸੀ ਉਸ ਨੇ ਨਿਰਾਸ਼ ਕੀਤਾ ਹੈ। ਇਹ ਬੇਵਿਸਾਹੀ ਦਾ ਦੌਰ ਹੈ ਜੋ ਅਤਿ ਘਾਤਕ ਸਿੱਧ ਹੋ ਰਿਹਾ ਹੈ। ਪਿਛਲੇ ਅਨੁਭਵ ਧਿਆਨ ਵਿਚ ਰੱਖ ਕੇ ਕੌਮ ਨੂੰ ਇਹ ਤੈਅ ਕਰਨਾ ਪਵੇਗਾ ਕਿ ਆਸ ਦੇ ਯੋਗ ਕੌਣ ਹੈ, ਕਿਸ 'ਤੇ ਭਰੋਸਾ ਹੋਣਾ ਚਾਹੀਦੈ। ਸੰਨ 1947 ਵਿਚ ਭਾਰਤ ਦੀ ਵੰਡ ਤੋਂ ਬਾਅਦ ਸਿੱਖ ਪੂਰੇ ਭਾਰਤ ਦੇ ਵੱਖ-ਵੱਖ ਪ੍ਰਾਂਤਾਂ ਹੀ ਨਹੀਂ ਬਾਹਰਲੇ ਦੇਸ਼ਾਂ ਵਿਚ ਵੀ ਜਾ ਵੱਸੇ। ਬਹੁ-ਗਿਣਤੀ ਗੁਰਦੁਆਰੇ ਹੋਂਦ 'ਚ ਆਏ। ਗੁਰਦੁਆਰਿਆਂ ਦੇ ਪ੍ਰਬੰਧ 'ਤੇ ਮੁੱਖ ਰੂਪ ਨਾਲ ਧਨਵਾਨ, ਸਿਆਸਤਦਾਨ ਕਾਬਜ਼ ਹੁੰਦੇ ਗਏ। ਅਜਿਹੇ ਲੋਕਾਂ ਦੇ ਆਪਣੇ ਨਿੱਜੀ ਸੁਆਰਥ ਹੁੰਦੇ ਹਨ ਜੋ ਸਦਾ ਅੱਗੇ ਰਹਿੰਦੇ ਹਨ। ਪੰਥ ਹਿੱਤ ਦੇ ਨਾਮ 'ਤੇ ਅਜਿਹੇ ਪ੍ਰਬੰਧਕਾਂ ਨੇ ਗੁਰੂ ਘਰ ਦੀ ਮਰਿਆਦਾ ਨੂੰ ਤਾਰ-ਤਾਰ ਕੀਤਾ ਹੈ ਤੇ ਸਟੇਜ ਦੀ ਦੁਰਵਰਤੋਂ ਨੂੰ ਆਪਣਾ ਹੱਕ ਸਮਝ ਲਿਆ ਹੈ। ਇੱਕ-ਦੋ ਦਹਾਕਿਆਂ ਤੋਂ ਘਟ ਰਹੀਆਂ ਘਟਨਾਵਾਂ ਨੇ ਆਮ ਸਿੱਖ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਫਸੀਲ ਤੋਂ ਵੀ ਉਦਾਸ ਕੀਤਾ ਹੈ। ਕੀ ਪੜ੍ਹੀ-ਲਿਖੀ ਨਵੀਂ ਸਿੱਖ ਪੀੜ੍ਹੀ ਨੂੰ ਅੱਗੇ ਨਹੀਂ ਆਉਣਾ ਚਾਹੀਦਾ, ਜਿਸ ਵਿਚ ਨਿਸ਼ਕਾਮ ਸੇਵਾ ਤੇ ਸਮਰਪਣ ਦਾ ਜਜ਼ਬਾ ਹੋਵੇ, ਕੌਮ ਦੀਆਂ ਭਾਵਨਾਵਾਂ ਨੂੰ ਸਮਝਣ ਤੇ ਫੈਸਲੇ ਲੈਣ ਦੀ ਹਿੰਮਤ ਹੋਵੇ। ਨਿਰਾਸ਼ ਕਰਨ ਵਾਲਾ ਪਰਿਦ੍ਰਿਸ਼ ਜੋ ਲੰਮੇ ਸਮੇਂ ਤੋਂ ਚੱਲ ਰਿਹਾ ਹੈ ਉਸ ਨੂੰ ਬਦਲਣ ਦਾ ਸਮਾਂ ਆ ਗਿਆ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਵਕਤ ਦੀ ਨਬਜ਼ ਪਛਾਣੀ ਤੇ ਗੁਰੂ ਅਮਰਦਾਸ ਸਾਹਿਬ ਦੇ ਕਾਲ ਤੋਂ ਚੱਲ ਰਹੀ ਮਸੰਦ ਪ੍ਰਣਾਲੀ ਖਤਮ ਕਰਨ 'ਚ ਦੇਰ ਨਹੀਂ ਲਈ ਸੀ। ਗੁਰੂ ਸਾਹਿਬ ਨੇ ਗੁਰੂ ਪਰੰਪਰਾ ਨੂੰ ਵੀ ਵਿਰਾਮ ਦੇ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਦੀਵੀ ਗੁਰੂ ਥਾਪ ਦਿੱਤਾ ਸੀ। ਦਸਮ ਪਿਤਾ ਨੇ ਕਰੜੇ ਫੈਸਲਿਆਂ ਦੀ ਇੱਕ ਮਿਸਾਲ ਕਾਇਮ ਕੀਤੀ। ਇਨ੍ਹਾਂ ਦੋਹਾਂ ਫੈਸਲਿਆਂ ਨੇ ਸਿੱਖ ਪੰਥ ਨੂੰ ਅਣਗਿਣਤ ਮੁਸ਼ਕਿਲਾਂ ਤੋਂ ਉਭਾਰ ਲਿਆ। ਇਹ ਵਿਵੇਕ ਸੰਮਤ ਫੈਸਲੇ ਸਨ। ਸਿੱਖ ਕੌਮ ਗੁਰੂਆਂ ਦੇ ਦੱਸੇ ਮਾਰਗ 'ਤੇ ਚੱਲਣ ਵਾਲੀ ਕੌਮ ਹੈ। ਕੋਈ ਸੁਪਨੇ ਵਿਚ ਵੀ ਗੁਰੂ ਗੋਬਿੰਦ ਸਿੰਘ ਸਾਹਿਬ ਜਿਹਾ ਨਹੀਂ ਹੋ ਸਕਦਾ ਪਰ ਉਨ੍ਹਾਂ ਫੈਸਲਿਆਂ ਦੀ ਭਾਵਨਾ ਨੂੰ ਕੌਮ ਦੇ ਮਾਰਗ ਦੀ ਰੌਸ਼ਨੀ ਤਾਂ ਬਣਾਇਆ ਹੀ ਜਾ ਸਕਦਾ ਹੈ।

ਗੁਰਸਿੱਖ ਸਦਾ ਹੀ ਆਸ ਵਿਚ ਜੀਉਂਦਾ ਹੈ। ਉਸ ਦਾ ਅਕਾਲ ਪੁਰਖ 'ਤੇ ਅਡੋਲ ਭਰੋਸਾ ਉਸ ਨੂੰ ਕਦੇ ਡੋਲਣ ਨਹੀਂ ਦਿੰਦਾ। ਨਵੇਂ ਸਾਲ ਦਾ ਆਰੰਭ ਉਹ ਆਨੰਦ ਦੀ ਮਨੋ-ਸਥਿਤੀ ਵਿਚ ਹੀ ਕਰਦਾ ਹੈ 'ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ'। ਗੁਰਸਿੱਖ ਦਾ ਨਿਤਨੇਮ, ਅਰਦਾਸ ਅੰਤਰ ਮਨ ਵਿਚ ਭਰੋਸਾ ਪੈਦਾ ਕਰਦੀ ਹੈ। ਗੁਰੂ ਘਰ ਵਿਚ ਸਾਧ ਸੰਗਤ ਕਰ, ਗੁਰ ਸ਼ਬਦ ਨਾਲ ਜੁੜ ਗੁਰਸਿੱਖ ਦਾ ਮਨ ਚਿੰਤਾ ਮੁਕਤ ਹੋ ਜਾਂਦਾ ਹੈ। ਗੁਰੂ ਅੱਗੇ ਕੀਤੀ ਅਰਦਾਸ ਉਸ ਨੂੰ ਕਦੇ ਵੀ ਬੇ-




ਆਸ ਨਹੀਂ ਹੋਣ ਦਿੰਦੀ। ਕੌਮ ਨਵਾਂ ਸਾਲ ਇਸ ਆਸ ਨਾਲ ਸ਼ੁਰੂ ਕਰੇ ਕਿ ਉਹ ਸਾਰੇ ਸਵਾਲ ਜੋ ਦਹਾਕਿਆਂ ਤੋਂ ਭਰਮ ਤੇ ਦੁਵਿਧਾ ਦਾ ਵਿਸ਼ਾ ਬਣੇ ਹੋਏ ਹਨ ਆਪਣੇ ਅੰਤਮ ਨਿਦਾਨ ਨੂੰ ਪ੍ਰਾਪਤ ਹੋਣ। ਇੱਕ ਸਮਾਂ ਸੀ ਜਦੋਂ ਸਿੱਖ ਗਿਣਤੀ ਦੇ ਕੁਲ ਦਸ ਹਜ਼ਾਰ ਰਹਿ ਗਏ ਸਨ ਤੇ ਰਾਜਸਥਾਨ ਅਤੇ ਸ਼ਿਵਾਲਿਕ ਦੀਆਂ ਪਹਾੜੀਆਂ 'ਤੇ ਚਲੇ ਗਏ ਸਨ। ਪਰ ਉਸ ਵੇਲੇ ਵੀ ਬਾਬਾ ਬੋਤਾ ਸਿੰਘ ਤੇ ਬਾਬਾ ਗਰਜਾ ਸਿੰਘ ਜਿਹੇ ਸਿਦਕੀ ਸਿੱਖ ਵਾਹਿਗੁਰੂ ਨੇ ਪੰਥ ਦੀ ਝੋਲੀ ਪਾਏ। ਸਮਾਂ ਬਿਖਮ ਸੀ ਤਾਂ ਬਾਬਾ ਜੱਸਾ ਸਿੰਘ ਆਹਲੂਵਾਲੀਆ, ਬਾਬਾ ਜੱਸਾ ਸਿੰਘ ਰਾਮਗੜ੍ਹੀਆ, ਬਾਬਾ ਬਘੇਲ ਸਿੰਘ ਜਿਹੇ ਜਰਨੈਲ ਉਭਰੇ। ਗੁਰਦੁਆਰਿਆਂ ਨੂੰ ਮਹੰਤਾਂ ਤੋਂ ਮੁਕਤ ਕਰਾਉਣ ਲਈ ਅਣਗਿਣਤ ਸਿੱਖ ਸਾਹਮਣੇ ਆ ਗਏ। ਸਿੱਖ ਕੌਮ ਨੂੰ ਆਸ ਰੱਖਣੀ ਚਾਹੀਦੀ ਹੈ ਕਿ ਵਰਤਮਾਨ ਸਥਿਤੀ ਤੋਂ ਨਿਪਟਣ ਲਈ ਪਰਮਾਤਮਾ ਦੀ ਕੋਈ ਨਾ ਕੋਈ ਕਲਾ ਜ਼ਰੂਰ ਵਰਤੇਗੀ। ਲੋੜ ਹੈ ਤਾਂ ਸਥਿਤੀ ਦੀ ਗੰਭੀਰਤਾ ਨੂੰ ਸਮਝਣ ਤੇ ਮਸਲਿਆਂ ਦੇ ਨਿਦਾਨ ਲਈ ਇੱਛਾ ਸ਼ਕਤੀ ਪੈਦਾ ਕਰਨ ਦੀ। ਅਜਿਹਾ ਮਾਹੌਲ ਸਿਰਜਿਆ ਜਾਵੇ ਕਿ ਉਚਿਤ ਸਮੇਂ ਅੰਦਰ ਸਵਾਲਾਂ ਦੇ ਵਿਵੇਕ ਜਨਿਤ ਹੱਲ ਲੱਭਣ ਲਈ ਯਤਨਸ਼ੀਲ ਤੋਂ ਅਲਾਵਾ ਕੋਈ ਰਾਹ ਨਾ ਬਚੇ। ਇਸ ਨਾਲ ਹੀ ਪਰਮਾਤਮਾ ਭਗਤੀ ਦੀ ਰਾਹ ਨਿਰਵਿਘਨ, ਦੁਵਿਧਾ, ਭਰਮ ਤੋਂ ਰਹਿਤ ਹੋ ਸਕਦੀ ਹੈ 'ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ'। ਪਰਮਾਤਮਾ ਦੇ ਦਰਸ਼ਨ ਦੀ ਮਨ ਅੰਦਰ ਪਿਆਸ ਹੀ ਗੁਰਸਿੱਖ ਦੀ ਭਗਤੀ ਹੈ, ਗੁਰਸਿੱਖੀ ਦੀ ਰਹਿਤ ਹੈ। ਜਿਸ ਕਰਮ ਅੰਦਰ ਇਹ ਭਾਵਨਾ ਨਹੀਂ ਹੈ ਉਹ ਕਰਮਕਾਂਡ ਹੈ, ਭਰਮ ਹੈ। ਉਸ ਤੋਂ ਮੁਕਤ ਹੋਣਾ ਹੈ। ਸਮਾਂ ਆਪਣੀਆਂ ਭੁੱਲਾਂ ਨੂੰ ਸਵੀਕਾਰ ਕਰਨ ਦਾ ਹੈ। ਸੰਦਰਭ ਬਦਲ ਚੁਕੇ ਹਨ, ਲੋੜਾਂ ਬਦਲ ਗਈਆਂ ਹਨ ਪਰ ਗੁਰ ਸ਼ਬਦ ਹਰ ਯੁਗ, ਹਰ ਕਾਲ ਵਿਚ ਪ੍ਰਾਸੰਗਿਕ ਹੈ। ਪੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੁਕਮ ਅੰਦਰ, ਗੁਰ ਸ਼ਬਦ ਦੀ ਸੇਧ ਅਨੁਸਾਰ ਚੱਲੇ। ਜੋ ਗੁਰ ਸ਼ਬਦ ਤੋਂ ਉਲਟ ਹੈ ਉਸ ਨੂੰ ਅਪ੍ਰਵਾਨ ਕੀਤਾ ਜਾਵੇ। ਗੁਰੂ ਅਤੇ ਗੁਰਸਿੱਖ ਦਾ ਸਿੱਧਾ ਸਬੰਧ ਹੈ। ਕੋਈ ਮਰਿਆਦਾ, ਕੋਈ ਸੰਸਥਾ, ਕੋਈ ਰੀਤ ਜੋ ਇਸ ਮਾਰਗ ਵਿਚ ਆਉਂਦੀ ਹੋਵੇ, ਇਸ ਸਬੰਧ ਨੂੰ ਪ੍ਰਭਾਵਿਤ ਕਰਦੀ ਹੋਵੇ ਉਸ ਤੋਂ ਦੂਰ ਹੋ ਜਾਣਾ ਹੀ ਪੰਥ ਦੇ ਹਿੱਤ ਵਿਚ ਹੈ।

# ਬਿਨਾਂ ਗੰਢੇ ਕਿੰਨਾ ਬੇਸੁਆਦ ਖਾਣਾ ਹੈ!

ਗੱਲ ਤਕਰੀਬਨ ਦਹਾਕਾ ਕੁ ਪੁਰਾਣੀ ਸਾਲ 2017-18 ਦੀ ਹੈ ਪਰ ਇਸ ਤੋਂ ਪਹਿਲਾਂ ਮੈਨੂੰ ਇਸ ਨਾਲ ਮਿਲਦੀ-ਜੁਲਦੀ ਬਚਪਨ ਦੀ ਇਕ ਹੋਰ ਕਹਾਣੀ ਚੇਤੇ ਆ ਗਈ। ਗੰਢਾ ਦਾਲਾਂ-ਸਬਜ਼ੀਆਂ ਵਿਚ ਪੈਣ ਵਾਲੀ ਅਜਿਹੀ ਵਸਤੂ ਹੈ, ਜਿਹੜਾ ਛਿੱਲਣ ਵੇਲੇ ਜਿੱਥੇ ਅੱਖਾਂ 'ਚੋਂ ਪਾਣੀ ਕਢਾਉਂਦੀ ਹੈ, ਉੱਥੇ ਇਹ ਮੁੱਲ ਵਧਣ ਕਾਰਨ ਵੀ ਲੋਕਾਂ ਦੀਆਂ ਚੀਕਾਂ ਕਢਾ ਦਿੰਦੀ ਹੈ।

ਜਦੋਂ ਮੁਰਾਰ ਜੀ ਦੇਸਾਈ ਪ੍ਰਧਾਨ ਮੰਤਰੀ ਸਨ ਤਾਂ ਉਸ ਸਮੇਂ ਗੰਢਿਆਂ ਦੀਆਂ ਕੀਮਤਾਂ ਅਸਮਾਨ ਨੂੰ ਛੂਹਣ ਲੱਗ ਪਈਆਂ ਸਨ। ਪਿੰਡਾਂ ਵਿਚ ਕਾਮਰੇਡਾਂ ਦੇ ਹੋਣ ਵਾਲੇ ਡਰਾਮਿਆਂ ਵਿਚ ਇਹ ਗੀਤ ਬੜਾ ਹੀ ਮਸ਼ਹੂਰ ਹੋ ਗਿਆ ਸੀ, 'ਮਰ ਗਿਆ ਦੇਸਾਈ ਜੀਹਨੇ ਗੰਢਿਆਂ ਨੂੰ ਅੱਗ ਲਾਈ!'

ਹਾਂ ਇਹ ਗੱਲ ਉਦੋਂ ਦੀ ਹੈ ਜਦੋਂ ਗੰਢਿਆਂ ਦਾ ਮੁੱਲ 120 ਰੁਪਏ ਕਿਲੋ ਤੋਂ ਵੀ ਟੱਪ ਗਿਆ ਸੀ। ਇਨ੍ਹਾਂ ਦਿਨਾਂ ਦੌਰਾਨ ਹੀ ਅਖ਼ਬਾਰ ਦੇ ਦਫ਼ਤਰ ਵਿਚ ਇੱਕ ਨਵੇਂ ਸਾਹਿਬ ਦੀ ਐਂਟਰੀ ਹੋਈ, ਜੋ ਬਹੁਤ ਵਧੀਆ ਇਨਸਾਨ ਸੀ ਅਤੇ ਉਹ ਨਵਾਂ-ਨਵਾਂ ਤਬਾਦਲਾ ਹੋਣ ਕਰਕੇ ਸ਼ਹਿਰ ਵਿਚ



ਕੁਲਦੀਪ ਧਨੌਲਾ
ਫੋਨ: 94642-91023

ਆਇਆ ਸੀ। ਵੱਡੇ ਸਾਹਿਬ ਦੇ ਦਫ਼ਤਰ ਵਿਚ ਆਉਣ ਕਰਕੇ ਖ਼ੂਬ ਰੌਣਕਾਂ ਲੱਗ ਗਈਆਂ। ਉਹ ਪੁਰਾਣੇ ਗਾਣਿਆਂ ਦੇ ਵੀ ਬਹੁਤ ਸ਼ੌਕੀਨ ਸਨ। ਅਕਸਰ ਹੀ ਆਫ਼ਿਸ ਵਿਚ ਮੁਲਾਜ਼ਮਾਂ ਦੇ ਜਨਮ ਦਿਨ ਤੇ ਹੋਰ ਕਈ ਤਿੱਥ-ਤਿਉਹਾਰਾਂ ਅਤੇ ਖ਼ਾਸ ਮੌਕਿਆਂ ਉੱਤੇ ਚਾਹ ਪਾਰਟੀਆਂ ਦਾ ਪ੍ਰਬੰਧ ਹੋਣ ਲੱਗ ਪਿਆ। ਨਵੇਂ ਅਧਿਕਾਰੀ ਦੇ ਆਉਣ ਨਾਲ ਦਫ਼ਤਰ ਵਿਚ ਇਕ ਨਵੀਂ ਕਿਸਮ ਦੀ ਬਹਾਰ ਜਿਹੀ ਆਈ ਮਹਿਸੂਸ ਹੋਣ ਲੱਗ ਪਈ ਸੀ।

ਇਸੇ ਸਮੇਂ ਪਿਆਜ਼ ਦੀ ਕੀਮਤ ਵਧ ਗਈ। ਮੁਰਗ਼ਾ 80 ਰੁਪਏ ਅਤੇ ਪਿਆਜ਼ ਸਵਾ ਸੌ ਰੁਪਏ ਕਿਲੋ ਤੋਂ ਉੱਪਰ ਟੱਪ ਗਿਆ ਸੀ। ਖਾਣ-ਪੀਣ ਦੇ ਸ਼ੌਕੀਨਾਂ ਨੂੰ ਸਮਝ ਨਹੀਂ ਆ ਰਿਹਾ ਸੀ ਕਿ ਪਿਆਜ਼ ਵਿਚ ਮੁਰਗ਼ਾ ਪਾਈਏ ਜਾਂ ਮੁਰਗ਼ੇ ਵਿਚ ਪਿਆਜ਼? ਪਿਆਜ਼ ਦੀ ਇਸ ਵਧ ਰਹੀ ਕੀਮਤ ਤੋਂ ਆਮ ਲੋਕਾਂ ਨੇ ਤਾਂ ਇਕ ਕਿਸਮ ਦਾ ਪਾਸਾ ਹੀ ਵੱਟ ਲਿਆ ਸੀ। ਜਿਹੜੀ ਰਸੋਈ ਵਿਚ 'ਪਿਆਜ਼ ਜੀ' ਹੁੰਦੇ, ਲੋਕ ਉਹਨੂੰ ਅਮੀਰ ਪਰਿਵਾਰ ਸਮਝਣ ਲੱਗ ਪਏ ਸਨ।

ਦੂਜੇ ਪਾਸੇ ਵੱਡੇ ਸਾਹਿਬ ਦੀਆਂ ਪਾਰਟੀਆਂ ਵਿਚ ਵੀ ਵਿਘਨ ਪੈਣਾ ਸ਼ੁਰੂ ਹੋ ਗਿਆ, ਕਿਉਂਕਿ 'ਪਿਆਜ਼ ਮਹਾਰਾਜ' ਇਸ ਸਾਹਿਬ ਦੀ ਬਹੁਤ ਵੱਡੀ ਕਮਜ਼ੋਰੀ ਸੀ। ਉਹ ਮੁਰਗ਼ੇ ਬਿਨਾਂ ਤਾਂ ਰਹਿ ਸਕਦੇ ਸੀ ਪਰ ਪਿਆਜ਼ ਬਿਨਾ ਨਹੀਂ।

ਸ਼ਹਿਰ ਵਿਚ ਹੀ ਇੱਕ ਬਹੁਤ ਪ੍ਰਸਿੱਧ ਅਤੇ ਜ਼ਾਇਕੇਦਾਰ ਭੋਜਨ ਬਣਾਉਣ ਵਾਲਾ ਮਸ਼ਹੂਰ ਢਾਬਾ ਸੀ। ਨਵਾਂ ਤਬਾਦਲਾ ਹੋਣ ਕਰਕੇ ਸਾਹਿਬ ਦਾ ਪਰਿਵਾਰ ਅਜੇ ਨਾਲ ਨਹੀਂ ਸੀ ਆਇਆ। ਇਸ ਕਰਕੇ ਉਹ ਖਾਣਾ ਬਾਹਰ ਹੀ ਖਾਂਦੇ ਸੀ। ਇੱਕ ਦਿਨ ਲੰਚ ਬ੍ਰੇਕ ਸਮੇਂ ਉਨ੍ਹਾਂ ਨੇ ਆਪਣੇ ਮੁਲਾਜ਼ਮ ਨੂੰ ਹੁਕਮ ਕੀਤਾ ਕਿ ਢਾਬੇ ਤੋਂ ਖਾਣਾ ਪੈਕ ਕਰਾ ਕੇ ਲਿਆਂਦਾ ਜਾਵੇ। ਇੰਝ ਹੀ ਹੋਇਆ। ਅਗਲੇ ਰੋਜ਼ ਫਿਰ ਤੋਂ ਸਾਹਿਬ ਨੇ ਉਸ ਮੁਲਾਜ਼ਮ ਨੂੰ ਸੱਦ ਕੇ ਆਖਿਆ ਕਿ ਕੱਲ੍ਹ ਵਾਲਾ ਖਾਣਾ ਬਹੁਤ ਸਵਾਦਲਾ ਸੀ ਤੇ ਅੱਜ ਵੀ ਇਸੇ ਤਰ੍ਹਾਂ ਦਾ ਹੀ ਖਾਣਾ ਲਿਆਂਦਾ ਜਾਵੇ। ਨਾਲ ਦੀ ਨਾਲ ਉਨ੍ਹਾਂ ਇਹ ਵੀ ਹਦਾਇਤ ਕਰ ਦਿੱਤੀ ਕਿ ਪਿਆਜ਼ ਥੋੜ੍ਹਾ ਫ਼ਾਲਤੂ ਪਵਾ ਲੈਣਾ। ਢਾਬੇ ਦਾ ਮਾਲਕ ਵੀ ਅਖ਼ਬਾਰ ਦੇ ਤਕਰੀਬਨ ਸਾਰੇ ਮੁਲਾਜ਼ਮਾਂ ਦਾ ਜਾਣੂ ਸੀ। ਮੁਲਾਜ਼ਮ ਦੇ ਕਹਿਣ ਉੱਤੇ ਉਸ ਨੇ ਪਿਆਜ਼ ਦੀ ਇੱਕ ਹੋਰ ਥੈਲੀ ਸਾਹਿਬ ਵਾਸਤੇ ਪੈਕ ਕਰ ਦਿੱਤੀ। ਹੁਣ ਤਾਂ ਰੋਜ਼-ਰੋਜ਼ ਹੀ ਅਜਿਹਾ ਹੋਣ ਲੱਗ ਪਿਆ। ਆਖ਼ਰ ਢਾਬਾ ਮਾਲਕ ਭਾਵੇਂ ਅਫ਼ਸੋਸੇ ਜਿਹੇ ਮਨ ਨਾਲ ਖਾਣੇ ਨਾਲ ਥੋੜ੍ਹਾ ਜਿਹਾ ਵੱਧ ਸਲਾਦ ਦੇਣ ਲੱਗ ਗਿਆ ਪਰ ਅੰਦਰੋਂ ਪਿਆਜ਼ ਦੀ ਮੰਗ ਤੋਂ ਬਹੁਤ ਹੀ ਚਿੜ-ਚਿੜਾ ਹੋ ਗਿਆ ਸੀ। ਆਖ਼ਰ ਇੱਕ ਦਿਨ ਉਹਨੇ ਮਨ ਦੀ ਘਬਰਾਹਟ ਕੱਢਦਿਆਂ ਸਾਹਿਬ ਦੇ ਮੁਲਾਜ਼ਮ ਨੂੰ ਇੱਥੋਂ ਤਕ ਕਹਿ ਦਿੱਤਾ ਕਿ ਭਰਾਵਾ ਤੂੰ ਰੋਟੀਆਂ ਭਾਵੇਂ ਦੋ ਫ਼ਾਲਤੂ ਲੈ ਜਾਇਆ ਕਰ ਪਰ ਤੇਰੇ ਸਾਹਿਬ ਦੀ ਪਿਆਜ਼ ਵਾਲੀ ਭੁੱਖ ਮੈਥੋਂ ਪੂਰੀ ਨੀ ਹੁੰਦੀ, ਕਿਉਂਕਿ ਜਿੰਨੇ ਪਿਆਜ਼ ਦੀ ਤੇਰਾ ਸਾਹਿਬ 'ਕੱਲਾ ਮੰਗ ਕਰਦੈ, ਓਨੇ ਪਿਆਜ਼ ਤਾਂ ਮੈਂ ਤਿੰਨ-ਚਾਰ ਖਾਣਿਆਂ ਵਾਲਿਆਂ ਨੂੰ ਦਿੰਦਾ ਹਾਂ। ਮੈਂ ਤਾਂ ਐਨਾ ਪਿਆਜ਼ ਖਾਣ ਵਾਲੇ ਗਾਹਕ ਤੋਂ ਬਿਨਾ ਹੀ ਚੰਗਾ।

ਅਗਲੇ ਦਿਨ ਜਦੋਂ ਸਾਹਿਬ ਨੇ ਫੇਰ ਮੁਲਾਜ਼ਮ ਨੂੰ ਖਾਣਾ ਲਿਆਉਣ ਦਾ ਹੁਕਮ ਚਾੜ੍ਹਿਆ ਤਾਂ ਉਹਨੇ ਢਾਬੇ ਵਾਲੇ ਦੀ ਕਹੀ ਗੱਲ ਦਾ ਜ਼ਿਕਰ ਕਰ ਦਿੱਤਾ ਤਾਂ ਸਾਹਿਬ ਨੇ ਢਾਬੇ ਵਾਲੇ ਦੀ ਮਜਬੂਰੀ ਜਾਂ ਮਹਿੰਗਾਈ ਸਮਝਣ ਦੀ ਥਾਂ ਇਸ ਨੂੰ ਆਪਣੀ ਇੱਜ਼ਤ-ਹੱਤਕ ਦਾ ਮੁੱਦਾ ਬਣਾ ਲਿਆ ਤੇ ਉਹ ਦੰਦ ਕਚੀਚਦਾ ਹੋਇਆ ਕਹਿਣ ਲੱਗਿਆ, 'ਇਸ ਢਾਬੇ ਵਾਲੇ ਨੂੰ ਜੇ ਸਬਕ ਨਾ ਸਿਖਾਇਆ ਤਾਂ ਮੈਂ ਵੀ ਆਪਣੇ ਪਿਓ ਦਾ ਪੁੱਤ ਨੀ, ਇਹ ਤਾਂ ਪਾਈਆ ਗੰਢਿਆਂ ਨਾਲ ਖਾਣਾ ਆਪ ਦੇ ਕੇ ਜਾਊ।'

ਸ਼ਾਮ ਦੀ ਮੀਟਿੰਗ ਵਿਚ ਸਾਹਿਬ ਨੇ ਤੁਰੰਤ ਢਾਬੇ ਵਾਲੇ 'ਤੇ ਸਟੋਰੀ ਬਣਾਉਣ ਦਾ ਹੁਕਮ ਚਾੜ੍ਹ ਦਿੱਤਾ। ਮਹਿਲਾ ਪੱਤਰਕਾਰ ਬਹੁਤ ਖੁਸ਼ ਹੋਈ ਤੇ ਵਿਚੋਂ ਹੀ ਟੋਕਦੀ ਹੋਈ ਬੋਲੀ, 'ਸਰ ਮੈਂ ਤਾਂ ਪਹਿਲਾਂ ਵੀ ਤਿੰਨ-ਚਾਰ ਵਾਰ ਇਸ ਢਾਬੇ ਵਾਲੇ ਦੇ ਜ਼ਾਇਕੇਦਾਰ ਖਾਣੇ ਬਾਰੇ ਲਿਖ ਚੁੱਕੀ ਹਾਂ, ਬਹੁਤ ਹੀ ਚੰਗਾ ਫੈਮਿਲੀ ਢਾਬਾ ਹੈ।'



ਪਰ ਸਾਹਿਬ ਵਿਚੋਂ ਹੀ ਟੋਕਦਾ ਹੋਇਆ ਕਹਿਣ ਲੱਗਿਆ, 'ਮੈਡਮ ਪੂਰੀ ਗੱਲ ਤਾਂ ਸੁਣ ਲਓ, ਪਹਿਲਾਂ ਜੋ ਕੁਝ ਤੁਸੀਂ ਇਹਦੇ ਬਾਰੇ ਲਿਖ ਚੁੱਕੇ, ਉਹਦੀ ਗੱਲ ਛੱਡੋ, ਹੁਣ ਤਾਂ ਇਹਦੇ ਖ਼ਿਲਾਫ ਖ਼ਬਰ ਛਾਪਣੀ ਹੈ!' ਸਾਹਿਬ ਦੇ ਮੂੰਹੋਂ ਇਹ ਗੱਲ ਸੁਣ ਕੇ ਮੈਡਮ ਹੱਕੀ-ਬੱਕੀ ਰਹਿ ਗਈ। ਦੋ ਕੁ ਦਿਨਾਂ ਬਾਅਦ ਸਾਹਿਬ ਨੇ ਮੈਡਮ ਨੂੰ ਫੇਰ ਬੁਲਾਇਆ ਅਤੇ ਪੁੱਛਿਆ, 'ਤੁਸੀਂ ਖਬਰ ਕਿਉਂ ਨਹੀਂ ਬਣਾਈ?'

ਮੈਡਮ ਸੋਚਦੀ ਸੀ ਕਿ ਸਾਹਿਬ ਠੰਢਾ ਹੋ ਗਿਆ ਹੋਊਗਾ ਪਰ ਉਹ ਤਾਂ ਸਾੜੇ ਦੀ ਅੱਗ ਵਿਚ ਆਵੀ ਵਾਂਗੂੰ ਤਪਿਆ ਪਿਆ ਸੀ। ਆਖ਼ਰ 10 ਦਿਨ ਬੀਤਣ ਉੱਤੇ ਵੀ ਜਦੋਂ ਖਬਰ ਨਾ ਬਣੀ ਤਾਂ ਉਹ ਅੰਦਰੋਂ-ਅੰਦਰੀਂ ਸੋਚਣ ਲੱਗਿਆ ਕਿ ਮੈਂ ਕਾਹਦਾ ਸਾਹਿਬ ਹੋਇਆ, ਜੇ ਸਟਾਫ ਮੇਰੀ ਗੱਲ ਈ ਨੀ ਸੁਣਦਾ? ਓਧਰ ਮੈਡਮ ਵੀ ਆਏ ਦਿਨ ਨਵੇਂ ਤੋਂ ਨਵਾਂ ਬਹਾਨਾ ਲਾ ਕੇ ਟਾਲਦੀ ਰਹੀ ਪਰ ਸਾਹਿਬ ਦੀ ਧੌਣ ਵਿਚ ਤਾਂ 'ਸਾਹਿਬੀ' ਵਾਲਾ ਕੀਲਾ ਅੜਿਆ ਹੋਇਆ ਸੀ। ਉਹ ਤਾਂ ਦਫ਼ਤਰ ਵਿਚ ਵੀ ਆਕੜ ਕੇ ਇੰਜ ਤੁਰਦਾ ਸੀ, ਜਿਵੇਂ ਝੋਟੇ ਨੇ ਸਿੰਗਾਂ ਉੱਤੇ ਮਿੱਟੀ ਚੁੱਕੀ ਹੁੰਦੀ ਐ।

ਇੱਕ ਸ਼ਾਮ ਸਾਹਿਬ ਨੇ ਮਹਿਲਾ ਪੱਤਰਕਾਰ ਨੂੰ ਆਖਿਆ ਕਿ ਮੈਡਮ ਤੁਸੀਂ ਸਾਰੇ ਕੰਮ ਰੋਕ ਕੇ ਸਭ ਤੋਂ ਪਹਿਲਾਂ ਇਸ ਢਾਬੇ ਦੀ ਕਵਰੇਜ ਕਰੋ ਅਤੇ ਨਾਲ ਹੀ ਫੋਟੋਗ੍ਰਾਫਰ ਨੂੰ ਢਾਬੇ ਦੇ ਬਾਹਰ ਜਨਰੇਟਰ ਅਤੇ ਬੇਤਰਤੀਬੀ ਪਾਰਕਿੰਗ ਦੀਆਂ ਫੋਟੋਆਂ ਖਿੱਚਣ ਦੇ ਹੁਕਮ ਚਾੜ੍ਹ ਦਿੱਤੇ। ਸਾਹਿਬ ਦੀ ਧਮਕੀ ਸੁਣ ਕੇ ਸਟਾਫ ਘਬਰਾ ਗਿਆ, ਕਿਉਂਕਿ ਢਾਬਾ ਅਖਬਾਰ ਦੇ ਦਫਤਰ ਤੋਂ ਮਸਾਂ 20 ਮੀਟਰ ਦੀ ਦੂਰੀ 'ਤੇ ਸੀ ਤੇ ਮਾਲਕ ਦੀ ਸਾਰੇ ਸਟਾਫ ਨਾਲ ਚੰਗੀ ਬਣੀ ਹੋਈ ਸੀ ਪਰ ਨਵੇਂ ਆਏ ਸਾਹਿਬ ਨੇ ਗੰਢਿਆਂ ਪਿੱਛੇ ਹੋਰ ਹੀ ਕਜੀਆ ਖੜ੍ਹਾ ਕਰ ਦਿੱਤਾ ਸੀ।

ਫੋਟੋਗ੍ਰਾਫਰ ਤੁਰੰਤ ਫੋਟੋਆਂ ਖਿੱਚ ਲਿਆਇਆ। ਸਾਹਿਬ ਨੇ ਉਹਦੀ ਪਿੱਠ ਥਾਪੜਦਿਆਂ ਕਿਹਾ, 'ਮੈਡਮ ਦੇਖੋ! ਇਸ ਤਰ੍ਹਾਂ ਕੰਮ ਹੁੰਦੇ ਨੇ! ਤੁਸੀਂ ਵੀ ਇੱਕ ਘੰਟੇ ਦੇ ਅੰਦਰ-ਅੰਦਰ ਮੈਨੂੰ ਖਬਰ ਬਣਾ ਕੇ ਦਿਓ।'

ਮੈਡਮ ਨੇ ਜਾਣਬੁੱਝ ਕੇ ਪੁੱਛਿਆ, 'ਸਰ ਮੈਨੂੰ ਦੱਸੋ ਲਿਖਣਾ ਕੀ ਹੈ?'

'ਲਿਖੋ! ਇਹ ਢਾਬੇ ਵਾਲਾ ਜਨਤਾ ਤੋਂ ਵਾਧੂ ਪੈਸੇ ਵਸੂਲਦਾ ਹੈ। ਨਾਬਾਲਗ ਬੱਚਿਆਂ ਤੋਂ ਕੰਮ ਕਰਵਾਉਂਦਾ ਹੈ। ਇੱਥੇ ਖੜ੍ਹੀਆਂ ਗੱਡੀਆਂ ਜਨਤਾ ਦੇ ਰਾਹ ਵਿਚ ਰੋੜਾ ਬਣਦੀਆਂ ਹਨ। ਢਾਬੇ ਦੇ ਬਾਹਰ ਲੱਗੇ ਜਨਰੇਟਰ ਦਾ ਵੀ ਜ਼ਿਕਰ ਕਰੋ।' ਸਾਹਿਬ ਏਨਾ ਕਹਿ ਬਾਹਰ ਖੁਸ਼ੀ ਵਿਚ ਟਹਿਲਣ ਨਿਕਲ ਗਿਆ।

ਮੈਡਮ ਮਰਦੀ ਕੀ, ਨਾ ਕਰਦੀ, ਆਖ਼ਰ ਨੌਕਰੀ ਵੀ ਕਰਨੀ ਸੀ। ਉਹਨੇ ਸਾਹਿਬ ਨੂੰ ਖ਼ਬਰ ਬਣਾ ਕੇ ਐਡੀਟਿੰਗ ਲਈ ਦੇ ਦਿੱਤੀ। ਇੱਕ-ਦੋ ਲਾਈਨਾਂ ਸਾਹਿਬ ਨੇ ਆਪ ਵੀ ਜੋੜ ਦਿੱਤੀਆਂ। ਲਓ ਜੀ ਦੂਜੇ ਦਿਨ ਅਖਬਾਰ ਵਿਚ ਢਾਬੇ ਵਾਲੇ ਖਿਲਾਫ਼ ਖਬਰ ਛਪ ਗਈ। ਦਫਤਰ ਪਹੁੰਚਣ ਉੱਤੇ ਜਿੱਥੇ ਸਾਹਿਬ ਬੜਾ ਖੁਸ਼ ਸੀ, ਉਥੇ ਦਫ਼ਤਰ ਦਾ ਮਾਹੌਲ ਬੜਾ ਗ਼ਮਗੀਨ ਸੀ, ਪਰ ਸਾਹਿਬ ਖੁਸ਼ੀ ਵਿਚ ਉੱਚੀ ਆਵਾਜ਼ ਵਿਚ 'ਤੀਸਰੀ ਕਸਮ' ਫਿਲਮ ਦਾ ਗਾਣਾ ਗੁਣ-ਗੁਣਾ ਰਿਹਾ ਸੀ 'ਸਜਨ ਰੇ ਜੂਠ ਮਤ ਬੋਲੋ ਖੁਦਾ ਕੇ ਪਾਸ ਜਾਨਾ ਹੈ।'

ਓਧਰ ਸਟਾਫ ਵਿਚੋਂ ਕੋਈ ਹੌਲੀ-ਹੌਲੀ ਨਾਲਦੇ ਨੂੰ ਕਹਿ ਰਿਹਾ ਸੀ, 'ਬਿਨਾਂ ਗੰਢੇ ਕਿੰਨਾ ਬੇਸੁਆਦ ਹੈ ਖਾਣਾ!''

# ਕਰਜ਼ੇ ਹੇਠ ਦੱਬੇ ਪੰਜਾਬ ਨੂੰ ਨਵੀਂ ਆਬਕਾਰੀ ਨੀਤੀ ਤੋਂ ਆਸਾਂ

ਸਾਲ 2026-27 ਦੀ ਸ਼ਰਾਬ ਦੀ ਨੀਤੀ ਪੰਜਾਬ ਸਰਕਾਰ ਵਲੋਂ ਲੋਕ ਕਚਹਿਰੀ ਵਿਚ ਪੇਸ਼ ਕਰ ਦਿਤੀ ਗਈ ਹੈ। ਹੁਣ ਪੰਜਾਬ ਦੇ ਲੋਕ ਇਸ ਨੂੰ ਵਾਚਣਗੇ ਕਿ ਇਹ ਨੀਤੀ ਪਿਛਲੇ ਸਾਲਾਂ ਨਾਲੋਂ ਲੋਕਾਂ ਲਈ ਕਿੰਨੀ ਕੁ ਫਾਇਦੇਮੰਦ ਜਾਂ ਨੁਕਸਾਨਦੇਹ ਹੋਵੇਗੀ। ਇਕ ਪਾਸੇ ਤਾਂ ਸਰਕਾਰ ਨੇ ਨਸ਼ਿਆ ਖ਼ਿਲਾਫ ਜੰਗ ਛੇੜੀ ਹੋਈ ਹੈ, ਤੇ ਦੂਸਰੇ ਪਾਸੇ ਸ਼ਰਾਬ ਦਾ ਕੋਟਾ ਵਧਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਅਸਲ ਵਿਚ ਪੰਜਾਬ ਸਰਕਾਰ ਨੂੰ ਤਕਰੀਬਨ 4.17 ਲੱਖ ਕਰੋੜ ਦੇ ਵੱਡੇ ਕਰਜ਼ੇ ਨਾਲ ਜੂਝਣਾ ਪੈ ਰਿਹਾ ਹੈ। ਦੂਸਰਾ ਕੇਂਦਰ ਸਰਕਾਰ ਨਾਲ ਮਾਲੀਏ ਦੇ ਸਬੰਧ ਵਿਚ ਆਪਣਾ ਜੀ.ਐਸ. ਟੀ. ਵਾਪਿਸ ਕਰਵਾਉਣ ਲਈ ਦਸਤ-ਪੰਜਾ ਚਲਦਾ ਰਹਿੰਦਾ ਹੈ। ਸਰਕਾਰ ਨੂੰ ਚਲਦੀ ਰੱਖਣ ਅਤੇ ਬਹੁਤ ਸਾਰੇ ਜਾਇਜ਼-ਨਾਜਾਇਜ਼ ਖਰਚਿਆਂ ਨੂੰ ਭਗਤਾਉਣ ਲਈ

**ਰਵਿੰਦਰ ਚੋਟ**
**ਫੋਨ: 98726-73703**

ਵੱਡੇ ਮਾਲੀਏ ਦੀ ਲੋੜ ਹੈ। ਆਬਕਾਰੀ ਤੋਂ ਆਉਣ ਵਾਲਾ ਮਾਲੀਆ ਕਿਸੇ ਵੀ ਸੂਬਾ ਸਰਕਾਰ ਲਈ ਏਨਾ ਵੱਡਾ ਹੁੰਦਾ ਹੈ ਕਿ ਇਸ ਨਾਲ ਇਕ ਵਾਰੀ ਤਾਂ ਸਰਕਾਰ ਨੂੰ ਸੁੱਖ ਦਾ ਸਾਹ ਆ ਜਾਂਦਾ ਹੈ। ਉਂਜ ਸਰਕਾਰ ਨੂੰ ਇਸ ਪਾਲਿਸੀ ਨੂੰ ਲਾਗੂ ਕਰਨ ਲਈ ਫੂਕ-ਫੂਕ ਕੇ ਕਦਮ ਰੱਖਣਾ ਪੈਣਾ ਹੈ ਕਿਉਂਕਿ ਆਮ ਆਦਮੀ ਪਾਰਟੀ ਦੀ ਦਿੱਲੀ ਸਰਕਾਰ 2021 ਦੀ ਸ਼ਰਾਬ ਨੀਤੀ ਦੇ ਸਬੰਧ ਵਿਚ ਵੱਡੀ ਖੱਜਲ-ਖੁਆਰੀ ਭੁਗਤ ਚੁੱਕੀ ਹੈ।

ਕੁਝ ਸਾਲ ਪਹਿਲਾਂ ਠੇਕੇ ਖੁੱਲ੍ਹੀ ਬੋਲੀ ਰਾਹੀਂ ਵੇਚੇ ਜਾਂਦੇ ਸਨ। ਇਸ ਸਿਸਟਮ ਵਿਚ ਕੁੱਝ ਕਮੀਆਂ ਨੋਟ ਕੀਤੀਆਂ ਗਈਆਂ। ਦੋਸ਼ ਇਹ ਲੱਗਦਾ ਸੀ ਕਿ ਕਈ ਵਾਰੀ ਅਸਿੱਧੇ ਢੰਗ ਨਾਲ ਕਿਸੇ ਖਾਸ ਠੇਕੇਦਾਰ ਦੀ ਮਦਦ ਕੀਤੀ ਜਾ ਸਕਦੀ ਹੈ। ਇਸ ਸਿਸਟਮ ਨੂੰ ਨਕਾਰ ਕੇ ਫਿਰ ਠੇਕੇਦਾਰਾਂ ਕੋਲੋਂ ਅਰਜ਼ੀਆਂ ਲੈ ਕੇ ਲਾਟਰੀ ਕੱਢਣ ਦਾ ਢੰਗ ਅਪਣਾਇਆ ਗਿਆ। ਇਸ ਤੋਂ ਬਾਅਦ ਠੇਕਿਆਂ ਨੂੰ ਵੇਚਣ ਲਈ ਈ-ਟੈਂਡਰਾਂ ਰਾਹੀ ਚੜ੍ਹਾਉਣ ਦਾ ਤਜਰਬਾ ਵੀ ਕੀਤਾ ਗਿਆ। ਇਸ ਸਾਲ ਕੁੱਝ ਸਮੱਸਿਆਵਾਂ ਨੂੰ ਦੇਖਦੇ ਹੋਏ ਸਰਕਾਰ ਨੇ ਇਹ ਫੈਸਲਾ ਕੀਤਾ ਕਿ ਠੇਕੇ ਪਿਛਲੇ ਸਾਲ ਦੇ ਮਾਲੀਏ ਵਿਚ ਕੁੱਝ ਵਾਧਾ ਕਰਕੇ ਪਿਛਲੇ ਸਾਲ ਵਾਲੇ ਠੇਕੇਦਾਰਾਂ ਨੂੰ ਹੀ ਦੇ ਦਿੱਤੇ ਜਾਣ। ਇਹ ਢੰਗ ਸਰਕਾਰ ਅਤੇ ਠੇਕੇਦਾਰਾਂ ਦੋਵਾਂ ਲਈ ਹੀ ਸੌਖਾ ਤੇ ਲਾਭਵੰਦ ਰਹੇਗਾ। ਇਸ ਲਈ ਸਾਲ 2026-27 ਲਈ ਠੇਕੇ 6.5 ਫੀਸਦੀ ਮਾਲੀਆ ਵਧਾ ਕੇ ਠੇਕੇ 'ਤੇ ਚੜ੍ਹਾ ਦਿੱਤੇ ਜਾਣਗੇ।

ਵਧੀਆ ਆਬਕਾਰੀ ਨੀਤੀ ਵਿਚ ਧਿਆਨ ਰਖਿਆ ਜਾਂਦਾ ਹੈ ਕਿ ਇਸ ਨਾਲ ਸ਼ਰਾਬ ਬਣਾਉਣ ਵਾਲੀ ਫੈਕਟਰੀਆਂ, ਠੇਕੇਦਾਰ ਅਤੇ ਸ਼ਰਾਬ ਪੀਣ ਵਾਲਿਆਂ ਦਾ ਕੋਈ ਵੀ ਨੁਕਸਾਨ ਨਾ ਹੋਵੇ। ਉਨ੍ਹਾਂ ਦੀ ਸਿਹਤ ਅਤੇ ਜੇਬ ਦੀ ਸਿਹਤ 'ਤੇ ਬਹੁਤਾ ਭਾਰ ਨਾ ਪਵੇ। ਉਂਜ ਭਾਵੇਂ ਸਰਕਾਰਾਂ ਹਰ ਸਾਲ ਆਪਣੇ ਮਾਲੀਏ ਦਾ ਜ਼ਿਆਦਾ ਧਿਆਨ ਕਰਦੀਆਂ ਹਨ ਅਤੇ ਲੋਕਾਂ ਦੀ ਸਿਹਤ ਦਾ ਇਨ੍ਹਾਂ ਨੂੰ ਬਹੁਤਾ ਧਿਆਨ ਨਹੀਂ ਹੁੰਦਾ ਇਸ ਲਈ ਸਰਕਾਰਾਂ ਹਰ ਸਾਲ ਸ਼ਰਾਬ ਦਾ ਕੋਟਾ ਵਧਾਉਂਦੀਆਂ ਜਾਂਦੀਆਂ ਹਨ। ਪਿਛਲੇ ਸਾਲ ਵਾਂਗ ਇਸ ਸਾਲ ਵੀ ਅੰਗਰੇਜ਼ੀ ਸ਼ਰਾਬ ਦਾ ਕੋਟਾ ਖੁੱਲ੍ਹਾ ਅਤੇ ਦੇਸੀ ਸ਼ਰਾਬ ਦਾ ਲਿਮਟਿਡ ਰੱਖਿਆ ਗਿਆ ਸੀ। ਜਦੋਂ ਸ਼ਰਾਬ ਦਾ ਕੋਟਾ ਖੁੱਲ੍ਹਾ ਰੱਖਿਆ ਜਾਂਦਾ ਹੈ ਤਾਂ ਠੇਕੇਦਾਰ ਆਪਣੀ ਮਰਜ਼ੀ ਨਾਲ ਵੱਧ ਤੋਂ ਵੱਧ ਕੋਟਾ ਚੁੱਕ ਲੈਂਦਾ ਹੈ ਅਤੇ ਇਸ ਨੂੰ ਜਾਇਜ਼ ਨਾਜਾਇਜ਼ ਢੰਗ ਨਾਲ ਵੇਚ ਲੈਂਦਾ ਹੈ ਭਾਵੇਂ ਆਬਕਾਰੀ ਵਿਭਾਗ ਦੇ ਵੱਡੇ ਅਫਸਰ ਇਸ 'ਤੇ ਨਜ਼ਰ ਰੱਖਦੇ ਹਨ ਅਤੇ ਸਮੇਂ-ਸਮੇਂ ਚੈੱਕ ਕਰਦੇ ਰਹਿੰਦੇ ਹਨ ਪਰ ਫਿਰ ਵੀ ਇਹ ਗੱਲ ਕਈ ਵਾਰੀ ਸਾਰਥਕ ਨਹੀਂ ਹੁੰਦੀ। ਠੇਕੇਦਾਰ ਇਸ ਖੁੱਲ੍ਹ ਦਾ ਨਾਜਾਇਜ਼ ਫਾਇਦਾ ਲੈਂਦੇ ਹਨ ਅਤੇ ਕਈ ਵਾਰੀ ਸ਼ਰਾਬ ਦੂਸਰੇ ਸਰਕਲਾਂ ਵਿਚ ਭੇਜ ਦਿੱਤੀ ਜਾਂਦੀ ਹੈ। ਜੇਕਰ ਪਿਛਲੇ ਕੁਝ ਸਾਲਾਂ ਵੱਲ ਧਿਆਨ ਕਰੀਏ ਤਾਂ ਪਤਾ ਲੱਗਦਾ ਹੈ ਕਿ ਆਬਕਾਰੀ ਮਾਲੀਆ ਸਾਲ 2016 ਤੋਂ ਅੱਜ ਤੱਕ ਹਰ ਸਾਲ ਵਧਾਇਆ ਜਾ ਰਿਹਾ ਹੈ। 2016-17 ਵਿਚ ਸਰਕਾਰ ਨੇ ਸ਼ਰਾਬ ਤੋਂ ਮਾਲੀਏ ਦਾ ਟੀਚਾ 4405 ਕਰੋੜ ਰੱਖਿਆ ਸੀ ਜਿਹੜਾ ਕਿ ਵਧ ਕੇ 2025-26 ਵਿਚ 11020 ਕਰੋੜ ਰੁਪਏ 'ਤੇ ਪਹੁੰਚ ਗਿਆ ਹੈ। ਸਾਲ 2026-27 ਲਈ ਸ਼ਰਾਬ ਤੋਂ ਮਾਲੀਏ ਦਾ ਟੀਚਾ 12800 ਕਰੋੜ ਦਾ ਮਿਥਿਆ ਗਿਆ ਹੈ। ਇਸ ਤੋਂ ਸਪਸ਼ਟ ਹੈ ਕਿ ਹਰ ਸਾਲ 300 ਤੋਂ 400



ਕਰੋੜ ਤੱਕ ਦਾ ਕੋਟਾ ਵਧਦਾ ਆਇਆ ਹੈ ਅਤੇ ਅੱਠ-ਨੌਂ ਸਾਲਾਂ ਵਿਚ ਮਾਲੀਏ ਵਿਚ ਵਾਧਾ 6614.31 ਕਰੋੜ ਰੁਪਏ ਦਰਜ ਹੋਇਆ ਹੈ। ਭਾਵੇਂ ਸਰਕਾਰਾਂ ਪੂਰਨ ਨਸ਼ਾਬੰਦੀ ਦਾ ਰੌਲਾ ਪਾ ਰਹੀਆਂ ਹਨ ਪਰ ਉਪਰੋਕਤ ਅੰਕੜਿਆਂ ਨੂੰ ਵੇਖ ਕੇ ਪਤਾ ਲੱਗਦਾ ਹੈ ਕਿ ਨਸ਼ਿਆਂ ਨੂੰ ਰੋਕਣ ਦੇ ਦਾਅਵੇ ਕਰਨ ਵਾਲੀਆਂ ਪਾਰਟੀਆਂ ਵੀ ਮਨੁੱਖੀ ਸਿਹਤ ਨੂੰ ਨਜ਼ਰ-ਅੰਦਾਜ਼ ਕਰਕੇ ਆਪਣਾ ਉੱਲੂ ਸਿੱਧਾ ਕਰਦੀਆਂ ਰਹੀਆਂ ਹਨ। ਹਰ ਸਾਲ ਪੰਜਾਬ ਦੇ ਲੋਕ ਹਜ਼ਾਰਾਂ ਕਰੋੜ ਦੀ ਸ਼ਰਾਬ ਪੀ ਜਾਂਦੇ ਹਨ। ਅਜਿਹਾ ਸਿਰਫ ਪੰਜਾਬ ਵਿਚ ਨਹੀਂ ਸਗੋਂ ਹੋਰਨਾਂ ਕਈ ਸੂਬਿਆਂ ਵਿਚ ਵੀ ਵਾਪਰ ਰਿਹਾ ਹੈ। ਹੋਰ ਸੂਬਿਆਂ ਦੇ ਮੁਕਾਬਲੇ ਪੰਜਾਬ ਵਿਚ ਸ਼ਰਾਬ ਵੱਧ ਪੀਤੀ ਜਾਂਦੀ ਹੈ।

ਪਿਛਲੇ ਸਾਲ ਦੇਸੀ ਸ਼ਰਾਬ ਦਾ ਕੋਟਾ 8534 ਕਰੋੜ ਪੀਐਲ ਸੀ ਜਿਹੜਾ ਇਸ ਸਾਲ 8790 ਕਰੋੜ ਪੀ ਐਲ ਕਰਨ ਦਾ ਟੀਚਾ ਹੈ। ਆਬਕਾਰੀ ਨੀਤੀ ਵਿਚ ਸਰਕਾਰ ਹਰ ਸਾਲ ਸੁਧਾਰ ਕਰਕੇ ਵੱਧ ਤੋਂ ਵੱਧ ਮਾਲੀਆ ਇਕੱਠਾ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਸਾਲ ਵੀ ਪਿਛਲੇ ਸਾਲ ਦੀ ਲਾਇਸੈਂਸ ਫੀਸ ਵਿਚ 6.5 ਫੀਸਦੀ ਵਾਧਾ ਕਰਕੇ ਠੇਕੇ ਪਹਿਲੇ ਠੇਕੇਦਾਰਾਂ ਨੂੰ ਹੀ ਦੇ ਦਿਤੇ ਜਾਣਗੇ। ਜਿਹੜੇ ਠੇਕੇਦਾਰ ਠੇਕੇ ਨਹੀਂ ਲੈਣਾ ਚਾਹੁੰਣਗੇ ਉਹ ਟੈਂਡਰਾਂ ਰਾਹੀਂ ਹੋਰਨਾਂ ਠੇਕੇਦਾਰਾਂ ਨੂੰ ਦਿੱਤੇ ਜਾਣਗੇ। ਇਸ ਦੇ ਨਾਲ ਹੀ ਰੀਨਿਊ ਫੀਸ ਵੀ 6% ਦੇ ਹਿਸਾਬ ਨਾਲ ਲਈ ਜਾਵੇਗੀ। ਕੁੱਲ 207 ਗਰੁੱਪ ਬਣਾਏ ਗਏ ਹਨ। ਇਸ ਤੋਂ ਇਲਾਵਾ ਏਅਰਪੋਰਟ 'ਤੇ ਦੋ ਠੇਕੇ ਖੋਲ੍ਹੇ ਜਾਣਗੇ, ਜੋ 24 ਘੰਟੇ ਖੁੱਲ੍ਹੇ ਰਹਿਣਗੇ। ਸਾਰੇ ਪੰਜਾਬ ਨੂੰ ਤਿੰਨ ਜ਼ੋਨਾਂ ਵਿਚ ਵੰਡਿਆ ਗਿਆ। ਜ਼ੋਨ ਪਟਿਆਲਾ, ਜਲੰਧਰ ਅਤੇ ਫਿਰੋਜ਼ਪੁਰ। ਇਨ੍ਹਾਂ ਤਿੰਨਾਂ ਜ਼ੋਨਾਂ ਦਾ ਕੋਟਾ ਵੀ ਵੱਖਰਾ-ਵੱਖਰਾ ਰੱਖਿਆ ਗਿਆ ਅਤੇ ਠੇਕਿਆਂ ਦੀ ਗਿਣਤੀ ਵੀ ਵੱਖਰੋ-ਵੱਖਰੀ ਹੈ। ਇਸ ਸਾਲ ਵੀ ਅੰਗਰੇਜ਼ੀ ਸ਼ਰਾਬ, ਅਤੇ ਬੀਅਰ ਦਾ ਕੋਟਾ ਸਾਲ 2025-26 ਵਾਲਾ ਹੀ ਰੱਖਿਆ ਗਿਆ ਹੈ। ਠੇਕੇਦਾਰ ਇਨ੍ਹਾਂ ਦਾ ਕੋਟਾ ਆਪਣੀ ਲੋੜ ਮੁਤਾਬਿਕ ਜਾਂ ਆਪਣੀ ਸੇਲ ਮੁਤਾਬਕ ਚੁੱਕ ਸਕਦਾ ਹੈ ਇਸ 'ਤੇ ਕੋਈ ਬੰਦਿਸ਼ ਨਹੀਂ ਹੈ ਪਰ ਵਾਧੂ ਕੋਟੇ 'ਤੇ ਉਸਨੂੰ ਵਾਧੂ ਫੀਸ ਸਰਕਾਰ ਨੂੰ ਦੇਣੀ ਪਵੇਗੀ। ਹਰ ਮਹੀਨੇ ਕੋਟਾ ਠੇਕੇਦਾਰ ਨੂੰ ਚੁੱਕਣਾ ਪਵੇਗਾ ਤੇ ਸਾਲ ਦੇ ਅਖੀਰ ਤੱਕ ਸਾਰਾ ਕੋਟਾ ਚੁੱਕਿਆ ਜਾਣਾ ਚਾਹੀਦਾ ਹੈ। ਪਹਿਲਾਂ ਦੇਸੀ ਸ਼ਰਾਬ ਵਿਚ ਕੋਟੇ ਵਿਚ 50 ਅਤੇ 65 ਡਿਗਰੀ ਦੀ ਸ਼ਰਾਬ ਹੁੰਦੀ ਸੀ ਪਰ ਇਸ ਸਾਲ ਸਰਕਾਰ ਨੇ ਸ਼ਰਾਬ ਨੂੰ ਹੋਰ ਸਸਤੀ ਵੇਚਣ ਲਈ 40 ਡਿਗਰੀ ਦੀ ਸ਼ਰਾਬ ਦਾ ਕੋਟਾ ਵੀ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਹੈ ਤਾਂ ਕਿ ਕੋਈ ਗਰੀਬ ਬੰਦਾ ਸ਼ਰਾਬ ਤੋਂ ਵਿਰਵਾ ਨਾ ਰਹਿ ਜਾਵੇ। ਜਿਹੜਾ ਕੋਟਾ ਇਸ ਸਾਲ ਭਾਵ 2025-26 ਵਿਚ ਨਹੀਂ ਚੁੱਕਿਆ ਗਿਆ ਜਾਂ ਨਹੀਂ ਵੇਚਿਆ ਜਾ ਸਕਿਆ ਉਸ ਨੂੰ ਅਗਲੇ ਸਾਲ ਲਈ ਵਰਤਿਆ ਜਾ ਸਕਦਾ ਹੈ ਪਰ ਇਸ ਉਤੇ ਵਾਧੂ ਫੀਸ ਦੇਣੀ ਪਵੇਗੀ। ਠੇਕੇਦਾਰ ਨੂੰ ਜਿਹੜੇ ਠੇਕੇ ਅਲਾਟ ਹੋਣਗੇ ਉਨ੍ਹਾਂ ਦੀ ਨਵਿਆਉਣ ਫੀਸ ਛੇ ਫੀਸਦੀ ਉਸੇ ਦਿਨ ਜਮ੍ਹਾਂ ਕਰਾਉਣੀ ਪਵੇਗੀ ਅਤੇ ਛੇ ਫੀਸਦੀ ਸੱਤ ਦਿਨਾਂ ਦੇ ਅੰਦਰ ਅਤੇ ਬਾਕੀ ਤਿੰਨ ਪਰਸੈਂਟ 30 ਅਪ੍ਰੈਲ ਤੱਕ ਜਮ੍ਹਾਂ ਕਰਾਉਣੀ ਪਵੇਗੀ। ਜਿਹੜੇ ਠੇਕੇ ਬਿਲਕੁਲ ਰੀਨਿਊ ਨਹੀਂ ਹੋਣਗੇ, ਉਨ੍ਹਾਂ ਨੂੰ ਉਸ ਜ਼ਿਲ੍ਹੇ ਦੇ ਆਬਕਾਰੀ ਡਿਪਟੀ ਕਮਿਸ਼ਨਰ ਆਪ ਕੁਝ ਪ੍ਰਾਈਸ ਘਟਾ ਕੇ ਵੇਚ ਸਕਦੇ ਹਨ। ਪਹਿਲਾਂ ਟੈਂਡਰ ਰਾਹੀਂ ਵੇਚਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਠੇਕੇਦਾਰ ਨੂੰ ਸਮੇਂ ਸਮੇਂ ਲਾਇਸੈਂਸ ਫੀਸ ਅਗਲੇ ਮਹੀਨੇ ਦੀ 10 ਤਰੀਕ ਤੱਕ ਜ਼ਰੂਰੀ ਜਮ੍ਹਾਂ ਕਰਾਉਣੀ ਪਵੇਗੀ। ਅਜਿਹਾ ਨਾ ਕਰਨ 'ਤੇ ਉਸਨੂੰ 1.5 ਫੀਸਦੀ ਦੇ ਹਿਸਾਬ ਨਾਲ ਜੁਰਮਾਨਾ ਲਗਾਇਆ ਜਾਵੇਗਾ। ਜੇਕਰ ਉਹ ਫਿਰ ਵੀ ਫੀਸ ਨਹੀਂ ਜਮ੍ਹਾ ਕਰਵਾਉਂਦਾ ਤਾਂ ਉਸ ਦਾ ਲਾਇਸੈਂਸ ਰੱਦ ਕੀਤਾ ਜਾ ਸਕਦਾ ਹੈ। ਠੇਕੇ ਸ਼ਹਿਰ ਜਾਂ ਪਿੰਡ ਵਿਚ ਕਿਤੇ ਵੀ ਖੋਲ੍ਹੇ ਜਾ ਸਕਦੇ ਹਨ ਸਿਰਫ ਇਹ ਧਿਆਨ ਰੱਖਿਆ ਜਾਵੇਗਾ ਕਿ ਇਨ੍ਹਾਂ ਦੀ ਪੋਜ਼ੀਸ਼ਨ ਧਾਰਮਿਕ ਸਥਾਨ ਅਤੇ ਵਿੱਦਿਅਕ ਅਦਾਰੇ ਤੋਂ ਬਣਦੀ ਦੂਰੀ 'ਤੇ ਹੋਵੇ। ਜੇਕਰ ਇਹ ਨਿਯਮ ਭੰਗ ਕੀਤਾ ਗਿਆ ਤਾਂ ਠੇਕਾ ਉਥੋਂ ਚੁਕਾਇਆ ਜਾ ਸਕਦਾ ਹੈ। ਪਿੰਡਾਂ ਵਿਚ ਇਹ ਫਾਸਲਾ 100 ਮੀਟਰ ਅਤੇ ਸ਼ਹਿਰਾਂ ਵਿਚ 50 ਮੀਟਰ ਰੱਖਿਆ ਗਿਆ ਹੈ। ਜਿਸ ਪਿੰਡ ਦੀ ਪੰਚਾਇਤ ਨੇ ਪਹਿਲਾਂ ਹੀ ਰੈਜ਼ੂਲੇਸ਼ਨ ਕਰਕੇ ਮਹਿਕਮੇ ਨੂੰ ਭੇਜਿਆ ਹੋਵੇ ਕਿ ਸਾਡੇ ਪਿੰਡ ਵਿਚ ਕੋਈ ਠੇਕਾ ਨਾ ਖੁੱਲ੍ਹੇ, ਉਥੇ ਠੇਕਾ ਨਹੀਂ ਖੋਲ੍ਹਿਆ ਜਾਵੇਗਾ। ਸਬ-ਠੇਕੇ ਵੀ ਖੋਲ੍ਹੇ ਜਾ ਸਕਦੇ ਹਨ, ਸ਼ਹਿਰੀ ਇਲਾਕੇ ਵਿਚ ਇਹ ਪੰਜ ਅਤੇ ਪੇਂਡੂ ਇਲਾਕੇ ਵਿਚ ਤਿੰਨ ਖੋਲ੍ਹੇ ਜਾ ਸਕਦੇ ਹਨ। ਸ਼ਹਿਰੀ ਅਤੇ ਪੇਂਡੂ ਰਲੇ ਮਿਲੇ ਏਰੀਏ ਵਿਚ ਵੀ ਪੰਜ ਸਬ ਠੇਕੇ ਖੋਲ੍ਹੇ ਜਾ ਸਕਦੇ ਹਨ। ਠੇਕਿਆਂ ਦੇ ਖੋਲ੍ਹਣ ਦਾ ਸਮਾਂ ਸਵੇਰੇ 9 ਤੋਂ ਰਾਤ ਦੇ 12 ਵਜੇ ਤੱਕ ਹੋਵੇਗਾ। ਰੇਲਵੇ ਸਟੇਸ਼ਨ ਦੇ ਅੰਦਰ ਅਤੇ ਬਾਹਰ ਜਾਣ ਵਾਲੇ ਗੇਟ 'ਤੇ ਵੀ ਠੇਕੇ ਖੋਲ੍ਹੇ ਜਾਣਗੇ, ਜੋ 24 ਘੰਟੇ ਖੁੱਲ੍ਹੇ ਰਹਿਣਗੇ। ਸ਼ਹਿਰ ਵਿਚ ਹਾਰਡਬਾਰਜ਼ ਰਾਤ ਦੇ 1 ਵਜੇ ਤੱਕ ਖੁੱਲ੍ਹੀਆਂ ਰਹਿਣਗੀਆਂ। ਸ਼ਰਾਬ ਤੇ ਪੈਟਰੋਲੀਅਮ ਨੂੰ ਪੰਜਾਬ ਅਤੇ ਕੇਂਦਰ ਸਰਕਾਰ ਨੇ ਮਿਲੀ-ਭੁਗਤ ਨਾਲ 2017 ਵਿਚ ਜੀਐਸਟੀ ਐਕਟ 2017 ਹੇਠ ਨਹੀਂ ਲਿਆ ਕਿਉਂਕਿ ਉਨ੍ਹਾਂ ਨੂੰ ਪਤਾ ਸੀ ਇਨ੍ਹਾਂ ਦੋਹਾਂ ਮੱਦਾਂ ਤੋਂ ਬਹੁਤ ਜ਼ਿਆਦਾ ਮਾਲੀਆ ਇਕੱਠਾ ਹੁੰਦਾ ਹੈ ਜੇਕਰ ਸਰਕਾਰ ਇਨ੍ਹਾਂ ਨੂੰ ਜੀਐਸਟੀ ਐਕਟ ਦੇ ਅੰਡਰ ਲੈ ਲੈਂਦੀ ਤਾਂ ਕੇਂਦਰ ਸਰਕਾਰ ਨੂੰ ਪੰਜ ਸਾਲਾਂ ਲਈ ਬਹੁਤ ਵੱਡਾ ਮਾਲੀਆ ਸੂਬਿਆਂ ਨੂੰ ਦੇਣਾ ਪੈਣਾ ਸੀ। ਦੂਸਰੇ ਪਾਸੇ ਸੂਬੇ ਇਹ ਸੋਚਦੇ ਸਨ ਕਿ ਜੇਕਰ ਸ਼ਰਾਬ ਅਤੇ ਪੈਟਰੋਲੀਅਮ ਵੀ ਸਾਡੇ ਹੱਥੋਂ ਜਾਂਦਾ ਰਿਹਾ ਤਾਂ ਸਾਡਾ ਕੁਝ ਵੀ ਨਹੀਂ ਬਚੇਗਾ ਕਿਉਂਕਿ ਇਸ ਨਾਲ ਉਨ੍ਹਾਂ ਨੂੰ ਬਹੁਤਾ ਨੁਕਸਾਨ ਹੋ ਸਕਦਾ ਸੀ, ਜਿਸ ਦੀ ਭਰਪਾਈ ਕੇਂਦਰ ਸਰਕਾਰ ਨੇ ਨਹੀਂ ਕਰਨੀ ਸੀ ਇਸ ਕਰਕੇ ਇਨ੍ਹਾਂ ਦੋ ਮੱਦਾਂ ਨੂੰ ਜੀਐਸਟੀ ਐਕਟ ਤੋਂ ਬਾਹਰ ਰੱਖਿਆ ਗਿਆ। ਇਹ ਸਰਾਸਰ ਲੋਕਾਂ ਨਾਲ ਧੋਖਾ ਸੀ ਕਿਉਂਕਿ ਇਨ੍ਹਾਂ ਮੱਦਾਂ ਤੋਂ ਜੀ.ਐਸ.ਟੀ. ਦਾ ਮਾਲੀਆ ਕਿਸੇ ਵੀ ਸੂਬੇ ਦੀ ਤਰੱਕੀ ਵਿਚ ਵੱਡਾ ਹਿੱਸਾ ਪਾ ਸਕਦਾ ਹੈ, ਕਿਉਂਕਿ ਬਾਕੀ ਸਾਰੀਆਂ ਮੱਦਾਂ ਤੋਂ ਇਕੱਠਾ ਹੁੰਦਾ ਟੈਕਸ ਪਹਿਲਾਂ ਕੇਂਦਰ ਕੋਲ ਜਾਂਦਾ ਹੈ ਫਿਰ ਕੇਂਦਰ ਆਪਣੀ ਮਰਜ਼ੀ ਨਾਲ ਸੂਬਿਆਂ ਨੂੰ ਵਾਪਸ ਕਰਦਾ ਹੈ, ਜਿਹੜੇ ਸੂਬਿਆਂ ਵਿਚ ਕੇਂਦਰ ਦੇ ਵਿਰੋਧੀ ਪਾਰਟੀਆਂ ਦਾ ਰਾਜ ਹੈ ਉਨ੍ਹਾਂ ਨੂੰ ਮਾਲੀਆ ਦੁਆਰਾ ਇਕੱਠੀ ਰਾਸ਼ੀ ਪ੍ਰਾਪਤ ਕਰਨ ਵਿਚ ਬਹੁਤ ਦਿੱਕਤਾਂ ਖੜੀਆਂ ਕੀਤੀਆਂ ਜਾਂਦੀਆਂ ਹਨ। ਕੇਂਦਰ ਸਰਕਾਰ ਉਨ੍ਹਾਂ ਸਰਕਾਰਾਂ ਨੂੰ ਜ਼ਿਆਦਾ ਮਦਦ ਦਿੰਦੀ ਹੈ ਜਿਹੜੀਆਂ ਉਨ੍ਹਾਂ ਦੀ ਪਾਰਟੀ ਦੀਆਂ ਹਨ। ਇਸ ਸਾਲ 31 ਮਾਰਚ ਨੂੰ ਸਸਤੀ ਸ਼ਰਾਬ ਦੇ ਮੇਲੇ ਲੱਗਣ ਦੀ ਬਹੁਤੀ ਸੰਭਾਵਨਾ ਨਹੀਂ ਕਿਉਂਕਿ ਠੇਕੇਦਾਰ ਆਪਣੇ ਬਚੇ ਕੋਟੇ ਨੂੰ ਅੱਗੇ ਵੇਚਣ ਲਈ ਰੱਖ ਲੈਣਗੇ। ਇਸ ਦੀ ਕੁਝ ਫੀਸ ਅਦਾ ਕਰਕੇ ਉਹ ਅਗਲੇ ਸਾਲ ਵੇਚ ਸਕਦੇ ਹਨ, ਇਸ ਨਾਲ ਮਹੀਨੇ ਦੇ ਅੰਤ ਵਿਚ ਪਿਅਕੜਾਂ ਨੂੰ ਨਿਰਾਸ਼ ਹੋਣ ਦੀ ਸੰਭਾਵਨਾ ਬਣ ਗਈ ਹੈ। ਭਾਵੇਂ ਪਿਛਲੇ ਕਈ ਸਾਲਾਂ ਵਿਚ ਉਗਰਾਹੀ ਦੇ ਮਿਥੇ ਟੀਚੇ ਪੂਰੇ ਨਹੀਂ ਹੁੰਦੇ ਰਹੇ ਪਰ ਫਿਰ ਵੀ ਸਰਕਾਰ ਨੂੰ ਬਾਕੀ ਮੱਦਾਂ ਨਾਲੋਂ ਵਧੇਰੇ ਮਾਲੀਆ ਸ਼ਰਾਬ ਤੋਂ ਆਉਂਦਾ ਰਿਹਾ ਹੈ।

ਇਸ ਸਾਲ ਦਾ ਕੋਟਾ ਠੇਕੇਦਾਰ ਮਹੀਨਾਵਾਰ ਕਿਸ਼ਤਾਂ ਵਿਚ ਚੁੱਕੇਗਾ ਅਤੇ ਇਸੇ ਤਰ੍ਹਾਂ 12 ਕਿਸ਼ਤਾਂ ਵਿਚ ਹੀ ਮਾਲੀਆ ਲਾਇਸੈਂਸ ਫੀਸ ਜਮ੍ਹਾਂ ਕਰਵਾਏਗਾ। ਇੱਕ ਗਰੁੱਪ ਦੇ ਨਾਲ ਇਕ ਮਾਡਲ ਦੁਕਾਨ ਵੀ ਖੋਲ੍ਹੀ ਜਾ ਸਕਦੀ ਹੈ ਪਰ ਇਹ ਕਿਸੇ ਵੀ ਠੇਕੇ ਤੋਂ 200 ਮੀਟਰ ਦੀ ਦੂਰੀ 'ਤੇ ਹੋਣੀ ਚਾਹੀਦੀ ਹੈ। ਇਹ ਕਾਰਪੋਰੇਸ਼ਨ ਦੇ ਏਰੀਏ ਵਿਚ ਵੀ ਖੋਲ੍ਹੀਆਂ ਜਾ ਸਕਦੀਆਂ ਹਨ। ਇਸ ਵਾਰੀ ਵੀ 6374 ਠੇਕੇ ਖੁੱਲ੍ਹਣ ਦੀ ਸੰਭਾਵਨਾ ਹੈ। ਇਸ ਤਰ੍ਹਾਂ ਸਬ-ਠੇਕੇ ਮਿਲਾ ਕੇ ਤਕਰੀਬਨ ਪੰਜਾਬ ਦੇ ਹਰ ਪਿੰਡ ਦੇ ਹਿਸੇ ਠੇਕਾ ਆ ਸਕਦਾ ਹੈ। ਹਰ ਸਾਲ ਦੀ ਤਰ੍ਹਾਂ ਠੇਕੇਦਾਰਾਂ ਨੂੰ ਕੁਝ ਹਦਾਇਤਾਂ ਦਿੱਤੀਆਂ ਗਈਆਂ ਹਨ ਉਨ੍ਹਾਂ ਨੂੰ ਪੰਜਾਬ ਲੀਕਰ ਲਾਇਸੈਂਸ ਰੂਲ 1956 ਦੇ ਨਿਯਮ 37 -9 ਵੀ ਮੁਤਾਬਕ ਠੇਕਾ ਖੋਲ੍ਹਣ ਵੇਲੇ ਧਿਆਨ ਰੱਖਣਾ ਹੋਵੇਗਾ ਕਿ ਇਹ ਠੇਕਾ ਕਿਸੇ ਵੀ ਧਾਰਮਿਕ ਸਥਾਨ ਤੋਂ ਪੇਂਡੂ ਖੇਤਰ ਵਿਚ ਘੱਟ ਤੋਂ ਘੱਟ 100 ਮੀਟਰ ਤੇ ਸ਼ਹਿਰੀ ਖੇਤਰ ਵਿਚ 50 ਮੀਟਰ ਦੂਰ ਹੋਵੇ। ਇਸ ਤੋਂ ਇਲਾਵਾ ਆਬਕਾਰੀ ਐਕਟ 1914 ਦੀ ਧਾਰਾ 29 ਮੁਤਾਬਕ ਕੋਈ ਵੀ ਠੇਕੇਦਾਰ 25 ਸਾਲ ਤੋਂ ਘੱਟ ਉਮਰ ਦੇ ਵਿਅਕਤੀ ਨੂੰ ਸ਼ਰਾਬ ਨਹੀਂ ਵੇਚੇਗਾ ਅਤੇ ਕੋਈ ਵੀ ਠੇਕੇਦਾਰ ਆਪਣੇ ਠੇਕੇ 'ਤੇ 25 ਸਾਲ ਤੋਂ ਘੱਟ ਉਮਰ ਦੇ ਵਿਅਕਤੀ ਨੂੰ ਮੁਲਾਜ਼ਮ ਨਹੀਂ ਰੱਖੇਗਾ। ਇਨ੍ਹਾਂ ਦੋਹਾਂ ਨਿਯਮਾਂ ਦੀ ਉਲੰਘਣਾ ਸਜ਼ਾ ਯੋਗ ਹੈ। ਠੇਕਿਆਂ 'ਤੇ ਬੋਰਡਾਂ 'ਤੇ ਸ਼ਰਾਬ ਪੀਣੀ ਸਿਹਤ ਲਈ ਹਾਨੀਕਾਰਕ ਹੈ ਵੀ ਲਿਖਣਾ ਪਏਗਾ। ਸ਼ਰਾਬ ਦੀ ਕਦੇ ਵੀ ਕੋਈ ਮਸ਼ਹੂਰੀ ਨਹੀਂ ਕੀਤੀ ਜਾ ਸਕਦੀ ਇਹ ਵੀ ਸਜ਼ਾ ਯੋਗ ਹੈ। ਸਿੱਧੇ ਤੌਰ 'ਤੇ ਸ਼ਰਾਬ ਦਾ ਪਬਲਿਕ ਵਿਚ ਪ੍ਰਚਾਰ ਨਹੀਂ ਕੀਤਾ ਜਾ ਸਕਦਾ ਪਰ ਕੰਪਨੀਆਂ ਅਸਿੱਧੇ ਤੌਰ 'ਤੇ ਸੋਢਿਆਂ ਦੇ ਨਾਂ ਸ਼ਰਾਬ 'ਤੇ ਰੱਖ ਕੇ ਉਨ੍ਹਾਂ ਦਾ ਪ੍ਰਚਾਰ ਕਰਦੇ ਹਨ। ਇਸ ਸਾਲ ਵੀ ਪਿਛਲੇ ਸਾਲ ਦੀ ਆਬਕਾਰੀ ਨੀਤੀ ਵਿਚ ਬਹੁਤਾ ਬਦਲਾਅ ਨਹੀਂ ਕੀਤਾ ਗਿਆ। ਪੰਜਾਬ ਵਿਚ ਭੰਗ ਦਾ ਇੱਕੋ ਇੱਕ ਠੇਕਾ ਹੁਸ਼ਿਆਰਪੁਰ ਵਿਚ ਹੈ ਜਿਹੜਾ ਹਰ ਸਾਲ ਛੇ-ਸੱਤ ਲੱਖ ਦਾ ਚੜ੍ਹਾਇਆ ਜਾਂਦਾ ਹੈ। ਜੇਕਰ ਸਰਕਾਰ ਸੱਚਮੁੱਚ ਹੀ ਪੰਜਾਬ ਵਿੱਚੋਂ ਨਸ਼ੇ ਬੰਦ ਕਰਨੇ ਚਾਹੁੰਦੀ ਹੈ ਤਾਂ ਸ਼ਰਾਬ ਦੇ ਮਾਲੀਏ ਨੂੰ ਘਟਾ ਕੇ ਇਸ ਦੇ ਹੋਰ ਸਾਧਨ ਲੱਭਣੇ ਚਾਹੀਦੇ ਹਨ। ਹੌਲੀ-ਹੌਲੀ ਇਸ ਨੂੰ ਘਟਾ ਕੇ ਆਮਦਨ ਦੇ ਹੋਰ ਸਾਧਨ ਲੱਭ ਕੇ ਇਸ ਨੂੰ ਲੋਕਾਂ ਤੋਂ ਦੂਰ ਰੱਖਣ ਦੀ ਕੋਸ਼ਿਸ਼ ਸਰਕਾਰ ਵੱਲੋਂ ਹੋਣੀ ਚਾਹੀਦੀ ਹੈ ਤਾਂ ਹੀ ਜਿਹੜੇ ਕੈਮੀਕਲ ਨਸ਼ੇ ਸਾਡੇ ਦੇਸ਼ ਦੀ ਜਵਾਨੀ ਨੂੰ ਬਰਬਾਦ ਕਰ ਰਹੇ ਹਨ। ਸ਼ਾਇਦ ਉਹ ਰੋਕੇ ਜਾ ਸਕਣ। ਕਿਉਂਕਿ ਇਹ ਦੇਖਿਆ ਗਿਆ ਹੈ ਕਿ ਸਕੂਲਾਂ-ਕਾਲਜਾਂ ਵਿਚ ਵੀ ਸਭ ਤੋਂ ਪਹਿਲਾਂ ਬੱਚੇ ਸ਼ਰਾਬ ਦਾ ਨਸ਼ਾ ਕਰਨ ਦੇ ਆਦੀ ਹੁੰਦੇ ਹਨ। ਉਸ ਤੋਂ ਬਾਅਦ ਉਹ ਹੋਰ ਖਤਰਨਾਕ ਨਸ਼ਿਆਂ ਵੱਲ ਵਧਦੇ ਹਨ ਇਸ ਕਰਕੇ ਸਰਕਾਰਾਂ ਨੂੰ ਸ਼ਰਾਬ 'ਤੇ ਪੂਰਨ ਪਾਬੰਦੀ ਲਗਾ ਕੇ ਆਪਣੇ ਸੂਬੇ ਅਤੇ ਦੇਸ਼ ਦੇ ਭਵਿੱਖ ਨੂੰ ਬਚਾਉਣਾ ਚਾਹੀਦਾ ਹੈ ਭਾਵੇਂ ਇਹ ਗੱਲ ਅਸੰਭਵ ਲੱਗਦੀ ਹੈ ਪਰ ਫਿਰ ਵੀ ਸਰਕਾਰ ਨੂੰ ਇਸ ਵੱਲ ਇਸ ਵੱਲ ਧਿਆਨ ਦੇਣ ਦੀ ਲੋੜ ਹੈ।

# ਅਜੋਕੇ ਸਮਾਜਕ ਵਰਤਾਰੇ ਉੱਪਰ ਕਰਾਰੀ ਚੋਟ ਮਾਰਦੀ ਕਿਤਾਬ - 'ਭਗਤ ਸਿੰਘ ਹੁਣ ਸੰਧੂ ਹੋਇਆ'

ਹਰਿਆਣੇ ਵਰਗੇ ਹਿੰਦੀ ਸੂਬੇ ਵਿਚ ਪੰਜਾਬੀ ਸਾਹਿਤ ਨਾਲ ਸੰਬੰਧਤ ਕਿਤਾਬਾਂ ਬਹੁਤ ਘੱਟ ਗਿਣਤੀ ਵਿਚ ਛੱਪਦੀਆਂ ਹਨ। ਪਰ! ਜਦੋਂ ਕਦੇ ਹਰਿਆਣੇ ਵਿਚੋਂ ਪੰਜਾਬੀ ਸਾਹਿਤ ਨਾਲ ਸੰਬੰਧਤ ਕਿਸੇ ਚਰਚਿਤ ਕਿਤਾਬ ਦੀ ਗੱਲ ਤੁਰਦੀ ਹੈ ਤਾਂ ਮੁੱਖਧਾਰਾ ਦੇ ਪੰਜਾਬੀ ਸਾਹਿਤ ਵਿਚ ਵੀ ਉਸਦਾ ਜ਼ਿਕਰ ਮੁਕੰਮਲ ਤੌਰ 'ਤੇ ਕੀਤਾ ਜਾਂਦਾ ਹੈ। ਅਜਿਹੀ ਹੀ ਇੱਕ ਕਿਤਾਬ ਅੱਜਕਲ੍ਹ ਚਰਚਾ ਵਿਚ ਹੈ। ਉਹ ਹੈ ਡਾ. ਨਿਸ਼ਾਨ ਸਿੰਘ ਰਾਠੌਰ ਦੀ ਨਵ-ਪ੍ਰਕਾਸ਼ਿਤ ਕਾਵਿ-ਪੁਸਤਕ 'ਭਗਤ ਸਿੰਘ ਹੁਣ ਸੰਧੂ ਹੋਇਆ।'

**ਡਾ. ਦੇਵਿੰਦਰ ਬੀਬੀਪੁਰੀਆ**
**ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ**

ਇਹ ਪੁਸਤਕ ਦਸੰਬਰ- 2025 ਵਿਚ ਪ੍ਰਕਾਸ਼ਤ ਹੋ ਕੇ ਪਾਠਕਾਂ ਦੇ ਹੱਥਾਂ ਤੱਕ ਪਹੁੰਚੀ ਹੈ।

ਇਸ ਕਾਵਿ-ਸੰਗ੍ਰਹਿ ਵਿਚ ਕੁਲ 56 ਕਵਿਤਾਵਾਂ ਨੂੰ ਸ਼ਾਮਲ ਕੀਤਾ ਗਿਆ ਹੈ। ਪੁਸਤਕ ਦੇ ਸਿਰਲੇਖ ਤੋਂ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਹ ਪੁਸਤਕ ਅਜੋਕੇ ਸਮਾਜਕ ਵਰਤਾਰੇ ਉੱਪਰ ਕਰਾਰੀ ਚੋਟ ਮਾਰਦੀ ਹੈ। ਸ਼ਾਇਰ ਦੇ ਮੁਤਾਬਕ ਅੱਜ ਅਸੀਂ ਆਪਣੇ ਸੂਰਬੀਰ ਯੋਧਿਆਂ, ਮਹਾਪੁਰਸ਼ਾਂ ਅਤੇ ਗੁਰੂਆਂ-ਪੀਰਾਂ ਨੂੰ ਜਾਤਾਂ-ਗੋਤਾਂ ਦੇ ਬੰਧਨ ਵਿਚ ਬੰਨ੍ਹ ਕੇ ਰੱਖ ਦਿੱਤਾ ਹੈ। ਉਨ੍ਹਾਂ ਦੇ ਯੋਗਦਾਨ ਅਤੇ ਕੁਰਬਾਨੀਆਂ ਨੂੰ ਛੋਟਿਆਂ ਕਰਕੇ ਰੱਖ ਦਿੱਤਾ ਹੈ। ਲੇਖਕ ਕਹਿੰਦਾ ਹੈ;

'ਭਗਤ ਸਿੰਘ ਹੁਣ ਸੰਧੂ ਹੋਇਆ / ਊਧਮ ਸਿੰਘ ਕੰਬੋਜ,
ਸੂਰਬੀਰਾਂ ਨੂੰ ਵੰਡੀ ਜਾਵਣ / ਲੋਕ ਇੱਥੇ ਹਰ ਰੋਜ਼।'




ਇਸ ਪੁਸਤਕ ਦੀ ਭੂਮਿਕਾ ਵਿਚ ਲਿਖਦਿਆਂ ਪ੍ਰੋਫੈਸਰ ਗੁਰਭਜਨ ਗਿੱਲ ਕਹਿੰਦੇ ਹਨ, 'ਨਿਸ਼ਾਨ ਦੀ ਕਵਿਤਾ ਸਮਝਾਉਂਦੀ ਹੈ ਕਿ ਕੱਟੇ ਵੱਢੇ, ਟੋਟਿਆਂ 'ਚ ਵੰਡ ਕੇ ਲੋਕ ਕੁੱਟਣੇ ਤੇ ਲੁੱਟਣੇ ਆਸਾਨ ਹੁੰਦੇ ਹਨ। ਇਹੀ ਨੁਕਤਾ ਹੈ ਨਵੇਂ ਉਭਾਰ ਦਾ। ਇਹ ਵਰਤਾਰਾ ਹਕੂਮਤਾਂ ਨੂੰ ਪੁੱਗਦਾ ਹੈ, ਸਾਨੂੰ ਨਹੀਂ। ਨਿਸ਼ਾਨ ਸਲਾਮ ਦਾ ਹੱਕਦਾਰ ਹੈ, ਜਿਸਨੇ ਵੇਲੇ ਸਿਰ ਸਾਨੂੰ ਜਗਾਉਣ ਦੀ ਹਿੰਮਤ ਕੀਤੀ ਹੈ।'

ਇਸ ਕਿਤਾਬ ਵਿਚ ਭਰੂਣ-ਹੱਤਿਆ, ਕਿਰਸਾਨੀ ਸਮੱਸਿਆਵਾਂ, ਰਿਸ਼ਵਤਖੋਰੀ, ਬਦਲਾਖੋਰੀ, ਅੱਤਿਆਚਾਰ, ਅਨਿਆਂ, ਭ੍ਰਿਸ਼ਟਾਚਾਰ ਅਤੇ ਬੇਰੁਜ਼ਗਾਰੀ ਜਿਹੇ ਵਿਸ਼ਿਆਂ ਨਾਲ ਸੰਬੰਧਤ ਕਵਿਤਾਵਾਂ ਦੀ ਸਿਰਜਣਾ ਵੀ ਕੀਤੀ ਗਈ ਹੈ। ਇਸ ਤੋਂ ਇਲਾਵਾ ਇਤਿਹਾਸਕ ਪਾਤਰਾਂ ਨੂੰ ਨਵੇਂ ਸੰਦਰਭ ਵਿਚ ਰੂਪਮਾਨ ਕਰਨ ਦਾ ਯਤਨ ਕੀਤਾ ਗਿਆ ਹੈ।

ਕਾਵਿ- ਸੰਗ੍ਰਹਿ ਦੇ ਸਮੁੱਚੇ ਅਧਿਐਨ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਮੌਜੂਦਾ ਦੌਰ ਵਿਚ ਇਸ ਤਰ੍ਹਾਂ ਦੀ ਸ਼ਾਇਰੀ ਕਿਸੇ ਅਚੰਭੇ ਨਾਲੋਂ ਘੱਟ ਨਹੀਂ ਹੈ, ਕਿਉਂਕਿ ਅਜੋਕੀ ਨੌਜਵਾਨ ਪੀੜ੍ਹੀ ਇਕੱਲੀ ਪਿਆਰ-ਮੁਹੱਬਤ ਨਾਲ ਲਬਰੇਜ਼ ਸ਼ਾਇਰੀ ਵਿਚ ਹੀ ਗਤੁੰਚ ਹੋਈ ਵੇਖੀ ਜਾ ਸਕਦੀ ਹੈ। ਇਸਦਾ ਵੱਡਾ ਜ਼ਿੰਮੇਵਾਰ ਸੋਸ਼ਲ-ਮੀਡੀਆ ਨੂੰ ਮੰਨਿਆ ਜਾ ਸਕਦਾ ਹੈ। ਪਰ ਦੂਜੇ ਪਾਸੇ, ਨਿਸ਼ਾਨ ਦੀ ਸ਼ਾਇਰੀ ਮਨੁੱਖ ਨੂੰ ਵਰਤਮਾਨ ਪਰਿਪੇਖ ਦੀ ਸਹੀ ਜਾਣਕਾਰੀ ਦਿੰਦੀ ਜਾਪਦੀ ਹੈ ਕਿ ਅੱਜ ਬੰਦੇ ਨਾਲੋਂ ਬੰਦੇ ਨੂੰ ਵੰਡਿਆ ਜਾ ਰਿਹਾ ਹੈ ਅਤੇ ਸਮਾਜ ਨੂੰ ਪੁੱਠੇ ਪਾਸੇ ਤੋਰਿਆ ਜਾ ਰਿਹਾ ਹੈ। ਪਰ ਇਸ ਪਾਸੇ ਕਿਸੇ ਦਾ ਧਿਆਨ ਨਹੀਂ ਹੈ। ਨਿਸ਼ਾਨ ਦੀ ਸ਼ਾਇਰੀ ਸਾਡਾ ਧਿਆਨ ਇਸ ਪਾਸੇ ਨੂੰ ਕੇਂਦਰਿਤ ਕਰਦੀ ਹੈ।

ਹਰਿਆਣੇ ਦੇ ਪੰਜਾਬੀ ਸਾਹਿਤ ਦਾ ਧੰਨਵਾਦ ਜਿਸਨੇ ਮੁੱਖਧਾਰਾ ਦੇ ਪੰਜਾਬੀ ਸਾਹਿਤ ਵਿਚ ਪੁਖ਼ਤਾ ਅਤੇ ਗੰਭੀਰ ਸ਼ਾਇਰੀ ਰਾਹੀਂ ਆਪਣੀ ਭਰਵੀਂ ਹਾਜ਼ਰੀ ਲਵਾਈ ਹੈ। ਲੇਖਕ ਨੂੰ ਮੁਬਾਰਕ।

***

# 'ਜੰਗ ਟਲਤੀ ਰਹੇ ਤੋ ਬਿਹਤਰ ਹੈ, ਆਪ ਔਰ ਹਮ ਸਭੀ ਕੇ ਆਂਗਨ ਮੇਂ, ਸ਼ਮ੍ਹਾਂ ਜਲਤੀ ਰਹੇ ਤੋ ਬਿਹਤਰ ਹੈ...'

ਬੌਲੀਵੁੱਡ 'ਚ ਕਿਸੇ ਵਕਤ ਸ਼ਾਇਰੀ ਤੇ ਸੰਜੀਦਾ ਮਾਅਨਿਆਂ ਵਾਲੇ ਗੀਤ/ਕੱਵਾਲੀਆਂ ਦੇ ਬੋਲਾਂ ਵਾਲੀਆਂ ਫਿਲਮਾਂ ਬਣਦੀਆਂ ਸਨ। ਇਹ ਫਿਲਮਾਂ ਬਹੁਤ ਕਾਮਯਾਬ ਰਹੀਆਂ ਜਿਨ੍ਹਾਂ ਵਿਚ ਮਨੋਰੰਜਨ ਵੀ ਸੀ, ਲੋਕਾਂ ਦੀ ਦਿਲਚਸਪੀ ਵੀ ਸੀ ਅਤੇ ਕਮਾਈ ਵੀ ਚੰਗੀ ਹੁੰਦੀ ਸੀ ਜਿਵੇਂ 'ਬਰਸਾਤ ਕੀ ਰਾਤ', 'ਗ਼ਜ਼ਲ', 'ਪਿਆਸਾ', 'ਮੇਰੇ ਮਹਿਬੂਬ', 'ਕਭੀ ਕਭੀ' ਆਦਿ। ਇਨ੍ਹਾਂ ਫਿਲਮਾਂ ਵਿਚ ਅਦਾਕਾਰ ਜਾਂ ਅਦਾਕਾਰਾ ਜਾਂ ਦੋਵੇਂ, ਸ਼ਾਇਰ ਹੁੰਦੇ ਸਨ ਤੇ ਸ਼ਾਇਰੀ ਦੇ ਮੁਕਾਬਲੇ ਹੁੰਦੇ ਸਨ। ਇਨ੍ਹਾਂ ਦੇ ਨਗ਼ਮੇ ਸਦਾਬਹਾਰ ਹਨ ਤੇ ਲੋਕ ਇਨ੍ਹਾਂ ਦੇ ਦੀਵਾਨੇ ਹਨ। ਜਿਵੇਂ: 'ਸੁਰਖ਼ ਆਂਚਲ ਕੋ ਦਬਾ ਕਰ ਜੋ ਨਿਚੋੜਾ ਉਸ ਨੇ, ਦਿਲ ਪੇ ਜਲਤਾ ਹੁਆ ਏਕ ਤੀਰ ਸਾ ਛੋੜਾ ਉਸ ਨੇ, ਆਗ ਪਾਨੀ ਮੇਂ ਲਗਾਤੇ ਹੁਏ ਹਾਲਾਤ ਕੀ ਰਾਤ, ਜ਼ਿੰਦਗੀ ਭਰ ਨਹੀਂ ਭੂਲੇਗੀ ਵੋ ਬਰਸਾਤ ਕੀ ਰਾਤ' (ਫਿਲਮ ਬਰਸਾਤ ਕੀ ਰਾਤ 1960),

**ਡਾ. ਮਨਜੀਤ ਸਿੰਘ ਬੱਲ**
**ਫੋਨ: 98728-43491**

ਅਜਿਹੀਆਂ ਫਿਲਮਾਂ ਦੇ ਨਗ਼ਮਾਨਿਗ਼ਾਰ ਆਮ ਕਰ ਕੇ ਸਾਹਿਰ ਲੁਧਿਆਣਵੀ ਹੀ ਹੁੰਦੇ ਸਨ।

ਤਲਖ਼ੀਆਂ ਭਰੀ ਜ਼ਿੰਦਗੀ ਵਾਲੇ ਇਸ ਜ਼ਹੀਨ ਸ਼ਾਇਰ ਦੀ ਪੈਦਾਇਸ਼ 8 ਮਾਰਚ 1921 ਨੂੰ ਗੁੱਜਰ ਖ਼ਾਨਦਾਨ ਵਿਚ ਚੌਧਰੀ ਫ਼ਜ਼ਲ ਅਹਿਮਦ ਦੇ ਅੰਮੀ ਸਰਦਾਰ ਬੇਗਮ ਦੇ ਘਰ ਲੁਧਿਆਣਾ ਵਿਚ ਹੋਈ ਸੀ। ਉਸ ਦਾ ਬਚਪਨ ਦਾ ਨਾਮ ਅਬਦੁਲ ਹਈ ਸੀ। ਅਬਦੁਲ ਅਜੇ ਛੇਆਂ ਕੁ ਮਹੀਨਿਆਂ ਦਾ ਸੀ ਜਦ ਅਮੀਰ ਬਾਪ ਦੀਆਂ ਵਧੀਕੀਆਂ ਬਹੁਤ ਵਧ ਗਈਆਂ। ਸਰਦਾਰ ਬੇਗਮ ਨਿੱਕੇ ਅਬਦੁਲ ਨੂੰ ਲੈ ਕੇ ਵੱਖ ਰਹਿਣ ਲੱਗੀ। ਉਹ ਖ਼ੁਦ ਛੱਡ ਕੇ ਗਈ ਸੀ, ਇਸ ਲਈ ਉਸ ਨੇ ਪਤੀ ਤੋਂ ਕੋਈ ਹੱਕ ਮਿਹਰ ਨਹੀਂ ਲਿਆ। ਉਲਟਾ ਬੱਚੇ ਦੀ ਸਪੁਰਦਗੀ ਵਾਸਤੇ ਚੌਧਰੀ ਫ਼ਜ਼ਲ ਅਹਿਮਦ ਨੇ ਸਰਦਾਰ ਬੇਗਮ 'ਤੇ ਮੁੱਕਦਮਾ ਕਰ ਦਿੱਤਾ, ਜੋ ਉਹ ਜਿੱਤ ਨਾ ਸਕਿਆ ਤੇ 1934 ਵਿਚ ਉਸ ਨੇ ਦੂਜਾ ਵਿਆਹ ਕਰਵਾ ਲਿਆ। ਅਬਦੁਲ ਨੂੰ ਸ਼ਾਇਰੀ ਲਿਖਣ ਤੇ ਪੜ੍ਹਨ ਦਾ ਸ਼ੌਕ ਸ਼ੁਰੂ ਤੋਂ ਹੀ ਸੀ। ਉਸ ਨੇ ਮੌਲਾਨਾ ਫੈਜ਼ ਹਰਿਆਣਵੀ ਦੇ ਮਾਤਹਿਤ ਉਰਦੂ ਤੇ ਫ਼ਾਰਸੀ ਜ਼ੁਬਾਨਾਂ 'ਚ ਮੁਹਾਰਤ ਹਾਸਲ ਕੀਤੀ। ਅੱਲਾਮਾ ਇਕਬਾਲ ਦੇ ਇੱਕ ਸ਼ਿਅਰ 'ਇਸ ਚਮਨ ਮੇਂ ਹੋਂਗੇ ਪੈਦਾ ਬੁਲਬੁਲੇ ਸ਼ੈਰਾਜ਼ ਭੀ, ਸੈਂਕੜੋਂ ਸਾਹਿਰ ਭੀ ਹੋਂਗੇ ਸਾਹਿਬੇ ਐਜਾਜ਼ ਭੀ' ਵਿਚੋਂ 'ਸਾਹਿਰ' ਲਫ਼ਜ਼ ਉਹਦੇ ਧਿਆਨ ਗੋਚਰੇ ਆਇਆ, ਜਿਸ ਦੇ ਮਾਅਨੇ ਹਨ 'ਰੌਸ਼ਨ ਦਿਮਾਗ/ ਜਾਦੂਗਰ।' ਸੋ ਅਬਦੁਲ ਨੇ ਆਪਣਾ ਕਲਮੀ ਨਾਮ ਸਾਹਿਰ ਰੱਖ ਲਿਆ ਤੇ ਲੁਧਿਆਣੇ ਤੋਂ ਹੋਣ ਕਰ ਕੇ ਸਾਹਿਰ ਦੇ ਨਾਲ ਲੁਧਿਆਣਵੀ ਲਾ ਲਿਆ। ਤੰਗੀਆਂ-ਤੁਰਸ਼ੀਆਂ ਦਰਮਿਆਨ ਅਬਦੁਲ ਪਹਿਲਾਂ ਲੁਧਿਆਣੇ ਦੇ ਖ਼ਾਲਸਾ ਹਾਈ ਸਕੂਲ ਵਿਚ ਪੜ੍ਹਿਆ ਤੇ ਉਸ ਤੋਂ ਬਾਅਦ ਉਸ ਨੇ ਗੌਰਮਿੰਟ ਕਾਲਜ ਵਿਚ ਦਾਖ਼ਲਾ ਲੈ ਲਿਆ। ਕਾਲਜ ਵਿਚ ਹੀ ਉਹ ਗ਼ਜ਼ਲਾਂ ਤੇ ਨਜ਼ਮਾਂ ਸੁਣਾਉਣ ਕਾਰਨ ਕਾਫ਼ੀ ਹਰਮਨ-ਪਿਆਰਾ ਹੋ ਗਿਆ ਸੀ। ਸਾਹਿਰ ਦੀ ਜ਼ਿੰਦਗੀ ਤਲਖ਼ੀਆਂ ਨਾਲ ਭਰੀ ਹੋਈ ਸੀ। 'ਤਲਖ਼ੀਆਂ' ਉਹਦੀ ਇੱਕ ਮਕਬੂਲ ਉਰਦੂ ਸ਼ਾਇਰੀ ਦੀ ਕਿਤਾਬ ਦਾ ਨਾਮ ਵੀ ਹੈ। ਨਫ਼ਰਤਾਂ ਤੇ ਤੰਗੀਆਂ ਨੇ ਉਸ ਨੂੰ ਸਾਰੀ ਉਮਰ ਘੇਰੀ ਰੱਖਿਆ। 1943 ਵਿਚ ਲੁਧਿਆਣੇ ਤੋਂ ਲਾਹੌਰ ਜਾ ਕੇ ਉਸ ਨੇ ਦਿਆਲ ਸਿੰਘ ਕਾਲਜ ਵਿਚ ਦਾਖ਼ਲਾ ਲੈ ਲਿਆ। ਉਥੇ ਉਹ ਵਿਦਿਆਰਥੀਆਂ ਦੀ ਜਥੇਬੰਦੀ ਦਾ ਪ੍ਰਧਾਨ ਚੁਣਿਆ ਗਿਆ। ਉਹ ਵਿਦਿਆਰਥੀ ਤਹਿਰੀਕਾਂ, ਰੈਲੀਆਂ, ਮੁਜ਼ਾਹਰਿਆਂ ਵਿਚ ਹਿੱਸਾ ਲੈਂਦਾ ਸੀ ਤੇ ਤਕਰੀਰਾਂ ਕਰਦਾ ਸੀ। ਕੁਝ ਦੇਰ ਬਾਅਦ ਉਸ ਨੇ ਕਾਲਜ ਛੱਡ ਦਿੱਤਾ ਤੇ 'ਅਦਬੇ ਲਤੀਫ਼', 'ਸ਼ਾਹਕਾਰ' ਤੇ 'ਸਵੇਰਾ' ਵਰਗੇ ਉਰਦੂ ਰਸਾਲਿਆਂ ਦੇ ਸੰਪਾਦਕੀ ਮੰਡਲ ਦਾ ਹਿੱਸਾ ਬਣ ਗਿਆ। ਲਾਹੌਰ ਵਿਚ ਉਹ ਕਮਿਊਨਿਸਟ ਪਾਰਟੀ ਪ੍ਰੋਗਰੈਸਿਵ ਰਾਈਟਰਜ਼ ਤਨਜ਼ੀਮ ਦਾ ਮੈਂਬਰ ਸੀ।

ਉਸ ਨੇ ਉਰਦੂ ਤੇ ਹਿੰਦੀ ਵਿਚ ਸ਼ਾਇਰੀ ਕੀਤੀ ਤੇ ਬੌਲੀਵੁੱਡ ਦੀਆਂ ਬਹੁਤ ਸਾਰੀਆਂ ਫਿਲਮਾਂ ਅਤੇ ਇੱਕ ਪਾਕਿਸਤਾਨੀ ਫਿਲਮ 'ਫਰੰਗੀ' ਵਾਸਤੇ ਗੀਤ ਲਿਖੇ। 1947 ਦੀ ਵੰਡ ਤੇ ਪਾਕਿਸਤਾਨ ਬਣਨ ਵੇਲੇ ਉਹ ਲਾਹੌਰ ਵਿਚ ਹੀ ਸੀ। ਨਵੇਂ ਬਣੇ ਮੁਲਕ ਵਿਚ ਹਕੂਮਤ ਦੀਆਂ ਵਧੀਕੀਆਂ ਦੇ ਖ਼ਿਲਾਫ਼ ਲੁਧਿਆਣਵੀ ਨੇ 'ਆਵਾਜ਼-ਏ-ਆਦਮ' ਅਨਵਾਨ ਨਾਲ ਇੱਕ ਬੇਹੱਦ ਇਨਕਲਾਬੀ ਤੇ ਜੋਸ਼ੀਲੀ ਨਜ਼ਮ ਲਿਖੀ, ਜੋ ਉਸ ਨੇ ਲਾਹੌਰ 'ਚ ਇੱਕ ਮੁਜ਼ਾਹਰੇ ਵਿਚ ਪੜ੍ਹੀ: 'ਦਬੇਗੀ ਕਬ ਤਲਕ ਆਵਾਜ਼-ਏ-ਆਦਮ ਹਮ ਭੀ ਦੇਖੇਂਗੇ, ਰੁਕੇਂਗੇ ਕਬ ਤਲਕ ਜਜ਼ਬਾਤ-ਏ-ਬਰਹਮ ਹਮ ਭੀ ਦੇਖੇਂਗੇ।' ਇਸ ਦੀ ਆਖ਼ਰੀ ਸਤਰ ਸੀ ਕਿ ਲਾਲ ਰੰਗ ਦੇ ਇਨਕਲਾਬੀ ਝੰਡੇ ਨੂੰ ਖ਼ੂਬ ਉਚਾ ਝੂਲਦਾ 'ਹਮ ਭੀ ਦੇਖੇਂਗੇ...'। ਨਵਾਂ ਬਣਿਆ ਮੁਲਕ ਪਾਕਿਸਤਾਨ, ਅਮਰੀਕਾ ਨੂੰ ਇਹ ਯਕੀਨ ਦਿਵਾਉਣ 'ਚ ਲੱਗਿਆ ਹੋਇਆ ਸੀ ਕਿ ਉਹ ਰੂਸ ਵੱਲ ਨਹੀਂ ਅਮਰੀਕਾ ਵੱਲ ਸੀ। ਉਨ੍ਹਾਂ ਵੇਲਿਆਂ 'ਚ ਸਾਹਿਰ ਨੇ ਇਹ ਨਜ਼ਮ ਇੱਕ ਮੁਜ਼ਾਹਰੇ ਵਿਚ ਪੂਰੇ ਜੋਸ਼ ਨਾਲ ਪੜ੍ਹੀ ਤੇ ਜਦ ਇਹ ਕਲਾਮ ਛਪਿਆ ਤਾਂ ਉਸ ਨੂੰ ਪਾਕਿਸਤਾਨ ਸਰਕਾਰ ਵੱਲੋਂ ਧਮਕੀਆਂ ਮਿਲਣ ਲੱਗੀਆਂ ਤੇ ਗ੍ਰਿਫ਼ਤਾਰੀ ਵਾਰੰਟ ਜਾਰੀ ਕਰ ਦਿੱਤੇ ਗਏ।

ਉਸ ਨੂੰ ਅਹਿਸਾਸ ਹੋਇਆ ਕਿ ਪਾਕਿਸਤਾਨ ਵਿਚ ਰਹਿਣਾ ਠੀਕ ਨਹੀਂ। ਇਸ ਲਈ 1949 ਵਿਚ ਉਹ ਲਾਹੌਰ ਛੱਡ ਕੇ ਦਿੱਲੀ ਆ ਗਿਆ ਤੇ ਦੋ ਮਹੀਨੇ ਬਾਅਦ ਬੰਬਈ (ਹੁਣ ਮੁੰਬਈ) ਪੁੱਜ ਗਿਆ। ਉਥੇ ਅੰਧੇਰੀ ਇਲਾਕੇ ਵਿਚ ਰਹਿਣ ਲੱਗ ਪਿਆ। ਫਿਲਮ ਨਗਰੀ ਵਿਚ ਸਾਹਿਰ ਨੇ ਨਗ਼ਮਾਨਿਗ਼ਾਰ ਵਜੋਂ ਕਿਸਮਤ ਅਜ਼ਮਾਈ ਤੇ ਪੂਰੀ ਕਾਮਯਾਬੀ ਹਾਸਲ ਕੀਤੀ। 1970 ਵਿਚ ਉਸ ਨੇ ਆਪਣਾ ਬੰਗਲਾ 'ਪਰਛਾਈਆਂ' ਬਣਵਾਇਆ ਤੇ ਆਪਣੀ ਮੌਤ ਤੱਕ ਉਸੇ ਘਰ ਵਿਚ ਹੀ ਰਿਹਾ। ਲਾਹੌਰ 'ਚ ਉਹ ਕਮਿਊਨਿਸਟ ਪਾਰਟੀ ਵਿਚ 'ਪ੍ਰੋਗਰੈਸਿਵ ਰਾਈਟਰਜ਼ ਤਨਜ਼ੀਮ' ਦਾ ਮੈਂਬਰ ਸੀ। ਇਸ ਲਈ 1940ਵਿਆਂ-1950ਵਿਆਂ ਦੌਰਾਨ ਉਹਦੀ ਸ਼ਾਇਰੀ ਤੇ ਫਿਲਮੀ ਨਗ਼ਮਿਆਂ ਵਿਚ ਇਸੇ ਤਰ੍ਹਾਂ ਦੀ ਸੋਚ ਹਾਵੀ ਰਹੀ। ਫਿਲਮੀ ਖੇਤਰ ਵਿਚ ਸਭ ਤੋਂ ਪਹਿਲਾਂ 1949 ਵਿਚ 'ਆਜ਼ਾਦੀ ਕੀ ਰਾਹ' ਲਈ ਨਗ਼ਮੇ ਲਿਖਣ ਦਾ ਕੰਮ ਮਿਲਿਆ, ਜਿਸ ਦਾ ਇੱਕ ਨਗ਼ਮਾ ਸੀ 'ਬਦਲ ਰਹੀ ਹੈ ਜ਼ਿੰਦਗੀ...!' 1957 ਵਿਚ ਆਈ ਫਿਲਮ 'ਨਯਾ ਦੌਰ' ਵਿਚ ਉਸ ਦਾ ਨਗ਼ਮਾ 'ਸਾਥੀ ਹਾਥ ਬੜਾਨਾ' ਉਸ ਫਿਲਮ ਦੇ ਥੀਮ ਵਿਚ ਬਹੁਤ ਫਿੱਟ ਵੀ ਹੋਇਆ ਤੇ ਬੜਾ ਹਿੱਟ ਵੀ ਹੋਇਆ। ਉਸ ਦੇ ਲਿਖੇ ਗੀਤਾਂ 'ਉਤੇਂ ਜਬ-ਜਬ ਜ਼ੁਲਫ਼ੇਂ ਤੇਰੀ', 'ਰੇਸ਼ਮੀ ਸਲਵਾਰ ਕੁਰਤਾ ਜਾਲੀ ਕਾ' ਨੇ ਤਹਿਲਕਾ ਮਚਾ ਦਿੱਤਾ। ਇਸ ਫਿਲਮ ਦੇ ਪੰਜਾਬੀ ਸੰਗੀਤਕਾਰ ਸਨ ਓ ਪੀ ਨਈਅਰ। ਉਥੇ ਲੇਖਕ ਕੇਵਲ ਧੀਰ ਨੇ ਲੁਧਿਆਣੇ ਵਿਚ 'ਜਸ਼ਨੇ ਸਾਹਿਰ ਸਾਲਾਨਾ ਮੁਸ਼ਾਇਰਾ' ਸ਼ੁਰੂ ਕੀਤਾ। 1975 ਵਾਲੇ ਮੁਸ਼ਾਇਰੇ ਵਿਚ ਸਾਹਿਰ ਲੁਧਿਆਣਵੀ ਨੇ ਖ਼ੁਦ ਸ਼ਿਰਕਤ ਕੀਤੀ ਸੀ। ਮੈਂ (ਲੇਖਕ) ਉਦੋਂ ਡਾਕਟਰੀ ਦੀ ਪੜ੍ਹਾਈ ਦੇ ਆਖ਼ਰੀ ਸਾਲ ਵਿਚ ਮੈਡੀਕਲ ਕਾਲਜ ਅੰਮ੍ਰਿਤਸਰ ਵਿਚ ਸਾਂ। ਸਾਹਿਰ ਦੇ ਲੁਧਿਆਣੇ ਦੌਰੇ 'ਤੇ ਕਵੀ ਦਰਬਾਰ ਵਿਚ ਆਉਣ ਦੀਆਂ ਖ਼ਬਰਾਂ ਅਖ਼ਬਾਰਾਂ ਵਿਚ ਪੜ੍ਹੀਆਂ ਸਨ। ਬਾਕੀ ਸ਼ਾਇਰਾਂ ਦੇ ਨਾਲ-ਨਾਲ ਜਦ ਸਾਹਿਰ ਨੂੰ ਵੀ ਖ਼ਰਚੇ/ ਮਿਹਨਤਾਨੇ ਵਜੋਂ ਇੱਕ ਲਿਫ਼ਾਫ਼ੇ ਵਿਚ ਕੁਝ ਰੁਪਏ ਦੇਣ ਦੀ ਕੋਸ਼ਿਸ਼ ਕੀਤੀ ਗਈ ਤਾਂ ਉਹਨੇ ਲਿਫ਼ਾਫ਼ਾ ਲੈਣ ਤੋਂ ਨਾਂਹ ਕਰ ਦਿੱਤੀ ਤੇ ਕਿਹਾ, 'ਮੈਂ ਇੱਥੇ ਕੋਈ ਪ੍ਰਾਹੁਣਾ ਨਹੀਂ, ਮੇਜ਼ਬਾਨ ਹਾਂ।' ਕਾਲਜ ਦੇ ਆਡੀਟੋਰੀਅਮ ਦਾ ਨਾਮ ਸਾਹਿਰ ਲੁਧਿਆਣਵੀ ਦੇ ਨਾਂ 'ਤੇ ਰੱਖਿਆ ਗਿਆ ਸੀ। ਸਾਹਿਰ ਦੀ ਜ਼ਹੀਨ, ਸੰਜੀਦਾ ਤੇ ਉਮਦਾ ਸ਼ਾਇਰੀ ਦਾ ਇੱਕ ਨਮੂਨਾ ਫਿਲਮ 'ਗੁਮਰਾਹ' ਦੇ ਨਗ਼ਮੇ ਦੀਆਂ ਕੁਝ ਸਤਰਾਂ ਤੋਂ ਲਿਆ ਜਾ ਸਕਦਾ ਹੈ: 'ਚਲੋ ਇਕ ਬਾਰ ਫਿਰ ਸੇ ਅਜਨਬੀ ਬਨ ਜਾਏਂ ਹਮ ਦੋਨੋਂ...!'

'ਕੁੱਲ ਆਲਮ ਦੇ ਉਰਦੂ-ਹਿੰਦੀ ਸਮਝਣ ਵਾਲੇ ਲੋਕ ਇਹ ਜਾਣਦੇ ਹਨ ਕਿ ਫਿਲਮ 'ਬਰਸਾਤ ਕੀ ਰਾਤ' ਦੀ ਸ਼ਾਇਦ ਪਹਿਲੀ ਤੇ ਆਖ਼ਰੀ ਕੱਵਾਲੀ ਹੈ ਜਿਸ ਦੀ ਗੰਗਾ ਜਮੁਨੀ ਤਹਿਜ਼ੀਬ



ਵਾਲੀ ਗੀਤਕਾਰੀ ਦਾ ਘੇਰਾ ਬਹੁਤ ਵਿਸ਼ਾਲ ਹੈ ਅਤੇ ਇਸ ਦਾ ਰਚਨਾਕਾਰ ਸਾਹਿਰ ਲੁਧਿਆਣਵੀ ਹੈ। ਇਹ ਕੱਵਾਲੀ ਮੰਨਾ ਡੇਅ, ਆਸ਼ਾ ਭੌਂਸਲੇ, ਮੁਹੰਮਦ ਰਫ਼ੀ, ਸੁਧਾ ਮਲਹੋਤਰਾ, ਐਸ ਡੀ ਬਾਤਿਸ਼ ਗਾਇਕਾਂ ਨੇ ਗਾਈ ਤੇ ਰੌਸ਼ਨ ਨੇ ਇਸ ਦਾ ਸੰਗੀਤ ਦਿੱਤਾ। ਇਸ ਦੇ ਅਲਫ਼ਾਜ਼ ਹਨ: 'ਨਾ ਤੋ ਕਾਰਵਾਂ ਕੀ ਤਲਾਸ਼ ਹੈ, ਨਾ ਤੋ ਹਮਸਫ਼ਰ ਕੀ ਤਲਾਸ਼ ਹੈ, ਮੇਰੇ ਸ਼ੌਕੇ ਖ਼ਾਨਾ ਖ਼ਰਾਬ ਕੋ ਤੇਰੀ ਰਹਿਗੁਜ਼ਰ ਕੀ ਤਲਾਸ਼ ਹੈ।' ਸਾਹਿਰ ਦੋਵਾਂ ਮੁਲਕਾਂ (ਭਾਰਤ ਤੇ ਪਾਕਿਸਤਾਨ) ਦੇ ਸ਼ਹਿਰਾਂ ਵਿਚ ਰਿਹਾ, ਦੋਵਾਂ ਮੁਲਕਾਂ ਦੀਆਂ ਹਕੂਮਤਾਂ ਵੀ ਦੇਖੀਆਂ, ਬਾਸ਼ਿੰਦਿਆਂ ਵਿਚ ਵੀ ਵਿਚਰਿਆ ਤੇ ਜੰਗਾਂ ਵੀ ਦੇਖੀਆਂ। ਉਹਦਾ ਮਨ ਬਹੁਤ ਤਲਖ਼ ਰਹਿੰਦਾ ਸੀ। ਉਹਨੇ ਦਿਲ ਦੀ ਆਵਾਜ਼ ਕਲਮ ਦੇ ਜ਼ਰੀਏ ਕਾਗ਼ਜ਼ 'ਤੇ ਇੰਜ ਉਤਾਰੀ: ਖ਼ੂਨ ਅਪਨਾ ਹੋ ਯਾ ਪਰਾਯਾ ਹੋ, ਨਸਲੇ ਆਦਮ ਕਾ ਖ਼ੂਨ ਹੈ ਆਖ਼ਰ; ਜੰਗ ਮਗ਼ਰਿਬ ਮੇਂ ਹੋ ਕਿ ਮਸ਼ਰਿਕ ਮੇਂ, ਅਮਨੇ ਆਲਮ ਕਾ ਖ਼ੂਨ ਹੈ ਆਖ਼ਰ...! ਇਸ ਲੀਏ ਐ ਸ਼ਰੀਫ਼ ਇਨਸਾਨੋਂ, ਜੰਗ ਟਲਤੀ ਰਹੇ ਤੋ ਬਿਹਤਰ ਹੈ, ਆਪ ਔਰ ਹਮ ਸਭੀ ਕੇ ਆਂਗਨ ਮੇਂ, ਸ਼ਮ੍ਹਾਂ ਜਲਤੀ ਰਹੇ ਤੋ ਬਿਹਤਰ ਹੈ...!

ਸਾਹਿਰ ਲੁਧਿਆਣਵੀ ਵਾਹਿਦ ਨਗ਼ਮਾਨਿਗ਼ਾਰ ਸੀ, ਜਿਸ ਦੇ ਗਾਣੇ ਤੇ ਕੱਵਾਲੀ ਆਦਿ ਦੀ ਰਿਕਾਰਡਿੰਗ ਵੇਲੇ ਕਿਸੇ ਵੀ ਪ੍ਰੋਡਿਊਸਰ ਜਾਂ ਗਾਇਕ ਦੀ ਮਜਾਲ ਨਹੀਂ ਸੀ ਹੁੰਦੀ ਕਿ ਉਸ ਦੀ ਰਚਨਾ ਦਾ ਇੱਕ ਵੀ ਲਫ਼ਜ਼ ਇੱਧਰ-ਉੱਧਰ ਕਰ ਸਕੇ। 'ਯੇ ਦੁਨੀਆ ਅਗਰ ਮਿਲ ਭੀ ਜਾਏ ਤੋ ਕਿਆ ਹੈ' (ਪਿਆਸਾ),

## ਸਾਹਿਰ ਲੁਧਿਆਣਵੀ ਦੇ ਜਨਮ ਦਿਨ 'ਤੇ ਵਿਸ਼ੇਸ਼

'ਤੂ ਹਿੰਦੂ ਬਨੇਗਾ ਨਾ ਮੁਸਲਮਾਨ ਬਨੇਗਾ' (ਧੂਲ ਕਾ ਫੂਲ), 'ਜ਼ਿੰਦਗੀ ਭਰ ਨਹੀਂ ਭੂਲੇਗੀ ਵੋ ਬਰਸਾਤ ਕੀ ਰਾਤ', 'ਨਾ ਤੋ ਕਾਰਵਾਂ ਕੀ ਤਲਾਸ਼ ਹੈ ਨਾ ਤੋ ਹਮਸਫ਼ਰ ਕੀ ਤਲਾਸ਼ ਹੈ' (ਬਰਸਾਤ ਕੀ ਰਾਤ), 'ਮੈਂ ਜ਼ਿੰਦਗੀ ਕਾ ਸਾਥ ਨਿਭਾਤਾ ਚਲਾ ਗਯਾ', 'ਅਭੀ ਨਾ ਜਾਓ ਛੋੜ ਕਰ ਕਿ ਦਿਲ ਅਭੀ ਭਰਾ ਨਹੀਂ', 'ਅੱਲਾਹ ਤੇਰੋ ਨਾਮ ਜੋ ਧਿਆਏ ਸੁਖ ਪਾਏ' (ਹਮ ਦੋਨੋਂ), 'ਬਾਬੁਲ ਕੀ ਦੁਆਏਂ ਲੇਤੀ ਜਾ' (ਨੀਲ ਕਮਲ), 'ਮੈਂ ਪਲ ਦੋ ਪਲ ਕਾ ਸ਼ਾਇਰ ਹੂੰ' (ਕਭੀ ਕਭੀ) ਆਦਿ ਉਸ ਦੇ ਸਦਾਬਹਾਰ ਗੀਤ ਹਨ।

ਸਾਹਿਰ ਦਾ ਜ਼ਿਕਰ ਹੋਵੇ ਤੇ ਅੰਮ੍ਰਿਤਾ ਪ੍ਰੀਤਮ ਨਾਲ ਰਿਸ਼ਤੇ ਦੀ ਗੱਲ ਨਾ ਹੋਵੇ, ਇਹ ਕਿਵੇਂ ਹੋ ਸਕਦਾ ਹੈ? ਉਹ ਦੋਵੇਂ ਪਹਿਲੀ ਵਾਰ 1944 ਵਿਚ ਪ੍ਰੀਤਨਗਰ ਵਿਚ ਇੱਕ ਮੁਸ਼ਾਇਰੇ ਦੌਰਾਨ ਮਿਲੇ। ਅੰਮ੍ਰਿਤਾ ਦਿੱਲੀ ਤੋਂ ਪੁੱਜੀ ਅਤੇ ਸਾਹਿਰ ਲਾਹੌਰ ਤੋਂ ਪੁੱਜਾ ਸੀ। ਉਸ ਵੇਲੇ ਅੰਮ੍ਰਿਤਾ ਦੀ ਪ੍ਰੀਤਮ ਸਿੰਘ ਨਾਲ ਸ਼ਾਦੀ ਹੋ ਚੁੱਕੀ ਸੀ। ਅੰਮ੍ਰਿਤਾ ਇਸ ਵਿਆਹ ਤੋਂ ਖ਼ੁਸ਼ ਨਹੀਂ ਸੀ। ਸਾਹਿਰ-ਅੰਮ੍ਰਿਤਾ ਨੇ ਇਹ ਮੁਹੱਬਤ ਕਿਸੇ ਨੂੰ ਜ਼ਾਹਿਰ ਨਾ ਕੀਤੀ। ਉਨ੍ਹਾਂ ਦਰਮਿਆਨ ਮੁਹੱਬਤਾਂ ਦੀ ਖ਼ਤੋ-ਕਿਤਾਬਤ ਚਲਦੀ ਰਹੀ। ਕੁਝ ਵਕਤ ਐਸਾ ਵੀ ਗੁਜ਼ਰਿਆ ਜਦ ਦੋਵੇਂ ਲਾਹੌਰ ਵਿਚ ਹੀ ਸਨ। ਮੁਲਕ ਵੰਡਿਆ ਗਿਆ ਤੇ ਅੰਮ੍ਰਿਤਾ ਆਪਣੇ ਪਤੀ ਪ੍ਰੀਤਮ ਸਿੰਘ ਨਾਲ ਦਿੱਲੀ ਪੁੱਜ ਗਈ ਤੇ ਬਾਅਦ ਵਿਚ ਸਾਹਿਰ ਬੰਬਈ ਚਲਾ ਗਿਆ। ਸਾਹਿਰ ਤੇ ਅੰਮ੍ਰਿਤਾ ਦਾ ਰੁਮਾਂਸ ਤਾਂ ਗੂੜ੍ਹਾ, ਪਰ ਫ਼ਾਸਲਿਆਂ ਤੇ ਖ਼ਤੋ-ਕਿਤਾਬਤ ਵਾਲਾ ਸੀ। ਸਾਹਿਰ ਪ੍ਰੇਮ ਪੱਤਰ ਤਾਂ ਲਿਖਦਾ ਰਿਹਾ, ਪਰ ਉਹ ਫ਼ਾਸਲੇ ਖ਼ਤਮ ਨਾ ਕਰ ਸਕਿਆ। ਪਰ ਅੰਮ੍ਰਿਤਾ ਆਪਣੀਆਂ ਲਿਖਤਾਂ ਵਿਚ ਉਸ ਨੂੰ ਮੇਰਾ ਸ਼ਾਇਰ, ਮੇਰਾ ਮਹਿਬੂਬ, ਮੇਰਾ ਖ਼ੁਦਾ ਤੇ ਮੇਰਾ ਦੇਵਤਾ ਕਹਿੰਦੀ ਹੈ। ਆਪਣੀ ਜੀਵਨੀ 'ਰਸੀਦੀ ਟਿਕਟ' ਵਿਚ ਅੰਮ੍ਰਿਤਾ ਨੇ ਸਾਰੇ ਰਾਜ਼ ਖੋਲ੍ਹ ਦਿੱਤੇ: 'ਜਦ ਕਦੀ ਅਸੀਂ ਮਿਲਦੇ, ਇਕੱਠੇ ਬੈਠਦੇ ਸਾਂ ਤਦ ਵੀ ਵਧੇਰੇ ਸਮਾਂ ਸੰਨਾਟਾ ਹੀ ਰਹਿੰਦਾ। ਗੱਲਬਾਤ ਘੱਟ ਹੀ ਹੁੰਦੀ ਸੀ। ਉਹ ਲਗਾਤਾਰ ਸਿਗਰਟ ਪੀਂਦਾ ਰਹਿੰਦਾ ਤੇ ਉਹਦੇ ਜਾਣ ਤੋਂ ਬਾਅਦ ਉਹਦੇ ਬੁੱਲ੍ਹਾਂ ਦੇ ਛਾਪੇ ਵਾਲੇ ਸਿਗਰਟਾਂ ਦੇ ਟੋਟੇ 'ਕੱਠੇ ਕਰਕੇ ਮੈਂ ਆਪਣੇ ਬੁੱਲ੍ਹਾਂ ਵਿਚ ਰੱਖ ਕੇ, ਬੁੱਲ੍ਹ ਮੀਚ ਲੈਂਦੀ।' ਇਹ ਮੁਹੱਬਤ ਅੰਮ੍ਰਿਤਾ ਦੀ ਸ਼ਾਇਰੀ ਵਿਚ ਵੀ ਉਘੜ ਕੇ ਸਾਹਮਣੇ ਆਉਂਦੀ ਹੈ। ਸਾਹਿਰ ਨੇ ਪੂਰੀ ਜ਼ਿੰਦਗੀ ਸਿਰਫ਼ ਇੱਕ ਹੀ ਪਿਆਰ ਕੀਤਾ, ਉਹ ਪਿਆਰ ਸੀ ਆਪਣੀ ਮਾਂ ਦੇ ਨਾਲ। ਅਦਬ ਤੇ ਸ਼ਾਇਰੀ ਦੀਆਂ ਉਘੀਆਂ ਸ਼ਖ਼ਸੀਅਤਾਂ ਮੁਨੀਰ ਨਿਆਜ਼ੀ, ਅਹਿਮਦ ਰਾਹੀ, ਇਬਨੇ ਇਨਸ਼ਾ, ਨਾਸਿਰ ਕਾਜ਼ਮੀ ਤੇ ਸਾਹਿਰ ਲੁਧਿਆਣਵੀ ਗੂੜ੍ਹੇ ਦੋਸਤ ਸਨ।

ਜੱਦੋ-ਜਹਿਦ, ਤਲਖ਼ੀਆਂ ਤੇ ਸੰਨਾਟੇ ਨਾਲ ਭਰਿਆ ਛੇ ਫੁੱਟ ਲੰਮਾ ਇਹ ਜ਼ਹੀਨ ਸ਼ਾਇਰ ਸਿਰਫ਼ 59 ਸਾਲਾਂ ਦੀ ਉਮਰ ਭੋਗ ਕੇ 25 ਅਕਤੂਬਰ 1980 ਨੂੰ ਅਚਾਨਕ ਦਿਲ ਦਾ ਦੌਰਾ ਪੈਣ ਕਰਕੇ ਮੁੰਬਈ 'ਚ ਇਸ ਫ਼ਾਨੀ ਜਹਾਨ ਤੋਂ ਕੂਚ ਕਰ ਗਿਆ। ਸਾਹਿਰ ਲੁਧਿਆਣਵੀ ਨੇ ਇਹ ਸਤਰਾਂ ਸ਼ਾਇਦ ਆਪਣੇ ਲਈ ਹੀ ਲਿਖੀਆਂ ਸਨ: 'ਕਲ ਔਰ ਆਏਂਗੇ ਨਗ਼ਮੋਂ ਕੀ ਖਿਲਤੀ ਕਲੀਆਂ ਚੁਨਨੇ ਵਾਲੇ, ਮੁਝ ਸੇ ਬਿਹਤਰ ਕਹਿਨੇ ਵਾਲੇ ਤੁਮ ਸੇ ਬਿਹਤਰ ਸੁਨਨੇ ਵਾਲੇ...!'

# ਇਨਸਾਨ ਤੇ ਉਸਦੀ ਸੋਚ

ਮੌਜੂਦਾ ਦੌਰ ਸਾਇੰਸ, ਟੈਕਨਾਲੋਜੀ ਤੇ ਮਾਦੀ ਤਰੱਕੀ ਦਾ ਦੌਰ ਹੈ। ਹਰ ਪਾਸੇ ਨਵੀਆਂ ਇਜਾਦਾਂ, ਸਹੂਲਤਾਂ ਤੇ ਵਸੀਲੇ ਮੌਜੂਦ ਹਨ। ਮੋਬਾਈਲ ਫੋਨ, ਇੰਟਰਨੈੱਟ, ਦੌਲਤ, ਤਾਕਤ ਤੇ ਜਦੀਦ ਹਥਿਆਰ-ਇਹ ਸਭ ਇਨਸਾਨ ਦੀ ਸਹੂਲਤ ਲਈ ਬਣਾਏ ਗਏ ਸਨ। ਪਰ ਜਦੋਂ ਇਨ੍ਹਾਂ ਚੀਜ਼ਾਂ ਦਾ ਗਲਤ ਇਸਤੇਮਾਲ ਹੁੰਦਾ ਹੈ ਤਾਂ ਅਕਸਰ ਲੋਕ ਚੀਜ਼ਾਂ ਨੂੰ ਹੀ ਕਸੂਰਵਾਰ ਠਹਿਰਾ ਦੇਂਦੇ ਹਨ। ਹਾਲਾਂਕਿ ਅਸਲ ਖ਼ਰਾਬੀ ਇਨਸਾਨ ਦੀ ਸੋਚ, ਨੀਅਤ ਤੇ ਤਰਜੀਹਾਂ ਵਿਚ ਹੁੰਦੀ ਹੈ।



ਤਾਰੀਖ਼ ਗਵਾਹ ਹੈ ਕਿ ਹਰ ਦੌਰ ਵਿਚ ਉਹੀ ਚੀਜ਼ਾਂ ਇਨਸਾਨ ਦੀ ਭਲਾਈ ਦਾ ਸਬਬ

**ਪ੍ਰੋ:ਅਮਾਨਤ ਗਿੱਲ ਲਾਹੌਰ**

ਵੀ ਬਣੀਆਂ ਤੇ ਤਬਾਹੀ ਦਾ ਜ਼ਰੀਆ ਵੀ। ਇਹ ਫ਼ਰਕ ਸਿਰਫ਼ ਸੋਚ ਦਾ ਸੀ। ਜਿੱਥੇ ਸੋਚ ਮੁਸਬਤ ਰਹੀ, ਓਥੇ ਤਰੱਕੀ, ਅਮਨ ਤੇ ਖ਼ੁਸ਼ਹਾਲੀ ਆਈ। ਜਿੱਥੇ ਸੋਚ ਮਨਫ਼ੀ ਹੋਈ, ਓਥੇ ਨਫ਼ਰਤ, ਫ਼ਸਾਦ ਤੇ ਜ਼ੁਲਮ ਨੇ ਜਨਮ ਲਿਆ। ਇਸ ਸਮਾਜੀ ਤਨਾਜ਼ਰ ਵਿਚ ਇਹ ਮੌਜ਼ੂ ਬਹੁਤ ਅਹਿਮ ਹੈ ਕਿ ਸ਼ੈ ਆਪਣੀ ਜ਼ਾਤ ਵਿਚ ਬੁਰੀ ਨਹੀਂ ਹੁੰਦੀ, ਸਗੋਂ ਇਨਸਾਨ ਦੀ ਮਨਫ਼ੀ ਸੋਚ ਉਸਨੂੰ ਬੁਰਾ ਬਣਾ ਦਿੰਦੀ ਹੈ।

ਇਸ ਪਸ-ਮੰਜ਼ਰ ਵਿਚ ਇਹ ਬਹਿਸ ਜਨਮ ਲੈਂਦੀ ਹੈ ਕਿ ਅਸਲ ਇਸਲਾਹ ਚੀਜ਼ਾਂ ਦੀ ਨਹੀਂ ਬਲਕਿ ਇਨਸਾਨੀ ਫ਼ਿਕਰ ਦੀ ਲੋੜ ਹੈ, ਕਿਉਂਕਿ ਸੋਚ ਦੀ ਦਰੁਸਤੀ ਨਾਲ ਹੀ ਸਮਾਜ ਸਹੀ ਦਿਸ਼ਾ ਇਖ਼ਤਿਆਰ ਕਰ ਸਕਦਾ ਹੈ।

ਇਨਸਾਨੀ ਜ਼ਿੰਦਗੀ ਵਿਚ ਬੇਸ਼ੁਮਾਰ ਚੀਜ਼ਾਂ ਮੌਜੂਦ ਹਨ। ਉਨ੍ਹਾਂ ਵਿਚੋਂ ਕੋਈ ਵੀ ਸ਼ੈ ਆਪਣੀ ਜ਼ਾਤ ਵਿਚ ਨਾ ਅੱਛੀ ਹੁੰਦੀ ਹੈ ਤੇ ਨਾ ਬੁਰੀ। ਅਸਲ ਫ਼ੈਸਲਾ ਇਨਸਾਨ ਦੀ ਸੋਚ ਤੇ ਨੀਅਤ ਕਰਦੇ ਹਨ। ਜਿਹੜੀ ਚੀਜ਼ ਇਕ ਬੰਦੇ ਲਈ ਫ਼ਾਇਦੇਮੰਦ ਹੈ, ਓਹੀ ਚੀਜ਼ ਦੂਜੇ ਲਈ ਨੁਕਸਾਨ ਦਾ ਸਬਬ ਬਣ ਸਕਦੀ ਹੈ। ਇਸ ਲਈ ਹਕੀਕਤ ਇਹ ਹੈ।

ਮਿਸਾਲ ਦੇ ਤੌਰ ਤੇ ਛੁਰੀ ਇਕ ਆਮ ਸ਼ੈ ਹੈ। ਉਸ ਨਾਲ ਸਬਜ਼ੀ ਵੀ ਕੱਟੀ ਜਾਂਦੀ ਹੈ ਤੇ ਓਹੀ ਛੁਰੀ ਕਿਸੇ ਨੂੰ ਜ਼ਖ਼ਮੀ ਵੀ ਕਰ ਸਕਦੀ ਹੈ। ਕਸੂਰ ਛੁਰੀ ਦਾ ਨਹੀਂ ਸਗੋਂ ਉਸ ਹੱਥ ਦਾ ਹੈ ਜੋ ਉਸਨੂੰ ਕਿਸ ਮਕਸਦ ਲਈ ਵਰਤਦਾ ਹੈ। ਇਹ ਅਸੂਲ ਹਰ ਚੀਜ਼ 'ਤੇ ਲਾਗੂ ਹੁੰਦਾ ਹੈ- ਦੌਲਤ, ਤਾਕਤ, ਇਲਮ, ਇੱਥੋਂ ਤੱਕ ਕਿ ਜ਼ੁਬਾਨ ਵੀ। ਇਹ ਸਭ ਨੇਮਤਾਂ ਹਨ। ਪਰ ਜੇ ਸੋਚ ਖ਼ਰਾਬ ਹੋਵੇ ਤਾਂ ਦੌਲਤ ਲਾਲਚ ਬਣ ਜਾਂਦੀ ਹੈ, ਤਾਕਤ ਜ਼ੁਲਮ ਵਿਚ ਬਦਲ ਜਾਂਦੀ ਹੈ ਤੇ ਇਲਮ ਫ਼ਰੇਬ ਦਾ ਹਥਿਆਰ ਬਣ ਸਕਦਾ ਹੈ।

ਸਾਡੀ ਰੋਜ਼ਮਰਰਾ ਜ਼ਿੰਦਗੀ ਵਿਚ ਸੋਸ਼ਲ ਮੀਡੀਆ, ਮੋਬਾਈਲ ਫੋਨ ਜਾਂ ਜਦੀਦ ਟੈਕਨਾਲੋਜੀ ਦੀ ਮਿਸਾਲ ਵੀ ਸਾਹਮਣੇ ਹੈ। ਇਹ ਚੀਜ਼ਾਂ ਇਲਮ, ਰਾਬਤੇ ਤੇ ਆਸਾਨੀ ਦਾ ਜ਼ਰੀਆ ਬਣ ਸਕਦੀਆਂ ਹਨ, ਪਰ ਜੇ ਸੋਚ ਮਨਫ਼ੀ ਹੋਵੇ ਤਾਂ ਇਹ ਵਕਤ ਜ਼ਾਇਆ ਕਰਨ, ਝੂਠ ਫੈਲਾਉਣ ਜਾਂ ਨਫ਼ਰਤ ਅਗਾਉਣ ਦਾ ਜ਼ਰੀਆ ਵੀ ਬਣ ਜਾਂਦੀਆਂ ਹਨ। ਇਸ ਤੋਂ ਸਾਬਤ ਹੁੰਦਾ ਹੈ ਕਿ ਖ਼ਰਾਬੀ ਚੀਜ਼ ਵਿਚ ਨਹੀਂ ਸਗੋਂ ਇਨਸਾਨ ਦੇ ਜ਼ਹਿਨ ਵਿਚ ਹੈ।

ਇਨਸਾਨ ਦੀ ਸੋਚ ਉਹ ਆਇਨਾ ਹੈ ਜਿਸ ਵਿਚੋਂ ਉਹ ਦੁਨੀਆ ਨੂੰ ਵੇਖਦਾ ਹੈ। ਜੇ ਆਇਨਾ ਸਾਫ਼ ਹੋਵੇ ਤਾਂ ਮਨਜ਼ਰ ਵੀ ਸਾਫ਼ ਨਜ਼ਰ ਆਉਂਦਾ ਹੈ, ਪਰ ਜੇ ਆਇਨਾ ਮੈਲਾ ਹੋਵੇ




ਤਾਂ ਹਰ ਚੀਜ਼ ਧੁੰਦਲੀ ਲੱਗਦੀ ਹੈ। ਮੁਸਬਤ ਸੋਚ ਇਨਸਾਨ ਨੂੰ ਬਰਦਾਸ਼ਤ, ਮੁਹੱਬਤ ਤੇ ਭਲਾਈ ਵੱਲ ਲੈ ਜਾਂਦੀ ਹੈ, ਜਦਕਿ ਮਨਫ਼ੀ ਸੋਚ ਨਫ਼ਰਤ, ਹਸਦ ਤੇ ਫ਼ਸਾਦ ਪੈਦਾ ਕਰਦੀ ਹੈ।

ਇਸ ਲਈ ਲੋੜ ਇਸ ਗੱਲ ਦੀ ਹੈ ਕਿ ਅਸੀਂ ਆਪਣੀ ਸੋਚ ਦੀ ਇਸਲਾਹ ਕਰੀਏ। ਬਰਦਾਸ਼ਤ, ਤਹਕੀਕ ਤੇ ਸ਼ਊਰ ਨਾਲ ਸੋਚ ਨੂੰ ਨਿਖਾਰਿਆ ਜਾ ਸਕਦਾ ਹੈ। ਜਦੋਂ ਇਨਸਾਨ ਆਪਣੀ ਨੀਅਤ ਸਾਫ਼ ਰੱਖਦਾ ਹੈ ਤਾਂ ਉਹ ਹਰ ਚੀਜ਼ ਨੂੰ ਖ਼ੈਰ ਦੇ ਕੰਮ ਲਈ ਵਰਤਦਾ ਹੈ।

ਆਖ਼ਿਰਕਾਰ ਦੁਨੀਆ ਦੀਆਂ ਚੀਜ਼ਾਂ ਬੇਜ਼ਬਾਨ ਹੁੰਦੀਆਂ ਹਨ; ਉਨ੍ਹਾਂ ਨੂੰ ਨਾ ਖ਼ੈਰ ਦਾ ਸ਼ਊਰ ਹੁੰਦਾ ਹੈ ਤੇ ਨਾ ਸ਼ਰ ਦਾ। ਅਸਲ ਇਖ਼ਤਿਆਰ ਇਨਸਾਨ ਕੋਲ ਹੈ। ਇਸ ਲਈ ਯਾਦ ਰੱਖਣਾ ਚਾਹੀਦਾ ਹੈ ਕਿ ਸ਼ੈ ਨਹੀਂ, ਸੋਚ ਬੁਰੀ ਹੁੰਦੀ ਹੈ। ਜੇ ਸੋਚ ਸੰਵਰ ਜਾਵੇ ਤਾਂ ਦੁਨੀਆ ਵੀ ਸੰਵਰ ਸਕਦੀ ਹੈ।

*ਮੁਕਦੀ ਗੱਲ*

ਆਖ਼ਿਰਕਾਰ ਇਹ ਗੱਲ ਵਾਜ਼ਹ ਹੋ ਜਾਂਦੀ ਹੈ ਕਿ ਦੁਨੀਆ ਦੀ ਕੋਈ ਵੀ ਚੀਜ਼ ਆਪਣੀ ਜ਼ਾਤ ਵਿਚ ਬੁਰੀ ਨਹੀਂ ਹੁੰਦੀ। ਛੁਰੀ, ਦੌਲਤ, ਤਾਕਤ ਜਾਂ ਜਦੀਦ ਟੈਕਨਾਲੋਜੀ, ਸਭ ਉਨ੍ਹਾਂ ਦੇ ਇਸਤੇਮਾਲ ਤੇ ਇਨਸਾਨ ਦੀ ਨੀਅਤ ਤੇ ਸੋਚ ਉੱਤੇ ਮੁਨਹਸਿਰ ਹੁੰਦੀਆਂ ਹਨ। ਜੇ ਸੋਚ ਮੁਸਬਤ, ਹਮਦਰਦਾਨਾ ਤੇ ਨੇਕ ਹੋਵੇ ਤਾਂ ਹਰ ਚੀਜ਼ ਖ਼ੈਰ ਦੇ ਕੰਮ ਲਈ ਵਰਤੀ ਜਾ ਸਕਦੀ ਹੈ। ਜੇ ਸੋਚ ਮਨਫ਼ੀ, ਖ਼ੁਦਗਰਜ਼ ਜਾਂ ਜ਼ੁਲਮ ਦੇ ਮਕਸਦ ਲਈ ਹੋਵੇ ਤਾਂ ਉਹੀ ਚੀਜ਼ ਨੁਕਸਾਨ ਤੇ ਫ਼ਸਾਦ ਦਾ ਜ਼ਰੀਆ ਬਣ ਜਾਂਦੀ ਹੈ।

ਇਸ ਲਈ ਸਭ ਤੋਂ ਜ਼ਰੂਰੀ ਹੈ ਕਿ ਇਨਸਾਨ ਆਪਣੀ ਸੋਚ ਨੂੰ ਸੁਧਾਰੇ, ਨੀਅਤ ਸਾਫ਼ ਰੱਖੇ ਤੇ ਹਰ ਚੀਜ਼ ਦਾ ਇਸਤੇਮਾਲ ਭਲਾਈ ਲਈ ਕਰੇ। ਯਾਦ ਰੱਖੋ, ਸ਼ੈਅ ਨਹੀਂ, ਸੋਚ ਬੁਰੀ ਹੁੰਦੀ ਹੈ। ਜੇ ਸੋਚ ਨੇਕ ਹੋਵੇ ਤਾਂ ਦੁਨੀਆ ਵੀ ਨੇਕ ਤੇ ਬਿਹਤਰ ਬਣ ਸਕਦੀ ਹੈ।

# ਫ਼ਿਲਮ ਲੋਕ

# ਜ਼ਿੱਦ ਅਤੇ ਹੌਸਲੇ ਦੀ ਮਿਸਾਲ ਤਾਪਸੀ ਪੰਨੂ



ਤਾਪਸੀ ਪੰਨੂ ਭਾਰਤੀ ਸਿਨੇਮਾ ਦੀਆਂ ਉਹ ਅਦਾਕਾਰਾਵਾਂ 'ਚੋਂ ਇਕ ਹੈ, ਜਿਨ੍ਹਾਂ ਨੇ ਆਪਣੀ ਬਹਾਦਰੀ, ਬੇਬਾਕੀ ਅਤੇ ਸਮਾਜਿਕ ਮੁੱਦਿਆਂ ਨੂੰ ਚੁੱਕਣ ਵਾਲੀਆਂ ਭੂਮਿਕਾਵਾਂ ਨਾਲ ਖ਼ਾਸ ਪਛਾਣ ਬਣਾਈ ਹੈ। ਹਾਲੀਆ ਰਿਲੀਜ਼ ਹੋਈ ਉਸ ਦੀ ਫਿਲਮ 'ਅੱਸੀ' ਨੇ ਇਕ ਵਾਰ ਮੁੜ ਉਸ ਨੂੰ ਸੁਰਖ਼ੀਆਂ ਵਿਚ ਲਿਆਂਦਾ ਹੈ। ਅਨੁਭਵ ਸਿਨਹਾ ਵੱਲੋਂ ਨਿਰਦੇਸ਼ਤ ਇਹ ਫਿਲਮ ਭਾਰਤ 'ਚ ਵੱਧ ਰਹੇ ਜਿਨਸੀ ਹਿੰਸਾ ਅਤੇ ਰੇਪ ਕਲਚਰ ਦੇ ਮਸਲੇ ਨੂੰ ਬਹੁਤ ਗੰਭੀਰਤਾ ਨਾਲ ਚੁੱਕਦੀ ਹੈ। ਫਿਲਮ ਦਾ ਨਾਂ 'ਅੱਸੀ' (ਜਿਸ ਦਾ ਅਰਥ ਹੈ 80) ਇਕ ਸਰਕਾਰੀ ਅੰਕੜੇ ਵੱਲ ਇਸ਼ਾਰਾ ਕਰਦਾ ਹੈ ਕਿ ਭਾਰਤ ਵਿਚ ਹਰ ਰੋਜ਼ ਲਗਪਗ 80 ਰੇਪ ਦੇ ਕੇਸ ਰਿਪੋਰਟ ਹੁੰਦੇ ਹਨ। ਇਹ ਸਿਰਫ਼ ਨੰਬਰ ਨਹੀਂ, ਸਗੋਂ ਸਮਾਜ ਦੀ ਬੇਬਸੀ ਤੇ ਸਿਸਟਮ ਦੀ ਨਾਕਾਮੀ ਦੀ ਇਕ ਤੀਬਰ ਯਾਦ ਦਿਵਾਉਣ ਵਾਲੀ ਤਸਵੀਰ ਹੈ।



## ਵਕੀਲ ਦੀ ਭੂਮਿਕਾ 'ਚ ਪੰਨੂ

'ਅੱਸੀ' ਇਕ ਕੋਰਟ ਰੂਮ ਡਰਾਮਾ ਫਿਲਮ ਹੈ, ਜਿਸ ਵਿਚ ਤਾਪਸੀ ਪੰਨੂ ਨੇ ਰਾਵੀ ਨਾਮਕ ਇਕ ਬਹਾਦਰ ਵਕੀਲ ਦੀ ਭੂਮਿਕਾ ਨਿਭਾਈ ਹੈ। ਕਹਾਣੀ ਦਾ ਕੇਂਦਰ ਇਕ ਸਕੂਲ ਟੀਚਰ ਪਰਿਮਾ (ਕਨੀ ਕੁਸਰੁਤੀ) ਹੈ, ਜਿਸ ਨੂੰ ਦਿੱਲੀ ਦੇ ਕੇਂਦਰੀ ਇਲਾਕੇ ਤੋਂ ਅਗਵਾ ਕੀਤਾ ਜਾਂਦਾ ਹੈ ਅਤੇ ਇਕ ਚੱਲਦੀ ਐੱਸਯੂਵੀ ਵਿਚ ਗੈਂਗ ਰੇਪ ' ਦਾ ਸ਼ਿਕਾਰ ਬਣਾਇਆ ਜਾਂਦਾ ਹੈ।ਬਾਅਦ 'ਚ ਉਸ ਨੂੰ ਰੇਲਵੇ ਟਰੈਕ 'ਤੇ ਸੁੱਟ ਦਿੱਤਾ ਜਾਂਦਾ ਹੈ। ਇਹ ਘਟਨਾ ਫਿਲਮ ਨੂੰ ਅੱਗੇ ਵਧਾਉਂਦੀ ਹੈ ਜਿੱਥੇ ਪਤੀ, ਵਕੀਲ ਅਤੇ ਇਕ ਅੰਡਰਕਵਰ ਏਜੰਟ (ਕੁਮੁਦ ਮਿਸ਼ਰਾ) ਮਿਲ ਕੇ ਨਿਆਂ ਦੀ ਲੜਾਈ ਲੜਦੇ ਹਨ ਪਰ ਸਿਸਟਮ ਦਾ ਭ੍ਰਿਸ਼ਟਾਚਾਰ, ਸਮਾਜ ਦੀ ਉਦਾਸੀਨਤਾ ਅਤੇ ਸਬੂਤਾਂ ਨੂੰ ਤਬਾਹ ਕਰਨ ਵਾਲੀਆਂ ਤਾਕਤਾਂ ਇਸ ਲੜਾਈ ਨੂੰ ਔਖਾ, ਬਣਾ ਦਿੰਦੀਆਂ ਹਨ।

## ਅਨੁਭਵ ਸਿਨਹਾ ਨਾਲ ਤੀਜੀ ਫਿਲਮ

ਅਨੁਭਵ ਸਿਨਹਾ ਨਾਲ ਤਾਪਸੀ ਦੀ ਇਹ ਤੀਜੀ ਫ਼ਿਲਮ ਹੈ। ਪਹਿਲਾਂ 'ਥੱਪੜ' ਵਿਚ ਉਸ ਨੇ ਘਰੇਲੂ ਹਿੰਸਾ ਵਿਰੁੱਧ ਆਵਾਜ਼ ਚੁੱਕੀ. ਸੀ. ਅਤੇ ਹੁਣ 'ਅੱਸੀ' 'ਚ ਜਿਨਸੀ ਹਿੰਸਾ ਦੇ ਸਖ਼ਤ ਮੁੱਦੇ ਨੂੰ ਛੇੜਿਆ ਹੈ। ਰਾਵੀ ਦਾ ਕਿਰਦਾਰ ਬਹੁਤ ਹੀ ਗੰਭੀਰ ਤੇ ਭਾਵੁਕ ਹੈ। ਉਹ ਨਾ ਸਿਰਫ਼ ਵਕੀਲ ਹੈ ਸਗੋਂ ਸਮਾਜ ਦੀ ਬੇਇਨਸਾਫ਼ੀ ਵਿਰੁੱਧ ਲੜਨ ਵਾਲੀ ਇਕ ਔਰਤ ਵੀ ਹੈ। ਤਾਪਸੀ ਨੇ ਇਸ ਰੋਲ ਲਈ ਸਕ੍ਰਿਪਟ ਪੜ੍ਹਦੇ ਸਮੇਂ ਬਹੁਤ ਭਾਵੁਕ ਹੋ ਕੇ ਰੋਣ ਦੀ ਗੱਲ ਕਹੀ ਸੀ। ਉਸ ਨੇ ਕਿਹਾ ਸੀ ਕਿ ਕੁਝ ਸੀਨ ਇੰਨੇ ਔਖੇ ਸਨ ਕਿ ਉਹ ਸਕ੍ਰਿਪਟ ਵਿਚਕਾਰ ਹੀ ਬੰਦ ਕਰ ਕੇ ਰੱਖ ਦਿੱਤੀ ਸੀ। ਫਿਰ ਵੀ ਉਸ ਨੇ ਇਸ 'ਚ ਕੰਮ ਕਰਨ ਦਾ ਫੈਸਲਾ ਕੀਤਾ ਕਿਉਂਕਿ ਉਹ ਮੰਨਦੀ ਹੈ ਕਿ ਅਜਿਹੀਆਂ ਕਹਾਣੀਆਂ ਨੂੰ ਸਕ੍ਰੀਨ 'ਤੇ ਲਿਆਉਣਾ ਜ਼ਰੂਰੀ ਹੈ।

## ਸਮਾਜ ਨੂੰ ਸ਼ੀਸ਼ਾ ਦਿਖਾਉਣ ਵਾਲੇ ਕਦਮ

ਇਹ ਸਭ ਕੁਝ ਤਾਪਸੀ ਦੀ ਸ਼ਖ਼ਸੀਅਸ ਨੂੰ ਦਰਸਾਉਂਦਾ ਹੈ। ਉਹ ਨਾ ਸਿਰਫ਼ ਅਦਾਕਾਰਾ ਹੈ ਸਗੋਂ ਇਕ ਔਰਤ ਹੈ ਜੋ ਆਪਣੇ ਅਨੁਭਵਾਂ ਨੂੰ ਸਾਂਝਾ ਕਰ ਕੇ ਬਦਲਾਅ ਲਿਆਉਣਾ ਚਾਹੁੰਦੀ ਹੈ। 'ਅੱਸੀ' ਵਰਗੀ ਫਿਲਮ ਉਸ ਦੇ ਕਰੀਅਰ ਦਾ ਇਕ ਹੋਰ ਮਹੱਤਵਪੂਰਣ ਕਦਮ ਹੈ, ਜਿੱਥੇ ਉਹ ਮਨੋਰੰਜਨ ਤੋਂ ਅੱਗੇ ਜਾ ਕੇ ਸਮਾਜ ਨੂੰ ਸ਼ੀਸ਼ਾ ਦਿਖਾਉਂਦੀ ਹੈ। ਭਾਵੇਂ ਬਾਕਸ ਆਫਿਸ 'ਤੇ ਸਫਲਤਾ ਘੱਟ ਮਿਲੀ ਪਰ ਇਸ ਫਿਲਮ ਨੇ ਚਰਚਾ ਛੇੜੀ, ਲੋਕਾਂ ਨੂੰ ਸੋਚਣ ਲਈ ਮਜਬੂਰ ਕੀਤਾ ਅਤੇ ਜਿਨਸੀ ਹਿੰਸਾ ਵਿਰੁੱਧ ਲੜਾਈ ਵਿਚ ਔਰਤਾਂ ਦੀ ਤਾਕਤ ਨੂੰ ਉਜਾਗਰ ਕੀਤਾ। ਤਾਪਸੀ ਨੇ ਸਾਬਤ ਕਰ ਦਿੱਤਾ ਹੈ ਕਿ ਅਦਾਕਾਰੀ ਸਿਰਫ਼ ਰੋਲ ਨਿਭਾਉਣਾ ਨਹੀਂ, ਸਗੋਂ ਸਮਾਜ ਨੂੰ ਬਦਲਣ ਦੀ ਕੋਸ਼ਿਸ਼ ਵੀ ਹੈ। 'ਅੱਸੀ' ਉਸ ਦੀ ਉਸੇ ਜ਼ਿੱਦ ਤੇ ਹੌਸਲੇ ਦੀ ਮਿਸਾਲ ਹੈ ਜੋ ਉਸ ਨੂੰ ਅੱਜ ਦੀ ਸਭ ਤੋਂ ਪ੍ਰਭਾਵਸ਼ਾਲੀ ਅਦਾਕਾਰਾਵਾਂ ਵਿੱਚੋਂ ਇਕ ਬਣਾਉਂਦੀ ਹੈ।

## ਸੈੱਟ ਦੀਆਂ ਅਸਹਿਜ ਸਥਿਤੀਆਂ 'ਤੇ ਰਾਏ

'ਅੱਸੀ' ਦੇ ਪ੍ਰਮੋਸ਼ਨ ਦੌਰਾਨ ਤਾਪਸੀ ਨੇ ਫਿਲਮ ਇੰਡਸਟਰੀ ਦੇ ਅਣਦੇਖੇ ਪਹਿਲੂਆਂ ਬਾਰੇ ਵੀ ਖੁੱਲ੍ਹ ਕੇ ਗੱਲ ਕੀਤੀ। ਉਸ ਨੇ ਦੱਸਿਆ ਕਿ ਸਾਊਥ ਸਿਨੇਮਾ 'ਚ ਔਰਤਾਂ ਦੇ ਨਾਭੀ 'ਤੇ ਫੋਕਸ ਜ਼ਿਆਦਾ ਹੁੰਦਾ ਹੈ। ਅਤੇ ਹਿੰਦੀ ਸਿਨੇਮਾ 'ਚ ਕਲੀਵੇਜ 'ਤੇ। ਉਸ ਨੇ ਸੈੱਟ 'ਤੇ ਅਸਹਿਜ ਸਥਿਤੀਆਂ ਬਾਰੇ ਵੀ ਗੱਲ ਕੀਤੀ।

# ਲੇਖਣੀ ਤੇ ਅਦਾਕਾਰੀ ਦਾ ਸਮੇਲ – ਕਾਦਰ ਖ਼ਾਨ

ਫਿਲਮ ਇੰਡਸਟਰੀ 'ਚ ਕਾਦਰ ਖ਼ਾਨ ਨੇ ਆਪਣੀ ਲੇਖਣੀ ਤੇ ਅਦਾਕਾਰੀ ਨਾਲ ਅਹਿਮ ਯੋਗਦਾਨ ਪਾਇਆ। ਇਕ ਚੋਟੀ ਦੇ ਅਦਾਕਾਰ ਹੋਣ ਦੇ ਨਾਲ- ਨਾਲ ਉਹ ਅਗਾਂਹਵਧੂ ਸੋਚ ਰੱਖਣ ਵਾਲੇ ਨਿਰਮਾਤਾ, ਡਾਇਲਾਗ ਲੇਖਕ ਤੇ ਕਹਾਣੀਕਾਰ ਵੀ ਸਨ। ਉਨ੍ਹਾਂ ਵੱਲੋਂ ਫਿਲਮਾਂ 'ਚ ਨਿਭਾਏ ਕਿਰਦਾਰ ਅੱਜ ਵੀ ਸਿਨੇਮਾ ਪ੍ਰੇਮੀਆਂ ਦੇ ਚੇਤਿਆਂ 'ਚ ਵਸੇ ਹੋਏ ਹਨ। ਉਹ ਹਰ ਕਿਰਦਾਰ ਬਾਖ਼ੂਬੀ ਨਿਭਾਉਣ ਦੀ ਜਾਚ ਰੱਖਦੇ ਸਨ। ਫਿਰ ਭਾਵੇਂ ਉਹ ਕਿਰਦਾਰ ਸੰਜੀਦਾ, ਕਮੇਡੀ ਤੇ ਭਾਵੇਂ ਖਲਨਾਇਕ ਦਾ ਹੀ ਕਿਉਂ ਨਾ ਹੋਵੇ। ਉਨ੍ਹਾਂ ਵੱਲੋਂ ਫਿਲਮਾਂ ਦੇ ਲਿਖੇ ਡਾਇਲਾਗ ਅੱਜ- ਵੀ ਪਹਿਲਾਂ ਵਾਂਗ ਹੀ ਮਸ਼ਹੂਰ ਹਨ। ਉਨ੍ਹਾਂ ਵਰਗਾ ਕਲਾਕਾਰ ਮਿਲਣਾ ਮੁਸ਼ਕਲ ਹੀ ਹੈ। ਕਾਦਰ ਖ਼ਾਨ ਦਾ ਜਨਮ 22 ਅਕਤੂਬਰ 1937 ਨੂੰ ਬਲੋਚਿਸਤਾਨ ਵਿਚ ਹੋਇਆ। ਨਿੱਕੇ ਕਾਦਰ ਖਾਨ ਨਾਲ ਪਰਿਵਾਰ ਮੁੰਬਈ ਆ ਗਿਆ। ਘਰ ਦੀ ਆਰਥਿਕ ਸਥਿਤੀ ਚੰਗੀ ਨਾ ਹੋਣ ਕਾਰਨ ਉਸ ਦੇ ਮਾਪਿਆਂ ਵਿਚ ਅਕਸਰ ਲੜਾਈ ਰਹਿੰਦੀ ਸੀ। ਗੱਲ ਤਲਾਕ ਤੱਕ ਪਹੁੰਚ ਗਈ ਤੇ ਆਖ਼ਰ ਦੋਵੇਂ ਅਲੱਗ ਹੋ ਗਏ। ਫਿਰ ਕਾਦਰ ਖ਼ਾਨ ਦੀ ਮਾਂ ਨੇ ਆਪਣੇ ਮਾਪਿਆਂ ਦੇ ਕਹਿਣ 'ਤੇ ਦੂਜਾ ਨਿਕਾਹ ਕਰਵਾ ਲਿਆ। ਇਸ ਤਰ੍ਹਾਂ ਕਾਦਰ ਖ਼ਾਨ ਕਦੇ ਮਾਂ ਕੋਲ ਰਹਿੰਦਾ ਤੇ ਕਦੇ ਬਾਪ ਕੋਲ ਚਲਾ ਜਾਂਦਾ ਸੀ।ਪੜ੍ਹਾਈ ਪੂਰੀ ਕਰ ਕੇ ਉਹ ਮੁੰਬਈ ਦੇ ਸਾਬੂ ਸਦੀਕ ਇੰਜੀਨੀਅਰਿੰਗ ਕਾਲਜ 'ਚ ਟੀਚਰ ਲੱਗ ਗਏ।

ਚੰਗਾ ਪੜ੍ਹਨਾ, ਚੰਗਾ ਲਿਖਣਾ ਤੇ ਚੰਗਾ ਸੁਣਨਾ ਹੁਣ ਆਦਤ ਬਣ ਗਈ ਸੀ। 1970 'ਚ ਨੌਕਰੀ ਕਰਦੇ ਸਮੇਂ ਰੰਗਮੰਚ ਨਾਲ ਜੁੜ ਗਏ। ਉਸ ਦੇ ਲਿਖੇ ਡਰਾਮੇ ਉਸ ਦੇ ਆਪਣੇ ਕਾਲਜ ਵਿਚ ਹੀ ਨਹੀ ਨੇੜੇ ਤੇੜੇ ਦੇ ਹੋਰ ਕਾਲਜਾਂ 'ਚ ਵੀ ਮਸ਼ਹੂਰ ਹੋ ਗਏ ਤੇ ਇਸ ਦੇ ਨਾਲ ਕਾਦਰ ਖ਼ਾਨ ਵੀ ਮਸ਼ਹੂਰ ਹੋਣ ਲੱਗੇ। ਇਕ ਵਾਰ ਉਸ ਦੇ ਕਾਲਜ 'ਚ ਨਾਟਕ 'ਲੋਕਲ ਟਰੇਨ' ਹੋਇਆ। ਇਸ ਨਾਟਕ ਨੂੰ ਆਲ ਇੰਡੀਆ ਬੈਸਟ ਨਾਟਕ, ਬੈਸਟ ਰਾਈਟਰ, ਬੈਸਟ ਐਕਟਰ ਸਾਰੇ ਐਵਾਰਡ ਮਿਲੇ। ਇਸ ਨਾਟਕ ਲਈ ਕਾਦਰ ਨੂੰ 1500 ਰੁਪਏ ਇਨਾਮ ਵਜੋਂ ਮਿਲੇ। ਉਸ ਵਕਤ ਉਨ੍ਹਾਂ ਦੀ ਤਨਖ਼ਾਹ 300 ਰੁਪਏ ਮਹੀਨਾ ਸੀ। ਇਕ ਵਾਰ ਖ਼ੁਦ ਕਾਦਰ ਖ਼ਾਨ ਨੇ ਇੰਟਰਵਿਊ 'ਚ ਕਿਹਾ ਸੀ ਕਿ 'ਮੈਂ ਉਦੋਂ



ਪਹਿਲੀ ਵਾਰ 1500 ਰੁਪਏ ਇਕੱਠੇ ਵੇਖੇ ਸਨ। ਮੈਂ ਇਹ ਇਨਾਮ ਪਾ ਕੇ ਬਹੁਤ ਖ਼ੁਸ਼ ਸੀ।' ਉਸ ਨੇ ਅੱਗੇ ਦੱਸਿਆ ਕਿ ਉਸ ਨਾਟਕ ਦੇ ਜੱਜ ਨਰਿੰਦਰ ਬੇਦੀ, ਰਮੇਸ਼ ਬਹਿਲ ਤੇ ਕਾਮਿਨੀ ਕੌਸ਼ਲ ਸਨ। ਤਿੰਨਾਂ ਨੇ ਮੈਨੂੰ ਕਿਹਾ ਕਿ 'ਫਿਲਮਾਂ 'ਚ ਜਾਣ ਦਾ ਸ਼ੌਕ ਹੈ?' ਤਾਂ ਮੈਂ ਕਿਹਾ ਕਿ 'ਨਹੀ ਜੀ, ਮੈਂ ਕਦੇ ਫਿਲਮਾਂ ਵਿਚ ਜਾਣ ਬਾਰੇ ਸੋਚਿਆ ਨਹੀ।' ਨਰਿੰਦਰ ਬੇਦੀ ਨੇ ਕਿਹਾ ਕਿ ਮੈਂ ਇਕ ਫਿਲਮ ਬਣਾ ਰਿਹਾ ਹਾਂ 'ਜਵਾਨੀ ਦੀਵਾਨੀ ਮੈਂ ਚਾਹੁੰਦਾ ਹਾਂ ਕਿ ਤੁਸੀ ਇਸ ਫਿਲਮ ਦੇ ਡਾਇਲਾਗ ਲਿਖੋ।' ਅੱਗੋਂ ਮੈਂ ਕਿਹਾ ਕਿ 'ਮੈਨੂੰ ਡਾਇਲਾਗ ਲਿਖਣੇ ਨਹੀ ਆਉਂਦੇ। ਉਨ੍ਹਾਂ ਨੇ ਮੈਨੂੰ ਸਮਝਾਇਆ ਕਿ ਇਹ ਜੋ ਤੁਸੀ ਨਾਟਕ ਲਿਖਿਆ ਹੈ ਤੇ ਇਸ 'ਚ ਜੋ ਗੱਲਬਾਤ ਹੈ, ਉਹੀ ਡਾਇਲਾਗ ਹਨ।

ਉਨ੍ਹਾਂ ਡਾਇਲਾਗ ਲਿਖ ਦਿੱਤੇ। ਇਸ ਤਰ੍ਹਾਂ ਡਾਇਲਾਗ ਲੇਖਕ ਵਜੋਂ ਕਾਦਰ ਖ਼ਾਨ ਨੇ ਬਾਲੀਵੁੱਡ 'ਚ ਐਂਟਰੀ ਕਰ ਲਈ। 14 ਜੁਲਾਈ 1972 ਨੂੰ ਰਿਲੀਜ਼ ਹੋਈ ਇਹ ਫਿਲਮ ਹਿੱਟ ਹੋਈ ਸੀ। ਉਨ੍ਹਾਂ ਦਾ ਨਿਕਾਹ ਅਜ਼ਰਾ ਖ਼ਾਨ ਨਾਲ 1970 'ਚ ਹੋਇਆ। ਕਾਦਰ ਖ਼ਾਨ ਦੇ ਤਿੰਨ ਬੇਟੇ ਹਨ ਕੁਆਦਸ ਖ਼ਾਨ, ਸਰਫ਼ਰਾਜ਼ ਖ਼ਾਨ ਤੇ ਸ਼ਾਹਨਵਾਜ਼ ਖ਼ਾਨ। ਅੱਜ-ਕੱਲ੍ਹ ਸਾਰਾ ਪਰਿਵਾਰ ਕੈਨੇਡਾ ਦੇ ਟੋਰਾਂਟੋ ਸ਼ਹਿਰ 'ਚ ਰਹਿ ਰਿਹਾ ਹੈ।

ਫਿਲਮਸਾਜ਼ ਯਸ਼ ਚੋਪੜਾ ਦੀ ਫਿਲਮ 'ਦਾਗ' 1973 ਤੋਂ ਕਾਦਰ ਖ਼ਾਨ ਦੇ ਅਦਾਕਾਰੀ ਸਫ਼ਰ ਦੀ ਸ਼ੁਰੂਆਤ ਹੋਈ ਸੀ। ਫਿਲਮ 'ਖ਼ੂਨ ਪਸੀਨਾ' (1977) 'ਚ ਉਨ੍ਹਾਂ ਨੇ ਪਹਿਲੀ ਵਾਰ ਖਲਨਾਇਕ ਦੀ ਭੂਮਿਕਾ ਨਿਭਾਈ ਸੀ। ਕਾਦਰ ਖ਼ਾਨ ਨੇ ਇਕ ਇੰਟਰਵਿਊ 'ਚ ਕਿਹਾ ਸੀ ਕਿ 'ਮੈਂ ਜੋ ਕੋਈ ਵੀ ਫ਼ਿਲਮ ਲਿਖਦਾ ਸੀ, ਉਸ 'ਚ ਖ਼ਲਨਾਇਕ ਲਈ ਮੈਨੂੰ ਹੀ ਚੁਣ ਲਿਆ ਜਾਂਦਾ ਸੀ।'' ਫਿਲਮ 'ਹਿੰਮਤਵਾਲਾ' ਦੀ ਕਹਾਣੀ ਵੀ ਕਾਦਰ ਖ਼ਾਨ ਨੇ ਲਿਖੀ ਸੀ ਇੱਥੋਂ ਹੀ ਉਨ੍ਹਾਂ ਦੀ ਕਾਮੇਡੀ ਵੱਲ ਸ਼ੁਰੂਆਤ ਹੋਈ। ਕਾਦਰ ਖ਼ਾਨ ਨੇ ਕੋਈ 300 ਤੋਂ ਵੀ ਜ਼ਿਆਦਾ ਫਿਲਮਾਂ 'ਚ ਕੰਮ ਕੀਤਾ। ਕਈਆਂ 'ਚ ਬਤੌਰ ਲੇਖਕ ਤੇ ਕਈਆਂ 'ਚ ਬਤੌਰ ਅਦਾਕਾਰ। ਉਨ੍ਹਾਂ ਟੀਵੀ ਸੀਰੀਅਲ ਵੀ ਕੀਤੇ। 2019 'ਚ ਉਨ੍ਹਾਂ ਨੂੰ ਪਦਮਸ਼੍ਰੀ ਨਾਲ ਸਨਮਾਨਿਤ ਕੀਤਾ ਗਿਆ।ਬਾਲੀਵੁੱਡ ਦੀ ਬੋਲੀ ਸ਼ਾਨਦਾਰ ਫਿਲਮਾਂ ਪਾਉਣ ਵਾਲਾ ਕਾਦਰ ਖ਼ਾਨ 31 ਦਸੰਬਰ 2018 ਨੂੰ ਟੋਰਾਂਟੋ ਵਿਖੇ ਲੰਬਾ ਸਮਾਂ ਬਿਮਾਰ ਰਹਿਣ ਮਗਰੋਂ ਅਲਵਿਦਾ ਆਖ ਗਿਆ। ਉੱਥੇ ਹੀ ਉਨ੍ਹਾਂ ਨੂੰ ਸਪੁਰਦ-ਏ- ਖ਼ਾਕ ਕੀਤਾ ਗਿਆ ਅਤੇ ਫਿਲਮ ਇੰਡਸਟਰੀ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪੈ ਗਿਆ।



# ਬਾਲੀਵੁੱਡ ਨਹੀਂ, ਭਾਰਤੀ ਸਿਨੇਮਾ ਕਹੋ: ਪ੍ਰਿਅੰਕਾ

ਕੌਮਾਂਤਰੀ ਮੰਚ 'ਤੇ ਆਪਣੀ ਪਛਾਣ ਬਣਾ ਚੁੱਕੀ ਅਭਿਨੇਤਰੀ ਪ੍ਰਿਅੰਕਾ ਚੋਪੜਾ ਆਪਣੇ ਹਰ ਸ਼ਬਦ ਅਤੇ ਹਰ ਕਦਮ ਨੂੰ ਲੈ ਕੇ ਬਹੁਤ ਚੌਕਸ ਰਹਿੰਦੀ ਹੈ। ਹਾਲ ਹੀ ਵਿਚ ਇਕ ਇੰਟਰਵਿਊ ਦੌਰਾਨ ਉਨ੍ਹਾਂ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਕਿ ਬਾਲੀਵੁੱਡ ਦੀ ਬਜਾਏ ਭਾਰਤੀ ਸਿਨੇਮਾ ਸ਼ਬਦ ਦਾ ਪ੍ਰਯੋਗ ਕੀਤਾ ਜਾਵੇ। ਇਨ੍ਹੀਂ ਦਿਨੀਂ ਆਪਣੀ ਹਾਲੀਵੁੱਡ ਫਿਲਮ 'ਦਿ - ਬਲੱਫ ਨੂੰ ਪ੍ਰਮੋਟ ਕਰ ਰਹੀ ਪ੍ਰਿਅੰਕਾ ਨਾਲ ਇਕ ਰੈਪਿਡ ਫਾਇਰ ਸਵਾਲ 'ਚ ਬਾਲੀਵੁੱਡ ਡਾਂਸ ਨੰਬਰ ਤੇ ਹਾਲੀਵੁੱਡ ਐਕਸ਼ਨ ਸੀਕਵੈਂਸ ਵਿਚਾਲੇ ਇਕ ਪਸੰਦੀਦਾ ਨੂੰ ਚੁਣਨ ਲਈ ਪੁੱਛਿਆ ਗਿਆ ਤਾਂ ਪ੍ਰਿਅੰਕਾ ਨੇ ਦੋਵਾਂ ਨੂੰ ਚੁਣਦੇ ਹੋਏ ਕਿਹਾ ਕਿ ਮੈਂ ਹਾਲੇ ਚਾਰ ਐਕਸ਼ਨ ਫਿਲਮਾਂ ਕਰ ਚੁੱਕੀ ਹਾਂ ਤਾਂ ਮੈਂ ਡਾਂਸ ਨੰਬਰ ਚੁਣਾਂਗੀ। ਮੈਂ ਹਾਲ ਹੀ ਵਿਚ ਰਾਜਾਮੌਲੀ ਸਰ ਦੇ ਨਾਲ ਕੰਮ ਕੀਤਾ ਹੈ, ਜਿੱਥੇ ਮੇਰੀ ਵਾਵਾ ਟੁੱਟ-ਭੱਜ ਹੋਈ। ਪ੍ਰਿਅੰਕਾ ਇੱਥੇ ਫਿਲਮ 'ਵਾਰਾਨਸੀ' ਦੀ ਗੱਲ ਕਰ ਰਹੀ ਹੈ, ਜਿਸ 'ਚ ਉਨ੍ਹਾਂ ਦੇ ਕਈ ਐਕਸ਼ਨ ਸੀਨ ਹੋਣਗੇ। ਪ੍ਰਿਅੰਕਾ ਨੇ ਕਿਹਾ ਕਿ ਇਹ ਦੋਵੇਂ ਕੰਮ (ਡਾਂਸ ਨੰਬਰ ਤੇ ਐਕਸ਼ਨ ਸ਼ੀਨ) ਇਕੱਠੇ ਹੋ ਰਹੇ ਹਨ। ਵੈਸੇ ਮੈਂ ਕਹਿਣਾ ਚਾਹਾਂਗੀ ਕਿ ਬਾਲੀਵੁੱਡ ਨਹੀਂ ਇੰਡੀਅਨ ਸਿਨੇਮਾ ਕਹੋ। ਕਿਉਂਕਿ ਭਾਰਤੀ ਸਿਨੇਮਾ ਦੀ ਆਪਣੀ ਇਕ ਵੱਖਰੀ ਤੇ ਵੱਡੀ ਪਛਾਣ ਹੈ। ਅੱਗੋਂ ਪ੍ਰਿਅੰਕਾ ਭਾਰਤੀ ਕਲਾਕਾਰਾਂ ਨੂੰ ਦੂਜੀਆਂ ਫਿਲਮ ਇੰਡਸਟਰੀਆਂ 'ਚ ਕਰੀਅਰ ਬਣਾਉਣ ਦੀ ਸਲਾਹ ਦਿੰਦੇ ਹੋਏ ਕਹਿੰਦੀ ਹੈ ਕਿ ਪਹਿਲਾਂ ਆਪਣੀ ਤਾਕਤ ਨੂੰ ਪਛਾਣੋ, ਅਸਫਲਤਾ 'ਤੇ ਅਫ਼ਸੋਸ ਕਰਨ ਤੇ ਉਸ ਨੂੰ ਠੀਕ ਕਰਨ ਵਿਚ ਆਪਣਾ ਸਮਾਂ ਬਰਬਾਦ ਨਾ ਕਰੋ। ਹਰ ਕਿਸੇ ਦੀ ਆਪਣੀ ਤਾਕਤ ਹੁੰਦੀ ਹੈ, ਉਸ ਪਿੱਛੇ ਨੱਠੋ। ਆਪਣੇ ਲਈ ਰਸਤੇ ਖ਼ੁਦ ਬਣਾਓ।

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ ’ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 39 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

## *Call for Listing Special 2026*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
Sales Agent
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 2447 Capri Ct Manteca CA 95337
2. 946 Martiri court Gilroy CA 95020
3. 4201 Saturn way Union city CA 94587
4. 6746 Sapphire Street Dublin CA 94568
5. 7722 Curry Dr Gilroy CA 95020
6. 4643 Sloan St Fremont CA 94538
7. 5645 Evergreen terr Fremont CA 94536
8. 1916 Ticino Ct Pleasanton CA 94566
9. 776 Vereda ct San Jose CA 95123
10. 8455 Peachtree Ave Newark CA 94560
11. 1777 Osage Ave Hayward CA 94545
12. 2249 moody ave Hayward ca 94545
13. 2169 Charger Dr San Jose CA 95131
14. 9810 Bobcat Ct Gilroy CA 95020

## Purchase Loan and Refinance

Call Sukhveer (Sukhi) Gill Ph: 510-207-9067
DHMS, Loan Broker

CA BRE Lic.#01180969
NMLS# 352095

19-20